Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969 CA DRE# 00966763

Hardeep S.Rai
ਇੰਮੀਗ੍ਰੇਸ਼ਨ ਵਕੀਲ Attorney-at-Law
SAN FRANCISCO TEL: 415.693.9131 FAX. 415.693.9135
rai@hsrai.com www.hsrai.com
SAN JOSE TEL: 408.280.1111 FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 24, June 11, 2011 20451 N Plum Grove Rd. Palatine, IL 60074 Ph:847-359-0746, Fax:847-705-9388

## ਬਾਬਾ ਰਾਮਦੇਵ ਸਿਆਸਤ ਦੇ ਅਖਾੜੇ ਵਿਚ ਚਿੱਤ

### ਸਰਕਾਰ ਨੇ ਡੰਡੇ ਦੇ ਜ਼ੋਰ ਖਦੇੜਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਕਾਫੀ ਸਮੇਂ ਤੋਂ ਸਿਆਸਤ ਵਿਚ ਸਰਗਰਮ ਹੋਣ ਦੀਆਂ ਕੋਸ਼ਿਸ਼ਾਂ 'ਚ ਜੁਟੇ ਯੋਗ ਆਚਾਰੀਆ ਬਾਬਾ ਰਾਮਦੇਵ ਨੂੰ 'ਦਿੱਲੀ' ਰਾਸ ਨਹੀਂ ਆਈ। ਗਾਂਧੀਵਾਦੀ ਸਮਾਜ ਸੁਧਾਰਕ ਅੰਨਾ ਹਜ਼ਾਰੇ ਵਾਂਗ ਮੁਫ਼ਤੋ-ਮੁਫ਼ਤੀ ਪ੍ਰਸਿੱਧੀ ਖੱਟਣ ਰਾਜਧਾਨੀ 'ਚ ਆਏ ਬਾਬਾ ਰਾਮਦੇਵ ਨੂੰ ਕੇਂਦਰ ਸਰਕਾਰ ਨੇ ਡੰਡੇ ਦੇ ਜ਼ੋਰ ਨਾਲ ਹਰਿਦੁਆਰ ਦਾ ਰਾਹ ਵਿਖਾ ਦਿੱਤਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬਾਬਾ ਰਾਮਦੇਵ ਖ਼ਿਲਾਫ਼ ਇਸ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਇਸ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਨਹੀਂ ਸੀ। ਉਨ੍ਹਾਂ ਦ੍ਰਿੜ੍ਹਤਾ ਨਾਲ ਕਿਹਾ ਕਿ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਲਈ ਤਾਂ ਫਿਕਰਮੰਦ ਤੇ ਗੰਭੀਰ ਹੈ ਪਰ ਇਸ ਤਰ੍ਹਾਂ ਦੀ ਬਲੈਕਮੇਲਿੰਗ ਕਰਨ ਦੀ ਕਤਈ ਆਗਿਆ ਨਹੀਂ ਦਿੱਤੀ ਜਾਵੇਗੀ।



*ਹਰਿਦੁਆਰ ਪੁੱਜਣ 'ਤੇ ਘਬਰਾਏ ਹੋਏ ਬਾਬਾ ਰਾਮਦੇਵ*

ਜ਼ਿਕਰਯੋਗ ਹੈ ਕਿ ਇਸ ਸਾਰੇ ਨਾਟਕ ਦੌਰਾਨ ਭਾਵੇਂ ਬਾਬਾ ਰਾਮਦੇਵ ਹੀ ਮੁੱਖ ਪਾਤਰ ਰਿਹਾ ਪਰ ਬਾਬੇ ਦਾ ਅਸਲ ਚਿਹਰਾ ਵੀ ਲੋਕਾਂ ਸਾਹਮਣੇ ਆ ਗਿਆ। ਹੁਣ ਇਹ ਜਾਹਰ ਹੋ ਗਿਆ ਹੈ ਕਿ ਇਸ ਸਾਰੇ ਨਾਟਕ ਦੀ ਇਬਾਰਤ ਕੱਟੜ ਹਿੰਦੂ ਜਥੇਬੰਦੀ ਆਰ.ਐਸ.ਐਸ. ਵੱਲੋਂ ਲਿਖੀ ਗਈ ਸੀ। ਸ਼ੁਰੂ-ਸ਼ੁਰੂ ਵਿਚ ਤਾਂ ਆਰ.ਐਸ.ਐਸ. ਦਾ ਸਿਆਸੀ ਵਿੰਗ ਭਾਜਪਾ ਅਤੇ ਹੋਰ ਹਿੰਦੂ ਕੱਟੜਪੰਥੀ ਧਿਰਾਂ ਇਸ ਨਾਟਕ ਨੂੰ ਪਰਦੇ ਪਿੱਛਿਓਂ ਚਲਾ ਰਹੀਆਂ ਸਨ ਪਰ ਬਾਅਦ 'ਚ ਸਾਰੀ ਪੋਲ ਖੁੱਲ੍ਹ ਗਈ।

ਬਾਬਾ ਰਾਮਦੇਵ ਲਈ ਦਿੱਕਤਾਂ ਕਾਂਗਰਸ ਵੱਲੋਂ ਕੀਤੇ ਅਚਾਨਕ ਹਮਲੇ ਤੋਂ ਵੀ ਪਹਿਲਾਂ ਆਰੰਭ ਹੋ ਗਈਆਂ ਸਨ। ਸਾਧਵੀ ਰਿਤੰਭਰਾ ਦੇ ਮੰਚ 'ਤੇ ਆਉਣ ਨਾਲ ਲੋਕਪਾਲ ਬਿੱਲ ਨਾਲ ਜੁੜੇ ਸਿਵਲ ਸੁਸਾਇਟੀ ਕਾਰਕੁਨਾਂ ਨੇ ਬਾਬੇ ਨਾਲੋਂ ਆਪਣਾ ਰਾਹ ਵੱਖ ਕਰਨ ਦੀ ਧਮਕੀ ਦੇ ਦਿੱਤੀ ਸੀ। ਐਡਵੋਕੇਟ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਸੀ ਕਿ ਫ਼ਿਰਕੂ ਤਾਕਤਾਂ ਨੂੰ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਵਿਚ ਇਸ ਮੰਚ 'ਤੇ ਨਹੀਂ ਆਉਣਾ ਚਾਹੀਦਾ। ਇਸ ਤੋਂ ਬਾਅਦ

(ਬਾਕੀ ਸਫਾ 6 'ਤੇ)



*ਸ. ਸਿਮਰਨਜੀਤ ਸਿੰਘ ਮਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣੇ ਸਮਰਥਕਾਂ ਨਾਲ*

## ਜੂਨ 84:ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰ ਬਣਾਉਣ ਲਈ ਕਮੇਟੀ ਦਾ ਐਲਾਨ

**ਅੰਮ੍ਰਿਤਸਰ :** ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ 6 ਜੂਨ ਨੂੰ ਅਕਾਲ ਤਖ਼ਤ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਐਤਕੀਂ ਵਾਲਾ ਇਹ ਅਰਦਾਸ ਸਮਾਗਮ ਪਿਛਲੇ ਸਾਰੇ ਸਮਾਗਮਾਂ ਨਾਲੋਂ ਵੱਖਰਾ ਰਿਹਾ ਕਿਉਂਕਿ ਐਤਕੀਂ ਸ਼੍ਰੋਮਣੀ ਕਮੇਟੀ ਨੂੰ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਾਰੇ ਐਲਾਨ ਕਰਨਾ ਪਿਆ। ਯਾਦ ਰਹੇ ਕਿ ਬਹੁਤ ਸਾਰੀਆਂ ਪੰਥਕ ਅਤੇ ਗਰਮ-ਖਿਆਲ ਜਥੇਬੰਦੀਆਂ ਇਸ ਯਾਦਗਾਰ ਬਾਰੇ ਜ਼ੋਰ ਪਾਉਂਦੀਆਂ ਰਹੀ ਹਨ। ਸ਼੍ਰੋਮਣੀ ਕਮੇਟੀ ਵੱਲੋਂ 20 ਫਰਵਰੀ 2002 ਨੂੰ ਯਾਦਗਾਰ ਬਣਾਉਣ ਬਾਰੇ ਮਤਾ ਪਾਸ ਕੀਤਾ ਗਿਆ ਸੀ। ਫਿਰ 2005 ਵਿਚ ਅੰਤ੍ਰਿੰਗ ਕਮੇਟੀ ਨੇ ਇਹ ਯਾਦਗਾਰ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੇ ਸਾਹਮਣੇ ਮੀਨਾਰੇ ਸ਼ਹੀਦਾਂ ਦੇ ਰੂਪ

(ਬਾਕੀ ਸਫਾ 6 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL Century 21
Broker / Associate
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Pacific Coast Law Firm P.C.

Lance V Friel, Attorney at Law | Kirandeep K Sihota, Attorney at Law

## Over 10 Years of experience

### ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

> Personal Injury/Car Accident ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
> Bankruptcy (Ch 7) ਬੈਂਕਰਪਸੀ (ਚੈਪਟਰ 7)
> Family Law (Divorce, Custody) ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ
Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)

Business Formation and Tax (installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)



*Kirandeep K Sihota and Lance V Friel*

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**

**2351 W. March Lane Suite A, Stockton, CA 95207**



# ਨਿਊਰੋਪੈਥੀ? ਤਿੱਖਾ ਦਰਦ? ਸੁੰਨ ਹੋਣਾ?...

## ਕਾਰਨ ਸੁਕੜੇਵਾਂ, ਚੂਲੇ ਦਾ ਦਰਦ, ਹਰਨੀਆ ਡਿਸਕ ਅਤੇ ਇਥੋਂ ਤੱਕ ਕਿ ਸੂਗਰ ਰੋਗ ਵੀ ਹੋ ਸਕਦਾ ਹੈ

ਸ਼ੁਰੂ ਵਿਚ ਇਹ ਕਦੇ ਕਦਾਈਂ ਦੀ ਹਲਕੀ ਜਿਹੀ ਝੁਣਝੁਣੀ ਹੋ ਸਕਦੀ ਹੈ...ਜੋ ਤੁਹਾਡੀ ਨੀਂਦ ਉਖੇੜ ਦਿੰਦੀ ਹੈ...ਬਾਂਹ ਜਾਂ ਲੱਤ ਨੂੰ ਬੇਜਾਨ ਜਿਹਾ ਬਣਾ ਦਿੰਦੀ ਹੈ। ਹੋ ਸਕਦਾ ਹੈ ਤੁਸੀਂ ਹੋਰ ਡਾਕਟਰਾਂ ਕੋਲ ਜਾ ਆਏ ਹੋ ਜਿਨ੍ਹਾਂ ਤੁਹਾਨੂੰ ਦੱਸਿਆ ਹੋਵੇ ਕਿ ਤੁਹਾਡੇ ਟੈਸਟ ਠੀਕ ਹਨ ਅਤੇ ਕੋਈ ਫਿਕਰ ਵਾਲੀ ਗੱਲ ਨਹੀਂ।

### ਹੋਰ ਗੋਲੀਆਂ ਖਾਣਾ ਇਲਾਜ ਨਹੀਂ

ਨਾੜੀਆਂ ਨਾਲ ਸਬੰਧਤ ਸਮੱਸਿਆਵਾਂ ਦਾ ਆਮ ਇਲਾਜ ਦਵਾਈਆਂ ਅਤੇ ਟੀਕੇ ਹੀ ਹਨ। ਜਦੋਂਕਿ ਸਖਤ ਦਰਦ ਤੋਂ ਆਰਜੀ ਛੁਟਕਾਰੇ ਲਈ ਇਹ ਜ਼ਰੂਰੀ ਹੋ ਸਕਦੀਆਂ ਹਨ ਪਰ ਇਨ੍ਹਾਂ ਦੀ ਲੰਮੇ ਸਮੇਂ ਤੱਕ ਵਰਤੋਂ ਚੰਗੀ ਨਹੀਂ। ਜੋ ਦਵਾਈਆਂ ਆਮ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ 'ਚ ਦਰਦ ਨਿਵਾਰਕ ਗੋਲੀਆਂ, ਦੌਰੇ ਰੋਕਣ ਦੀਆਂ ਦਵਾਈਆਂ ਅਤੇ ਐਂਟੀ ਡਿਪਰੈਸ਼ਨ ਦਵਾਈਆਂ ਸ਼ਾਮਲ ਹਨ-ਪਰ ਇਹ ਸਭ ਸਮੱਸਿਆ ਦਾ ਸਹੀ ਹੱਲ ਨਹੀਂ।

### ਤੁਹਾਡੀ ਦਰਦ ਦਾ ਸੰਭਾਵੀ ਕਾਰਨ

ਨਿਊਰੋਪੈਥੀ ਦਾ ਇਕ ਆਮ ਕਾਰਨ ਸੁੰਗੜੀਆਂ ਡਿਸਕਾਂ (ਚੱਪਣੀਆਂ) ਹਨ ਜੋ ਨਾੜਾਂ ਦੀਆਂ ਜੜ੍ਹਾਂ ਨੂੰ ਦਬਾਉਣ ਲਗਦੀਆਂ ਹਨ। ਇਹ ਕੰਗਰੋੜ ਦੇ ਮਣਕਿਆਂ ਵਿਚ ਕਿਧਰੇ ਵੀ ਹੋ ਸਕਦੀ ਹੈ-ਉਪਰ ਧੌਣ ਤੋਂ ਲੈ ਕੇ ਹੇਠਾਂ ਪੂਛ ਵਾਲੀ ਹੱਡੀ ਤੱਕ। ਤੰਤੂ ਰੋਗ ਯਾਨਿ ਨਿਊਰੋਪੈਥੀ ਦਾ ਕਾਰਨ ਕੁਝ ਵੀ ਹੋ ਸਕਦਾ ਹੈ ਜਿਵੇਂ ਕਾਰਪਲ ਟਨਲ ਸਿੰਡਰੋਮ ਜਿਸ ਨਾਲ ਹੱਥਾਂ 'ਤੇ ਅਸਰ ਪੈਂਦਾ ਹੈ। ਝਰਨਾਟਾਂ ਛੱਡਦੀ ਪੀੜ ਅਤੇ ਸਿਥਲਤਾ ਕਰਕੇ ਲੱਤਾਂ ਅਤੇ ਪੈਰਾਂ ਵਿਚ ਖੂਨ ਦਾ ਦੌਰਾ ਘਟ ਜਾਂਦਾ ਹੈ ਜਿਸ ਨਾਲ ਲੱਤਾਂ ਬੇਜਾਨ ਹੋਈਆਂ ਲੱਗਦੀਆਂ ਹਨ।

ਮੇਰਾ ਨਾਂ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਹੈ। ਮੈਂ ਪਿਛਲੇ ਕਈ ਸਾਲਾਂ ਤੋਂ ਸਖਤ ਦਰਦ ਅਤੇ ਨਾੜੀ ਰੋਗਾਂ ਦੇ ਸਤਾਏ ਲੋਕਾਂ ਦੀ ਮਦਦ ਕਰਦਾ ਆ ਰਿਹਾ ਹਾਂ। ਨਾੜੀ ਰੋਗ ਦੇ ਬਹੁਤੇ ਮਰੀਜ ਅਸਹਿ ਪੀੜ, ਝੁਣਝੁਣੀ, ਛੁਰੀਆਂ ਵੱਜਣ ਜਿਹੀ ਦਰਦ, ਬਾਹਾਂ, ਲੱਤਾਂ, ਪੈਰਾਂ ਜਾਂ ਹੱਥਾਂ ਦੇ ਸੁੰਨ ਹੋਣ, ਬਿਜਲੀ ਦੇ ਕਰੰਟ ਜਿਹੇ ਦਰਦ ਤੇ ਕਈ ਵਾਰ ਪੈਰਾਂ 'ਚ ਜਲਣ ਹੋਣ ਦੇ ਸਤਾਏ ਹੁੰਦੇ ਹਨ।



ਮੈਨੂੰ ਪਿਛਲੇ ਤਿੰਨ ਸਾਲ ਤੋਂ ਕਮਰ ਦਰਦ ਸੀ ਅਤੇ ਮੈਂ ਹਰ ਤਰ੍ਹਾਂ ਦੀ ਦਵਾਈ, ਕਾਇਰੋਪ੍ਰੈਕਟਿਕ ਇਲਾਜ ਅਤੇ ਹੋਰ ਸੌ ਢੰਗ ਅਪਨਾ ਹਟੀ ਸਾਂ। ਕਸਰਤ, ਆਈਸਪੈਕ, ਫਿਜ਼ੀਓਥੈਰਪੀ ਸਮੇਤ ਟੀ ਵੀ 'ਤੇ ਆਉਂਦੀਆਂ ਸਾਰੀਆਂ ਮਸ਼ਹੂਰੀਆਂ ਵੀ ਅਪਨਾ ਵੇਖੀਆਂ ਪਰ ਕਮਰ ਦਰਦ ਜਿਉਂ ਦੀ ਤਿਉਂ ਰਹੀ। ਮੈਂ ਬੱਸ ਢੇਰੀ ਢਾਹ ਹੀ ਬੈਠੀ ਸਾਂ ਕਿ ਹੁਣ ਤਾਂ ਇਹ ਦਰਦ ਨਾਲ ਹੀ ਜਾਵੇਗੀ। ਮੇਰੀ ਦਰਦ ਇੰਨੀ ਸਖਤ ਸੀ ਕਿ ਖੜ੍ਹੇ ਹੋਣਾ ਮੁਹਾਲ ਹੋ ਜਾਂਦਾ। ਫਿਰ ਮੈਂ ਅਖਬਾਰ ਵਿਚ ਡਾ. ਸਿਹੋਤਾ ਦੇ ਸਖਤ ਡਿਸਕ ਦਰਦ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚੱਲ ਇਹ ਵੀ ਅਜ਼ਮਾ ਵੇਖਾਂ। ਅੱਜ ਮੈਂ ਖੁਸ਼ ਹਾਂ ਕਿ ਮੈਂ ਇੰਜ ਕੀਤਾ। ਮੈਨੂੰ ਕੋਈ ਦਰਦ ਨਹੀਂ ਰਹੀ ਅਤੇ ਮੇਰੇ ਹਿੱਲਣ ਜੁੱਲਣ ਦੀ ਰੇਂਜ ਸੌ ਫੀਸਦ ਵਾਪਸ ਆ ਗਈ ਹੈ। ਡਾ. ਸਿਹੋਤਾ ਜੋ ਕੁਝ ਤੁਸਾਂ ਮੇਰੇ ਲਈ ਕੀਤਾ ਤੁਹਾਡਾ ਲੱਖ ਲੱਖ ਸ਼ੁਕਰੀਆ। ਪਰਮਾਤਮਾ ਲੰਮੀ ਉਮਰ ਬਖ਼ਸ਼ੇ। ਜਿਸ ਕਿਸੇ ਨੂੰ ਵੀ ਕਮਰ ਦਰਦ ਹੈ, ਮੈਂ ਕਹਾਂਗੀ ਕਿ ਡਾ. ਸਿਹੋਤਾ ਦਾ ਇਹ ਪ੍ਰੋਗਰਾਮ ਅਜ਼ਮਾ ਵੇਖੋ। ***-ਬਲਵੰਤ ਕੌਰ (ਘਰੇਲੂ ਸੁਆਣੀ)***

---



ਮੈਨੂੰ ਇੰਨੀ ਸਖਤ ਦਰਦ ਸੀ ਕਿ ਮੈਨੂੰ ਲੱਗਦਾ ਹੀ ਨਹੀਂ ਸੀ ਕਿ ਇਸ ਤੋਂ ਕਦੇ ਛੁਟਕਾਰਾ ਵੀ ਪਾਇਆ ਜਾ ਸਕਦਾ ਹੈ। ਮੈਂ ਡਾਕਟਰਾਂ ਕੋਲ ਗਿਆ ਅਤੇ ਵੱਖ ਵੱਖ ਦਵਾਈਆਂ ਵਰਤੀਆਂ। ਕੋਈ ਫਾਇਦਾ ਨਹੀਂ ਹੋਇਆ। ਮੈਂ ਨਿਰਾਸ਼ ਹੋ ਗਿਆ ਅਤੇ ਪਿਛਲੇ ਚਾਰ ਮਹੀਨੇ ਤੋਂ ਕੰਮ ਵੀ ਨਹੀਂ ਕੀਤਾ। ਫਿਰ ਮੈਂ ਅਖਬਾਰ ਵਿਚ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚਲੋ ਇਹ ਵੀ ਅਜ਼ਮਾ ਵੇਖਾਂ। ਮੈਂ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਮੈਨੂੰ 85% ਆਰਾਮ ਹੈ। ਹੁਣ ਮੈਂ ਬਿਨਾ ਦਰਦ ਕੰਮ-ਧੰਦੇ ਕਰ ਸਕਦਾ ਹਾਂ ਅਤੇ ਮੈਨੂੰ ਇਹ ਚਮਤਕਾਰ ਤੋਂ ਘੱਟ ਨਹੀਂ ਲਗਦਾ। ਸ਼ੁਕਰੀਆ ਡਾ. ਸਿਹੋਤਾ।

***-ਨਰਿੰਦਰ ਐਚ. (ਟਰੱਕ ਡਰਾਈਵਰ, ਉਮਰ 51 ਸਾਲ)***

ਖੁਸ਼ਖਬਰੀ ਇਹ ਹੈ ਕਿ ਮੇਰੇ ਸਰਜਰੀ ਰਹਿਤ ਅਤੇ ਵਿਸ਼ੇਸ਼ ਤਰੀਕੇ ਦੇ ਇਲਾਜ ਨਾਲ ਰੀੜ੍ਹ ਦੀ ਹੱਡੀ ਦੇ ਮਣਕਿਆਂ ਉਤੇ ਦਬਾਓ ਅਤੇ ਨਾੜੀਆਂ ਦੀਆਂ ਜੜ੍ਹਾਂ 'ਤੇ ਪੈਂਦੇ ਦਬਾਅ ਕਰਕੇ ਹੁੰਦੀ ਸਖਤ ਦਰਦ ਤੋਂ ਛੁਟਕਾਰਾ ਪਾਉਣ ਵਿਚ ਕਾਫੀ ਹੱਦ ਤੱਕ ਮਦਦ ਮਿਲੀ ਹੈ। ਇਸ ਤਰ੍ਹਾਂ ਨੁਕਸ ਵਾਲੇ ਮਣਕਿਆਂ, ਨਾੜੀਆਂ ਅਤੇ ਤੰਤੂਆਂ ਨੂੰ ਰਾਜੀ ਕਰਨ ਲਈ ਰਾਹ ਪੱਧਰ ਹੋ ਜਾਂਦਾ ਹੈ। ਕਈ ਕੇਸਾਂ ਵਿਚ ਤੰਤੂ ਰੋਗ ਅਤੇ ਨਾੜੀਆਂ ਦੀ ਦਰਦ ਦਾ ਕਾਰਨ ਸੂਗਰ ਰੋਗ, ਵਿਟਾਮਿਨਾਂ ਦੀ ਕਮੀ ਜਾਂ ਕੌਲੈਸਟਰੋਲ ਉਤੇ ਕੰਟਰੋਲ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਵੀ ਹੋ ਸਕਦੀਆਂ ਹਨ। ਸਖਤ ਦਰਦ ਦੇ ਸਤਾਏ, ਟਾਈਪ-2 ਡਾਇਬਟੀਜ਼ ਅਤੇ ਹੋਰ ਕਈ ਤਰ੍ਹਾਂ ਦੇ ਰੋਗਾਂ ਦੇ ਮਰੀਜਾਂ ਪ੍ਰਤੀ ਮੇਰੀ ਕੁਦਰਤੀ ਅਤੇ ਦਵਾ ਰਹਿਤ ਪਹੁੰਚ ਤੇ ਮੇਰੀ ਵਿਸ਼ੇਸ਼ ਇਲਾਜ ਤਕਨਾਲੋਜੀ ਨਾਲ ਉਨ੍ਹਾਂ ਨੂੰ ਦਰਦ ਤੋਂ ਛੁਟਕਾਰਾ ਮਿਲਿਆ ਹੈ, ਬਲੱਡ ਸੂਗਰ ਘਟੀ ਹੈ, ਹੱਡ ਤੇ ਜੋੜ ਮਜ਼ਬੂਤ ਹੋਏ ਹਨ ਜਿਸ ਨਾਲ ਸਿਹਤ ਬਿਹਤਰ ਹੋ ਕੇ ਜ਼ਿੰਦਗੀ ਦੀ ਕੁਆਲਿਟੀ ਵਿਚ ਸੁਧਾਰ ਆਇਆ ਹੈ।

ਇਸ ਸਭ ਦਾ ਮਤਲਬ ਹੈ ਕਿ ਜਾਨ ਕੱਢਦੀ ਦਰਦ, ਸਿਥਲਤਾ, ਝੁਣਝੁਣੀ ਅਤੇ ਨਾੜਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਖਹਿੜਾ ਛੁਡਾ ਕੇ ਜ਼ਿੰਦਗੀ ਦਾ ਅਨੰਦ ਮਾਣਿਆ ਜਾ ਸਕਦਾ ਹੈ। ਇਹ ਉਹ ਹੱਲ ਹੋ ਸਕਦਾ ਹੈ ਜਿਸ ਦੀ ਤੁਸੀਂ ਭਾਲ ਵਿਚ ਸਉ।

ਅਗਲੇ ਸਿਰਫ ਦਸ ਦਿਨ ਤੁਸੀਂ ਮੇਰੀ ਕਲੀਨਿਕ ਵਿਚ ਆ ਕੇ ਮੇਰੇ ਨਾਲ ਨਿੱਜੀ ਮਸ਼ਵਰਾ ਬਿਲਕੁਲ ਮੁਫਤ ਹਾਸਲ ਕਰ ਸਕਦੇ ਹੋ ਅਤੇ ਆਪਣੀ ਸਰੀਰਿਕ ਹਾਲਤ ਬਾਰੇ ਮੇਰੇ ਨਾਲ ਵਿਚਾਰ ਕਰ ਸਕਦੇ ਹੋ।

ਇਸ ਪੇਸ਼ਕਸ਼ ਵਿਚ ਕੀ ਸ਼ਾਮਲ ਹੈ? ਸਭ ਕੁਝ... ਜਿਸ ਦੀ ਇਹ ਪਤਾ ਲਾਉਣ ਲਈ ਲੋੜ ਪਵੇਗੀ ਕਿ ਕੀ ਤੁਹਾਡੇ ਰੋਗਾਂ ਦਾ ਇਲਾਜ ਹੋ ਸਕਦਾ ਹੈ?

*ਤੁਹਾਡੀ ਸਿਹਤ ਬਾਰੇ ਮਸ਼ਵਰਾ ਜਿਸ ਦੌਰਾਨ ਮੈਂ ਤੁਹਾਡੇ ਰੋਗ ਬਾਰੇ ਤੁਹਾਡੀ ਗੱਲ ਸੁਣਾਂਗਾ।

*ਤੁਹਾਡੀ ਦਰਦ ਦਾ ਕਾਰਨ ਲੱਭਣ ਲਈ ਮੁਆਇਨਾ... (ਆਮ ਕਰਕੇ ਇਸ ਸਭ ਦੀ ਫੀਸ 277 ਡਾਲਰ ਹੈ)

*ਮੈਂ ਤੁਹਾਡੇ ਪੱਠਿਆਂ ਅਤੇ ਤੁਹਾਡੀਆਂ ਨਾੜੀਆਂ, ਤੁਹਾਡੇ ਹਿੱਲਣ-ਜੁੱਲਣ ਦੀ ਰੇਂਜ, ਤੁਹਾਡੇ ਬੈਠਣ-ਉਠਣ, ਤਵਾਜ਼ਨ ਅਤੇ ਮਣਕਿਆਂ ਤੇ ਸਰੀਰ ਦੇ ਪਿੰਜਰ ਦਾ ਮੁਆਇਨਾ ਕਰਾਂਗਾ।

*ਮੈਂ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਦਿਆਂਗਾ ਅਤੇ ਦੱਸਾਂਗਾ ਕਿ ਕੀ ਮੇਰੀ ਇਲਾਜ ਪ੍ਰਣਾਲੀ ਨਾਲ ਤੁਹਾਡਾ ਇਲਾਜ ਸੰਭਵ ਹੈ ਅਤੇ ਕੀ ਸਾਡੀ ਕਲੀਨਿਕ ਤੋਂ ਬਾਹਰ ਤੁਹਾਡੇ ਲਈ ਕੋਈ ਹੋਰ ਰਾਹ ਬਚਦੇ ਹਨ?

ਇਹ ਪੇਸ਼ਕਸ਼ ਸ਼ੁੱਕਰਵਾਰ 17 ਜੂਨ 2011 ਸ਼ਾਮ 6 ਵਜੇ ਤੱਕ ਲਈ ਹੈ। ਇਸ ਬਿਨਾ ਫੀਸ, ਬਿਨਾ ਕਿਸੇ ਬੰਦਸ਼ ਦੀ ਪੇਸ਼ਕਸ਼ ਦਾ ਲਾਭ ਉਠਾਉਣ ਲਈ ਫੌਰੀ ਕਾਲ ਕਰੋ।

**ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ**
**ਸਟਾਕਟਨ ਇੰਟੈਗਰੇਟਿਡ ਹੈਲਥ ਕਲੀਨਿਕ**
**ਫੋਨ: 209-390-9250**

ਨੋਟ: ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ 'ਕੋਈ ਇੰਤਜ਼ਾਰ ਨਹੀਂ' ਦੀ ਪਾਲਿਸੀ 'ਤੇ ਚਲਦੇ ਹਾਂ... ਤੁਹਾਡੀ ਅਪੁਆਇੰਟਮੈਂਟ ਦੇ ਕੁਝ ਹੀ ਮਿੰਟਾਂ ਅੰਦਰ ਤੁਹਾਨੂੰ ਦੇਖਿਆ ਜਾਏਗਾ।

ਇਹ ਨਾ ਭੁੱਲੋ ਕਿ ਤੁਹਾਡੇ ਕੋਲ ਇਸ ਫਰੀ ਪੇਸ਼ਕਸ਼ ਦਾ ਲਾਭ ਉਠਾਉਣ ਲਈ ਸਿਰਫ 17 ਜੂਨ ਤੱਕ ਦਾ ਸਮਾਂ ਹੈ ਇਸ ਲਈ ਤੁਰੰਤ ਕਾਲ ਕਰੋ, **ਫੋਨ: 209-390-9250**

Copyright © 2009 CMC, LLC

ੴ ਸਤਿਗੁਰ ਪ੍ਰਸਾਦਿ॥

ਸਭਨਾਂ ਧਰਮਾਂ ਅਤੇ ਕੌਮਾਂ ਦੇ ਮਨੁੱਖਾਂ ਨੂੰ ਬਰਾਬਰ ਦਾ ਸਤਿਕਾਰ ਦੇਣ ਵਾਲੇ, ਧਰਮ ਦੇ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸਾਈਂ ਮੀਆਂ ਮੀਰ ਤੋਂ ਰਖਵਾਉਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰਨਾਂ ਫਿਰਕਿਆਂ ਦੇ ਭਗਤਾਂ ਦੀ ਬਾਣੀ ਸ਼ਾਮਲ ਕਰਕੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

## ਦੇ 405 ਸਾਲਾ ਸ਼ਹੀਦੀ ਦਿਵਸ ਮੌਕੇ

# ਗੁਰਦੁਆਰਾ ਸਾਹਿਬ ਐਲ ਸਬਰਾਂਟੇ

ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਸ ਸਾਲ ਵੀ ਸਿਟੀ ਆਫ ਬਰਕਲੇ ਵਿਚ

# 'ਸਰਬ ਧਰਮ ਸਾਂਝੀਵਾਲਤਾ ਨਗਰ ਕੀਰਤਨ'

**ਨਗਰ ਕੀਰਤਨ**
ਸਵੇਰੇ 10:00 ਤੋਂ 4:00 ਵਜੇ ਤੱਕ

**ਐਤਵਾਰ 12 ਜੂਨ 2011**

**At Civic Center Park**
on Martin Luther Jr. Way, Berkeley, CA





ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸਾਹਿਬ ਐਲ ਸਬਰਾਂਟੇ ਵਲੋਂ ਇਲਾਕੇ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ 405 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ 'ਸਰਬ ਧਰਮ ਸਾਂਝੀਵਾਲਤਾ ਨਗਰ ਕੀਰਤਨ' 12 ਜੂਨ, 2011 (ਦਿਨ ਐਤਵਾਰ) ਨੂੰ ਕੱਢਿਆ ਜਾ ਰਿਹਾ ਹੈ। ਇਸ ਨੂੰ ਇਤਿਹਾਸਕ ਬਣਾਉਣ ਲਈ ਪ੍ਰਬੰਧਕਾਂ ਵਲੋਂ ਜੰਗੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਹ ਨਗਰ ਕੀਰਤਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇੰਟਰ ਫੇਥ, ਇੰਟਰ ਕਾਸਟ ਅਤੇ ਮਨੁੱਖਤਾ ਦੀ ਭਲਾਈ ਲਈ ਪਾਏ ਗਏ ਯੋਗਦਾਨ ਨੂੰ ਸਮਰਪਿਤ ਹੋਵੇਗਾ। ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੂੰ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਹੈ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਫਰੀ ਪਾਰਕਿੰਗ ਦਾ ਪ੍ਰਬੰਧ ਹੋਵੇਗਾ।



For any questions or comments, please contact: sikhcenterbayarea@sbcglobal.net

**ਸੰਗਤਾਂ ਦੇ ਦਾਸ**

| | | | |
|---|---|---|---|
| ਪ੍ਰਧਾਨ-ਗੁਰਬਚਨ ਸਿੰਘ | ਮੀਤ ਪ੍ਰਧਾਨ-ਝਿਰਮਲ ਸਿੰਘ | ਸਕੱਤਰ-ਗੁਰਮੇਲ ਸਿੰਘ ਸੈਣੀ | ਮੀਤ ਸਕੱਤਰ-ਰਵਿੰਦਰ ਸਿੰਘ ਬਾਠ |
| 510-334-3225 | 510-910-3966 | 510-672-1605 | 925-323-8626 |

## ਗੁਰਦੁਆਰਾ ਸੈਨ ਹੋਜ਼ੇ 'ਚ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ

**ਸੈਨ ਹੋਜ਼ੇ:** ਗੁਰਦੁਆਰਾ ਸੈਨ ਹੋਜ਼ੇ ਵਿਚ ਲੰਘੀ 5 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ। ਭਾਰੀ ਗਿਣਤੀ ਵਿਚ ਸੰਗਤ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਇਲਾਹੀ ਬਾਣੀ ਦੇ ਕੀਰਤਨ ਦਾ ਅਨੰਦ ਮਾਣਿਆ।

ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸਜੇ ਦੀਵਾਨ ਵਿਚ ਸੰਤ ਅਨੂਪ ਸਿੰਘ ਊਨੇ ਵਾਲੇ, ਭਾਈ ਬਲਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਅਤਰ ਸਿੰਘ ਸਾਬਕਾ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸੁਰਿੰਦਰ ਸਿੰਘ ਅਤੇ ਭਾਈ ਜਗਤਾਰ ਸਿੰਘ ਹਜੂਰੀ ਰਾਗੀ ਗੁਰਦੁਆਰਾ ਸੈਨ ਹੋਜ਼ੇ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਇਸ ਤੋਂ ਇਲਾਵਾ ਕਥਾਵਾਚਕ ਭਾਈ ਗੁਰਪਾਲ ਸਿੰਘ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਅਰਜਨ ਦੇਵ ਦੇ ਜੀਵਨ ਨਾਲ ਸਬੰਧਤ ਗੁਰ ਇਤਿਹਾਸ ਸਰਵਣ ਕਰਵਾਇਆ।

## ਕਾਂਗਰਸ ਨੇ ਸਿੱਖਾਂ ਦੇ ਕਤਲੇਆਮ ਦਾ ਗੁਨਾਹ ਕਬੂਲਿਆ

**ਨਵੀਂ ਦਿੱਲੀ:** ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ 'ਤੇ ਕੇਂਦਰਿਤ ਕਾਂਗਰਸ ਦੇ ਇਤਿਹਾਸ ਵਾਲੀ ਕਿਤਾਬ 'ਏ ਸੈਂਟੇਨਰੀ ਆਫ਼ ਇੰਡੀਅਨ ਨੈਸ਼ਨਲ ਕਾਂਗਰਸ' (ਇੰਡੀਅਨ ਨੈਸ਼ਨਲ ਕਾਂਗਰਸ ਦਾ ਸ਼ਤਾਬਦੀ ਇਤਿਹਾਸ) 'ਚ ਸਿੱਖ ਕਤਲੇਆਮ ਦੇ ਗੁਨਾਹ ਕਬੂਲ ਕੀਤੇ ਗਏ ਹਨ ਅਤੇ ਇਹ ਗੱਲ ਮੰਨ ਲਈ ਗਈ ਹੈ ਕਿ ਸ੍ਰੀਮਤੀ ਗਾਂਧੀ ਦੀ ਹੱਤਿਆ ਪਿੱਛੋਂ ਸਿੱਖਾਂ 'ਤੇ ਹੋਏ ਹਮਲਿਆਂ ਦੀ ਅਗਵਾਈ ਲੋਕਲ ਕਾਂਗਰਸੀ ਨੇਤਾਵਾਂ ਨੇ ਕੀਤੀ ਸੀ। ਕਾਂਗਰਸ ਦੇ 125 ਸਾਲ ਪੂਰੇ ਹੋਣ 'ਤੇ ਪ੍ਰਕਾਸ਼ਿਤ ਹੋ ਰਹੀ ਇਤਿਹਾਸ ਮਾਲਾ ਤਹਿਤ 'ਏ ਸੈਂਟੇਨਰੀ ਆਫ਼ ਇੰਡੀਅਨ ਨੈਸ਼ਨਲ ਕਾਂਗਰਸ' ਦੇ ਸਿਰਲੇਖ ਵਾਲੀ ਕਿਤਾਬ ਦੇ ਪੰਜਵੇਂ ਭਾਗ ਵਿਚ ਸਿੱਖ ਕਤਲੇਆਮ ਬਾਰੇ ਘੱਟੋ-ਘੱਟ ਦੋ ਲੇਖਾਂ 'ਚ ਜ਼ਿਕਰ ਹੈ।

ਪੰਜਾਬ ਸੰਕਟ 'ਤੇ ਕੇਂਦਰਿਤ ਲੇਖ ਵਿਚ ਤਾਂ ਸਿੱਖ ਕਤਲੇਆਮ ਲਈ ਕਾਂਗਰਸੀ ਨੇਤਾਵਾਂ ਐਚ.ਕੇ.ਐਲ ਭਗਤ, ਸੱਜਣ ਕੁਮਾਰ, ਜਗਦੀਸ਼ ਟਾਈਟਲਰ ਅਤੇ ਧਰਮਦਾਸ ਸ਼ਾਸਤਰੀ ਦੇ ਨਾਂ ਸ਼ਾਮਿਲ ਕੀਤੇ ਗਏ ਹਨ। ਇਸ ਕਿਤਾਬ ਦੇ ਸੰਪਾਦਕੀ ਬੋਰਡ ਦੇ ਪ੍ਰਧਾਨ ਕਾਂਗਰਸ ਦੇ ਸੀਨੀਅਰ ਆਗੂ ਪ੍ਰਣਾਬ ਮੁਖਰਜੀ ਹਨ ਅਤੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਇਸ ਕਿਤਾਬ ਵਿਚ ਸੰਪਾਦਕੀ ਟੀਮ ਵਲੋਂ ਕੀਤੀ ਸੋਧ ਦੀ ਪ੍ਰਸ਼ੰਸਾ ਕੀਤੀ ਹੈ।

'ਪੰਜਾਬ ਸੰਕਟ' ਨਾਂ ਦੇ ਲੇਖ ਵਿਚ ਐਚ.ਕੇ.ਐਲ. ਭਗਤ, ਸੱਜਣ ਕੁਮਾਰ, ਟਾਈਟਲਰ ਅਤੇ ਸ਼ਾਸਤਰੀ ਦੇ ਨਾਂ ਦਾ ਜ਼ਿਕਰ ਸਿੱਖ ਵਿਰੋਧੀ ਭਾਵਨਾਵਾਂ ਭੜਕਾਉਣ ਵਾਲੇ ਸ਼ੱਕੀਆਂ ਦੇ ਰੂਪ ਵਿਚ ਦਰਜ ਹੈ। ਇਸ ਲੇਖ ਵਿਚ ਕਿਹਾ ਗਿਆ ਹੈ ਕਿ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਸਿੱਖਾਂ ਵਿਰੁਧ ਗੁੱਸਾ ਅਤੇ ਉਸ ਦੇ ਨਤੀਜੇ ਵਜੋਂ ਹੋਈ ਹਿੰਸਾ ਨੂੰ ਸਮਝਿਆ ਜਾ ਸਕਦਾ ਹੈ ਪਰ ਰਾਜਧਾਨੀ ਦਿੱਲੀ ਵਿਚ ਸਿੱਖਾਂ ਦੇ ਧਾਰਮਿਕ ਸਥਾਨਾਂ ਅਤੇ ਸਿੱਖ ਸੰਸਥਾਵਾਂ ਅਤੇ ਸਿੱਖਾਂ ਦੀ ਸੰਘਣੀ ਵਸੋਂ ਵਾਲੇ ਇਲਾਕਿਆਂ 'ਚ ਯੋਜਨਾਬੱਧ ਤਰੀਕੇ ਨਾਲ ਹੋਏ ਹਮਲਿਆਂ ਤੋਂ ਹਰ ਕੋਈ ਹੈਰਾਨ ਰਹਿ ਗਿਆ। ਇਹ ਕਿਤਾਬ ਅੱਗੇ ਕਹਿੰਦੀ ਹੈ ਕਿ ਉਸ ਸਮੇਂ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਭਗਤ, ਸੱਜਣ ਕੁਮਾਰ, ਟਾਈਟਲਰ ਅਤੇ ਸ਼ਾਸਤਰੀ ਵਰਗੇ ਹੋਰ ਨੇਤਾ, ਸਿੱਖ ਵਿਰੋਧੀ ਭਾਵਨਾਵਾਂ ਭੜਕਾਉਣ ਵਾਲੇ ਸ਼ੱਕੀ ਬੰਦੇ ਹਨ ਜਿਸ ਕਾਰਨ ਬੇਕਸੂਰ ਸਿੱਖਾਂ ਦਾ ਕਤਲੇਆਮ ਹੋਇਆ; ਔਰਤਾਂ ਨਾਲ ਜਬਰ ਜਨਾਹ ਕੀਤਾ ਗਿਆ ਅਤੇ ਜਾਇਦਾਦ ਲੁੱਟੀ ਗਈ ਤੇ ਅੱਗ ਲਾ ਕੇ ਸਾੜਿਆ ਗਿਆ।

ਇਸ ਪੁਸਤਕ ਦੇ ਇਕ ਹੋਰ ਲੇਖ 'ਹਿੰਦੂ ਕੈਜ਼ੂਅਲ ਚੈਲੇਂਜ' ਵਿਚ ਕਿਹਾ ਗਿਆ ਹੈ ਕਿ ਸ੍ਰੀਮਤੀ ਗਾਂਧੀ ਦੀ ਹੱਤਿਆ ਦੇ ਜਵਾਬ ਵਿਚ ਦੇਸ਼ ਭਰ ਵਿਚ ਸਿੱਖਾਂ ਉਤੇ ਵੱਡੇ ਪੱਧਰ 'ਤੇ ਹਮਲੇ ਹੋਏ ਅਤੇ ਜ਼ਿਆਦਾਤਰ ਮਾਮਲਿਆਂ ਵਿਚ ਇਨ੍ਹਾਂ ਦੀ ਅਗਵਾਈ ਕਾਂਗਰਸ ਦੇ ਸਥਾਨਕ ਨੇਤਾਵਾਂ ਨੇ ਕੀਤੀ। ਕਿਤਾਬ ਵਿਚ ਇਹ ਵੀ ਕਿਹਾ ਗਿਆ ਹੈ ਕਿ ਹੁਣ ਸਿੱਖ ਇਤਿਹਾਸ ਸਮੇਂ ਦਾ ਆਪਣਾ ਪੂਰਾ ਚੱਕਰ ਕੱਟ ਚੁੱਕਿਆ ਹੈ। ਕਦੇ ਨਵੰਬਰ 1984 ਵਿਚ ਸਿੱਖ ਆਪਣੀ ਪਛਾਣ ਛੁਪਾਉਣ ਲਈ ਬੇਵੱਸ ਸਨ ਪਰ ਮਈ 2004 ਵਿਚ ਪੱਗੜੀਧਾਰੀ ਸਿੱਖ ਡਾ. ਮਨਮੋਹਨ ਸਿੰਘ ਦੇ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ ਤਾਂ ਇਸ ਹਾਲਤ ਵਿਚ ਸਿੱਖਾਂ ਨੂੰ ਬੀਤੇ ਸਮੇਂ ਵਿਚ ਬੱਝੇ ਹੋਏ ਨਾ ਰਹਿ ਕੇ ਭਵਿੱਖ ਵੱਲ ਦੇਖਣਾ ਚਾਹੀਦਾ ਹੈ।

## ਤੱਲ੍ਹਣ ਵਾਲੇ ਸੰਤਾਂ ਦੀ ਯਾਦ 'ਚ ਸਮਾਗਮ 13 ਜੂਨ ਤੋਂ

**ਮਾਡੈਸਟੋ (ਬਿਊਰੋ):** ਕੈਲੀਫੋਰਨੀਆ ਵਸਦੇ ਪਿੰਡ ਤੱਲ੍ਹਣ (ਜ਼ਿਲਾ ਜਲੰਧਰ) ਦੇ ਨਿਵਾਸੀਆਂ ਵਲੋਂ ਬਾਬਾ ਨਿਹਾਲ ਸਿੰਘ ਅਤੇ ਬਾਬਾ ਹਰਨਾਮ ਸਿੰਘ ਤੱਲ੍ਹਣ ਵਾਲਿਆਂ ਦੀ ਯਾਦ ਵਿਚ ਇਕ ਸ਼ਹੀਦੀ ਜੋੜ ਮੇਲਾ ਗੁਰਦੁਆਰਾ ਮਾਡੈਸਟੋ ਸੀਰੀਜ਼ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ 13 ਤੋਂ 19 ਜੂਨ ਤੱਕ ਕਰਵਾਇਆ ਜਾ ਰਿਹਾ ਹੈ।

ਇਸ ਸ਼ਹੀਦੀ ਸਮਾਗਮ ਦੌਰਾਨ ਬਾਬਾ ਬਲਵਿੰਦਰ ਸਿੰਘ ਕੁਰਾਲੀਵਾਲੇ 13 ਜੂਨ ਤੋਂ 18 ਜੂਨ ਤੱਕ ਹਰ ਰੋਜ਼ ਸ਼ਾਮ 6:30 ਤੋਂ 8:30 ਤੱਕ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਸਮਾਗਮ ਸਬੰਧੀ 17 ਜੂਨ ਨੂੰ ਸਵੇਰੇ 10:30 ਵਜੇ ਅਖੰਡ ਪਾਠ ਦਾ ਅਰੰਭ ਹੋਵੇਗਾ ਅਤੇ 19 ਜੂਨ ਨੂੰ ਸਵੇਰੇ 10:30 ਵਜੇ ਭੋਗ ਪਵੇਗਾ। ਉਪਰੰਤ 2 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ। ਸ਼ਰਧਾਲੂ ਸੰਗਤਾਂ ਵਲੋਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮੌਕੇ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰਨ। ਹੋਰ ਜਾਣਕਾਰੀ ਸ. ਜਰਨੈਲ ਸਿੰਘ ਬੈਂਸ 209-872-3070, ਸ. ਪਰਮਜੀਤ ਸਿੰਘ ਤੱਲ੍ਹਣ 209-483-2683 ਜਾਂ ਗੁਰੂ ਘਰ ਫੋਨ 209-538-4100 ਪਾਸੋਂ ਹਾਸਲ ਕੀਤੀ ਜਾ ਸਕਦੀ ਹੈ।

## ਯੂ ਐਸ ਏ ਕਬੱਡੀ ਫੈਡਰੇਸ਼ਨ ਪਾਬੰਦੀਸ਼ੁਦਾ ਖਿਡਾਰੀਆਂ ਪ੍ਰਤੀ ਖੁੱਲ੍ਹੀ ਨੀਤੀ ਅਪਨਾਏਗੀ

**ਟਰੇਸੀ, ਕੈਲੀਫੋਰਨੀਆ (ਬਿਊਰੋ):** ਯੂ ਐਸ ਏ ਕਬੱਡੀ ਫੈਡਰੇਸ਼ਨ ਨੇ ਉਨ੍ਹਾਂ ਕਬੱਡੀ ਖਿਡਾਰੀਆਂ ਪ੍ਰਤੀ ਖੁੱਲ੍ਹੀ ਨੀਤੀ ਅਪਨਾਉਣ ਦਾ ਫੈਸਲਾ ਕੀਤਾ ਹੈ ਜਿਨ੍ਹਾਂ ਉਪਰ ਪਹਿਲਾਂ ਪਾਬੰਦੀ ਲਾਈ ਗਈ ਸੀ। ਇਹ ਫੈਸਲਾ ਇਸ ਲਈ ਲਿਆ ਗਿਆ ਹੈ ਤਾਂ ਜੋ ਕਬੱਡੀ ਖਿਡਾਰੀਆਂ ਨੂੰ ਕੁਝ ਹੀ ਟੂਰਨਾਮੈਂਟਾਂ ਤੱਕ ਸੀਮਤ ਨਾ ਰਹਿਣਾ ਪਵੇ। ਇਹ ਜਾਣਕਾਰੀ ਦਿੰਦਿਆਂ ਫੈਡਰੇਸ਼ਨ ਦੇ ਇਕ ਬੁਲਾਰੇ ਸ੍ਰੀ ਜਸਵਿੰਦਰ ਸਿੰਘ ਸੋਹਲ ਨੇ ਦੱਸਿਆ ਕਿ ਇਹ ਫੈਸਲਾ ਫੈਡਰੇਸ਼ਨ ਨਾਲ ਜੁੜੀਆਂ ਕਲੱਬਾਂ ਦੀ ਇਥੇ ਲੰਘੇ ਸਨਿਚਰਵਾਰ ਨੂੰ ਹੋਈ ਇਕ ਮੀਟਿੰਗ ਵਿਚ ਇਸ ਗੱਲ ਨੂੰ ਮੁੱਖ ਰੱਖ ਕੇ ਲਿਆ ਗਿਆ ਕਿ ਅਮਰੀਕਾ ਵਿਚ ਕਬੱਡੀ ਦਾ ਸੀਜ਼ਨ ਬਹੁਤ ਸੀਮਤ ਹੈ ਅਤੇ ਬਹੁਤ ਥੋੜ੍ਹੇ ਟੂਰਨਾਮੈਂਟ ਹੀ ਕਰਵਾਏ ਜਾਂਦੇ ਹਨ।

ਸ੍ਰੀ ਸੋਹਲ ਨੇ ਇਹ ਵੀ ਕਿਹਾ ਕਿ ਮੀਟਿੰਗ ਵਿਚ ਇਹ ਫੈਸਲਾ ਵੀ ਲਿਆ ਗਿਆ ਕਿ ਖਿਡਾਰੀਆਂ ਨੂੰ ਇਸ ਗੱਲ ਲਈ ਮਨਾਇਆ ਜਾਵੇ ਕਿ ਉਹ ਇਕ ਸੀਜ਼ਨ ਦੌਰਾਨ ਸਿਰਫ ਇਕ ਹੀ ਟੀਮ ਨਾਲ ਖੇਡਣ, ਅਜਿਹਾ ਉਨ੍ਹਾਂ ਦੀ ਖੇਡ ਦੇ ਵੀ ਹਿੱਤ ਵਿਚ ਹੈ। ਫੈਡਰੇਸ਼ਨ ਨੇ ਉਨ੍ਹਾਂ ਸਭ ਟੀਮਾਂ ਨੂੰ ਵੀ ਫੈਡਰੇਸ਼ਨ ਵਿਚ ਆਉਣ ਦੀ ਬੇਨਤੀ ਕੀਤੀ ਜੋ ਅਜੇ ਇਸ ਦੀਆਂ ਮੈਂਬਰ ਨਹੀਂ ਹਨ ਤਾਂ ਜੋ ਕਿਸੇ ਵੀ ਹੋਰ ਖੇਡ ਵਾਂਗ ਕਬੱਡੀ ਲਈ ਵੀ ਕੁਝ ਕਾਇਦੇ ਕਾਨੂੰਨ ਬਣਾਏ ਜਾ ਸਕਣ। ਮੀਟਿੰਗ ਵਿਚ ਫੈਡਰੇਸ਼ਨ ਅਧੀਨ ਹੋਏ ਹੁਣ ਤੱਕ ਦੇ ਚਾਰ ਟੂਰਨਾਮੈਂਟਾਂ ਦਾ ਲੇਖਾ ਜੋਖਾ ਵੀ ਕੀਤਾ ਗਿਆ।

ਸ੍ਰੀ ਸੋਹਲ ਨੇ ਦੱਸਿਆ ਕਿ ਫੈਡਰੇਸ਼ਨ ਵਲੋਂ ਆਉਂਦੇ ਦਿਨਾਂ ਵਿਚ ਜੁਲਾਈ ਮਹੀਨੇ ਸਿਆਟਲ ਵਿਚ, 27 ਅਗਸਤ ਨੂੰ ਹੇਵਰਡ ਵਿਚ, 4 ਸਤੰਬਰ ਨੂੰ ਸ਼ਿਕਾਗੋ, ਸਤੰਬਰ ਮਹੀਨੇ ਹੀ ਸਟਾਕਟਨ, ਅਕਤੂਬਰ 'ਚ ਕ੍ਰੂਦਰਜ਼, ਅਕਤੂਬਰ 'ਚ ਹੀ ਲੋਡਾਈ ਅਤੇ ਬਾਅਦ ਵਿਚ ਫੇਅਰਫੀਲਡ ਵਿਚ ਟੂਰਨਾਮੈਂਟ ਕਰਵਾਏ ਜਾਣਗੇ। ਇਸ ਸਬੰਧੀ ਹੋਰ ਜਾਣਕਾਰੀ ਲਈ ਜਸਵਿੰਦਰ ਸੋਹਲ ਨਾਲ ਫੋਨ 408-391-7013 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਈਜ਼ੀਚੇਜ਼ ਉਪਰਲੀਆਂ 10 ਕੰਪਨੀਆਂ ਵਿਚ ਸ਼ਾਮਲ

**ਬੇਕਰਜ਼ਫੀਲਡ (ਮਾਨ ਮਨਦੀਪ):** ਸਟੋਰਾਂ ਅਤੇ ਘਰਾਂ ਵਿਚ ਲੱਗਣ ਵਾਲੇ ਸਰਵੇਲੈਂਸ ਕੈਮਰੇ ਅਤੇ ਡੀ ਵੀ ਆਰ ਵੇਚਣ ਅਤੇ ਇੰਸਟਾਲ ਕਰਨ ਵਾਲੀ ਪੰਜਾਬੀ ਕੰਪਨੀ ਈਜ਼ੀਚੇਜ਼ ਆਪਣੇ ਖੇਤਰ ਵਿਚ ਅਮਰੀਕਾ ਦੀਆਂ ਉਪਰਲੀਆਂ 10 ਕੰਪਨੀਆਂ ਵਿਚ ਸ਼ਾਮਲ ਹੋ ਗਈ ਹੈ। ਕੰਪਨੀ ਦੇ ਇਕ ਬੁਲਾਰੇ ਸੁਖਪਾਲ ਅਨੁਸਾਰ ਅਜਿਹਾ ਉਚ ਪੱਧਰੀ ਕੁਆਲਿਟੀ ਅਤੇ ਬਹੁਤ ਵੀ ਵਾਜਬ ਕੀਮਤਾਂ ਕਰਕੇ ਸੰਭਵ ਹੋ ਸਕਿਆ ਹੈ ਅਤੇ ਇਸ ਪੱਖੋਂ ਇਹ ਕੰਪਨੀ ਮੁਕਾਬਲੇ ਦੀਆਂ ਦੂਜੀਆਂ ਕੰਪਨੀਆਂ ਨੂੰ ਮਾਤ ਪਾਉਂਦੀ ਹੈ।

ਈਜ਼ੀਚੇਜ਼ ਕੰਪਨੀ ਵਿਸਟਾ ਟੈਕਨਾਲੋਜੀ ਦੀ ਇਕ ਸ਼ਾਖਾ ਹੈ ਅਤੇ ਦੋਨੋਂ ਇਕੋ ਨਾਂ ਹੇਠ ਕੰਮ ਕਰਦੀਆਂ ਹਨ। ਇਸ ਕੰਪਨੀ ਵਲੋਂ ਲਾਏ ਗਏ ਕੈਮਰਿਆਂ ਰਾਹੀਂ ਆਪਣੇ ਆਈ ਫੋਨ ਉਪਰ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਆਪਣੇ ਘਰ ਜਾਂ ਬਿਜਨਸ ਉਤੇ ਨਿਗਾਹ ਰੱਖੀ ਜਾ ਸਕਦੀ ਹੈ। ਕੰਪਨੀ ਦੀ ਵੈਬ ਸਾਈਟ www.ezchase.com 'ਤੇ ਜਾ ਕੇ ਵੀ ਗਾਹਕ ਖੁਦ ਸਾਮਾਨ ਖਰੀਦ ਸਕਦਾ ਹੈ। ਹੋਰ ਜਾਣਕਾਰੀ ਲਈ ਸੁਖਪਾਲ ਨਾਲ ਫੋਨ 661-586-5080 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


ਇੰਡੀਅਨ ਰੈਸਟੋਰੈਂਟ ਅਤੇ ਗਰੌਸਰੀ ਸਟੋਰ ਵਿਕਾਊ ਹੈ

**Indian Restaurant & Grocery Store For Sale in Turlock, CA**

ਟਰਲਕ, ਕੈਲੀਫੋਰਨੀਆ ਵਿਚ ਬਹੁਤ ਹੀ ਵਧੀਆ ਲੋਕੇਸ਼ਨ 'ਤੇ ਰੈਸਟੋਰੈਂਟ ਅਤੇ ਇੰਡੀਅਨ ਗਰੌਸਰੀ ਸਟੋਰ ਵਿਕਾਊ ਹੈ।

(Beer & Wine License Available)

*Lease Month to Month or Year to Year.
*No Water Bill, No Triple Net.
*No Waste Management Bill.

ਚਾਹਵਾਨ ਸੱਜਣ ਸੰਪਰਕ ਕਰ ਸਕਦੇ ਹਨ

Call: Ashwani

209-535-8642, 209-667-6205

www.premindiancuisine.com



**Akal Immigration**

In Association with

Max Berger Law Corporation



Canadian Immigration





Max Berger B.F.A. LL.B.
*Immigration Lawyer since 1983*

*Narinder Paul Singh B.Sc.*
*(Kashmir University -1971)*

ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ ਕੈਨੇਡਾ ਦੀ ਇਮੀਗਰੇਸ਼ਨ ਮਿਲ ਸਕਦੀ ਹੈ

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas, Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

ਫੋਨ:(905) 795-1516

**Need Agents in the USA**

*Nanak Plaza 1380- Cardiff Blvd. #: 2 Mississauga (On.) L5S1P9 Canada*
*E-mail: info@akalimmigration.com Website: www.akalimmigration.com*

# ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਵਲੋਂ ਜਨਰਲ ਬਾਡੀ ਨਾਲ ਧੋਖਾ ਅਤੇ ਨਵਾਂ ਸ਼ੋਸ਼ਾ

## ਜਨਰਲ ਬਾਡੀ ਦੀਆਂ ਵੋਟਾਂ ਤੋਂ ਬਿਨਾਂ ਗੁਰਦੁਆਰਾ ਕਮੇਟੀ ਦੀ ਚੋਣ ਕਿਵੇਂ ਹੋ ਗਈ?

17 ਅਪਰੈਲ 2011 ਨੂੰ ਤਕਰੀਬਨ 12:30 ਵਜੇ ਗੁਰਦੁਆਰਾ ਸਾਹਿਬ, ਸੈਨ ਹੋਜ਼ੇ ਦੀ ਸਟੇਜ ਤੋਂ ਅਨਾਊਂਸਮੈਂਟ ਹੋਈ ਕਿ 2:30 ਵਜੇ ਲਾਇਬਰੇਰੀ ਵਿਚ ਇਕ ਮੀਟਿੰਗ ਹੋ ਰਹੀ ਹੈ ਜਿਸ ਵਿਚ ਸੰਗਤਾਂ ਨਾਲ ਕਈ ਗੱਲਾਂ ‘ਤੇ ਵਿਚਾਰ ਹੋਵੇਗੀ ਜਿਨ੍ਹਾਂ ਵਿਚ ਗੁਰਦੁਆਰਾ ਸਹਿਬ ਦੇ ਦੂਸਰੇ ਪੜਾਅ ਦੀ ਉਸਾਰੀ, ਬਾਈਲਾਅਜ਼, ਹਾਲਾਂ ਤੇ ਰਸੋਈ ਦੀ ਵਰਤੋਂ, ਭਵਿਖ ਦੇ ਪ੍ਰੋਗਰਾਮ ਅਤੇ ਲੋਨ ਆਦਿ ਸ਼ਾਮਲ ਸਨ। ਗੁਰਦੁਆਰਾ ਸਾਹਿਬ ਦੇ ਉਪ ਨੇਮਾਂ (ਬਾਈਲਾਅਜ਼) ਮੁਤਾਬਿਕ ਜਨਰਲ ਬਾਡੀ (ਗੁਰਦੁਆਰਾ ਸਾਹਿਬ ਦੇ ਰਜਿਸਟਰਡ ਮੈਂਬਰਾਂ) ਨੂੰ ਕਿਸੇ ਵੀ ਜਨਰਲ ਬਾਡੀ ਮੀਟਿੰਗ ਬਾਰੇ ਅਗਾਊਂ ਨੋਟਿਸ ਭੇਜਣਾ ਜਰੂਰੀ ਹੈ ਅਤੇ ਸਿਰਫ ਜਨਰਲ ਬਾਡੀ ਦੇ ਮੈਂਬਰ ਹੀ ਵੋਟ ਪਾ ਸਕਦੇ ਹਨ। ਜਨਰਲ ਬਾਡੀ ਨੂੰ ਇਸ ਕਮੇਟੀ ਵਲੋਂ ਕੋਈ ਵੀ ਨੋਟਿਸ ਨਹੀਂ ਭੇਜਿਆ ਗਿਆ।

ਇਸ ਮੀਟਿੰਗ ਵਿਚ ਕਮੇਟੀ ਨੇ ਆਪਣੇ ਹੀ ਸਮਰਥਕਾਂ ਕੋਲੋਂ ਹੱਥ ਖੜ੍ਹੇ ਕਰਵਾ ਕੇ ਵੋਟਾਂ ਪੁਆ ਲਈਆਂ ਅਤੇ ਆਪਣੇ ਆਪ ਨੂੰ ਹੀ ਆਉਣ ਵਾਲੇ ਚਹੁੰ ਸਾਲਾਂ ਲਈ ਚੁਣ ਲਿਆ। ਕਮੇਟੀ ਨੇ ਕਿਸੇ ਦੀ ਸ਼ਨਾਖਤ ਚੈਕ ਨਹੀਂ ਕੀਤੀ ਅਤੇ ਨਾ ਹੀ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਵੋਟ ਪਾਉਣ ਵਾਲਾ ਵਿਅਕਤੀ ਗੁਰਦੁਆਰਾ ਸਾਹਿਬ ਦਾ ਰਜਿਸਟਰਡ ਮੈਂਬਰ ਹੈ ਵੀ ਕਿ ਨਹੀਂ? ਇਸ ਕਰ ਕੇ 17 ਅਪਰੈਲ 2011 ਨੂੰ ਕਮੇਟੀ ਵਲੋਂ ਪਾਸ ਕੀਤਾ ਹਰ ਮਤਾ ਅਯੋਗ ਅਤੇ ਗੈਰ-ਕਾਨੂੰਨੀ ਹੈ।

1. ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਆਪਣਾ ਮਨੋਰਥ ਪੂਰਾ ਕਰਨ ਲਈ ਖੁਦਗਰਜ਼ੀ ਤਹਿਤ ਜਨਰਲ ਬਾਡੀ ਦੀਆਂ ਸਾਰੀਆਂ ਤਾਕਤਾਂ “ਕਮਿਊਨਿਟੀ” (ਸਾਧ ਸੰਗਤ) ਦੀ ਮੀਟਿੰਗ ਸੱਦ ਕੇ ਬਾਈਲਾਅਜ਼ ਨੂੰ ਬਦਲਣ ਲਈ ਅਤੇ ਆਪਣੇ ਆਪ ਨੂੰ ਅਗਲੇ 4 ਸਾਲਾਂ ਲਈ ਨਿਯੁਕਤ ਕਰਨ ਲਈ ਵਰਤੀਆਂ। ਸਵਾਲ ਹੈ ਕਿ ਇਹ ਗਲਤ ਤਰੀਕਾ ਵਰਤ ਕੇ ਇਸ ਨੂੰ “ਜਨਰਲ ਬਾਡੀ” ਦਾ ਨਾਮ ਕਿਉਂ ਦੇ ਦਿੱਤਾ?

2. 17 ਅਪਰੈਲ 2011 ਨੂੰ ਇਕ ਬਹੁਤ ਛੋਟੇ ਜਿਹੇ ਕਮਰੇ, ਜਿਸ ਵਿਚ ਮਸਾਂ ਦੋ ਕੁ ਸੌ ਬੰਦਾ ਹੀ ਸਮਾ ਸਕਦਾ ਹੈ, ਵਿਚ ਰੱਖੀ। ਇਸ ਅਖੌਤੀ ਜਨਰਲ ਬਾਡੀ ਮੀਟਿੰਗ ਵਿਚ ਵਿਚਾਰਾਂ ਦਾ ਖੁੱਲ੍ਹਾ ਅਤੇ ਨਿਰਪੱਖ ਵਿਚਾਰ ਵਟਾਂਦਰਾ ਕਿਵੇਂ ਹੋ ਸਕਦਾ ਹੈ? ਜਨਰਲ ਬਾਡੀ ਦੇ ਤਕਰੀਬਨ 3700 ਰਜਿਸਟਰਡ ਮੈਂਬਰ ਹਨ। ਅਜਿਹੀ ਮੀਟਿੰਗ ਬਾਰੇ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਕਿਉਂ ਨਹੀਂ ਸੂਚਿਤ ਕੀਤਾ ਗਿਆ?

17 ਅਪਰੈਲ 2011 ਨੂੰ ਇਸ ਕਮੇਟੀ ਵਲੋਂ ਕੀਤੀਆਂ ਚੋਣਾਂ/ਨਿਯੁਕਤੀਆਂ ਅਤੇ ਬਾਈਲਾਅਜ਼ ਵਿਚ ਕੀਤੀਆਂ ਤਬਦੀਲੀਆਂ ਗੈਰ-ਕਨੂੰਨੀ ਹਨ ਅਤੇ ਧੋਖੇ ਨਾਲ ਜਨਰਲ ਬਾਡੀ ਦੇ ਵੋਟ ਦੇ ਅਧਿਕਾਰਾਂ ਨੂੰ ਖੋਹ ਕੇ ਕੀਤੀਆਂ ਹਨ। ਅਸੀਂ ਉਸ ਦਿਨ ਦੀ ਕਮੇਟੀ ਦੀ ਇਸ ਅਤਿ ਨਿੰਦਣਯੋਗ ਕਰਵਾਈ ਨੂੰ ਬਿਲਕੁਲ ਨਹੀਂ ਮੰਨਦੇ।

ਸਾਧ ਸੰਗਤ ਜੀ, ਤੁਸੀਂ ਸਾਡਾ ਸਾਥ ਦਿਉ, ਵੋਟਾਂ ਪਾ ਕੇ ਆਪਣੀ ਮਰਜ਼ੀ ਦੀ ਕਮੇਟੀ ਚੁਣਨ ਦੇ ਤੁਹਾਡੇ ਹੱਕਾਂ ‘ਤੇ ਅਸੀਂ ਪਹਿਰਾ ਦੇਵਾਂਗੇ।

### *ਸਾਧ ਸੰਗਤ ਸਾਵਧਾਨ ਰਹੇ, 4 ਮੈਂਬਰਾਂ ਦੀ ਚੋਣ ਦੇ ਧੋਖੇ ਵਿਚ ਨਾ ਆ ਜਾਏ!*

“ਕਮੇਟੀ ਦੀ ਲਗਾਤਾਰਤਾ” (ਕੁਰਸੀ ਨੂੰ ਚਿੰਬੜੇ ਰਹਿਣ ਦੀ ਲਾਲਸਾ) ਦੇ ਨਾਂ ’ਤੇ ਸਿਰਫ 4 ਮੈਂਬਰਾਂ ਦੀ ਚੋਣ ਦੇ ਧੋਖੇ ਵਿਚ ਨਾ ਆ ਜਾਇਉ ਸਗੋਂ ਇਸ ਦਾ ਡਟ ਕੇ ਵਿਰੋਧ ਕਰੋ। ਕਮੇਟੀ ਦੇ ਸਾਰੇ 21 ਮੈਂਬਰਾਂ ਦੀ ਚੋਣ ਦੀ ਮੰਗ ਕਰੋ ਕਿਉਂਕਿ ਕਮੇਟੀ ਦਾ ਸਾਰਾ ਢਾਂਚਾ ਹੀ ਵਿਗੜਿਆ ਹੋਇਆ ਹੈ ਜਿਸ ਦੀ ਸ਼ੁੱਧੀ ਬਹੁਤ ਜਰੂਰੀ ਹੈ।

ਕੁਰਸੀ ਨਾਲ ਚਿੰਬੜੇ ਰਹਿਣ ਲਈ ਗੁਰਦੁਆਰਾ ਸਾਹਿਬ ਦੀ ਕਮੇਟੀ ਕਈ ਖੇਡਾਂ ਖੇਡ ਰਹੀ ਹੈ। ਇਸ ਨੇ ਸਾਰੀ ਕਮੇਟੀ ਬਦਲਣ ਦੀ ਥਾਂ ਹਰ ਸਾਲ ਸਿਰਫ ਚਾਰ ਹੀ ਮੈਂਬਰਾਂ ਨੂੰ ਬਦਲਣ ਦਾ ਸ਼ੋਸ਼ਾ ਛੱਡਿਆ ਹੈ ਜਿਸ ਮੁਤਾਬਿਕ ਹਰ ਸਾਲ ਕਮੇਟੀ ਦੇ ਚਾਰ ਮੈਂਬਰ ਹੀ ਸੇਵਾ-ਮੁਕਤ ਹੋਇਆ ਕਰਨਗੇ ਅਤੇ ਨਵੇਂ ਚਹੁੰ ਮੈਬਰਾਂ ਦੀ ਚੋਣ ਵੀ ਕਮੇਟੀ ਵਲੋਂ ਨਿਯੁਕਤ ਕੀਤੇ ਬੰਦੇ ਹੀ ਕਰਨਗੇ। ਇਸ ਦਾ ਭਾਵ ਹੈ:

1. ਜਨਰਲ ਬਾਡੀ ਕੋਲ ਕਮੇਟੀ ਨੂੰ ਚੁਣਨ ਦੀ ਕੋਈ ਤਾਕਤ ਹੀ ਨਹੀਂ ਹੈ ਸਗੋਂ ਆਪੂੰ ਬਣੀ ਗੁਰਦੁਆਰਾ ਸਾਹਿਬ ਦੀ ਕਮੇਟੀ ਪਾਸ ਹੈ ਜਿਸ ਨੂੰ ਸੰਗਤ ਨੇ ਕਦੇ ਵੀ ਨਹੀਂ ਚੁਣਿਆ। ਕੀ ਸੰਗਤ ਇਸ ਨੂੰ ਬਰਦਾਸ਼ਤ ਕਰ ਸਕਦੀ ਹੈ?

2. ਇਸ ਸ਼ੋਸ਼ੇ ਅਨੁਸਾਰ ਇਸ ਆਪੂੰ ਬਣੀ ਕਮੇਟੀ ਨੂੰ “ਸੇਵਾ ਮੁਕਤ ਕਰਨ ਲਈ” ਅਜੇ ਚਾਰ ਸਾਲ ਹੋਰ ਲੱਗਣਗੇ ਅਤੇ ਇੰਨੇ ਚਿਰ ਨੂੰ ਇਨ੍ਹਾਂ ਦੇ ਹੀ ਨਵੇਂ 21 ਬੰਦੇ ਕਮੇਟੀ ਵਿਚ ਆ ਜਾਣਗੇ ਅਤੇ ਇਹ ਚੱਕਰ ਇੰਜ ਹੀ ਚਲਦਾ ਰਹੇਗਾ! ਕੀ ਇਹ ਗੁਰਦੁਆਰਾ ਕਮੇਟੀ ਸੰਗਤਾਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਪਾ ਰਹੀ?

ਸਾਧ ਸੰਗਤ ਜੀ, ਧੋਖੇ ਵਿਚ ਨਾ ਆ ਜਾਣਾ! ਕਿਉਂਕਿ ਕਮੇਟੀ ਦੇ ਸਾਰੇ 21 ਮੈਂਬਰਾਂ ਨੇ ਜਨਰਲ ਬਾਡੀ ਦੇ ਤਕਰੀਬਨ 3700 ਰਜਿਸਟਰਡ ਮੈਂਬਰਾਂ ਨਾਲ ਸ਼ਰੇਆਮ ਧੋਖਾ ਕੀਤਾ ਹੈ, ਕਿਉਂ ਨਾ ਆਉਣ ਵਾਲੀਆਂ ਚੋਣਾਂ ਵਿਚ ਇਸ ਕਮੇਟੀ ਦੇ 21 ਦੇ 21 ਮੈਂਬਰਾਂ ਨੂੰ ਇਕੱਠਿਆਂ “ਸੇਵਾ-ਮੁਕਤ” ਕਰਾ ਕੇ ਗੁਰਦੁਆਰਾ ਸਾਹਿਬ ਨੂੰ ਇਨ੍ਹਾਂ ਤੋਂ ਮੁਕਤ ਕਰਾਇਆ ਜਾਵੇ?

**ਸਾਧ ਸੰਗਤ ਜੀ, ਕਿਰਪਾ ਕਰ ਕੇ ਗੁਰਦੁਆਰਾ ਸੁਧਾਰ ਕਮੇਟੀ ਦੇ ਹੱਥ ਮਜ਼ਬੂਤ ਕਰੋ ਤਾਂ ਕਿ ਇਹ ਤੁਹਾਡੇ ਹੱਕਾਂ ਲਈ ਲੜ ਸਕੇ ਤਾਂ ਕਿ ਤੁਸੀਂ ਵੋਟਾਂ ਪਾ ਕੇ ਆਪਣੀ ਮਰਜ਼ੀ ਦੇ ਕਮੇਟੀ ਦੇ ਸੇਵਾਦਾਰ ਚੁਣ ਸਕੋ।**

# ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ

ਸਾਧ ਸੰਗਤ ਦੇ ਸੇਵਾਦਾਰ

| | | | |
|---|---|---|---|
| ਭਾਈ ਗੁਰਮੇਲ ਸਿੰਘ ਖਾਲਸਾ | ਡਾ. ਤਰਲੋਚਨ ਸਿੰਘ ਨਾਹਲ | ਭਾਈ ਦਲਜੀਤ ਸਿੰਘ | ਭਾਈ ਜਗਜੀਤ ਸਿੰਘ ਮੰਡ |
| (408) 509-1082 | (408) 629-1958 | (408) 332-6789 | (408) 531-1313 |

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਬਾ ਰਾਮਦੇਵ ਸਿਆਸਤ ਦੇ ਅਖਾੜੇ ਵਿਚ ਚਿੱਤ

## *ਕਾਲੇ ਧਨ ਦੀ ਗੱਲ ਕਰਨ ਵਾਲਾ ਆਪ ਵੀ ਕਾਲੇ ਧਨ ਦੇ ਮਾਮਲਿਆਂ ਵਿਚ ਘਿਰਿਆ*

*(ਸਫਾ ਇਕ ਦੀ ਬਾਕੀ)*

ਕਾਂਗਰਸ ਨੇ ਇਸ ਮੁੱਦੇ ਨੂੰ ਬੜੇ ਜ਼ੋਰ ਨਾਲ ਉਭਾਰਿਆ ਅਤੇ ਬਾਬਾ ਰਾਮਦੇਵ ਬੁਰੀ ਤਰ੍ਹਾਂ ਘਿਰ ਗਏ। ਇਥੇ ਇਹ ਵੀ ਖੁਲਾਸਾ ਹੋਇਆ ਕਿ ਬਾਬਾ ਉਤਰਾਖੰਡ ਦੇ ਜ਼ਿਲ੍ਹਾ ਹਰਿਦੁਆਰ ਸਥਿਤ ਆਪਣੇ ਯੋਗ ਹੈਡਕੁਆਰਟਰ ਦੇ ਆਲੇ-ਦੁਆਲੇ ਤਕਰੀਬਨ 261.468 ਹੈਕਟਰ ਜ਼ਮੀਨ ਦਾ ਮਾਲਕ ਹੈ। ਮੌਜੂਦਾ ਬਾਜ਼ਾਰ ਕੀਮਤਾਂ ਮੁਤਾਬਕ ਇਸ ਜ਼ਮੀਨ ਦੀ ਕੀਮਤ ਹਜ਼ਾਰਾਂ ਕਰੋੜ ਰੁਪਏ ਬਣਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਅਧਿਕਾਰੀਆਂ ਦੀ ਮਦਦ ਨਾਲ ਪਿੰਡਾਂ ਵਾਲਿਆਂ ਤੋਂ ਸਿੱਧੇ ਤੌਰ 'ਤੇ ਜ਼ਮੀਨ ਖਰੀਦੀ ਹੈ ਅਤੇ ਦੇਸ਼ 'ਚ ਭਾਜਪਾ ਦੀਆਂ ਸਰਕਾਰਾਂ ਵਾਲੇ ਸੂਬਿਆਂ 'ਚ ਬਾਬੇ ਨੂੰ ਕੌਡੀਆਂ ਦੇ ਭਾਅ ਜ਼ਮੀਨ ਦਿੱਤੀ ਗਈ।

ਅਸਲ ਵਿਚ ਬਾਬੇ ਦਾ ਮਾੜਾ ਦੌਰ ਉਸ ਵੇਲੇ ਸ਼ੁਰੂ ਹੋਇਆ, ਜਦੋਂ ਦਿੱਲੀ ਪੁਲਿਸ ਨੇ 4 ਮਈ ਦੀ ਅੱਧੀ ਰਾਤ ਨੂੰ ਉਸ ਦੇ ਕੈਂਪ ਨੂੰ ਨਾਟਕੀ ਢੰਗ ਨਾਲ ਖਦੇੜ ਦਿੱਤਾ। ਤਿੰਨ ਮੀਟਰ ਉਚੇ ਮੰਚ ਤੋਂ ਛਾਲ ਮਾਰਨ ਅਤੇ ਔਰਤ ਦੇ ਭੇਸ 'ਚ ਬਚ ਨਿਕਲਣ ਦਾ ਯਤਨ ਕਰਦੇ ਬਾਬਾ ਰਾਮਦੇਵ ਨੂੰ ਕਾਬੂ ਕਰ ਲਿਆ ਗਿਆ, ਤੇ ਨਾਲ ਦੀ ਨਾਲ ਜਹਾਜ਼ 'ਤੇ ਚੜ੍ਹਾ ਕੇ ਹਰਿਦੁਆਰ ਛੱਡ ਦਿੱਤਾ ਗਿਆ। ਇਸ ਦੇ ਨਾਲ ਹੀ ਬਾਬੇ ਨੂੰ ਸਖ਼ਤ ਹੁਕਮ ਜਾਰੀ ਕਰ ਦਿੱਤੇ ਗਏ ਕਿ ਉਹ 15 ਦਿਨ ਰਾਜਧਾਨੀ 'ਚ ਦਾਖਲ ਨਹੀਂ ਹੋ ਸਕੇਗਾ। ਕਾਂਗਰਸ ਸਰਕਾਰ ਨੇ ਇਸ ਬਾਰੇ ਕਾਰਵਾਈ ਨੂੰ ਸਹੀ ਕਰਾਰ ਦਿੰਦਿਆਂ ਬਾਬੇ 'ਤੇ ਦੋਸ਼ ਲਾਇਆ ਕਿ ਵਿਦੇਸ਼ਾਂ ਵਿਚੋਂ ਕਾਲਾ ਧਨ ਲਿਆਉਣ ਦੇ ਮੁੱਦੇ 'ਤੇ ਉਪਰਾਲੇ ਕਰਨ ਬਾਰੇ ਸਹਿਮਤੀ 'ਤੇ ਪੁੱਜਣ ਮਗਰੋਂ ਉਸ ਨੇ ਆਪਣਾ ਸੱਤਿਆਗ੍ਰਹਿ ਵਾਪਸ ਲੈ ਲਿਆ ਸੀ ਪਰ ਵਾਅਦੇ ਤੋਂ ਮੁੱਕਰ ਗਿਆ।

ਹੁਣ ਬਾਬਾ ਰਾਮਦੇਵ ਨੇ ਹਰਿਦੁਆਰ ਦੇ ਆਪਣੇ ਪਾਤੰਜਲੀ ਯੋਗਪੀਠ 'ਚ ਮਰਨ ਵਰਤ ਸ਼ੁਰੂ ਕਰ ਦਿੱਤਾ ਹੈ। ਬਾਬੇ ਨੇ ਕਿਹਾ ਕਿ ਦਿੱਲੀ ਦੇ ਲੋਕ ਜ਼ਾਲਮ ਹੋ ਗਏ ਹਨ ਤੇ ਉਸ ਨੂੰ ਉਥੇ ਮਰਨ




ਵਰਤ ਦੀ ਆਗਿਆ ਵੀ ਨਹੀਂ ਦੇ ਰਹੇ। ਹਰਿਦੁਆਰ 'ਚ ਰਾਮਦੇਵ ਨੇ ਆਪਣੀ ਭੁੱਖ ਹੜਤਾਲ ਸ਼ੁਰੂ ਕਰਦਿਆਂ ਅਹਿਦ ਲਿਆ ਹੈ ਕਿ ਜਦੋਂ ਤੱਕ ਭ੍ਰਿਸ਼ਟਾਚਾਰ ਤੇ ਕਾਲ਼ੇ ਧਨ ਬਾਰੇ ਸਰਕਾਰ ਉਹ ਦੀਆਂ ਮੰਗਾਂ ਨਹੀਂ ਮੰਨਦੀ, 'ਸੱਤਿਆਗ੍ਰਹਿ' ਜਾਰੀ ਰਹੇਗਾ।

ਉਧਰ ਬਾਬਾ ਰਾਮਦੇਵ ਨੂੰ ਲੈ ਕੇ ਤਿੱਖੀ ਸਿਆਸਤ ਛਿੜ ਗਈ ਹੈ। ਕਾਂਗਰਸ ਨੇ ਕਿਹਾ ਹੈ ਕਿ ਇਹ ਫ਼ਿਰਕੂ ਅਰਾਜਕ ਤਾਕਤਾਂ ਨਾਲ ਸਖ਼ਤੀ ਨਾਲ ਨਜਿੱਠੇਗੀ, ਜਦਕਿ ਭਾਜਪਾ ਨੇ ਰਾਸ਼ਟਰਪਤੀ ਦਾ ਦਰ ਖੜਕਾ ਕੇ ਕਾਲ਼ੇ ਧਨ ਬਾਰੇ ਚਰਚਾ ਕਰਨ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕੀਤੀ ਹੈ। ਕਾਂਗਰਸ ਨੇ ਕਿਹਾ ਹੈ ਕਿ ਫ਼ਿਰਕੂ ਤਾਕਤਾਂ 'ਤੇ ਸਰਕਾਰ ਨੂੰ ਅਸਥਿਰ ਕਰਨ ਦੀ ਇੱਛਾ ਪਾਲ਼ਣ ਵਾਲਿਆਂ ਨਾਲ ਸਖ਼ਤੀ ਵਰਤੀ ਜਾਵੇਗੀ। ਪਾਰਟੀ ਤਰਜਮਾਨ ਜਨਾਰਦਨ ਦਿਵੇਦੀ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਭਾਜਪਾ ਕੇਂਦਰ 'ਚ ਸੱਤਾ 'ਤੇ ਕਾਬਜ਼ ਹੋਣ ਲਈ ਮੁਸ਼ਕਲਾਂ ਪੈਦਾ ਕਰਨ ਦੇ ਯਤਨ ਕਰ ਰਹੀ ਹੈ। ਉਨ੍ਹਾਂ ਨੇ ਰਾਮਦੇਵ ਦੀ ਮਹਾਤਮਾ ਗਾਂਧੀ ਅਤੇ ਵਿਵੇਕਾਨੰਦ ਨਾਲ ਤੁਲਨਾ ਕਰਨ ਲਈ ਵੀ ਭਾਜਪਾ ਦੀ ਚੰਗੀ ਝਾੜਝੰਬ ਕੀਤੀ।

ਉਧਰ ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਸਰਕਾਰ ਨੂੰ ਦੋਸ਼ੀ ਕਰਾਰ ਦਿੰਦਿਆਂ ਭਾਜਪਾ ਦੀ ਅਗਵਾਈ ਹੇਠਲੇ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਨੇ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਕਿ ਬਾਬਾ ਰਾਮਦੇਵ ਤੇ ਉਨ੍ਹਾਂ ਦੇ ਸਮਰਥਕਾਂ ਖਿਲਾਫ਼ ਪੁਲਿਸ ਦੀ ਕਾਰਵਾਈ ਤੇ ਕਾਲੇ ਧਨ ਦੇ ਮੁੱਦੇ ਉਪਰ ਵਿਚਾਰ ਕਰਨ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ। ਵਫ਼ਦ ਦੀ ਅਗਵਾਈ ਕਰ ਰਹੇ ਭਾਜਪਾ ਸੰਸਦੀ ਪਾਰਟੀ ਦੇ ਚੇਅਰਮੈਨ ਐਲ.ਕੇ. ਅਡਵਾਨੀ ਨੇ ਰਾਸ਼ਟਰਪਤੀ ਨੂੰ ਮੰਗ ਪੱਤਰ ਸੌਂਪਿਆ। ਸ੍ਰੀ ਅਡਵਾਨੀ ਨੇ ਕਿਹਾ ਕਿ ਸਰਕਾਰ ਨੂੰ ਅਜਿਹਾ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸ ਤਹਿਤ ਐਨਫੋਰਸਮੈਂਟ ਅਥਾਰਟੀ ਨੂੰ ਉਨ੍ਹਾਂ ਵਿਅਕਤੀਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦਾ ਅਧਿਕਾਰ ਹੋਵੇ ਜੋ ਦੇਸ਼ ਦੇ ਸਰਮਾਏ ਨੂੰ ਅਪਰਾਧਕ ਢੰਗ ਤਰੀਕੇ ਨਾਲ ਵਿਦੇਸ਼ਾਂ ਵਿਚ ਰੱਖਦੇ ਹਨ। ਉਨ੍ਹਾਂ ਕਿਹਾ ਕਿ ਬਾਬਾ ਰਾਮਦੇਵ ਖਿਲਾਫ਼ ਕਾਰਵਾਈ ਮਗਰੋਂ ਸਰਕਾਰ ਦੇ ਇਰਾਦੇ ਸਪਸ਼ਟ ਹੋ ਗਏ ਹਨ।

ਇਸੇ ਦੌਰਾਨ ਬਾਬੇ ਦੇ ਸ਼ਰਧਾਲੂ ਬਾਬੇ ਖਿਲਾਫ ਕੀਤੀ ਕਾਰਵਾਈ ਵਿਰੁੱਧ ਥਾਂ-ਪੁਰ-ਥਾਂ ਰੋਸ ਪ੍ਰਗਟ ਕਰ ਰਹੇ ਹਨ।

# ਜੂਨ 84:ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰ ਬਣਾਉਣ ਲਈ ਕਮੇਟੀ ਦਾ ਐਲਾਨ

ਵਿਚ ਬਣਾਉਣ ਦਾ ਫੈਸਲਾ ਕੀਤਾ ਸੀ। ਉਦੋਂ ਤੋਂ ਹੀ ਇਹ ਫੈਸਲਾ ਲਟਕ ਰਿਹਾ ਹੈ।

ਅਰਦਾਸ ਸਮਾਗਮ ਦੌਰਾਨ ਪੰਥਕ ਏਕਤਾ 'ਤੇ ਜ਼ੋਰ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕੌਮ ਵਿਚਲੀ ਪਾਟੋ-ਧਾੜ ਦਾ ਫਾਇਦਾ ਚੁੱਕ ਕੇ ਹੀ ਸਿੱਖ-ਦੋਖੀ ਤਾਕਤਾਂ ਆਪਣੇ ਮਨਸੂਬਿਆਂ ਵਿਚ ਕਾਮਯਾਬ ਹੁੰਦੀਆਂ ਰਹੀਆਂ ਹਨ। ਇਨ੍ਹਾਂ ਮਨਸੂਬਿਆਂ ਨੂੰ ਹਰ ਫਰੰਟ ਉਤੇ ਫੇਲ੍ਹ ਕਰਨ ਲਈ, ਹੁਣ ਸਿਰ ਜੋੜਨ ਦੀ ਲੋੜ ਹੈ। ਸਿੱਖ ਕੌਮ ਦੇ ਨਾਂ ਸੰਦੇਸ਼ ਵਿਚ ਉਨ੍ਹਾਂ ਨੇ ਸਮੂਹ ਸਿੱਖ ਜਥੇਬੰਦੀਆਂ ਨੂੰ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮੁੱਲ ਮੋੜਨ ਲਈ ਪੰਥਕ ਏਕਤਾ ਅਤੇ ਇਕਸੁਰਤਾ ਦਾ ਪ੍ਰਗਟਾਵਾ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਅੱਜ ਵੀ ਦੇਸ਼ ਵਿਚ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਸਿੱਖ ਕੌਮ ਦੇ ਨੌਜਵਾਨਾਂ ਨੂੰ ਬਿਨਾਂ ਗਵਾਹੀਆਂ ਤੋਂ ਫਾਂਸੀ ਦੀ ਸਜ਼ਾ ਦਿੱਤੀ ਜਾ ਰਹੀ ਹੈ, ਜਦੋਂਕਿ ਬੇਕਸੂਰ ਸਿੱਖਾਂ ਦੇ ਕਾਤਲਾਂ ਖ਼ਿਲਾਫ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਅਤੇ ਕੌਮ ਦੇ ਉਜਲੇ ਭਵਿੱਖ ਲਈ ਨਿੱਤ ਅਰਦਾਸ ਕੀਤੀ ਜਾਵੇ। ਇਸ ਮੌਕੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ। ਸਮਾਗਮ ਵਿਚ ਸ਼੍ਰੋਮਣੀ ਕਮੇਟੀ ਸਮੇਤ ਵੱਖ-ਵੱਖ ਸਿੱਖ ਸਿਆਸੀ ਜਥੇਬੰਦੀਆਂ, ਸਿੱਖ ਸੰਪਰਦਾਵਾਂ ਤੇ ਸਿੱਖ ਜਥੇਬੰਦੀ ਦੇ ਆਗੂਆਂ ਨੇ ਸ਼ਿਰਕਤ ਕੀਤੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਐਲਾਨ ਕੀਤਾ ਕਿ 1984 ਦੌਰਾਨ ਸ਼ਹੀਦ ਹੋਏ ਸਿੰਘ-ਸਿੰਘਣੀਆਂ ਦੀਆਂ ਯਾਦਗਾਰਾਂ ਕਾਇਮ ਕਰਨ ਲਈ 5 ਮੈਂਬਰੀ ਕਮੇਟੀ ਬਣਾਈ ਜਾਵੇਗੀ ਜੋ ਯਾਦਗਾਰਾਂ ਦੀ ਰੂਪ ਰੇਖਾ ਤਿਆਰ ਕਰਕੇ 2 ਮਹੀਨੇ 'ਚ ਆਪਣੀ ਰਿਪੋਰਟ ਸੌਂਪੇਗੀ। ਉਪਰੰਤ ਕਮੇਟੀ ਪੰਥਕ ਜਥੇਬੰਦੀਆਂ ਦੇ ਸਹਿਯੋਗ ਅਤੇ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਮਿਥੇ ਸਮੇਂ ਵਿਚ ਯਾਦਗਾਰ ਮੁਕੰਮਲ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਯਾਦਗਾਰ ਦੇ ਮੁੱਦੇ 'ਤੇ ਇਸ ਵਾਰ ਸ਼੍ਰੋਮਣੀ ਕਮੇਟੀ ਨੂੰ ਚਾਰੇ ਪਾਸਿਓਂ ਘਿਰ ਗਈ ਸੀ। ਪਿਛਲੇ ਸਾਲ ਵੀ ਦਲ ਖ਼ਾਲਸਾ ਦੇ ਆਗੂ ਸਤਿਨਾਮ ਸਿੰਘ ਪਾਉਂਟਾ ਸਾਹਿਬ ਨੇ 72 ਘੰਟੇ ਭੁੱਖ ਹੜਤਾਲ ਕੀਤੀ ਸੀ, ਤੇ ਪੰਥਕ ਜਥੇਬੰਦੀਆਂ ਨੇ ਧਰਨਾ ਦਿੱਤਾ ਸੀ। ਹੁਣ ਵੀ ਪੰਥਕ ਜਥੇਬੰਦੀਆਂ ਯਾਦਗਾਰ ਲਈ ਮੁਹਿੰਮ ਚਲਾ ਰਹੀਆਂ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਅਤੇ ਸਾਬਕਾ ਲੋਕ ਸਭਾ ਮੈਂਬਰ ਸ. ਸਿਮਰਨਜੀਤ ਸਿੰਘ ਮਾਨ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਖ਼ਾਲਿਸਤਾਨ ਜ਼ਿੰਦਾਬਾਦ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਜ਼ਿੰਦਾਬਾਦ ਦੇ ਨਾਅਰੇ ਲਾਏ। ਸੰਗਤਾਂ ਨੂੰ ਸੰਬੋਧਨ ਕਰਦਿਆਂ ਸ. ਮਾਨ ਨੇ ਕਿਹਾ ਕਿ ਮੌਜੂਦਾ ਦੌਰ 'ਚ ਸਿੱਖਾਂ ਦੇ ਸਭ ਮਸਲੇ ਖਾਲਿਸਤਾਨ ਬਣਨ ਨਾਲ ਹੀ ਹੱਲ ਹੋ ਸਕਦੇ ਹਨ।

ਇਸੇ ਤਰ੍ਹਾਂ ਦਮਦਮੀ ਟਕਸਾਲ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਜੂਨ 84 ਦੇ ਸਿੰਘਾਂ ਦੀ ਸ਼ਹੀਦੀ ਨੂੰ ਸਮਰਪਿਤ 27ਵਾਂ ਸਾਲਾਨਾ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਵਿਖੇ ਕਰਵਾਇਆ ਗਿਆ। ਇਸ ਮੌਕੇ ਦੇਸ਼, ਵਿਦੇਸ਼ ਤੇ ਸੂਬੇ ਦੇ ਵੱਖ-ਵੱਖ ਕੋਨਿਆਂ 'ਚੋਂ ਵੱਡੀ ਗਿਣਤੀ 'ਚ ਸੰਗਤਾਂ ਪੁੱਜੀਆਂ।

# ਉਮਾ ਭਾਰਤੀ ਮੁੜ ਭਾਜਪਾ 'ਚ ਰਲੀ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਵਿਚ ਆਪਣੇ ਆਧਾਰ ਨੂੰ ਮੁੜ ਕਾਇਮ ਕਰਨ ਵਿਚ ਜੁਟੀ ਭਾਜਪਾ ਨੇ ਆਪਣੀ ਤੇਜ਼ ਤਰਾਰ ਨੇਤਾ ਉਮਾ ਭਾਰਤੀ ਨੂੰ ਆਖ਼ਰ ਛੇ ਸਾਲ ਬਾਅਦ ਵਾਪਸ ਲੈ ਲਿਆ ਹੈ। ਉਤਰ ਪ੍ਰਦੇਸ਼ ਵਿਚ ਅਗਲੇ ਸਾਲ ਚੋਣਾਂ ਹੋ ਰਹੀਆਂ ਹਨ। ਉਮਾ ਭਾਰਤੀ ਦੀ ਵਾਪਸੀ ਦਾ ਜਿਥੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸਵਾਗਤ ਕੀਤਾ ਹੈ ਉਥੇ ਉਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਨੇ ਇਸ ਦੀ ਆਲੋਚਨਾ ਕੀਤੀ ਹੈ।

ਉਮਾ ਭਾਰਤੀ ਦੀ ਵਾਪਸੀ ਦਾ ਐਲਾਨ ਕਰਦਿਆਂ ਪਾਰਟੀ ਪ੍ਰਧਾਨ ਨਿਤਿਨ ਗਡਕਰੀ ਨੇ ਕਿਹਾ ਕਿ ਉਮਾ ਦਾ ਮੁੱਖ ਕਾਰਜ ਖੇਤਰ ਉਤਰ ਪ੍ਰਦੇਸ਼ ਹੋਵੇਗਾ ਤੇ ਉਹ ਪਾਰਟੀ ਦੀ ਚੋਣ ਮੁਹਿੰਮ ਵਿਚ ਅਹਿਮ ਭੂਮਿਕਾ ਨਿਭਾਏਗੀ। ਯਾਦ ਰਹੇ ਕਿ ਦਸੰਬਰ 2005 ਵਿਚ ਅਨੁਸ਼ਾਸਨਹੀਣਤਾ ਤੇ ਭਾਜਪਾ ਦੇ ਕੇਂਦਰੀ ਆਗੂਆਂ ਦੀ ਗੱਲ ਨਾ ਮੰਨਣ ਕਾਰਨ 52 ਸਾਲਾ ਉਮਾ ਭਾਰਤੀ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਸੀ। ਉਸ ਨੇ ਐਲ.ਕੇ.ਅਡਵਾਨੀ ਵੱਲੋਂ ਮੁਹੰਮਦ ਅਲੀ ਜਿਨਾਹ ਦੀ ਪ੍ਰਸੰਸਾ ਕਰਨ ਦਾ ਸਖ਼ਤ ਵਿਰੋਧ ਕੀਤਾ ਸੀ। ਉਦੋਂ ਉਮਾ ਭਾਰਤੀ ਨੇ ਆਪਣੀ ਜਥੇਬੰਦੀ ਭਾਰਤੀਯ ਜਨਸ਼ਕਤੀ ਪਾਰਟੀ ਬਣਾ ਲਈ ਸੀ। ਆਪਣੀ ਘਰ ਵਾਪਸੀ 'ਤੇ ਖੁਸ਼ੀ ਜ਼ਾਹਰ ਕਰਦਿਆਂ ਭਾਰਤੀ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਜਹਾਜ਼ ਦੇ ਉਸ ਪੰਛੀ ਵਾਂਗ ਮਹਿਸੂਸ ਕਰ ਰਹੀ ਹੈ ਜੋ ਵਾਪਸ ਆਉਣ ਲਈ ਹੀ ਉਡਾਨ ਭਰਦਾ ਹੈ।



*ਗਡਕਰੀ ਉਮਾ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ*

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ



ਰਾਜਘਾਟ ’ਤੇ ਨੱਚਦੀ ਹੋਈ ਸੁਸ਼ਮਾ ਸਵਰਾਜ

# ਰਾਜਘਾਟ ‘ਤੇ ਠੁਮਕੇ ਲਾ ਕੇ ਸੁਸ਼ਮਾ ਸਵਰਾਜ ਕਸੂਤੀ ਫਸੀ

**ਨਵੀਂ ਦਿੱਲੀ:** ਲੋਕ ਸਭਾ ’ਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਰਾਜਘਾਟ ‘ਤੇ ਠੁਮਕੇ ਲਾ ਕੇ ਕਸੂਤੀ ਫਸ ਗਈ ਹੈ। ਕਾਂਗਰਸ ਨੇ ਉਸ ਦੀ ਵੀਡੀਓ ਦੇਖਣ ਤੋਂ ਬਾਅਦ ਉਸ ਦੇ ਅਸਤੀਫੇ ਦੀ ਮੰਗ ਕੀਤੀ ਹੈ। ਭਾਜਪਾ ਆਗੂ ਨੇ 6 ਜੂਨ ਨੂੰ ਮਹਾਤਮਾ ਗਾਂਧੀ ਦੀ ਸਮਾਧ ਰਾਜਘਾਟ ’ਤੇ ਨੱਚ ਕੇ ਨਵਾਂ ਵਿਵਾਦ ਮੁੱਲ ਲੈ ਲਿਆ ਹੈ। ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਬੀ.ਕੇ. ਹਰੀਪ੍ਰਸਾਦ ਨੇ ਕਿਹਾ ਹੈ ਕਿ ਮਹਾਤਮਾ ਗਾਂਧੀ ਦੀ ਸਮਾਧ ’ਤੇ ਨੱਚ ਕੇ ਸੁਸ਼ਮਾ ਸਵਰਾਜ ਨੇ ਨਾ ਸਿਰਫ਼ ਗਾਂਧੀ ਦਾ ਬਲਕਿ ਸਾਰੇ ਸੁਤੰਤਰਤਾ ਸੰਗਰਾਮੀਆਂ ਤੇ ਪੂਰੇ ਦੇਸ਼ ਵਾਸੀਆਂ ਦਾ ਅਪਮਾਨ ਕੀਤਾ ਹੈ। ਸੁਸ਼ਮਾ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ ਤੇ ਲੋਕਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ 6 ਜੂਨ ਨੂੰ ਉਦੋਂ ਵਿਵਾਦ ਖੜ੍ਹਾ ਹੋ ਗਿਆ ਜਦੋਂ ਟੈਲੀਵਿਜ਼ਨ ਚੈਨਲਾਂ ਨੇ ਸੁਸ਼ਮਾ ਸਵਰਾਜ ਨੂੰ ਰਾਜਘਾਟ ਵਿਖੇ ਰੋਸ ਵਿਖਾਵੇ ਦੌਰਾਨ ਨੱਚਦੇ ਦਿਖਾਇਆ। ਉਧਰ ਸੁਸ਼ਮਾ ਨੇ ਇਸ ਗੱਲ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਉਹ ਤਾਂ ਕਾਡਰ ਦੇ ਹੌਂਸਲੇ ਬੁਲੰਦ ਕਰਨ ਲਈ ਦੇਸ਼ ਭਗਤੀ ਦੇ ਗੀਤਾਂ ਦੀ ਧੁੰਨ ‘ਤੇ ਥਿਰਕ ਰਹੀ ਸੀ ਜੋ ਕਿ ਪਾਰਟੀ ਦੀਆਂ ਰਵਾਇਤਾਂ ਮੁਤਾਬਕ ਸੀ। ਸ੍ਰੀ ਹਰੀਪ੍ਰਸਾਦ ਨੇ ਦੋਸ਼ ਲਾਇਆ ਕਿ ਅੰਨਾ ਹਜ਼ਾਰੇ ਤੇ ਬਾਬਾ ਰਾਮਦੇਵ ਵੱਲੋਂ ਭ੍ਰਿਸ਼ਟਾਚਾਰ ਖਿਲਾਫ਼ ਵਿੱਢੀ ਮੁਹਿੰਮ ਵਿਚ ਆਰ.ਐਸ.ਐਸ. ਤੇ ਸੰਘ ਪਰਿਵਾਰ ਦਾ ਹੱਥ ਹੈ।

# ਦਿਲ ਦਾ ਦੌਰਾ ਪੈਣ ਨਾਲ ਭਜਨ ਲਾਲ ਦਾ ਦੇਹਾਂਤ

**ਹਿਸਾਰ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਹਰਿਆਣਾ ਜਨਹਿਤ ਕਾਂਗਰਸ ਦੇ ਲੋਕ ਸਭਾ ਮੈਂਬਰ ਭਜਨ ਲਾਲ ਦਾ ਲੰਘੀ 3 ਜੂਨ ਨੂੰ ਦੇਹਾਂਤ ਹੋ ਗਿਆ ਹੈ। ਇਸ 81 ਸਾਲਾ ਆਗੂ ਨੂੰ ਦਿਲ ਦਾ ਜ਼ੋਰਦਾਰ ਦੌਰਾ ਪਿਆ। ਉਨ੍ਹਾਂ ਦਾ ਪਰਿਵਾਰ ਅਜੇ ਉਨ੍ਹਾਂ ਨੂੰ ਮੈਡੀਸਿਟੀ ਗੁੜਗਾਓਂ ਲਿਜਾਣ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਉਨ੍ਹਾਂ ਨੂੰ ਦੂਜਾ ਦੌਰਾ ਪਿਆ ਅਤੇ ਉਨ੍ਹਾਂ ਨੇ ਸੁਆਸ ਤਿਆਗ ਦਿੱਤੇ। ਹਿਸਾਰ ਤੋਂ ਲੋਕ ਸਭਾ ਮੈਂਬਰ ਭਜਨ ਲਾਲ ਦੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਜਸਮਾ ਦੇਵੀ, ਦੋ ਪੁੱਤਰ ਚੰਦਰ ਮੋਹਨ ਤੇ ਕੁਲਦੀਪ ਬਿਸ਼ਨੋਈ ਅਤੇ ਧੀ ਹਨ।

ਸ੍ਰੀ ਭਜਨ ਲਾਲ ਦੋ ਵਾਰ ਹਰਿਆਣਾ ਦੇ ਮੁੱਖ ਮੰਤਰੀ ਬਣੇ। ਹਰਿਆਣਾ ਦੀ ਅਗਵਾਈ ਕਰਨ ਵਾਲੇ ਉਹ ਪਹਿਲੇ ਗੈਰ-ਜਾਟ ਆਗੂ ਸਨ। ਪਹਿਲੀ ਵਾਰ ਉਹ 28 ਜੂਨ 1979 ‘ਚ ਮੁੱਖ ਮੰਤਰੀ ਬਣੇ ਅਤੇ 5 ਜੁਲਾਈ 1985 ਤੱਕ ਇਸ ਅਹੁਦੇ ਉਤੇ ਰਹੇ। ਪਹਿਲੀ ਵਾਰ ਜਦੋਂ ਉਹ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਲਈ ਤਿਆਰ ਮਰਹੂਮ ਚੌਧਰੀ ਦੇਵੀ ਲਾਲ ਦੇ ਅੱਧਿਓਂ ਵੱਧ ਵਿਧਾਇਕਾਂ ਦੀ ਦਲ ਬਦਲੀ ਕਰਵਾ ਕੇ ਮੁੱਖ ਮੰਤਰੀ ਵਜੋਂ ਖੁਦ ਸਹੁੰ ਚੁੱਕ ਲਈ। ਉਦੋਂ ਇਹ ਦੋਸ਼ ਵੀ ਲੱਗਿਆ ਸੀ ਕਿ ਉਨ੍ਹਾਂ ਨਾ ਸਿਰਫ ਵਿਧਾਇਕ ਹੀ ਖਰੀਦੇ ਸਗੋਂ ਮੌਕੇ ਦਾ ਰਾਜਪਾਲ ਵੀ ਖਰੀਦਿਆ। ਦੂਜੀ ਵਾਰ ਉਹ 23 ਜੁਲਾਈ 1991 ਤੋਂ 11 ਮਈ 1996 ਤੱਕ ਮੁੱਖ ਮੰਤਰੀ ਰਹੇ। ਮੁੱਖ ਮੰਤਰੀ ਵਜੋਂ ਉਨ੍ਹਾਂ ਦਾ ਪਹਿਲਾ ਕਾਰਜਕਾਲ ਬੇਹੱਦ ਵਿਵਾਦਪੂਰਨ ਰਿਹਾ ਅਤੇ ਉਨ੍ਹਾਂ ਦੀ ਕੋਝੀ ਸਿਆਸਤ ਦਾ ਸੇਕ ਪੰਜਾਬ ਨੂੰ ਵੀ ਸਹਿਣਾ ਪਿਆ। ਉਨ੍ਹਾਂ ਦੇ ਕਾਰਜਕਾਲ ਸਮੇਂ ਹੀ 1982 ਵਿਚ ਨਵੀਂ ਦਿੱਲੀ ਵਿਚ ਹੋਈਆਂ ਏਸ਼ੀਆਈ ਖੇਡਾਂ ਵੇਲੇ ਕੇਂਦਰ ਸਰਕਾਰ ਦੀ ਸ਼ਹਿ ‘ਤੇ ਸਿੱਖਾਂ ਨਾਲ ਰੱਜ ਕੇ ਦੁਰ-ਵਿਹਾਰ ਕੀਤਾ ਗਿਆ। ਬਾਅਦ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ ਅਤੇ ਹਰਿਆਣਾ ਵਿਚ ਸਿੱਖਾਂ ਦੇ ਕਤਲੇਆਮ ਵਿਚ ਉਨ੍ਹਾਂ ਦਾ ਇਕ ਖਾਸ ਰੋਲ ਰਿਹਾ। ਪੰਜਾਬ ਵਿਚ ਜਦੋਂ ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਦੀ ਖਹਿਬਾਜ਼ੀ ਜ਼ੋਰਾਂ ‘ਤੇ ਸੀ ਅਤੇ ਇਸ ਖਹਿਬਾਜ਼ੀ ਨਾਲ ਪੰਜਾਬ ਦੇ ਹਾਲਾਤ ਲਗਾਤਾਰ ਵਿਗੜ ਰਹੇ ਸਨ ਤਾਂ ਉਨ੍ਹਾਂ ਡਟ ਕੇ ਗਿਆਨੀ ਜ਼ੈਲ ਸਿੰਘ ਦਾ ਸਾਥ ਦਿੱਤਾ ਸੀ।



ਭਜਨ ਲਾਲ

2005 ਵਿਚ ਸੂਬੇ ਵਿਚ ਕਾਂਗਰਸ ਦੀ ਜਿੱਤ ਤੋਂ ਬਾਅਦ ਪਾਰਟੀ ਨੇ ਉਨ੍ਹਾਂ ਦੀ ਥਾਂ ਜਾਟ ਲੀਡਰ ਭੁਪਿੰਦਰ ਸਿੰਘ ਹੁੱਡਾ ਨੂੰ ਸੂਬੇ ਦੀ ਕਮਾਨ ਸੰਭਾਲ ਦਿੱਤੀ। ਇਸ ਪਿੱਛੋਂ ਉਨ੍ਹਾਂ ਦਾ ਪਾਰਟੀ ਨਾਲ ਖੜਕਾ-ਦੜਕਾ ਚੱਲਦਾ ਰਿਹਾ। ਅਖੀਰ 2007 ਨੂੰ ਉਨ੍ਹਾਂ ਹਰਿਆਣਾ ਜਨਹਿਤ ਕਾਂਗਰਸ ਬਣਾ ਲਈ। 2009 ਦੀਆਂ ਲੋਕ ਸਭਾ ਚੋਣਾਂ ਵਿਚ ਜਦੋਂ ਕਾਂਗਰਸ ਨੇ 9 ਸੀਟਾਂ ‘ਤੇ ਜਿੱਤ ਹਾਸਲ ਕੀਤੀ ਤਾਂ ਇਕੋ-ਇਕ ਹਾਰੀ ਸੀਟ ਉਹ ਸੀ ਜਿਥੋਂ ਭਜਨ ਲਾਲ ਉਮੀਦਵਾਰ ਸਨ। ਉਨ੍ਹਾਂ ਕਾਂਗਰਸ ਦੇ ਚੋਟੀ ਦੇ ਆਗੂ ਰਾਮ ਪ੍ਰਕਾਸ਼ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਆਗੂ ਸੰਪਤ ਸਿੰਘ ਨੂੰ ਹਰਾਇਆ ਸੀ। ਪਹਿਲਾਂ-ਪਹਿਲ ਉਹ ਆਪਣੇ ਪਿੰਡ ਆਦਮਪੁਰ ਦੇ ਪੰਚ ਅਤੇ ਫਿਰ ਸਰਪੰਚ ਬਣੇ ਸਨ।

## ਲਾਲੂ ਵੱਲੋਂ ਰਾਮਦੇਵ ਦੀ ਆਲੋਚਨਾ

ਨਵੀਂ ਦਿੱਲੀ: ਆਰ.ਜੇ.ਡੀ. ਦੇ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਨੇ ਆਖਿਆ ਹੈ ਕਿ ਯੋਗ ਗੁਰੂ ਬਾਬਾ ਰਾਮਦੇਵ ਨੂੰ ਆਰ.ਐਸ.ਐਸ. ਨੇ ਅੱਗੇ ਲਗਾਇਆ ਹੋਇਆ ਹੈ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਯਾਦਵ ਨੇ ਕਿਹਾ, “ਇਕ ਯੋਗੀ ਨੂੰ ਸਿਆਸਤ ’ਚ ਨਹੀਂ ਆਉਣਾ ਚਾਹੀਦਾ। ਜੇਕਰ ਉਹ ਆਉਣਾ ਚਾਹੁੰਦਾ ਹੈ ਤਾਂ ਪੂਰੀ ਤਰ੍ਹਾਂ ਮੈਦਾਨ ਵਿਚ ਉਤਰੇ।”

## ਬੀ.ਬੀ.ਸੀ. ਹਿੰਦੀ ਰੇਡੀਓ ਹੁਣ ਮੋਬਾਈਲ ਫੋਨਾਂ ‘ਤੇ ਵੱਜੇਗਾ

**ਵਾਸ਼ਿੰਗਟਨ:** ਹਿੰਦੀ ਭਾਸ਼ੀ ਅਮਰੀਕੀ ਭਾਰਤੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਮਕਸਦ ਤਹਿਤ ਬ੍ਰਿਟਿਸ਼ ਬਰਾਡਕਾਸਟਿੰਗ ਸਰਵਿਸ (ਬੀ.ਬੀ.ਸੀ.) ਨੇ ਅਮਰੀਕਾ ਵਿਚ ਆਪਣੀ ਹਿੰਦੀ ਰੇਡੀਓ ਸੇਵਾ ਦੇ ਅੰਸ਼ ਮੋਬਾਈਲ ਫੋਨਾਂ ‘ਤੇ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਬੀ.ਬੀ.ਸੀ. ਅਨੁਸਾਰ ਨਵੀਂ ਸੇਵਾ ਤਹਿਤ ਅਮਰੀਕਾ ਵਿਚ ਹਿੰਦੀ ਭਾਸ਼ੀ ਲੋਕ ਬੀ.ਬੀ.ਸੀ. ਦੇ ਹਿੰਦੀ ਪ੍ਰੋਗਰਾਮ ਦੋ ਤਰੀਕਿਆਂ ਨਾਲ ਸੁਣ ਸਕਣਗੇ।

ਇਸ ਦੇ ਇਕ ਫਰੀਕੈਂਸੀ ਨੰਬਰ ਡਾਇਲ ਕਰਨ ‘ਤੇ ਇਕ ਘੰਟੇ ਦਾ ਹਿੰਦੀ ਬੀ.ਬੀ.ਸੀ. ਪ੍ਰੋਗਰਾਮ ਸੁਣਿਆ ਜਾ ਸਕੇਗਾ, ਜਿਸ ਵਿਚ ਖ਼ਬਰਾਂ, ਵਿਸ਼ਸ਼ਲੇਸ਼, ਵੱਖ ਵੱਖ ਮੁੱਦਿਆਂ ‘ਤੇ ਸ਼ਖਸੀਅਤਾਂ ਨਾਲ ਮੁਲਾਕਾਤਾਂ, ਭੱਖਦੇ ਮਸਲਿਆਂ ‘ਤੇ ਚਰਚਾ, ਮਨੋਰੰਜਨ, ਖੇਡਾਂ ਆਦਿ ਸ਼ਾਮਲ ਹੋਣਗੇ। ਦੋ ਮਿੰਟ ਦੀਆਂ ਖ਼ਬਰਾਂ ਦਾ ਹਿੰਦੀ ਬੁਲੇਟਿਨ ਵੀ ਸੁਣਿਆ ਜਾ ਸਕੇਗਾ। ਇਸ ਦੀ ਦੂਜੀ ਫਰੀਕੈਂਸੀ ਉਪਰ ਡਾਇਲ ਕਰਨ ‘ਤੇ ਇਨ੍ਹਾਂ ਪ੍ਰੋਗਰਾਮਾਂ ਨੂੰ ਦੁਬਾਰਾ ਸੁਣ ਸਕਣਗੇ।

ਇਸ ਨੂੰ ਚੰਗੀ ਸ਼ੁਰੂਆਤ ਦੱਸਦਿਆਂ ਬੀ.ਬੀ.ਸੀ. ਹਿੰਦੀ ਦੇ ਮੁਖੀ ਅਮਿਤ ਬਰੂਆ ਨੇ ਕਿਹਾ ਕਿ ਇਸ ਨਾਲ ਅਮਰੀਕਾ ਵਿਚ ਰਹਿ ਰਹੇ ਹਿੰਦੀ ਭਾਸ਼ੀ ਸਰੋਤਿਆਂ ਨੂੰ ਲਾਭ ਮਿਲੇਗਾ। ਇਸ ਸਬੰਧ ਵਿਚ ਬੀ.ਬੀ.ਸੀ. ਨੇ ਉਤਰੀ ਅਮਰੀਕਾ ਵਿਚ ਮੋਬਾਈਲ ਫੋਨ ਰੇਡੀਓ ਵਿਕਰੇਤਾ ‘ਆਡੀਓਨਾਓਟੀਐਮ‘ ਨਾਲ ਸਮਝੌਤਾ ਕੀਤਾ ਹੈ। ਕੰਪਨੀ ਦੇ ਜਨਤਕ ਮਾਮਲਿਆਂ ਬਾਰੇ ਡਾਇਰੈਕਟਰ ਜੇਨ ਫਰੇਜ਼ਨ ਨੇ ਕਿਹਾ ਕਿ ਹੁਣ ਸਰੋਤੇ ਆਪਣੇ ਕਿਸੇ ਵੀ ਮੋਬਾਈਲ ‘ਤੇ ਆਪਣਾ ਪਸੰਦੀਦਾ ਪ੍ਰੋਗਰਾਮ ਸੁਣ ਸਕਣਗੇ। ਇਸ ਲਈ ਕਿਸੇ ਤਰ੍ਹਾਂ ਦੇ ਡਾਊਨਲੋਡ ਜਾਂ ਡੈਟਾ ਸੇਵਾਵਾਂ ਲੈਣ ਦੀ ਲੋੜ ਨਹੀਂ।




Amandeep Singh
Ph:916-712-2735
DRE#01357217

**Buy a Home With Zero Cash! No Money Down!**

For FREE list of properties and pre-recorded information on how “NO MONEY DOWN” Program Work. Govt. Loans, USDA, VA, Down Assistance Program and many more. Call Toll Free:1-888-450-6603 ID#5074



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233



**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

# ...ਤੇ ਹੁਣ ਅਫ਼ਜ਼ਲ ਦੀ ਵਾਰੀ?

## ਮਸਲਾ ਇਕੱਲੇ ਸਿੱਖਾਂ ਨਾਲ ਵਿਤਕਰੇ ਦਾ ਨਹੀਂ...



*ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਦੇ ਸਾਬਕਾ ਕਾਰਕੁਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਵੱਲੋਂ ਰੱਦ ਕਰਨ ਤੋਂ ਬਾਅਦ ਉਸ ਦੀ ਫਾਂਸੀ ਲਈ ਇਕ ਲਿਹਾਜ ਰਾਹ ਬਣਾ ਦਿੱਤਾ ਗਿਆ ਹੈ। ਇਹ ਗੱਲ ਵੱਖਰੀ ਹੈ ਕਿ ਉਸ ਦੀ ਫਾਂਸੀ ਤੁੜਵਾਉਣ ਲਈ ਵੱਖ-ਵੱਖ ਜਥੇਬੰਦੀਆਂ ਨੇ ਮੁਹਿੰਮ ਭਖਾਈ ਹੋਈ ਹੈ। ਪ੍ਰੋ. ਭੁੱਲਰ ਦੀ ਅਪੀਲ ਰੱਦ ਹੋਣ ਤੋਂ ਬਾਅਦ ਇਕ ਹੋਰ ਸ਼ਖ਼ਸ ਦੀ ਰਹਿਮ ਦੀ ਅਪੀਲ ਬਾਰੇ ਚਰਚਾ ਬਹੁਤ ਜ਼ੋਰ-ਸ਼ੋਰ ਨਾਲ ਚਲਾਈ ਗਈ ਹੈ। ਇਸ ਸ਼ਖ਼ਸ ਦਾ ਨਾਂ ਹੈ ਮੁਹੰਮਦ ਅਫ਼ਜ਼ਲ ਜਿਸ ਨੂੰ ਸੰਸਦ ਉਤੇ ਹਮਲੇ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਦਿੱਤੀ ਹੋਈ ਹੈ। ਮੁਹੰਮਦ ਅਫ਼ਜ਼ਲ ਉਹ ਸ਼ਖ਼ਸ ਹੈ ਜਿਸ ਨੂੰ ਆਪਣਾ ਕੇਸ ਲੜਨ ਲਈ ਵਕੀਲ ਤੱਕ ਨਹੀਂ ਸੀ ਮਿਲਿਆ, ਬਲਕਿ ਕੋਈ ਵੀ ਵਕੀਲ ਉਸ ਦਾ ਕੇਸ ਲੜਨ ਲਈ ਤਿਆਰ ਨਹੀਂ ਸੀ। ਸੰਸਾਰ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ ਵਿਚ ਉਸ ਨੂੰ ਸਜ਼ਾ ਦੇਣ ਤੋਂ ਪਹਿਲਾਂ ਹੀ ਸਜ਼ਾ ਦਿੱਤੀ ਜਾ ਚੁੱਕੀ ਸੀ। ਇੱਥੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਮੁਹੰਮਦ ਅਫ਼ਜ਼ਲ ਦੀ ਬੀਵੀ ਤਬੱਸੁਮ ਦੀ ਉਹ ਅਪੀਲ ਛਾਪ ਰਹੇ ਹਾਂ ਜੋ 'ਕਸ਼ਮੀਰ ਟਾਈਮਜ਼' (ਸ੍ਰੀਨਗਰ) ਦੇ 21 ਅਕਤੂਬਰ, 2004 ਵਾਲੇ ਅੰਕ ਵਿਚ ਛਪੀ ਸੀ।-ਸੰਪਾਦਕ*

## ਅਫ਼ਜ਼ਲ ਦੀ ਬੀਵੀ ਤਬੱਸੁਮ ਦੀ ਅਪੀਲ

ਮੈਂ ਮੁਹੰਮਦ ਅਫ਼ਜ਼ਲ ਦੀ ਬੀਵੀ ਤਬੱਸੁਮ ਹਾਂ, ਜਿਸ ਨੂੰ ਭਾਰਤੀ ਸੰਸਦ 'ਤੇ 13 ਦਸੰਬਰ 2001 ਨੂੰ ਹੋਏ ਹਮਲੇ ਵਾਲੇ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਅਫ਼ਜ਼ਲ ਨੂੰ ਸੈਸ਼ਨ ਕੋਰਟ ਦੇ ਜੱਜ ਐਸ.ਐਨ. ਢੀਂਗਰਾ ਨੇ ਫਾਂਸੀ ਦੀ ਸਜ਼ਾ ਦਿੱਤੀ ਹੈ ਅਤੇ ਦਿੱਲੀ ਦੀ ਹਾਈ ਕੋਰਟ ਨੇ ਵੀ ਇਹ ਸਜ਼ਾ ਬਰਕਰਾਰ ਰੱਖੀ ਹੈ। ਹੁਣ ਕੇਸ ਭਾਰਤ ਦੀ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ।

ਭਾਰਤ ਭਰ ਦੇ ਲੋਕਾਂ ਨੇ ਸੰਸਦ 'ਤੇ ਹਮਲੇ ਦੀ ਨੁਕਤਾਚੀਨ ਕੀਤੀ ਹੈ ਅਤੇ ਮੈਂ ਮੰਨਦੀ ਹਾਂ ਕਿ ਇਹ ਦਹਿਸ਼ਤਪਸੰਦ ਹਮਲਾ ਹੀ ਸੀ, ਅਤੇ ਇਸ ਦੀ ਨਿੰਦਾ ਹੋਣੀ ਹੀ ਚਾਹੀਦੀ ਹੈ। ਫਿਰ ਵੀ, ਇਹ ਗੱਲ ਤਾਂ ਬਣਦੀ ਹੈ ਕਿ ਜਿਨ੍ਹਾਂ ਲੋਕਾਂ 'ਤੇ ਅਜਿਹੇ ਗੰਭੀਰ ਦੋਸ਼ ਲੱਗੇ ਹਨ, ਉਨ੍ਹਾਂ ਨੂੰ ਨਿਰਪੱਖ ਸੁਣਵਾਈ ਦਾ ਮੌਕਾ ਮਿਲੇ ਅਤੇ ਉਨ੍ਹਾਂ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਉਨ੍ਹਾਂ ਦੀ ਗੱਲ ਵੀ ਪੂਰੀ ਤਰ੍ਹਾਂ ਸੁਣੀ ਜਾਵੇ, ਪਰ ਕਿਸੇ ਨੇ ਵੀ ਮੇਰੇ ਖਾਵੰਦ ਮੁਹੰਮਦ ਅਫ਼ਜ਼ਲ ਦੀ ਗੱਲ ਨਹੀਂ ਸੁਣੀ ਅਤੇ ਅਦਾਲਤ ਵਿਚ ਉਸ ਦੀ ਗੱਲ ਪਹੁੰਚਾਉਣ ਵਾਲਾ ਨੁਮਾਇੰਦਾ ਵੀ ਉਸ ਨੂੰ ਸਹੀ ਰੂਪ ਵਿਚ ਨਹੀਂ ਮਿਲਿਆ ਹੈ।

ਮੇਰੀ ਅਪੀਲ ਹੈ ਕਿ ਸਾਡੀ ਗੱਲ ਸੁਣੀ ਜਾਵੇ ਅਤੇ ਫਿਰ ਤੁਸੀਂ ਆਪ ਫੈਸਲਾ ਕਰੋ ਕਿ ਇਨਸਾਫ਼ ਹੋਇਆ ਹੈ। ਅਫ਼ਜ਼ਲ ਅਤੇ ਮੇਰੀ ਕਹਾਣੀ ਕਸ਼ਮੀਰ ਦੇ ਬਹੁਤੇ ਨੌਜਵਾਨ ਜੋੜਿਆਂ ਦੀ ਹੀ ਕਹਾਣੀ ਹੈ। ਸਾਡੀ ਕਹਾਣੀ ਉਸ ਦੁਖਾਂਤ ਨੂੰ ਬਿਆਨ ਕਰਦੀ ਹੈ ਜੋ ਸਾਡੇ ਲੋਕ ਇਸ ਵੇਲੇ ਝੱਲ ਰਹੇ ਹਨ।

ਹੋਰ ਹਜ਼ਾਰਾਂ ਨੌਜਵਾਨਾਂ ਵਾਂਗ ਅਫ਼ਜ਼ਲ ਵੀ 1990 ਵਿਚ ਜੇ.ਕੇ.ਐਲ.ਐਫ. ਵੱਲੋਂ ਛੇੜੇ ਅੰਦੋਲਨ ਵੱਲ ਖਿੱਚਿਆ ਗਿਆ। ਉਹ ਸਿਖਲਾਈ ਲਈ ਪਾਕਿਸਤਾਨ ਗਿਆ। ਉਥੇ ਕੁਝ ਵਕਤ ਰਿਹਾ। ਫਿਰ ਵੱਖ-ਵੱਖ ਧੜਿਆਂ ਦੇ ਮਤਭੇਦਾਂ ਕਾਰਨ ਉਸ ਦਾ ਮੋਹ-ਭੰਗ ਹੋ ਗਿਆ। ਉਹ ਪਾਕਿਸਤਾਨ ਪੱਖੀ ਧੜਿਆਂ ਦੀ ਹਮਾਇਤ ਨਹੀਂ ਕਰਦਾ। ਉਹ ਉਥੇ ਤਿੰਨ ਮਹੀਨੇ ਰਿਹਾ ਅਤੇ ਕੋਈ ਸਿਖਲਾਈ ਨਹੀਂ ਲਈ। ਫਿਰ ਉਹ ਕਸ਼ਮੀਰ ਪਰਤ ਆਇਆ ਅਤੇ ਪੜ੍ਹਾਈ ਖਾਤਰ ਦਿੱਲੀ ਚਲਾ ਗਿਆ। ਉਹ ਪੜ੍ਹਨਾ ਚਾਹੁੰਦਾ ਸੀ, ਤੇ ਪੜ੍ਹਾਈ ਲਈ ਉਸ ਦਾ ਸਦਾ ਰੁਚੀ ਰਹੀ। ਲਹਿਰ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਹ ਐਮ.ਬੀ.ਬੀ.ਐਸ. ਕਰ ਰਿਹਾ ਸੀ।

ਮੇਰਾ ਖਾਵੰਦ ਹੁਣ ਫਿਰ ਆਮ ਬੰਦੇ ਵਾਂਗ ਜੀਣਾ ਚਾਹੁੰਦਾ ਸੀ। ਇਸੇ ਕਰਕੇ ਉਸ ਨੇ ਬੀ.ਐਸ.ਐਫ. ਅੱਗੇ ਸਮਰਪਣ ਕੀਤਾ। ਬੀ.ਐਸ.ਐਫ. ਦੇ ਕਮਾਂਡੈਂਟ ਨੇ ਉਸ ਨੂੰ ਦੋ ਹੋਰਾਂ ਨੂੰ ਸਮਰਪਣ ਲਈ ਪ੍ਰੇਰਨ ਤੱਕ ਸਰਟੀਫਿਕੇਟ ਦੇਣ ਤੋਂ ਇਨਕਾਰ ਕਰ ਦਿੱਤਾ। ਅਫ਼ਜ਼ਲ ਦੇ ਪ੍ਰੇਰੇ ਦੋ ਦਹਿਸ਼ਤਪਸੰਦਾਂ ਨੇ ਸਮਰਪਣ ਕਰ ਦਿੱਤਾ ਅਤੇ ਉਸ ਨੂੰ ਸਰਟੀਫਿਕੇਟ ਦੇ ਦਿੱਤਾ ਗਿਆ ਕਿ ਉਹ ਸਮਰਪਣ ਕਰ ਚੁੱਕਾ ਖਾੜਕੂ ਹੈ। ਤੁਹਾਨੂੰ ਸ਼ਾਇਦ ਇਲਮ ਨਹੀਂ ਕਿ ਕਸ਼ਮੀਰ ਵਿਚ ਸਮਰਪਣ ਕਰ ਚੁੱਕੇ ਖਾੜਕੂ ਦਾ ਜੀਣਾ ਕਿੰਨਾ ਮੁਸ਼ਕਲ ਹੈ, ਪਰ ਉਸ ਨੇ ਆਪਣੇ ਟੱਬਰ ਸਮੇਤ ਕਸ਼ਮੀਰ 'ਚ ਹੀ ਰਹਿਣ ਦਾ ਫੈਸਲਾ ਕੀਤਾ। 1997 ਵਿਚ ਉਸ ਨੇ ਕਸ਼ਮੀਰ ਵਿਚ ਹੀ ਦਵਾਈਆਂ ਅਤੇ ਸਰਜਰੀ ਦੇ ਸਾਜ਼ੋ-ਸਾਮਾਨ ਵਾਲਾ ਨਿੱਕਾ ਜਿਹਾ ਕਾਰੋਬਾਰ ਸ਼ੁਰੂ ਕੀਤਾ। ਅਗਲੇ ਸਾਲ ਸਾਡਾ ਨਿਕਾਹ ਹੋ ਗਿਆ। ਉਦੋਂ ਉਹ 28 ਅਤੇ ਮੈਂ 18 ਸਾਲ ਦੀ ਸਾਂ।

ਇਸ ਤੋਂ ਬਾਅਦ ਉਹ ਜਿੰਨਾ ਚਿਰ ਕਸ਼ਮੀਰ ਵਿਚ ਰਿਹਾ, ਭਾਰਤੀ ਸੁਰੱਖਿਆ ਬਲ ਲਗਾਤਾਰ ਉਸ ਨੂੰ ਤੰਗ-ਪ੍ਰੇਸ਼ਾਨ ਕਰਦੇ ਰਹੇ। ਉਸ ਨੂੰ ਮਸ਼ਕੂਕ ਦਹਿਸ਼ਤਪਸੰਦਾਂ ਦੀ ਜਸੂਸੀ ਕਰਨ ਲਈ ਕਿਹਾ ਗਿਆ। 22 ਰਾਸ਼ਟਰੀ ਰਾਈਫਲਜ਼ ਦੇ ਮੇਜਰ ਰਾਮ ਮੋਹਨ ਰਾਏ ਨੇ ਉਸ 'ਤੇ ਤਸ਼ੱਦਦ ਢਾਹਿਆ ਅਤੇ ਉਸ ਦੇ ਗੁਪਤ ਅੰਗਾਂ 'ਤੇ ਬਿਜਲੀ ਦੇ ਕਰੰਟ ਲਾਏ। ਉਸ ਨੂੰ ਜ਼ਲੀਲ ਕੀਤਾ ਗਿਆ, ਉਸ ਨਾਲ ਬਦਸਲੂਕੀ ਕੀਤੀ ਗਈ ਅਤੇ ਮਾਨਸਿਕ ਤੌਰ 'ਤੇ ਉਸ ਨੂੰ ਬੁਰੀ ਤਰ੍ਹਾਂ ਭੰਨਿਆ ਗਿਆ। ਭਾਰਤੀ ਸੁਰੱਖਿਆ ਬਲ ਅਫ਼ਜ਼ਲ ਨੂੰ ਅਕਸਰ ਆਪਣੇ ਕੈਂਪਾਂ ਵਿਚ ਲੈ ਜਾਂਦੇ ਸਨ ਅਤੇ ਉਥੇ ਉਸ 'ਤੇ ਤਸ਼ੱਦਦ ਕੀਤਾ ਜਾਂਦਾ ਸੀ। ਉਹ ਉਸ ਕੋਲੋਂ ਕੁਝ ਨਾ ਕੁਝ ਬਕਾਉਣਾ ਚਾਹੁੰਦੇ ਸਨ। ਇਕ ਰਾਤ ਭਾਰਤੀ ਸੁਰੱਖਿਆ ਮੁਲਾਜ਼ਮ ਸਾਡੇ ਘਰ ਆਏ ਅਤੇ ਸਾਨੂੰ ਸਾਰਿਆਂ ਨਾਲ ਦੁਰ-ਵਿਹਾਰ ਕੀਤਾ ਅਤੇ ਫਿਰ ਅਫ਼ਜ਼ਲ ਨੂੰ ਆਪਣੇ ਕੈਂਪ ਵਿਚ ਲੈ ਗਏ। ਇਸ ਤੋਂ ਬਾਅਦ, ਇਕ ਵਾਰ ਉਸ ਨੂੰ ਐਸ.ਟੀ.ਐਫ. (ਸਟੇਟ ਟਾਸਕ ਫੋਰਸ) ਦੇ ਪਲਹਾਲਨ ਪਟਣ ਕੈਂਪ ਲਿਜਾਇਆ ਗਿਆ।

ਕੁਝ ਦਿਨਾਂ ਬਾਅਦ ਉਸ ਨੂੰ ਐਸ.ਟੀ.ਐਫ. ਦੇ ਹੁਮਹਮਾ ਕੈਂਪ ਲਿਜਾਇਆ ਗਿਆ। ਉਸ ਕੈਂਪ ਵਿਚ ਡੀ.ਐਸ.ਪੀ. ਵਿਨੈ ਗੁਪਤਾ ਅਤੇ ਡੀ.ਐਸ.ਪੀ. ਦਵਿੰਦਰ ਸਿੰਘ ਨੇ ਇਕ ਲੱਖ ਰੁਪਏ ਮੰਗੇ। ਸਾਡੇ ਟੱਬਰ ਕੋਲ ਪੈਸਾ-ਧੇਲਾ ਕਿੱਥੇ ਸੀ ਅਤੇ ਅਫ਼ਜ਼ਲ ਨੂੰ ਤਸ਼ੱਦਦ ਤੋਂ ਬਚਾਉਣ ਲਈ ਸਾਨੂੰ, ਮੇਰੇ ਨਿਕਾਹ ਵੇਲੇ ਪਾਏ ਸੋਨੇ ਸਮੇਤ ਸਾਰਾ ਕੁਝ ਵੇਚਣਾ ਪਿਆ।

ਅਫ਼ਜ਼ਲ ਨੂੰ ਠੰਢੇ ਪਾਣੀ ਵਿਚ ਡੋਬਿਆ ਗਿਆ ਅਤੇ ਉਸ ਦੀ ਗੁਦਾ ਵਿਚ ਪੈਟਰੋਲ ਪਾਇਆ ਗਿਆ। ਇਕ ਅਫ਼ਸਰ ਸ਼ਾਂਤੀ ਸਿੰਘ ਨੇ ਉਸ ਨੂੰ ਨੰਗਾ ਕਰਕੇ ਠੰਢ ਵਿਚ ਕਈ ਘੰਟੇ ਪੁੱਠਾ ਲਟਕਾਈ ਰੱਖਿਆ। ਉਸ ਦੇ ਲਿੰਗ 'ਤੇ ਬਿਜਲੀ ਦਾ ਕਰੰਟ ਲਾਇਆ ਗਿਆ। ਕਈ ਮਹੀਨੇ ਅਸੀਂ ਉਸ ਦਾ ਇਲਾਜ ਕਰਵਾਉਂਦੇ ਰਹੇ।

*ਪੁਲਿਸ ਵਾਲਿਆਂ ਉਸ ਨੂੰ ਜ਼ਲੀਲ ਕੀਤਾ, ਕੁੱਟਿਆ ਮਾਰਿਆ, ਤਸ਼ੱਦਦ ਢਾਹਿਆ, ਤੇ ਇਥੋਂ ਤੱਕ ਕਿ ਉਸ ਦੇ ਮੂੰਹ ਵਿਚ ਮੂਤਿਆ। ਇਹ ਗੱਲਾਂ ਰਿਕਾਰਡ ਵਿਚ ਲਿਆਉਣ ਲਈ ਮੈਨੂੰ ਬਹੁਤ ਹੌਸਲਾ ਜੁਟਾਉਣਾ ਪਿਆ ਹੈ। ਕੀ ਤੁਸੀਂ ਮੇਰੇ ਖਾਵੰਦ ਨਾਲ ਹੋਈ ਬੇਇਨਸਾਫ਼ੀ ਬਾਰੇ ਬੋਲੋਗੇ? ਕੀ ਤੁਸੀਂ ਮੇਰੇ ਵੱਲੋਂ ਕੁਝ ਕਹੋਗੇ? ਮੈਂ ਆਪਣੇ ਖਾਵੰਦ ਦੀ ਜ਼ਿੰਦਗੀ, ਆਪਣੇ ਬੱਚੇ ਦੇ ਅੱਬਾ ਦੀ ਸਲਾਮਤੀ ਲਈ ਲੜ ਰਹੀ ਹਾਂ; ਪਰ ਮੈਂ ਕਸ਼ਮੀਰੀ ਔਰਤ ਵਜੋਂ ਵੀ ਬੋਲ ਰਹੀ ਹਾਂ ਜਿਸ ਦਾ ਭਾਰਤੀ ਜਮਹੂਰੀਅਤ ਅਤੇ ਕਸ਼ਮੀਰੀ ਮੁਸਲਮਾਨਾਂ ਨਾਲ ਇਨਸਾਫ਼ ਕਰਨ ਦੀ ਇਸ ਦੀ ਕਾਬਲੀਅਤ ਤੋਂ ਵਿਸ਼ਵਾਸ ਡੋਲ ਰਿਹਾ ਹੈ।*



ਮੁਹੰਮਦ ਅਫ਼ਜ਼ਲ ਦੀ ਬੀਵੀ ਤਬੱਸੁਮ ਆਪਣੇ ਫ਼ਰਜ਼ੰਦ ਨਾਲ

ਤੁਸੀਂ ਸੋਚਦੇ ਹੋਵੋਗੇ ਕਿ ਅਫ਼ਜ਼ਲ ਜ਼ਰੂਰ ਹੀ ਦਹਿਸ਼ਤਪਸੰਦ ਕਾਰਵਾਈਆਂ ਵਿਚ ਸ਼ਾਮਲ ਹੋਵੇਗਾ ਅਤੇ ਸੁਰੱਖਿਆ ਬਲ ਉਸ ਕੋਲੋਂ ਕੋਈ ਸੂਚਨਾ ਹਾਸਲ ਕਰਨੀ ਚਾਹੁੰਦੇ ਸਨ, ਪਰ ਤੁਹਾਨੂੰ ਕਸ਼ਮੀਰ ਦੇ ਹਾਲਾਤ 'ਤੇ ਕਈ ਵਾਰ ਨਿਗ੍ਹਾ ਜ਼ਰੂਰ ਮਾਰਨੀ ਚਾਹੀਦੀ ਹੈ। ਲਹਿਰ ਵਿਚ ਭਾਵੇਂ ਕੋਈ ਸ਼ਾਮਲ ਹੈ ਜਾਂ ਨਹੀਂ ਹੈ; ਹਰ ਬੰਦੇ, ਤ੍ਰੀਮਤ ਅਤੇ ਬੱਚੇ ਨੂੰ ਮੁਖ਼ਬਰ ਬਣਾ ਕੇ, ਭਰਾ ਨੂੰ ਭਰਾ ਦਾ, ਬੀਵੀ ਨੂੰ ਖਾਵੰਦ ਦਾ ਅਤੇ ਬੱਚਿਆਂ ਨੂੰ ਮਾਪਿਆਂ ਦਾ ਵੈਰੀ ਬਣਾ ਦਿੱਤਾ ਗਿਆ ਹੈ। ਅਫ਼ਜ਼ਲ ਤਾਂ ਆਪਣੇ ਟੱਬਰ ਨਾਲ ਆਰਾਮ ਨਾਲ ਰਹਿਣਾ ਚਾਹੁੰਦਾ ਸੀ ਪਰ ਐਸ.ਟੀ.ਐਫ. ਨੇ ਉਸ ਨੂੰ ਸਦਾ ਵਖ਼ਤਾਂ ਵਿਚ ਪਾਈ ਰੱਖਿਆ।

ਤੁਹਾਨੂੰ ਪਤਾ ਹੀ ਹੋਣਾ ਹੈ ਕਿ ਕਸ਼ਮੀਰ ਵਿਚ ਲੋਕਾਂ ਤੋਂ ਪੈਸੇ ਬਟੋਰਨ ਲਈ ਐਸ.ਟੀ.ਐਫ. ਕਿੰਨੀ ਬਦਨਾਮ ਹੈ। ਇਸੇ ਕਰਕੇ ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਨੇ ਚੋਣਾਂ ਵੇਲੇ ਆਪਣੀ ਜਥੇਬੰਦੀ ਦੇ ਮੈਨੀਫੈਸਟੋ ਵਿਚ ਇਸ ਸਾਰੀ ਫੋਰਸ ਨੂੰ ਭੰਗ ਕਰਨ ਦਾ ਵਾਅਦਾ ਕੀਤਾ ਸੀ। ਇਹ ਫੋਰਸ ਲੋਕਾਂ ਨੂੰ ਹਿਰਾਸਤ ਵਿਚ ਮਾਰ ਦੇਣ ਅਤੇ ਤਸ਼ੱਦਦ ਢਾਹੁਣ ਸਮੇਤ ਮਾਨਵੀ ਹਕੂਕ ਦੀ ਉਲੰਘਣਾ ਲਈ ਬਹੁਤ ਬਦਨਾਮ ਹੈ।

ਇਹੀ ਉਹ ਹਾਲਾਤ ਸਨ ਜਿਨ੍ਹਾਂ ਕਾਰਨ ਅਫ਼ਜ਼ਲ ਨੂੰ ਆਪਣਾ ਘਰ ਅਤੇ ਟੱਬਰ ਛੱਡਣਾ ਪਿਆ ਅਤੇ ਉਹ ਦਿੱਲੀ ਚਲਾ ਗਿਆ। ਉਥੇ ਵਿੱਢ ਨੂੰ ਝੁਲਕਾ ਦੇਣ ਲਈ ਉਸ ਨੂੰ ਜੱਦੋ-ਜਹਿਦ ਕਰਨੀ ਪਈ। ਇਸ ਤੋਂ ਬਾਅਦ ਉਸ ਨੇ ਮੈਨੂੰ ਅਤੇ ਸਾਡੇ ਚਹੁੰ ਵਰ੍ਹਿਆਂ ਦੇ ਪੁੱਤਰ ਗਾਲਿਬ ਨੂੰ ਦਿੱਲੀ ਮੰਗਵਾਉਣ ਦਾ ਫੈਸਲਾ ਕੀਤਾ। ਕਿਸੇ ਵੀ ਹੋਰ ਪਰਿਵਾਰ ਵਾਂਗ ਅਸੀਂ ਵੀ ਅਮਨ-ਅਮਾਨ ਨਾਲ ਇਕੱਠੇ ਰਹਿਣ ਤੇ ਬੱਚਿਆਂ ਨੂੰ ਪਾਲਣ, ਉਨ੍ਹਾਂ ਚੰਗੀ ਵਿੱਦਿਆ ਦਿਵਾਉਣ ਅਤੇ ਉਨ੍ਹਾਂ ਨੂੰ ਚੰਗੇ ਮਨੁੱਖਾਂ ਵਜੋਂ ਵਧਦੇ-ਫੁੱਲਦੇ ਦੇਖਣ ਦੇ ਸੁਫ਼ਨੇ ਲਏ ਸਨ। ਇਹ ਸੁਫ਼ਨਾ ਉਸ ਵੇਲੇ ਫੀਤਾ-ਫੀਤਾ ਹੋ ਗਿਆ, ਜਦੋਂ ਇਕ ਵਾਰ ਫਿਰ ਐਸ.ਟੀ.ਐਫ. ਨੇ ਮੇਰੇ ਖਾਵੰਦ ਨੂੰ ਦਿੱਲੀ ਵਿਚ ਜਾ ਫੜਿਆ।

ਐਸ.ਟੀ.ਐਫ. ਨੇ ਮੇਰੇ ਖਾਵੰਦ ਨੂੰ ਕਿਸੇ ਮੁਹੰਮਦ ਨੂੰ ਕਸ਼ਮੀਰ ਤੋਂ ਦਿੱਲੀ ਲਿਆਉਣ ਲਈ ਕਿਹਾ। ਐਸ.ਟੀ.ਐਫ. ਕੈਂਪ ਵਿਚ ਹੀ ਉਹ (ਅਫ਼ਜ਼ਲ) ਮੁਹੰਮਦ ਅਤੇ ਇਕ ਹੋਰ ਬੰਦੇ ਤਾਰਿਕ ਨੂੰ ਮਿਲਿਆ। ਉਸ ਨੂੰ ਇਨ੍ਹਾਂ ਬੰਦਿਆਂ ਬਾਰੇ ਕੋਈ ਵੀ ਇਲਮ ਨਹੀਂ ਸੀ ਅਤੇ ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਇਹ ਕੰਮ ਉਸ ਕੋਲੋਂ ਕਿਉਂ ਕਰਵਾਇਆ ਜਾ ਰਿਹਾ ਹੈ। ਉਸ ਨੇ ਇਹ ਸਾਰੀਆਂ ਗੱਲਾਂ ਅਦਾਲਤ ਵਿਚ ਦੱਸੀਆਂ, ਪਰ ਮੁਹੰਮਦ ਨੂੰ ਲਿਜਾਣ ਵਾਲਾ ਬਿਆਨ ਅਦਾਲਤ ਨੇ ਆਪਣੇ ਹੀ ਢੰਗ ਨਾਲ ਅੱਧਾ ਕੁ ਹੀ ਮੰਨਿਆ। ਇਹ ਗੱਲ ਉੱਕਾ ਹੀ ਗੌਲੀ ਨਾ ਗਈ ਕਿ ਉਸ ਕੋਲੋਂ ਇਹ ਕੰਮ ਐਸ.ਟੀ.ਐਫ. ਨੇ ਕਰਵਾਇਆ ਸੀ। ਹੇਠਲੀ ਅਦਾਲਤ ਵਿਚ ਅਫ਼ਜ਼ਲ ਦਾ ਪੱਖ ਰੱਖਣ ਵਾਲਾ ਕੋਈ ਨਹੀਂ ਸੀ। ਅਦਾਲਤ ਨੇ ਇਕ ਵਕੀਲ ਨਾਮਜ਼ਦ ਕਰ ਦਿੱਤਾ, ਪਰ ਇਸ ਵਕੀਲ ਨੇ ਨਾ ਕਦੀ ਅਫ਼ਜ਼ਲ ਨਾਲ ਕੋਈ ਸਲਾਹ ਕੀਤੀ ਅਤੇ ਨਾ ਕੋਈ ਗੱਲ ਦੱਸੀ-ਪੁੱਛੀ, ਅਤੇ ਨਾ ਹੀ ਸਰਕਾਰੀ ਗਵਾਹਾਂ ਤੋਂ ਕੋਈ ਸਵਾਲ ਪੁੱਛਿਆ। ਉਹ ਵਕੀਲ ਫਿਰਕੂ ਜ਼ਹਿਰ ਦਾ ਡੰਗਿਆ ਹੋਇਆ ਸੀ ਅਤੇ ਉਸ ਨੇ ਮੇਰੇ ਖਾਵੰਦ ਲਈ ਪੈਰ-ਪੈਰ 'ਤੇ ਨਫ਼ਰਤ ਜ਼ਾਹਿਰ ਕੀਤੀ। ਜਦੋਂ ਮੇਰੇ ਖਾਵੰਦ ਨੇ ਜੱਜ ਢੀਂਗਰਾ ਨੂੰ ਕਿਹਾ ਕਿ ਉਸ ਨੂੰ ਇਹ ਵਕੀਲ ਨਹੀਂ ਚਾਹੀਦਾ ਤਾਂ ਜੱਜ ਨੇ ਉਸ ਦੀ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ। ਦਰਅਸਲ, ਅਦਾਲਤ ਵਿਚ ਮੇਰੇ ਖਾਵੰਦ ਦਾ ਪੱਖ ਉੱਕਾ ਹੀ ਰੱਖਿਆ ਨਹੀਂ ਗਿਆ। ਜਦੋਂ ਕਦੀ ਵੀ ਮੇਰੇ ਖਾਵੰਦ ਨੇ ਕੁਝ ਕਹਿਣਾ ਚਾਹਿਆ, ਜੱਜ ਨੇ ਅਣਸੁਣਿਆ ਕਰ ਦਿੱਤਾ। ਜੱਜ ਨੇ ਆਪਣਾ ਫਿਰਕੂ ਤੁਅੱਸਬ ਅਦਾਲਤ ਵਿਚ ਸ਼ਰ੍ਹੇਆਮ ਜ਼ਾਹਿਰ ਕੀਤਾ।

ਮਾਨਵੀ ਹਕੂਕ (ਅਧਿਕਾਰਾਂ) ਵਾਲੇ ਇਕ ਵਕੀਲ ਨੇ ਹਾਈ ਕੋਰਟ ਵਿਚ ਅਫ਼ਜ਼ਲ ਦਾ ਪੱਖ ਰੱਖਣ ਦੀ ਪੇਸ਼ਕਸ਼ ਕੀਤੀ ਅਤੇ ਮੇਰੇ ਖਾਵੰਦ ਨੇ ਇਹ ਪੇਸ਼ਕਸ਼ ਸਵੀਕਾਰ ਕਰ ਲਈ, ਪਰ ਅਫ਼ਜ਼ਲ ਦਾ ਪੱਖ ਸਾਹਮਣੇ ਲਿਆਉਣ ਦੀ ਥਾਂ ਉਸ ਵਕੀਲ ਨੇ ਅਦਾਲਤ ਵਿਚ ਇਹ ਕਿਹਾ ਕਿ ਅਫ਼ਜ਼ਲ ਦਾ ਕਹਿਣਾ ਹੈ ਕਿ ਉਸ ਨੂੰ ਫ਼ਾਂਸੀ 'ਤੇ ਨਾ ਲਟਕਾਇਆ ਜਾਵੇ, ਸਗੋਂ ਉਸ ਨੂੰ ਜ਼ਹਿਰੀਲਾ ਟੀਕਾ ਲਾ ਕੇ ਮਾਰਿਆ ਜਾਵੇ। ਮੇਰੇ ਖਾਵੰਦ ਨੇ ਅਜਿਹਾ ਕਦੀ ਵੀ ਨਹੀਂ ਕਿਹਾ। ਉਸ ਦਾ ਤਾਂ ਇਹ ਕਹਿਣਾ ਸੀ ਕਿ ਐਸ.ਟੀ.ਐਫ. ਨੇ ਉਸ ਨੂੰ ਆਪਣੇ ਜਾਲ ਵਿਚ ਫਸਾਇਆ। ਵਕੀਲ ਦੀਆਂ ਇਨ੍ਹਾਂ ਗੱਲਾਂ 'ਤੇ ਅਫ਼ਜ਼ਲ ਹੱਕਾ-ਬੱਕਾ ਰਹਿ ਗਿਆ ਅਤੇ ਇਸ ਵਕੀਲ ਤੋਂ ਖਹਿੜਾ ਛੁਡਾਉਣ ਤੋਂ ਸਿਵਾ ਉਸ ਕੋਲ ਹੋਰ ਕੋਈ ਚਾਰਾ ਨਹੀਂ ਸੀ। ਉਸ ਵੇਲੇ ਉਹ ਸਖ਼ਤ ਸੁਰੱਖਿਆ ਵਾਲੀ ਜੇਲ੍ਹ ਵਿਚ ਸੀ।

ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਅਫ਼ਜ਼ਲ ਨੂੰ ਪਤਾ ਲੱਗਾ ਕਿ ਵਕੀਲ ਨੇ ਅਦਾਲਤ ਵਿਚ ਉਸ ਦਾ ਪੱਖ ਕਿਸ ਢੰਗ ਨਾਲ ਰੱਖਿਆ ਹੈ। ਸੁਪਰੀਮ ਕੋਰਟ ਵਿਚ ਅਪੀਲ ਕਰਨ ਵੇਲੇ ਉਸ ਨੇ ਇਹ ਵਕੀਲ ਲੈਣ ਤੋਂ ਨਾਂਹ ਕਰ ਦਿੱਤੀ। ਅਫ਼ਜ਼ਲ ਲਈ ਵਕੀਲ ਕਰਨਾ ਮੇਰੇ ਵੱਸ ਵਿਚ ਨਹੀਂ ਸੀ। ਮੈਂ ਦਿੱਲੀ ਵਿਚ ਕਿਸੇ ਨੂੰ ਵੀ ਨਹੀਂ ਸੀ ਜਾਣਦੀ। ਆਖਰਕਾਰ ਅਫ਼ਜ਼ਲ ਨੇ ਗਿਲਾਨੀ ਲਈ ਬਣਾਈ ਡਿਫੈਂਸ ਕਮੇਟੀ (ਆਲ ਇੰਡੀਆ ਡਿਫੈਂਸ ਕਮੇਟੀ ਫਾਰ ਐਸ.ਏ.ਆਰ. ਗਿਲਾਨੀ) ਨੂੰ ਲਿਖਿਆ ਅਤੇ ਡਿਫੈਂਸ ਕਮੇਟੀ ਨੇ ਅਫ਼ਜ਼ਲ ਲਈ ਸੀਨੀਅਰ ਵਕੀਲ ਸੁਸ਼ੀਲ ਕੁਮਾਰ ਕਰਕੇ ਦਿੱਤਾ, ਪਰ ਵਕੀਲ ਨੇ ਤਾਂ ਹਾਈ ਕੋਰਟ ਦੇ ਫੈਸਲੇ ਦੇ ਆਧਾਰ 'ਤੇ ਹੀ ਕਾਰਵਾਈ ਕਰਨੀ ਹੈ। ਇਸ ਲਈ ਮੈਨੂੰ ਹੁਣ ਕੋਈ ਖ਼ਬਰ ਨਹੀਂ ਕਿ ਸਾਡੇ ਨਾਲ ਕੀ ਹੋਣ ਵਾਲਾ ਹੈ।

ਮੇਰੀ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਅਪੀਲ ਹੈ ਕਿ ਮੇਰੇ ਖਾਵੰਦ ਨੂੰ ਮੌਤ ਦੀ ਸਜ਼ਾ ਨਾ ਹੋਵੇ ਅਤੇ ਕੇਸ ਦੀ ਜਾਇਜ਼ ਸੁਣਵਾਈ ਹੋਵੇ। ਮੈਨੂੰ ਭਰੋਸਾ ਹੈ ਕਿ ਤੁਹਾਡੀ ਜ਼ਮੀਰ ਅਜਿਹੇ ਬੰਦੇ ਨੂੰ ਮੌਤ ਦਿਵਾਉਣ ਲਈ ਧਿਰ ਨਹੀਂ ਬਣੇਗੀ ਜਿਸ ਦਾ ਪੱਖ ਅਦਾਲਤ ਵਿਚ ਸੁਣਿਆ ਹੀ ਨਾ ਗਿਆ ਹੋਵੇ, ਜਿਸ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਵੀ ਨਾ ਦਿੱਤਾ ਗਿਆ ਹੋਵੇ। ਜਦੋਂ ਅਜੇ ਸੁਣਵਾਈ ਵੀ ਸ਼ੁਰੂ ਨਹੀਂ ਸੀ ਹੋਈ, ਪੁਲਿਸ ਨੇ ਤਾਂ ਮੀਡੀਆ ਸਾਹਮਣੇ ਉਸ ਕੋਲੋਂ ਝੂਠਾ ਬਿਆਨ ਦਿਵਾ ਲਿਆ ਸੀ। ਉਨ੍ਹਾਂ (ਪੁਲਿਸ ਵਾਲਿਆਂ) ਉਸ ਨੂੰ ਜ਼ਲੀਲ ਕੀਤਾ, ਕੁੱਟਿਆ ਮਾਰਿਆ, ਤਸ਼ੱਦਦ ਢਾਹਿਆ, ਤੇ ਇਥੋਂ ਤੱਕ ਕਿ ਉਸ ਦੇ ਮੂੰਹ ਵਿਚ ਮੂਤਿਆ। ਲੋਕਾਂ ਸਾਹਮਣੇ ਅਜਿਹੀਆਂ ਗੱਲਾਂ ਲਿਆਉਣ 'ਤੇ ਮੈਨੂੰ ਆਪ ਸ਼ਰਮ ਆ ਰਹੀ ਹੈ, ਪਰ ਹਾਲਾਤ ਨੇ ਮੈਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਹੈ। ਇਹ ਗੱਲਾਂ ਰਿਕਾਰਡ ਵਿਚ ਲਿਆਉਣ ਲਈ ਮੈਨੂੰ ਬਹੁਤ ਹੌਸਲਾ ਜੁਟਾਉਣਾ ਪਿਆ ਹੈ। ਮੈਂ ਇਹ ਗੱਲਾਂ ਦਿਲ 'ਤੇ ਪੱਥਰ ਰੱਖ ਕੇ ਕੀਤੀਆਂ ਹਨ, ਪਰ ਇਹ ਸਾਰਾ ਕੁਝ ਮੈਂ ਆਪਣੇ ਬੱਚੇ ਖਾਤਰ ਕੀਤਾ ਹੈ, ਜੋ ਹੁਣ ਛੇ ਵਰ੍ਹਿਆਂ ਦਾ ਹੈ।

ਕੀ ਤੁਸੀਂ ਮੇਰੇ ਖਾਵੰਦ ਨਾਲ ਹੋਈ ਬੇਇਨਸਾਫ਼ੀ ਬਾਰੇ ਬੋਲੋਗੇ? ਕੀ ਤੁਸੀਂ ਮੇਰੇ ਵੱਲੋਂ ਕੁਝ ਕਹੋਗੇ? ਮੈਂ ਆਪਣੇ ਖਾਵੰਦ ਦੀ ਜ਼ਿੰਦਗੀ, ਆਪਣੇ ਬੱਚੇ ਦੇ ਅੱਬਾ ਦੀ ਸਲਾਮਤੀ ਲਈ ਲੜ ਰਹੀ ਹਾਂ; ਪਰ ਮੈਂ ਕਸ਼ਮੀਰੀ ਔਰਤ ਵਜੋਂ ਵੀ ਬੋਲ ਰਹੀ ਹਾਂ ਜਿਸ ਦਾ ਭਾਰਤੀ ਜਮਹੂਰੀਅਤ ਅਤੇ ਕਸ਼ਮੀਰੀ ਮੁਸਲਮਾਨਾਂ ਨਾਲ ਇਨਸਾਫ਼ ਕਰਨ ਦੀ ਇਸ ਦੀ ਕਾਬਲੀਅਤ ਤੋਂ ਵਿਸ਼ਵਾਸ ਡੋਲ ਰਿਹਾ ਹੈ।

*-ਤਬੱਸੁਮ, ਸ੍ਰੀਨਗਰ, ਸਤੰਬਰ 2004*

FARMERS INSURANCE GROUP
Symbol of Superior Service
FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation
Ph: 408-771-2438
*408-580-6063, 408-687-7566*
Fax: 408-273-6001
ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD®
Millennium

Gurbans Gill 209-815-1869

ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ
12 ਜੂਨ 2011 ਦਿਨ ਐਤਵਾਰ
ਐਲ ਸਬਰਾਂਟੇ ਨਗਰ ਕੀਰਤਨ
ਗੁਰਦੁਆਰਾ ਸਾਹਿਬ, ਫਰੀਮਾਂਟ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

ਇੰਟਰਨੈਟ ਰੇਡੀਓ $ 140 ਵਾਲਾ ਹੁਣ $ 99 ਨੂੰ
(ਇਸ ਉਪਰ 15000 ਤੋਂ ਵੱਧ ਤੇ ਸਾਰੀ ਦੁਨੀਆਂ ਦੇ ਪੰਜਾਬੀ ਸਟੇਸ਼ਨ ਸੁਣ ਸਕਦੇ ਹੋ)
ਛੋਟੇ ਰੇਡੀਓ ਦੀ ਕੀਮਤ $ 25
ਵੱਡੇ ਰੇਡੀਓ ਦੀ ਕੀਮਤ $ 35

PUNJABI RADIO USA
ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
I-Phone ਤੇ Android Application
ਤੁਸੀਂ ਕਿਸੇ ਸਮੇਂ ਵੀ
ਮੁਫ਼ਤ ਡਾਊਨਲੋਡ
ਕਰ ਸਕਦੇ ਹੋ।



ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਵਜੇ ਤੋਂ 9 ਵਜੇ ਤੱਕ ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸਵੇਰੇ 9.20 ਤੋਂ 10 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਸਵੇਰੇ 10 ਤੋਂ 11 ਵਜੇ ਤੱਕ ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ਨੀਵਾਰ)
- ਸਵੇਰੇ 11.30 ਤੋਂ ਦੁਪਹਿਰ 1 ਵਜੇ ਤੱਕ 'ਬੋਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ਨੀਵਾਰ)
- 1 ਵਜੇ ਤੋਂ 2 ਵਜੇ ਤੱਕ ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- 2 ਵਜੇ ਤੋਂ 3 ਵਜੇ ਤੱਕ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ, ਸ਼ੁੱਕਰਵਾਰ), ਕਵੀ ਦਰਬਾਰ (ਸ਼ਨੀਵਾਰ)
- ਸੋਮਵਾਰ ਨੂੰ Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਪ੍ਰਮਿੰਦਰ ਟਿਵਾਣਾ)
- ਬੁਧਵਾਰ ਨੂੰ ਵਿਦਿਆ ਵਿਚਾਰੀ ਤਾਂ ਪਰਉਪਕਾਰੀ
- ਵੀਰਵਾਰ ਨੂੰ Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਅਤੇ ਸਿਮਰ)
- 3 ਵਜੇ ਤੋਂ 4 ਵਜੇ ਤੱਕ (ਸੋਮਵਾਰ ਤੋਂ ਵੀਰਵਾਰ) ਪ੍ਰੋਗਰਾਮ 'ਗੀਤਾਂ ਦਾ ਗੁਲਦਸਤਾ' (ਨਵੇਂ ਪੰਜਾਬੀ ਗੀਤ), ਸ਼ੁੱਕਰਵਾਰ : ਦੇਸੋਂ ਪਰਦੇਸ (ਪਾਲ ਧਾਲੀਵਾਲ)
- ਸ਼ਨੀਵਾਰ : ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ (ਦਿਲਪ੍ਰੀਤ ਖ਼ਾਲਸਾ ਤੇ ਮਨਪ੍ਰੀਤ ਕਾਲਰਾ)
- 4 ਵਜੇ ਤੋਂ 6 ਵਜੇ ਤੱਕ ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ' (ਗੁਰਜਸਪਾਲ ਸਿੰਘ, ਰਾਜਕਰਨਬੀਰ ਸਿੰਘ, ਨਵਜੋਤ ਸਿੰਘ ਤੇ ਹਰਵਿੰਦਰ ਸਿੰਘ ਕੰਗ)
- ਐਤਵਾਰ : 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 6 ਵਜੇ ਤੋਂ 7.55 ਤੱਕ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)

ਖ਼ਬਰਾਂ ਤਾਜ਼ੀਆਂ (ਛੇ ਵਾਰ ਹਰ ਰੋਜ਼)
09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
02.05 : ਯੂਐਸਏ ਤੋਂ ਇੰਦਰਮਾਨ ਸਿੰਘ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
10.05 : ਯੂਐਸਏ ਤੋਂ ਇੰਦਰਮਾਨ ਸਿੰਘ

- ਰਾਤ 8 ਤੋਂ 9 ਵਜੇ ਤੱਕ :
ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ)
ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ) • ਸ਼ਨੀਵਾਰ : ਇਕ ਖ਼ਾਸ ਮੁਲਾਕਾਤ (ਹਰਵਿੰਦਰ ਸਿੰਘ ਕੰਗ) • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਰਾਤ 9 ਤੋਂ 10 ਵਜੇ ਤੱਕ :
ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : 'ਖ਼ਬਰਾਂ ਦੀ ਭੰਨਤੋੜ' (ਨਵਜੋਤ ਸਿੰਘ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
ਵੀਰਵਾਰ : ਕੰਪਿਊਟਰ ਡਾਕਟਰ (ਹਰਵਿੰਦਰ ਸਿੰਘ ਕੰਗ, ਰਾਜਕਰਨਬੀਰ ਸਿੰਘ ਤੇ ਨਵਜੋਤ ਸਿੰਘ) • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ •
ਸ਼ਨੀਵਾਰ : 'ਖਿਆਲ ਆਪੋ ਆਪਣਾ' (ਪੰਜਾਬੀ ਰੇਡੀਓ ਟੀਮ) • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਦਿਲਪ੍ਰੀਤ ਸਿੰਘ ਖ਼ਾਲਸਾ)
- ਰਾਤ 10 ਤੋਂ 11 ਵਜੇ ਤੱਕ : ਡੀ ਜੇ ਹਿੱਟਸ (ਡੀ ਜੇ ਮੱਲ੍ਹੀ ਤੇ ਡੀ ਜੇ ਜੀਤ) • ਰਾਤ 10 ਤੋਂ 11, ਸਵੇਰੇ 4 ਵਜੇ ਤੱਕ : Repeat Programs ਤੇ ਗੀਤ

ਹੋਰ ਜਾਣਕਾਰੀ ਲਈ 408.722.7698
Listen LIVE
www.punjabiradiousa.com
Email: info@punjabiradiousa.com
3750 McKee Road, # B, San Jose CA 95127

# ਸਾਕਾ ਨੀਲਾ ਤਾਰਾ ਦੇ ਜ਼ਖ਼ਮ ਅਜੇ ਵੀ ਅੱਲ੍ਹੇ

## ਉਜੜੇ ਲੋਕ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ

**ਅੰਮ੍ਰਿਤਸਰ:** ਜੂਨ 1984 ਵਿਚ ਵਾਪਰਿਆ ਸਾਕਾ ਨੀਲਾ ਤਾਰਾ ਆਪਣੇ ਪਿੱਛੇ ਕਈ ਅਜਿਹੇ ਦਰਦ ਛੱਡ ਗਿਆ ਹੈ ਜਿਨ੍ਹਾਂ ਦੀ ਚੀਸ 27 ਸਾਲ ਬੀਤਣ ਮਗਰੋਂ ਵੀ ਘੱਟ ਨਹੀਂ ਹੋਈ। ਸਾਕੇ ਮਗਰੋਂ ਕੇਂਦਰ ਸਰਕਾਰ ਵੱਲੋਂ ਸੁਰੱਖਿਆ ਵਜੋਂ ਬਣਾਏ ਗਲਿਆਰੇ ਕਾਰਨ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਕਈ ਘਰ ਤੇ ਦੁਕਾਨਾਂ ਢਹਿ-ਢੇਰੀ ਹੋ ਗਈਆਂ ਹਨ। ਕੇਂਦਰ ਸਰਕਾਰ ਵੱਲੋਂ ਘਰਾਂ ਤੇ ਦੁਕਾਨਾਂ ਦੇ ਮਾਲਕਾਂ ਨੂੰ ਤਾਂ ਉਸ ਵੇਲੇ ਮੁਆਵਜ਼ਾ ਦੇ ਦਿੱਤਾ ਗਿਆ ਪਰ ਵਧੇਰੇ ਕਿਰਾਏਦਾਰ ਦੁਕਾਨਦਾਰਾਂ ਨੂੰ ਕੋਈ ਨਿਆਂ ਨਾ ਮਿਲਿਆ। ਇਸ ਸਾਕੇ ਕਾਰਨ ਉਜੜੇ ਇਹ ਦੁਕਾਨਦਾਰ ਤੇ ਉਨ੍ਹਾਂ ਦੇ ਪਰਿਵਾਰ ਅੱਜ ਵੀ ਮੁੜ ਵਸੇਬੇ ਲਈ ਮੁਆਵਜ਼ਾ ਉਡੀਕ ਰਹੇ ਹਨ। ਉਡੀਕ ਕਰਦਿਆਂ-ਕਰਦਿਆਂ 40 ਤੋਂ ਵਧੇਰੇ ਕਿਰਾਏਦਾਰ ਦੁਕਾਨਦਾਰ ਤਾਂ ਅੱਖਾਂ ਮੀਟ ਚੁੱਕੇ ਹਨ। ਇਨ੍ਹਾਂ ਵਿਚ ਕਈ ਅਜਿਹੇ ਵੀ ਸਨ ਜਿਨ੍ਹਾਂ ਅੱਕ ਕੇ ਖੁਦਕੁਸ਼ੀ ਕਰ ਲਈ।

ਨਿਆਂ ਪ੍ਰਾਪਤੀ ਲਈ ਇਨ੍ਹਾਂ ਪੀੜਤਾਂ ਨੇ 'ਬਲਿਊ ਸਟਾਰ ਟੈਨੇਂਟ ਮਰਚੈਂਟ ਸਫਰਰਜ਼ ਐਸੋਸੀਏਸ਼ਨ' ਕਾਇਮ ਕੀਤੀ ਹੈ। ਇਸ ਵੱਲੋਂ ਮੁਆਵਜ਼ਾ ਪ੍ਰਾਪਤੀ ਲਈ ਸਰਕਾਰੇ-ਦਰਬਾਰੇ ਤੇ ਅਦਾਲਤ ਦਾ ਵੀ ਦਰਵਾਜ਼ਾ ਖੜਕਾਇਆ ਗਿਆ ਪਰ ਕੁਝ ਪੱਲੇ ਨਾ ਪਿਆ। ਜਥੇਬੰਦੀ ਦੇ ਪ੍ਰਧਾਨ ਮਨਜੀਤ ਸਿੰਘ ਚੋਪੜਾ, ਜਨਰਲ ਸਕੱਤਰ ਮੋਹਨ ਸਿੰਘ ਗਾਂਧੀ ਨੇ ਦੱਸਿਆ ਕਿ ਜਥੇਬੰਦੀ ਦੇ 133 ਮੈਂਬਰ ਹਨ। ਇਹ ਸਾਰੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਥੜ੍ਹਾ ਸਾਹਿਬ, ਮੁਨਿਆਰਾ ਵਾਲਾ ਬਾਜ਼ਾਰ, ਸ਼ਹੀਦ ਮਾਰਕੀਟ ਤੇ ਹੋਰ ਬਾਜ਼ਾਰਾਂ ਦੇ ਦੁਕਾਨਦਾਰ ਸਨ। ਅਜਿਹੇ ਪਰਿਵਾਰਾਂ ਵਿਚ ਸ਼ਾਮਲ ਮਨਜੀਤ ਕੌਰ ਤੇ ਉਸ ਦੇ ਬੇਟੇ ਸੁਰਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਰਾਜਿੰਦਰ ਸਿੰਘ ਤੇ ਪਰਿਵਾਰ ਦੀਆਂ ਸ਼ਹੀਦ ਮਾਰਕੀਟ 'ਚ ਮੈਸਰਜ਼ ਰਾਜਿੰਦਰ ਸਿੰਘ, ਸੁਰਜੀਤ ਸਿੰਘ ਨਾਂ ਦੀਆਂ ਨਕਲੀ ਗਹਿਣਿਆਂ ਦੀਆਂ ਦੋ ਦੁਕਾਨਾਂ


ਅੰਮ੍ਰਿਤਸਰ ਵਿਚ ਪੀੜਤ ਦੁਕਾਨਦਾਰ ਆਪਣੀ ਵਿਥਿਆ ਸੁਣਾਉਂਦੇ ਹੋਏ।

ਸਨ ਜੋ ਇਸ ਸਾਕੇ ਦਾ ਸ਼ਿਕਾਰ ਬਣ ਗਈਆਂ ਤੇ ਇਹ ਪਰਿਵਾਰ ਇਕਦਮ ਫਰਸ਼ 'ਤੇ ਆ ਗਿਆ।

ਰਾਜਿੰਦਰ ਸਿੰਘ ਨੇ ਮੁੜ ਘਰ ਚਲਾਉਣ ਲਈ 25 ਹਜ਼ਾਰ ਰੁਪਏ ਦਾ ਕਰਜ਼ਾ ਲਿਆ ਜੋ ਉਹ ਮੋੜ ਨਾ ਸਕਿਆ ਤੇ ਅਖੀਰ ਉਸ ਨੇ 1993 ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਡੁੱਬ ਕੇ ਖੁਦਕੁਸ਼ੀ ਕਰ ਲਈ। ਮਨਜੀਤ ਕੌਰ ਨੇ ਦੱਸਿਆ ਕਿ ਇਸ ਘਟਨਾ ਕਾਰਨ ਪਰਿਵਾਰ ਦੀ ਆਰਥਿਕਤਾ ਮੁੜ ਲੀਹ 'ਤੇ ਨਾ ਆ ਸਕੀ। ਦੋ ਬੇਟੇ ਸੁਰਿੰਦਰ ਸਿੰਘ ਤੇ ਜਸਵਿੰਦਰ ਸਿੰਘ ਆਪਣੀ ਪੜ੍ਹਾਈ ਮੁਕੰਮਲ ਨਾ ਕਰ ਸਕੇ। ਉਸ ਦੀ ਹੁਣ ਵਿਧਵਾ ਪੈਨਸ਼ਨ ਦਾ ਕਾਰਡ ਤਾਂ ਬਣਿਆ ਹੋਇਆ ਹੈ ਪਰ ਪੈਨਸ਼ਨ ਨਹੀਂ ਮਿਲ ਰਹੀ। ਇਕ ਹੋਰ ਪੀੜਤ ਦਲਜੀਤ ਸਿੰਘ (70) ਜਿਸ ਦੀ ਥੜ੍ਹਾ ਸਾਹਿਬ ਨੇੜੇ ਕੰਘੇ-ਕੜਿਆਂ ਦੀ ਦੁਕਾਨ ਸੀ, ਅੱਜ ਸਾਈਕਲ 'ਤੇ ਸਾਮਾਨ ਵੇਚ ਪੇਟ ਪਾਲ ਰਿਹਾ ਹੈ। ਮੁਆਵਜ਼ਾ ਉਡੀਕਦਿਆਂ ਅੱਖਾਂ ਮੀਟ ਚੁੱਕੇ ਗੁਰਸ਼ਰਨ ਸਿੰਘ ਦੇ ਬੇਟੇ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਸ਼੍ਰੋਮਣੀ ਕਮੇਟੀ ਦੇ ਕਿਰਾਏਦਾਰ ਸਨ ਪਰ ਉਨ੍ਹਾਂ ਨੂੰ ਹੁਣ ਤਕ ਕੋਈ ਮੁਆਵਜ਼ਾ ਨਹੀਂ ਮਿਲਿਆ। ਚੋਪੜਾ ਦੀ ਵੀ ਮੁਨਿਆਰੀ ਦੀ ਦੁਕਾਨ ਖ਼ਤਮ ਹੋ ਗਈ। ਸ੍ਰੀ ਗਾਂਧੀ ਦੀ ਦੁਕਾਨ ਵੀ ਨੁਕਸਾਨੀ ਗਈ। ਕੰਮ ਚਲਾਉਣ ਲਈ ਉਸ ਨੇ 15 ਹਜ਼ਾਰ ਰੁਪਏ ਕਰਜ਼ਾ ਲਿਆ ਪਰ ਕੰਮ ਨਾ ਚੱਲਿਆ ਤੇ ਕਰਜ਼ਾ ਵਧ ਕੇ 28 ਹਜ਼ਾਰ ਰੁਪਏ ਹੋ ਗਿਆ ਜੋ ਉਸ ਨੇ ਸਭ ਕੁਝ ਵੇਚ-ਵੱਟ ਕੇ ਮੋੜਿਆ। ਅਜਿਹੀ ਹੀ ਕਹਾਣੀ ਮੋਹਨ ਸਿੰਘ, ਜੀ.ਐਸ. ਭੱਲਾ, ਸੁਭਾਸ਼ ਤੇ ਹੋਰਾਂ ਦੀ ਹੈ। ਆਗੂਆਂ ਨੇ ਕਿਹਾ ਕਿ ਹੁਣ ਤਾਂ ਸਰਕਾਰੀ ਅਧਿਕਾਰੀ ਇਸ ਨੂੰ ਕੇਂਦਰ ਦਾ ਮਾਮਲਾ ਕਹਿ ਕੇ ਟਾਲ ਦਿੰਦੇ ਹਨ। ਇਸ ਬਾਰੇ ਡਿਪਟੀ ਕਮਿਸ਼ਨਰ ਕੇ.ਐਸ. ਪੰਨੂ ਨੇ ਕਿਹਾ ਕਿ ਇਹ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਅਦਾਲਤ ਵੱਲੋਂ ਸੂਬਾ ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤੇ ਹੋਏ ਹਨ। ਇਸ ਲਈ ਉਹ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕਰ ਸਕਦੇ।

# ਕਾਲੀ ਸੂਚੀ 'ਚ ਬਚੇ 27 ਸਿੱਖਾਂ ਨਾਂ ਕੱਢਣ ਦੇ ਆਸਾਰ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਦੀ ਕਾਲੀ ਸੂਚੀ 'ਚ ਹਾਲੇ ਵੀ 27 ਸਿੱਖਾਂ ਦੇ ਬਚੇ ਨਾਵਾਂ ਬਾਰੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਇਨ੍ਹਾਂ ਵਿਅਕਤੀਆਂ ਦੀਆਂ ਸਰਗਰਮੀਆਂ ਦੀ ਹਾਲੇ ਪੁਣਛਾਣ ਕੀਤੀ ਜਾਣੀ ਹੈ ਤੇ ਸੂਚੀ ਅਜੇ ਵੀ ਮੁੜ ਵਿਚਾਰੀ ਜਾ ਰਹੀ ਹੈ।

**ਕੇਂਦਰੀ ਗ੍ਰਹਿ ਮੰਤਰੀ ਵੱਲੋਂ ਸੂਚੀ ਬਾਰੇ ਨਜ਼ਰਸਾਨੀ**

ਹਾਲੇ ਦੋ ਹਫਤੇ ਪਹਿਲਾਂ ਹੀ ਮੰਤਰਾਲੇ ਨੇ ਕਾਲੀ ਸੂਚੀ 'ਚੋਂ 142 ਸਿੱਖਾਂ ਦੇ ਨਾਂ ਕੱਢੇ ਸਨ ਪਰ 27 ਨਾਂ ਅਜੇ ਵੀ ਸੂਚੀ 'ਚ ਸ਼ਾਮਲ ਹਨ। ਇਨ੍ਹਾਂ ਸਾਰੇ 169 ਵਿਅਕਤੀਆਂ ਨੂੰ 1978 ਤੋਂ 1995 ਤੱਕ ਪੰਜਾਬ 'ਚ ਖਾੜਕੂਵਾਦ ਦੌਰਾਨ ਮੁਲਜ਼ਮ ਮੰਨਿਆ ਗਿਆ ਸੀ। ਇਹ ਸਾਰੇ ਵਿਦੇਸ਼ਾਂ 'ਚ ਵਸੇ ਹੋਏ ਹਨ। ਗ੍ਰਹਿ ਮੰਤਰੀ ਨੇ ਦੱਸਿਆ ਕਿ ਜਿਨ੍ਹਾਂ ਦੇ ਖਾਤੇ 'ਚ ਘੱਟ ਖਤਰਨਾਕ ਦੋਸ਼ ਸਨ, ਉਨ੍ਹਾਂ ਦੇ ਆਧਾਰ 'ਤੇ ਨਾਂ ਸੂਚੀ 'ਚੋਂ ਕੱਢੇ ਗਏ ਹਨ ਤੇ ਬਾਕੀ ਰਹਿ ਗਏ ਵਿਅਕਤੀਆਂ ਦੀ ਸੂਚੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

ਉਂਝ ਇਨ੍ਹਾਂ 27 ਜਣਿਆਂ ਦੇ ਕੇਸ ਰੱਦ ਹੋ ਚੁੱਕੇ ਹਨ ਤੇ ਕੇਵਲ ਮੁੜ ਜਾਇਜ਼ਾ ਹੀ ਕੁਝ ਸੰਵਾਰ ਸਕਦਾ ਹੈ। ਇਨ੍ਹਾਂ ਦੀਆਂ ਪਿਛਲੇ ਸਮੇਂ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਨਾ ਹੋਣਾ ਕੋਈ ਵੱਡਾ ਕਾਰਨ ਨਹੀਂ ਬਣਦਾ ਕਿਉਂਕਿ ਸਰਕਾਰ ਤਾਂ ਪਾਕਿਸਤਾਨ ਵੱਸੇ ਖਾਲਿਸਤਾਨੀ ਵਿਚਾਰਧਾਰਾ ਦੇ ਪਰਮਜੀਤ ਸਿੰਘ ਪੰਜਵੜ ਉਰਫ ਪੰਮਾ ਉਰਫ ਪਿੰਦਰਜੀਤ, ਵਧਾਵਾ ਸਿੰਘ ਬੱਬਰ ਤੇ ਰਣਜੀਤ ਸਿੰਘ ਉਰਫ ਨੀਟਾ ਦੇ ਨਾਂ ਵੀ ਕਾਲੀ ਸੂਚੀ 'ਚੋਂ ਕੱਢ ਚੁੱਕੀ ਹੈ ਜਦਕਿ ਭਾਰਤ ਵੱਲੋਂ ਪਾਕਿਸਤਾਨ ਨੂੰ ਸੌਂਪੀ ਅਤਿ ਲੋੜੀਂਦੇ ਅਤਿਵਾਦੀਆਂ 'ਚ ਇਨ੍ਹਾਂ ਦੇ ਨਾਂ ਸ਼ਾਮਲ ਸਨ। ਸੂਚੀ 'ਚੋਂ ਕੱਢੇ ਨਾਵਾਂ 'ਚ ਕਈਆਂ ਦੇ ਹਿੱਸੇ ਅਤਿ ਖਤਰਨਾਕ ਦੋਸ਼ ਸਨ।

## ਸਿੱਖ ਹਕੂਮਤ ਦੇ ਇਤਿਹਾਸਕ ਦਸਤਾਵੇਜ਼ ਦੀ ਹੋਵੇਗੀ ਨਿਲਾਮੀ

**ਲੰਡਨ:** ਕਸ਼ਮੀਰ ਦੇ ਸਿੱਖ ਇਤਿਹਾਸਕ ਦਸਤਾਵੇਜ਼ਾਂ ਸਮੇਤ ਭਾਰਤ ਦੀਆਂ ਵਿਲੱਖਣ ਕਲਾ ਕਿਰਤਾਂ ਲੁਡਲੋਅ 'ਚ ਹੋ ਰਹੀ ਬੋਲੀ ਦੌਰਾਨ ਵੇਚੀਆਂ ਜਾਣਗੀਆਂ। ਕਸ਼ਮੀਰ ਵਿਚ ਸਿੱਖ ਹਕੂਮਤ ਦੇ ਸੁਨਹਿਰੀ ਸਮੇਂ ਦੇ ਹੱਥ ਲਿਖਤ ਦਸਤਾਵੇਜ਼ ਹਨ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਚਿੱਤਰ ਸਮੇਤ ਸਣੇ ਨੌਂ ਚਿੱਤਰ ਸ਼ਾਮਲ ਹਨ। ਕਸ਼ਮੀਰੀ ਦਸਤਾਵੇਜ਼ਾਂ ਤੋਂ 13000 ਤੋਂ ਵਧੇਰੇ ਡਾਲਰ ਇਕੱਤਰ ਹੋਣ ਦੀ ਸੰਭਾਵਨਾ ਹੈ। ਕਸ਼ਮੀਰ ਸਿੱਖ ਹਕੂਮਤ ਦੇ ਕਾਫੀ ਪ੍ਰਭਾਵ ਹੇਠ ਰਿਹਾ ਹੈ ਤੇ ਉਨ੍ਹਾਂ ਲਈ ਇਹ ਮਾਲੀਆ ਜੁਟਾਉਣ ਦਾ ਦੂਜਾ ਵੱਡਾ ਜ਼ਰੀਆ ਸੀ। ਇਨ੍ਹਾਂ ਚਿੱਤਰਾਂ ਵਿਚੋਂ ਇਕ ਚਿੱਤਰ ਮਹਾਰਾਜਾ ਰਣਜੀਤ ਸਿੰਘ ਤੇ ਗੁਲਾਬ ਸਿੰਘ ਵਿਚਾਲੇ ਵਿਚਾਰ ਵਟਾਂਦਰੇ ਦਾ ਹੈ। ਹੋਰ ਕਲਾਕਿਰਤਾਂ ਵਿਚ ਚਿੱਤਰ, ਹਾਥੀ ਦੰਦ 'ਤੇ ਬਣੇ ਲਘੂ ਚਿੱਤਰ, ਇਤਿਹਾਸਕ ਦਸਤਾਵੇਜ਼ ਤੇ ਮੂਰਤੀਆਂ ਸ਼ਾਮਲ ਹਨ।

# ਸੰਤ, ਜਨਰਲ ਤੇ ਭਾਈ ਲਈ ਪੰਥ ਰਤਨ ਦਾ ਖਿਤਾਬ ਮੰਗਿਆ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਸਿੱਖਸ ਫਾਰ ਜਸਟਿਸ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ, ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਮਰੀਕ ਸਿੰਘ ਤੇ ਜਰਨਲ ਸੁਬੇਗ ਸਿੰਘ ਨੂੰ ਪੰਥ ਰਤਨ ਐਵਾਰਡ ਦੇਣ ਦਾ ਐਲਾਨ ਕੀਤਾ ਜਾਵੇ।

ਸ. ਪੀਰ ਮੁਹੰਮਦ ਨੇ ਸਿੰਘ ਨੇ ਸਰਕਾਰ ਕੋਲੋਂ ਵੀ ਮੰਗ ਕੀਤੀ ਹੈ ਕਿ ਛੇ ਜੂਨ ਨੂੰ ਘੱਲੂਘਾਰਾ ਦਿਵਸ ਮੌਕੇ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਜਾਵੇ, ਸਿੱਖ ਵਿਰੋਧੀ ਦੰਗਿਆਂ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਸਰਕਾਰੀ ਨੋਟੀਫਿਕੇਸ਼ਨ ਜਾਰੀ ਹੋਵੇ ਤੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਲਈ ਹਾਕਮ ਧਿਰ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਾਰਾਜੋਈ ਕੀਤੀ ਜਾਵੇ।


ਸੰਤ ਜਰਨੈਲ ਸਿੰਘ


ਜਰਨਲ ਸੁਬੇਗ ਸਿੰਘ


ਭਾਈ ਅਮਰੀਕ ਸਿੰਘ

ਉਧਰ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਕਿਹਾ ਕਿ ਫਰਵਰੀ 2002 'ਚ ਹੋਈ ਮੀਟਿੰਗ ਸਮੇਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤੇ ਸਿੰਘ ਸਾਹਿਬਾਨ ਵੀ ਸ਼ਾਮਲ ਹੋਏ ਸਨ ਤੇ ਇਸੇ ਮੀਟਿੰਗ 'ਚ ਹੀ ਸੰਤ ਭਿੰਡਰਾਂਵਾਲਿਆਂ ਨੂੰ ਸ਼ਹੀਦ ਐਲਾਨਣ ਬਾਰੇ ਫੈਸਲਾ ਹੋਇਆ ਸੀ। ਇਸੇ ਮੀਟਿੰਗ 'ਚ ਹੀ ਸ਼ਹੀਦਾਂ ਦੀ ਯਾਦ 'ਚ ਹਰ ਸਾਲ ਛੇ ਜੂਨ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਅਰਦਾਸ ਦਿਵਸ ਵਜੋਂ ਸ਼ਰਧਾਂਜਲੀ ਸਮਾਗਮ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸੇ ਇਕੱਤਰਤਾ 'ਚ ਸਾਕਾ ਨੀਲਾ ਤਾਰਾ ਦੀ ਯਾਦਗਾਰ ਉਸਾਰਨ ਬਾਰੇ ਰਸਮੀ ਤੌਰ 'ਤੇ ਫੈਸਲਾ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਸੇਵਾ ਮੁੜ ਕਰਵਾਈ ਗਈ ਸੀ ਤਾਂ ਉਸ ਵੇਲੇ ਸਾਕਾ ਨੀਲਾ ਤਾਰਾ ਮੌਕੇ ਗੋਲੀਆਂ ਦੇ ਨਿਸ਼ਾਨ ਖ਼ਤਮ ਹੋ ਗਏ ਸਨ ਪਰ ਉਨ੍ਹਾਂ ਦੇ ਕਾਰਜਕਾਲ ਵੇਲੇ ਬਚੇ ਹੋਏ ਇਹ ਨਿਸ਼ਾਨ ਯਾਦਗਾਰ ਵਜੋਂ ਸੰਭਾਲਣ ਦਾ ਫੈਸਲਾ ਕੀਤਾ ਗਿਆ ਸੀ ਜਿਸ ਤਹਿਤ ਦਰਸ਼ਨੀ ਡਿਊਢੀ ਦੇ ਆਲੇ-ਦੁਆਲੇ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਨੂੰ ਵਿਸ਼ੇਸ਼ ਤੌਰ 'ਤੇ ਅੰਕਿਤ ਕੀਤਾ ਗਿਆ ਹੈ।ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਕਾ ਨੀਲਾ ਤਾਰਾ ਸਮੇਂ ਵਾਪਰੇ ਦੁਖਾਂਤ ਬਾਰੇ ਪਤਾ ਲੱਗ ਸਕੇ।

# ਖਾਲਸਾ ਵਿਰਾਸਤ ਕੰਪਲੈਕਸ ਸਿਰੇ ਚੜ੍ਹਨ ਦੀ ਆਸ ਬੱਝੀ

## 31 ਅਗਸਤ ਤੱਕ ਸੰਗਤਾਂ ਨੂੰ ਸਮਰਪਿਤ ਕਰਨ ਦਾ ਭਰੋਸਾ

**ਅਨੰਦਪੁਰ ਸਾਹਿਬ:** ਅਨੰਦਪੁਰ ਸਾਹਿਬ ਵਿਖੇ ਵਿਸ਼ਵ ਪ੍ਰਸਿੱਧ ਉਸਾਰਿਆ ਜਾ ਰਿਹਾ ਖਾਲਸਾ ਵਿਰਾਸਤ ਕੰਪਲੈਕਸ ਸਿਰੇ ਚੜ੍ਹਨ ਦੀ ਆਸ ਬੱਝ ਗਈ ਹੈ ਤੇ ਪੰਜਾਬ ਸਰਹਕਾਰ ਵੱਲੋਂ ਕੰਪਲੈਕਸ ਦੀਆਂ ਪੰਜ ਗੈਲਰੀਆਂ ਦਾ ਨਿਰਮਾਣ ਕਾਰਜ 31 ਅਗਸਤ ਤੱਕ ਮੁਕੰਮਲ ਕਰਕੇ ਸੰਗਤਾਂ ਨੂੰ ਸਮਰਪਿਤ ਕਰਨ ਦਾ ਭਰੋਸਾ ਦਿੱਤਾ ਹੈ। ਵਿੱਤ ਮੰਤਰੀ ਉਪਿੰਦਰਜੀਤ ਕੌਰ ਨੇ ਉਸਾਰੀ ਅਧੀਨ ਭਵਨ 'ਚ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈਣ ਉਪਰੰਤ ਦੱਸਿਆ ਕਿ ਕੰਪਲੈਕਸ ਦੀਆਂ ਕੁਲ 25 ਗੈਲਰੀਆਂ ਹਨ। ਸਰਕਾਰ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਭਵਨ ਦੇ ਪਹਿਲੇ ਹਿੱਸੇ ਦਾ ਕੰਮ 31 ਦਸੰਬਰ ਤੱਕ ਮੁਕੰਮਲ ਕਰਕੇ ਇਸ ਨੂੰ ਸੰਗਤਾਂ ਲਈ ਖੋਲ੍ਹ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਸੰਸਾਰ ਦਾ ਕੋਈ ਵੀ ਅਜਾਇਬ ਘਰ ਅਜਿਹਾ ਨਹੀਂ ਹੈ ਜਿਥੇ ਟਿਕਟ ਨਾ ਲਾਈ ਹੋਵੇ। ਇਸ ਲਈ ਖਾਲਸਾ ਵਿਰਾਸਤ ਭਵਨ 'ਤੇ ਟਿਕਟ ਲਾਉਣ ਜਾਂ ਨਾ ਲਾਉਣ ਬਾਰੇ ਫੈਸਲਾ ਸਰਕਾਰ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਟਿਕਟ ਰਾਹੀਂ


ਖਾਲਸਾ ਵਿਰਾਸਤੀ ਕੰਪਲੈਕਸ ਦੇ ਕੰਮ ਦਾ ਜਾਇਜ਼ਾ ਲੈਂਦੇ ਹੋਏ ਵਿੱਤ ਮੰਤਰੀ ਬੀਬੀ ਉਪਿੰਦਰਜੀਤ ਕੌਰ।

ਹੋਈ ਆਮਦਨੀ ਅਜਾਇਬ ਘਰਾਂ ਦੇ ਪ੍ਰਬੰਧਕਾਂ ਵੱਲੋਂ ਰੱਖ-ਰਖਾਓ 'ਤੇ ਖਰਚ ਕੀਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਪੰਜਾਬੀਆਂ ਦੀ ਧਰੋਹਰ ਵਜੋਂ ਵਿਕਸਤ ਕੀਤੇ ਜਾ ਰਹੇ ਇਸ ਕੰਪਲੈਕਸ ਵਿਚ ਬਣਾਈ ਜਾ ਰਹੀ ਲਾਇਬ੍ਰੇਰੀ ਵਿਸ਼ਵ ਭਰ ਵਿੱਚੋਂ ਇੱਕ ਹੋਵੇਗੀ।

# ਲੁਧਿਆਣਾ ਦਾ ਜੰਮਪਲ ਇੰਗਲੈਂਡ ਵਿਚ ਮੇਅਰ ਬਣਿਆ

**ਲੁਧਿਆਣਾ:** ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨੰਗਲ ਦੇ ਜੰਮਪਲ ਅੰਮ੍ਰਿਤਪਾਲ ਸਿੰਘ ਮਾਨ ਲੰਡਨ ਦੇ ਇਲਾਕੇ ਹੰਸਲੋ ਦੀ ਕੌਂਸਲ ਦੇ ਮੇਅਰ ਚੁਣਿਆ ਗਿਆ ਹੈ। ਸ. ਮਾਨ 1994 ਤੋਂ ਹੰਸਲੋ ਦਾ ਲਗਾਤਾਰ ਕੌਂਸਲਰ ਬਣਦਾ ਆ ਰਿਹਾ ਹੈ ਤੇ ਲੇਬਰ ਪਾਰਟੀ ਦੇ ਮੈਂਬਰ ਹੈ। ਸ. ਮਾਨ ਦਾ ਜਨਮ 25 ਨਵੰਬਰ 1963 ਨੂੰ ਆਪਣੇ ਨਾਨਕਾ ਪਿੰਡ ਨਾਗਰਾ ਤਹਿਸੀਲ ਸਮਰਾਲਾ ਵਿਚ ਹੋਇਆ। ਉਸ ਦੇ ਪਿਤਾ ਅਜੀਤ ਸਿੰਘ ਮਾਨ ਤੇ ਮਾਤਾ ਦਲਜੀਤ ਕੌਰ ਮਾਨ 30 ਸਾਲ ਪਹਿਲਾਂ ਇੰਗਲੈਂਡ 'ਚ ਵਸ ਗਏ ਸਨ।



ਸ. ਮਾਨ ਆਪਣੇ ਬਚਪਨ ਦੇ ਚਾਰ ਸਾਲ ਨੰਗਲ ਵਿਚ ਰਹਿਣ ਮਗਰੋਂ ਆਪਣੀ ਭੈਣ ਸਿਮਰਤਪਾਲ ਕੌਰ ਤੇ ਮਾਤਾ-ਪਿਤਾ ਨਾਲ 1967 ਵਿਚ ਇੰਗਲੈਂਡ ਜਾ ਵਸਿਆ। ਉਸ ਨੇ ਮੁਢਲੀ ਪੜ੍ਹਾਈ ਵਿਲੇਜਰਜ਼ ਹਾਈ ਸਕੂਲ ਸਾਊਥ ਤੋਂ ਕੀਤੀ। 1987 ਵਿਚ ਯੂਨੀਵਰਸਿਟੀ ਆਫ ਹਰਟਫੋਰਡਸ਼ੀਰ ਲੰਡਨ ਤੇ 2007 ਵਿਚ ਥਾਮਸ ਵੈਲੀ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। ਕਿੱਤੇ ਵਜੋਂ ਉਹ ਪ੍ਰਾਪਰਟੀ ਡੀਲਰ ਤੇ ਸੋਲਿਸਟਰ ਹਨ। 1994 ਤੋਂ ਹੰਸਲੋਂ ਕੌਂਸਲ ਵਿਚ ਮੈਂਬਰ ਬਣਨ ਮਗਰੋਂ ਉਹ ਕੌਂਸਲ ਦੀਆਂ ਵੱਖ-ਵੱਖ ਕਮੇਟੀਆਂ ਵਿਚ ਮੋਹਰੀ ਭੂਮਿਕਾ ਨਿਭਾਉਂਦਾ ਰਿਹਾ।। 2011 ਤੋਂ 2012 ਤੱਕ ਇਕ ਸਾਲ ਦੀ ਮੇਅਰ ਦੀ ਟਰਮ ਲਈ ਉਸ ਨੇ ਲੇਬਰ ਪਾਰਟੀ ਵੱਲੋਂ ਕੌਂਸਲ ਦੇ 60 ਮੈਂਬਰਾਂ 'ਚੋਂ 35 ਵੋਟਾਂ ਪ੍ਰਾਪਤ ਕੀਤੀਆਂ।

# ਪੰਜਾਬ ਵਜ਼ਾਰਤ ਵੱਲੋਂ ਸੇਵਾਵਾਂ ਬਾਰੇ ਅਧਿਕਾਰ ਆਰਡੀਨੈਂਸ ਮਨਜ਼ੂਰ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਜਨਤਕ ਸੇਵਾਵਾਂ ਨੂੰ ਸਰਲ ਕਰਨ ਹਿੱਤ ਸੇਵਾਵਾਂ ਦੇ ਅਧਿਕਾਰ ਸਬੰਧੀ ਆਰਡੀਨੈਂਸ-2011 ਨੂੰ ਪ੍ਰਵਾਨਗੀ ਦੇ ਦਿੱਤੀ ਗਈ। 'ਐਸ਼ੋਅਰਡ ਕੈਰੀਅਰ ਪ੍ਰੋਗਰੈਸ ਸਕੀਮ' ਲਾਗੂ ਕਰਦਿਆਂ 4-9-11 ਤਰੱਕੀ ਫਾਰਮੂਲਾ ਲਾਗੂ ਕਰਨ ਵਿਚ ਪੇਸ਼ ਆ ਰਹੀਆਂ ਤਰੁੱਟੀਆਂ ਨੂੰ ਖ਼ਤਮ ਕਰਨ ਲਈ ਤਰਮੀਮਾਂ ਨੂੰ ਵੀ ਮਨਜ਼ੂਰੀ ਮਿਲ ਗਈ। ਇਸ ਤੋਂ ਇਲਾਵਾ ਫਾਸਟ ਟਰੈਕ ਅਦਾਲਤਾਂ ਦੀ ਮਿਆਦ 31 ਮਾਰਚ 2016 ਤੱਕ ਵਧਾਉਣ, ਬਾਬਾ ਫਰੀਦ ਸਿਹਤ ਸਾਇੰਸ ਯੂਨੀਵਰਸਿਟੀ ਫਰੀਦਕੋਟ ਦੀ 86 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰਨ, ਆਬਕਾਰੀ ਇੰਸਪੈਕਟਰਾਂ ਦੀਆਂ ਸੌ ਨਵੀਆਂ ਅਸਾਮੀਆਂ ਸਿਰਜਣ ਅਤੇ ਪੰਚਾਂ ਦੀ ਚੋਣ ਕਰਾਉਣ ਲਈ ਪੰਚਾਇਤਾਂ ਦੀ ਵਾਰਡਬੰਦੀ ਕੀਤੇ ਜਾਣ ਦੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ।

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਲੰਮੇ ਵਿਚਾਰ-ਵਟਾਂਦਰੇ ਤੋਂ ਬਾਅਦ ਸੇਵਾਵਾਂ ਦੇ ਅਧਿਕਾਰ ਸਬੰਧੀ ਇਤਿਹਾਸਕ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਜਨਤਕ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਵਿਚ ਇਨਕਲਾਬੀ ਤਬਦੀਲੀਆਂ ਲਿਆਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇਸ਼ ਵਿਚ ਪਹਿਲਾ ਅਜਿਹਾ ਸੂਬਾ ਹੈ ਜਿਸ ਵੱਲੋਂ ਇਸ ਮੰਤਵ ਲਈ ਵਿਆਪਕ ਕਾਨੂੰਨ ਲਿਆਂਦਾ ਗਿਆ ਹੈ ਜੋ ਜੁਲਾਈ 2011 ਤੋਂ ਅਮਲ ਵਿਚ ਆ ਜਾਵੇਗਾ। ਇਸ ਨਵੇਂ ਕਾਨੂੰਨ ਨਾਲ ਜਿੱਥੇ ਜਨਤਕ ਸੇਵਾਵਾਂ ਪ੍ਰਾਪਤ ਕਰਨ ਵਿਚ ਲੋਕਾਂ ਦੀ ਖੱਜਲ ਖੁਆਰੀ ਘਟੇਗੀ, ਉਥੇ ਭ੍ਰਿਸ਼ਟਾਚਾਰ ਵੀ ਖ਼ਤਮ ਹੋਵੇਗਾ ਅਤੇ ਨਿਸਚਿਤ ਸਮੇਂ ਵਿਚ ਇਹ ਸੇਵਾਵਾਂ ਮੁਹੱਈਆ ਨਾ ਕਰਨ ਵਾਲੇ ਅਧਿਕਾਰੀਆਂ ਨੂੰ 500 ਤੋਂ 5000 ਰੁਪਏ ਤੱਕ ਜੁਰਮਾਨਾ ਵੀ ਲਗਾਇਆ ਜਾ ਸਕੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਕਾਨੂੰਨ ਸਬੰਧੀ ਬਿੱਲ 13 ਜੂਨ ਦੇ ਐਸੰਬਲੀ ਸਮਾਗਮ ਦੌਰਾਨ ਪੇਸ਼ ਕਰਨਾ ਸੰਭਵ ਨਹੀਂ ਹੋਵੇਗਾ, ਪਰ ਚਾਲੂ ਮਹੀਨੇ ਦੇ ਅੰਤ ਤੱਕ ਸਰਕਾਰ ਵੱਲੋਂ ਇਸ ਸਬੰਧੀ ਆਰਡੀਨੈਂਸ ਜਾਰੀ ਕਰ ਦਿੱਤਾ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਸੇਵਾ ਦੇ ਅਧਿਕਾਰ ਕਾਨੂੰਨ ਅਧੀਨ ਜੋ 67 ਸੇਵਾਵਾਂ ਲਿਆਂਦੀਆਂ ਗਈਆਂ ਹਨ, ਉਨ੍ਹਾਂ ਵਿਚੋਂ 20 ਪੁਲਿਸ ਵਿਭਾਗ ਨਾਲ ਸਬੰਧਤ ਹਨ। ਵਜ਼ਾਰਤ ਵੱਲੋਂ ਪ੍ਰਵਾਨ ਕੀਤੇ ਗਏ ਕਾਨੂੰਨ ਅਨੁਸਾਰ ਇਹ ਸੇਵਾਵਾਂ ਪ੍ਰਵਾਨ ਕਰਨ ਲਈ ਸਮਾਂ ਨਿਸਚਿਤ ਕਰ ਦਿੱਤਾ ਗਿਆ ਹੈ ਅਤੇ ਇਸ ਲਈ ਜ਼ਿੰਮੇਵਾਰ ਅਧਿਕਾਰੀ ਨੂੰ ਵੀ ਨਾਮਜ਼ਦ ਕਰ ਦਿੱਤਾ ਗਿਆ ਹੈ। ਕਾਨੂੰਨ ਵਿਚ ਅਥਾਰਿਟੀ ਜਾਂ ਟ੍ਰਿਬਿਊਨਲ ਬਣਾਉਣ ਦੀ ਵੀ ਤਜਵੀਜ਼ ਹੈ ਜਿਸ ਕੋਲ ਸੇਵਾ ਨਾ ਮਿਲਣ ਦੀ ਸੂਰਤ ਵਿਚ ਸ਼ਿਕਾਇਤ ਕੀਤੀ ਜਾ ਸਕੇਗੀ। ਉਂਝ, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਵੀ ਇਸ ਸਬੰਧੀ ਸ਼ਿਕਾਇਤ ਸੁਣਨਗੇ।

# ਸਿੱਖ ਉਤੇ ਹਮਲਾ ਕਰਨ ਵਾਲੇ ਗੋਰੇ ਨੂੰ ਕੈਦ

**ਸੈਕਰਾਮੈਂਟੋ:** ਪੱਛਮੀ ਸੈਕਰਾਮੈਂਟੋ ਵਿਚ ਇਕ ਸਿੱਖ ਟੈਕਸੀ ਡਰਾਈਵਰ ਉਪਰ ਹਮਲਾ ਕਰਨ ਵਾਲੇ ਬੰਦੇ ਨੂੰ 13 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜੱਜ ਟਿਮੋਥੀ ਫ਼ਾਲ ਨੇ 42 ਸਾਲ ਦੇ ਪੈਡਰੋ ਰੈਮੀਰੇਜ਼ ਨੂੰ ਇਹ ਸਜ਼ਾ ਸੁਣਾਈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨਵੰਬਰ ਵਿਚ ਸਿੱਖ ਟੈਕਸੀ ਡਰਾਈਵਰ ਹਰਭਜਨ ਸਿੰਘ ਉਤੇ ਨਸਲੀ ਹਮਲਾ ਹੋ ਗਿਆ ਸੀ। ਰਮੀਰੇਜ਼ ਨੇ ਅਦਾਲਤ ਵਿਚ ਮੰਨਿਆ ਕਿ ਉਸ ਨੇ ਹਰਭਜਨ ਸਿੰਘ ਨੂੰ ਗੰਭੀਰ ਸਰੀਰਕ ਨੁਕਸਾਨ ਪਹੁੰਚਾਇਆ। ਹਰਭਜਨ ਸਿੰਘ 28 ਨਵੰਬਰ 2010 ਨੂੰ ਰੈਮੀਰੇਜ਼ ਅਤੇ ਜੌਨੀ ਮੋਰਾਲਜ਼ ਨੂੰ ਅਪਣੀ ਟੈਕਸੀ ਵਿਚ ਲੈ ਕੇ ਗਿਆ ਸੀ। ਜਦੋਂ ਉਸ ਨੇ ਕਿਰਾਇਆ ਮੰਗਿਆ ਤਾਂ ਦੋਹਾਂ ਨੇ ਨਸਲੀ ਟਿੱਪਣੀ ਕਰਦਿਆਂ ਉਸ ਨੂੰ ਕੁੱਟਣਾ ਸ਼ੁਰੂ ਕਰ ਦਿਤਾ। ਹਰਭਜਨ ਸਿੰਘ ਨੂੰ ਕਾਫ਼ੀ ਸੱਟਾਂ ਲੱਗੀਆਂ। ਰੈਮੀਰੇਜ਼ ਦੀ ਪਤਨੀ ਜੋ ਉਸ ਸਮੇਂ ਨਾਲ ਸੀ, ਨੇ ਦੋਹਾਂ ਨੂੰ ਰੋਕਿਆ ਸੀਪਰ ਉਹ ਨਹੀਂ ਸਨ ਰੁਕੇ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

Call: Sohanpreet 'Sam' Chahal
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਚੁਰਾਸੀ ਦੀ ਚੀਸ

## 27 ਸਾਲਾਂ ਬਾਅਦ ਵੀ ਜ਼ਖ਼ਮ ਅੱਲੇ

*ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਹੋਏ ਹਮਲੇ ਨੂੰ 27 ਸਾਲ ਲੰਘ ਗਏ ਹਨ। ਇਸ ਹਮਲੇ ਦੀ ਪੀੜ ਨਾਲ ਹੋਏ ਜ਼ਖ਼ਮ ਅਜੇ ਤੱਕ ਅੱਲੇ ਹਨ। ਬਹੁਤ ਲੋਕ ਦਾਅਵੇ ਕਰਦੇ ਹਨ ਕਿ ਇਸ ਹਮਲੇ ਦਾ ਬਦਲਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਾਰ ਕੇ ਲੈ ਲਿਆ ਗਿਆ ਹੈ। ਅੱਜ ਸਭ ਤੋਂ ਵੱਡਾ ਸਵਾਲ ਹੈ ਹੀ ਇਹ ਕਿ ਅਸੀਂ ਇਸ ਪੀੜ ਨੂੰ ਇਸ ਜ਼ਾਵੀਏ ਤੋਂ ਹੀ ਦੇਖੀ ਜਾਣਾ ਹੈ ਜਾਂ ਇਸ ਤੋਂ ਅਗਾਂਹ ਵੀ ਕਦਮ ਵਧਾਉਣੇ ਹਨ। ਦੂਜੇ ਜ਼ਾਵੀਏ ਤੋਂ ਸੋਚਣਾ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਕੁਝ ਆਪਣੇ ਹੀ ਇਸ ਰਾਹ ਦੇ ਰੋੜੇ ਬਣਦੇ ਰਹੇ ਹਨ। ਇਹ ਨਵਾਂ ਪੈਂਡਾ ਬਹੁਤ ਬਿਖੜਾ ਹੈ, ਤੇ ਇਸ ਉਤੇ ਚੱਲਣ ਲਈ ਦਿਲ-ਗੁਰਦਾ ਦਰਕਾਰ ਹੈ ਪਰ ਇਸ ਤੋਂ ਸਿਵਾ ਹੁਣ ਹੋਰ ਕੋਈ ਚਾਰਾ ਨਹੀਂ। ਸਰਕਾਰਾਂ ਸਿਤਮ ਇਸ ਕਰਕੇ ਕਰਦੀਆਂ ਹਨ ਕਿ ਚੱਲ ਰਹੀ ਗੱਡੀ ਨੂੰ ਲੀਹ ਤੋਂ ਲਾਹ ਦਿੱਤਾ ਜਾਵੇ। ਗੱਡੀ ਨੂੰ ਲੀਹ ਉਤੇ ਪਾਉਣਾ ਅੱਜ ਅੱਲੇ ਫੱਟਾਂ ਉਤੇ ਮੱਲ੍ਹਮ ਲਾਉਣ ਦੇ ਤੁਲ ਹੈ। ਇਹ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਪਰਵਾਜ਼ ਭਰਨ ਲਈ ਉਨ੍ਹਾਂ ਦੇ ਪਰਾਂ ਵਿਚ ਨਵੀਂ ਤਾਕਤ ਭਰੇਗੀ।*



# ਸਿੱਖ ਕੌਮ ਦਰਦ ਨੂੰ ਕਦੇ ਭੁੱਲਾ ਨਹੀਂ ਸਕੇਗੀ: ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖ ਸੰਗਤਾਂ ਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਜੂਨ 1984 'ਚ ਭਾਰਤ ਸਰਕਾਰ ਵੱਲੋਂ ਕੀਤੇ ਫ਼ੌਜੀ ਹਮਲੇ ਦੌਰਾਨ ਗੁਰਧਾਮਾਂ ਦੀ ਰਾਖੀ ਤੇ ਸਿੱਖ ਧਰਮ ਦੀ ਖਾਤਰ ਸ਼ਹੀਦ ਹੋਏ ਸਿੰਘ-ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਕੌਮ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਸ਼ਹੀਦਾਂ ਦੀ ਯਾਦਗਾਰ ਸਥਾਪਤ ਕਰਨ ਲਈ ਪੰਜ ਮੈਂਬਰੀ ਕਮੇਟੀ ਗਠਿਤ ਕਰਨ ਦਾ ਐਲਾਨ ਕੀਤਾ। ਦਲ ਖ਼ਾਲਸਾ ਤੇ ਹੋਰ ਪੰਥਕ ਜਥੇਬੰਦੀਆਂ ਨੇ ਇਸ ਨੂੰ ਦੇਰ ਨਾਲ ਚੁੱਕਿਆ ਸਹੀ ਕਦਮ ਦੱਸਿਆ ਹੈ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ

**ਜੂਨ ਚੁਰਾਸੀ ਦੇ ਸ਼ਹੀਦਾਂ ਨੂੰ ਸਿੱਖ ਪੰਥ ਵੱਲੋਂ ਸ਼ਰਧਾਂਜਲੀ**



*ਜੂਨ '84 ਦੇ ਸ਼ਹੀਦਾਂ ਨਮਿੱਤ ਅਰਦਾਸ਼ ਸਮਾਗਮ 'ਚ ਪੰਥਕ ਸ਼ਖਸੀਅਤਾਂ।*

ਕੌਮ ਦੇ ਨਾਂ ਸੰਦੇਸ਼ 'ਚ ਕਿਹਾ ਕਿ ਸਿੱਖ ਕੌਮ ਨੇ ਇਸ ਧਰਤੀ 'ਤੇ ਵੱਸਦੇ ਮਜ਼ਲੂਮ ਲੋਕਾਂ ਦੇ ਹੱਕ ਵਿਚ ਵੱਡੇ-ਵੱਡੇ ਸੰਘਰਸ਼ ਕਰਕੇ ਮਹਾਨ ਕੁਰਬਾਨੀਆਂ ਦਿੱਤੀਆਂ। ਸਿੰਘ ਸਾਹਿਬ ਨੇ ਕਿਹਾ ਕਿ 27 ਸਾਲ ਪਹਿਲਾਂ ਜੂਨ 1984 ਵਿਚ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਪ੍ਰਭੂਸੱਤਾ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਸ ਸਮੇਂ ਦੀ ਜਾਬਰ ਹਕੂਮਤ ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ 'ਤੇ ਭਾਰਤੀ ਫ਼ੌਜ ਵੱਲੋਂ ਤੋਪਾਂ, ਟੈਂਕਾਂ ਨਾਲ ਕੀਤੇ ਹਮਲੇ ਦੇ ਜ਼ਖ਼ਮ ਅੱਜ ਵੀ ਅੱਲੇ ਹਨ। ਇਹ ਕਲੰਕ ਕਾਂਗਰਸ ਹਕੂਮਤ ਦੇ ਮੱਥੇ 'ਤੇ ਸਦਾ ਲਈ ਲੱਗਾ ਰਹੇਗਾ। ਸਿੱਖ ਕੌਮ ਇਸ ਦਰਦ ਨੂੰ ਭੁੱਲਾ ਨਹੀਂ ਸਕੇਗੀ।

ਸਿੰਘ ਸਾਹਿਬ ਅਨੁਸਾਰ ਇਸ ਦੇਸ਼ ਦੇ ਕਾਲੇ ਕਾਨੂੰਨ ਸਿੱਖਾਂ ਲਈ ਹੋਰ ਤੇ ਬਾਕੀ ਭਾਰਤੀਆਂ ਲਈ ਹੋਰ ਅਰਥ ਰੱਖਦੇ ਹਨ। ਸਿੱਖ ਕੌਮ ਦੇ ਨੌਜਵਾਨਾਂ ਨੂੰ ਬਿਨਾਂ ਗਵਾਹੀਆਂ ਤੋਂ ਵੀ ਫਾਂਸੀਆਂ ਦੀਆਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ ਜਦ ਕਿ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਾਤਲਾਂ ਖ਼ਿਲਾਫ ਕੋਈ ਕਾਰਵਾਈ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਅੱਜ ਵੀ ਹਜ਼ਾਰਾਂ ਨਿਰਦੋਸ਼ ਨੌਜਵਾਨ ਝੂਠੇ ਕੇਸਾਂ ਵਿਚ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬੰਦ ਹਨ। ਸਿੰਘ ਸਾਹਿਬ ਨੇ ਇਨ੍ਹਾਂ ਕੌਮੀ ਪ੍ਰਵਾਨਿਆਂ ਦੀ ਚੜ੍ਹਦੀ ਕਲਾ, ਰਿਹਾਈ ਤੇ ਕੌਮ ਦੇ ਉਜਲ ਭਵਿੱਖ ਲਈ ਖਾਲਸਾ ਪੰਥ ਨੂੰ ਆਦੇਸ਼ ਕੀਤਾ ਕਿ ਉਹ ਨਿੱਤ ਸਤਿਗੁਰਾਂ ਦੇ ਦਰ 'ਤੇ ਅਰਦਾਸ ਕਰਨ। ਸਿੰਘ ਸਾਹਿਬ ਨੇ ਕਿਹਾ ਕਿ ਅੱਜ ਪਾਖੰਡੀ ਤੇ ਗੁਰੂ-ਡੰਮ ਸਿੱਖ ਕੌਮ ਲਈ ਵੱਡਾ ਖਤਰਾ ਬਣਿਆ ਹੋਇਆ ਹੈ ਤੇ ਦੂਜੇ ਪਾਸੇ ਸਿੱਖੀ ਭੇਸ ਵਿੱਚ ਪ੍ਰਚਾਰਕ ਦਾ ਬੁਰਕਾ ਪਾ ਕੇ ਅੱਜ ਕੁਝ ਲੋਕ ਸਾਡੇ ਸਿਧਾਂਤ, ਇਤਿਹਾਸ, ਪਰੰਪਰਾਵਾਂ ਤੇ ਰਵਾਇਤਾਂ ਦੇ ਨਾਲ-ਨਾਲ ਸਾਡੀਆਂ ਮਹਾਨ ਸੰਸਥਾਵਾਂ ਤੇ ਸੰਪਰਦਾਵਾਂ ਨੂੰ ਛੁਟਿਆਉਣ ਦੇ ਯਤਨਾਂ ਵਿਚ ਹਨ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼ਹੀਦ ਭਾਈ ਅਮਰੀਕ ਸਿੰਘ ਦੀ ਧਰਮ ਪਤਨੀ ਬੀਬੀ ਹਰਮੀਤ ਕੌਰ, ਸੰਤ ਜਰਨੈਲ ਸਿੰਘ ਦੇ ਸਪੁੱਤਰ ਭਾਈ ਈਸ਼ਰ ਸਿੰਘ, ਭਾਈ ਅਮਰੀਕ ਸਿੰਘ ਦੇ ਬੇਟੇ ਤਰਲੋਚਨ ਸਿੰਘ ਤੋਂ ਇਲਾਵਾ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਦੇ ਰਾਗੀ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ, ਅਰਦਾਸ ਭਾਈ ਧਰਮ ਸਿੰਘ ਨੇ ਕੀਤੀ।

# ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦਗਾਰ ਉਸਾਰਨ ਦਾ ਫੈਸਲਾ

**ਅੰਮ੍ਰਿਤਸਰ(ਪੰਜਾਬ ਟਾਈਮਜ਼ ਬਿਊਰੋ):** ਪੰਥਕ ਧਿਰਾਂ ਵੱਲੋਂ ਕਾਫੀ ਜੱਦੋ-ਜਹਿਦ ਕਰਨ ਤੋਂ ਬਾਅਦ ਆਖ਼ਰ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਸ਼ਹੀਦਾਂ ਦੀ ਯਾਦਗਾਰ ਸਥਾਪਤ ਕਰਨ ਲਈ ਪੰਜ ਮੈਂਬਰੀ ਕਮੇਟੀ ਗਠਿਤ ਕਰਨ ਦਾ ਐਲਾਨ ਕਰ ਹੀ ਦਿੱਤਾ ਹੈ। ਦਲ ਖ਼ਾਲਸਾ ਤੇ ਹੋਰ ਪੰਥਕ ਜਥੇਬੰਦੀਆਂ ਨੇ ਇਸ ਨੂੰ ਦੇਰ ਨਾਲ ਚੁੱਕਿਆ ਸਹੀ ਕਦਮ ਦੱਸਿਆ ਹੈ। ਜ਼ਿਕਰਯੋਗ ਹੈ ਕਿ ਸ਼ਹੀਦਾਂ ਦੀ ਯਾਦਗਾਰ ਬਣਾਉਣ ਲਈ ਦਲ ਖ਼ਾਲਸਾ ਦੇ ਆਗੂ ਸਤਿਨਾਮ ਸਿੰਘ ਪਾਉਂਟਾ ਸਾਹਿਬ ਨੇ 72 ਘੰਟੇ ਭੁੱਖ ਹੜਤਾਲ ਪਿਛਲੇ ਸਾਲ ਰੱਖੀ ਸੀ ਤੇ ਪੰਥਕ ਜਥੇਬੰਦੀਆਂ ਨੇ ਧਰਨਾ ਦਿੱਤਾ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੰਘ ਸਾਹਿਬਾਨ ਦੀ ਮੀਟਿੰਗ ਉਪਰੰਤ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਨੂੰ ਸ਼ਹੀਦਾਂ ਦੀ ਯਾਦਗਾਰ ਬਣਾਉਣ ਲਈ ਆਦੇਸ਼ ਵੀ ਦਿੱਤੇ ਸਨ। ਯਾਦਗਾਰਾਂ ਲਈ ਪੰਜ ਮੈਂਬਰੀ ਕਮੇਟੀ-ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਨੇ ਕਿਹਾ ਕਿ 1984 ਦੌਰਾਨ ਸ਼ਹੀਦ ਹੋਏ ਸਿੰਘ-ਸਿੰਘਣੀਆਂ ਦੀਆਂ ਯਾਦਗਾਰਾਂ ਕਾਇਣ ਕੀਤੇ ਜਾਣ ਲਈ ਜਲਦ ਹੀ ਪੰਜ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਜਾਵੇਗਾ ਜੋ ਯਾਦਗਾਰਾਂ ਦੀ ਰੂਪ ਰੇਖਾ ਤਿਆਰ ਕਰਕੇ ਦੋ ਮਹੀਨੇ ਦੇ ਵਿਚ-ਵਿਚ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪੇਗੀ ਉਪਰੰਤ ਸ਼੍ਰੋਮਣੀ ਕਮੇਟੀ ਪੰਥਕ ਜਥੇਬੰਦੀਆਂ ਦੇ ਸਹਿਯੋਗ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਨੀਯਤ ਸਮੇਂ ਵਿਚ ਮੁਕੰਮਲ ਕਰਵਾਏਗੀ। ਜਥੇ. ਅਵਤਾਰ ਸਿੰਘ ਦੇ ਇਸ ਐਲਾਨ ਨਾਲ ਸਮੁੱਚਾ ਮਾਹੌਲ ਜੈਕਾਰਿਆਂ ਦੇ ਨਾਲ



*ਸਾਕਾ ਨੀਲਾ ਤਾਰਾ ਦੌਰਾਨ ਤਬਾਹ ਹੋਈ ਇਮਾਰਤ ਦਾ ਦ੍ਰਿਸ਼।*

**ਰੂਪ-ਰੇਖਾ ਉਲੀਕਣ ਲਈ ਪੰਜ ਮੈਂਬਰੀ ਕਮੇਟੀ ਕਾਇਮ**

ਗੂੰਜ ਉਠਇਆ। ਸ. ਸਿਮਰਨਜੀਤ ਸਿੰਘ ਮਾਨ, ਫੈਡਰੇਸ਼ਨ ਗਰੇਵਾਲ ਦੇ ਮੁਖੀ ਭਾਈ ਗੁਰਚਰਨ ਸਿੰਘ ਗਰੇਵਾਲ, ਫੈਡਰੇਸ਼ਨ ਮਹਿਤਾ ਦੇ ਆਗੂ ਸ. ਅਮਰਬੀਰ ਸਿੰਘ ਢੋਟ, ਫੈਡਰੇਸ਼ਨ ਆਗੂ ਮਨਜੀਤ ਸਿੰਘ ਭੋਮਾ ਨੇ ਸ਼ਹੀਦੀ ਯਾਦਗਾਰ ਬਣਾਉਣ ਦੀ ਮੰਗ ਨੂੰ ਅਮਲੀ ਜਾਮਾ ਪਹਿਨਾਉਣ ਦੇ ਐਲਾਨ ਦਾ ਸਵਾਗਤ ਕੀਤਾ। ਸਾਕਾ ਨੀਲਾ ਤਾਰਾ ਵਾਪਰਨ ਤੋਂ 27 ਸਾਲ ਬਾਅਦ ਵੀ ਸ਼ਹੀਦਾਂ ਦੀ ਯਾਦ ਨਾ ਉਸਾਰਨ ਖ਼ਿਲਾਫ਼ ਪੰਥਕ ਹਲਕਿਆਂ 'ਚ ਕਾਫੀ ਗੁੱਸਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰ ਬਣਾਉਣ ਦਾ ਫੈਸਲਾ ਕੀਤਿਆਂ ਨੂੰ ਵੀ 9 ਸਾਲ ਬੀਤ ਚੁੱਕੇ ਸਨ ਪਰ ਇਸ ਫੈਸਲੇ ਨੂੰ ਹਾਕਮ ਧਿਰ ਵੱਲੋਂ ਲਗਾਤਾਰ ਲਟਕਾਏ ਜਾਣ ਕਾਰਨ ਸਿੱਖ ਜਥੇਬੰਦੀਆਂ ਨੇ ਸੰਘਰਸ਼ ਵਿੱਢ ਦਿੱਤਾ ਸੀ। ਜ਼ਿਕਰਯੋਗ ਹੈ ਕਿ 20 ਫਰਵਰੀ 2002 ਵਿਚ ਬੀਬੀ ਜਗੀਰ ਕੌਰ ਦੇ ਕਾਰਜਕਾਲ ਦੌਰਾਨ ਅੰਤ੍ਰਿੰਗ ਕਮੇਟੀ ਵੱਲੋਂ ਮਤਾ ਪਾਸ ਕਰਕੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਉਸਾਰਨ ਦਾ ਫੈਸਲਾ ਕੀਤਾ ਗਿਆ ਸੀ।

ਇਸ ਤੋਂ ਬਾਅਦ 27 ਮਈ 2005 ਨੂੰ ਮੁੜ ਬੀਬੀ ਜਗੀਰ ਕੌਰ ਦੇ ਕਾਰਜਕਾਲ ਸਮੇਂ ਹੀ ਅੰਤ੍ਰਿੰਗ ਕਮੇਟੀ ਦੀ ਵਿਸ਼ੇਸ਼ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਦੇ ਫੈਸਲੇ ਦੀ ਪ੍ਰੋੜ੍ਹਤਾ ਕੀਤੀ ਗਈ ਸੀ ਜਿਸ ਅਨੁਸਾਰ ਇਸ ਯਾਦਗਾਰ ਦਾ ਨਾਂ ਮੀਨਾਰੇ ਸ਼ਹੀਦਾਂ ਘੱਲੂਘਾਰਾ 1984 ਰੱਖਣ ਦਾ ਫੈਸਲਾ ਕੀਤਾ ਗਿਆ ਸੀ ਤੇ ਇਹ ਯਾਦਗਾਰ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੇ ਸਾਹਮਣੇ ਪਾਰਕ ਵਿਚ ਬਣਾਈ ਜਾਣੀ ਸੀ ਜਿਸ ਦਾ ਨੀਂਹ ਪੱਥਰ 6 ਜੂਨ 2005 ਨੂੰ ਰੱਖਿਆ ਜਾਣਾ ਸੀ ਪਰ ਐਨ ਆਖ਼ਰੀ ਮੌਕੇ 'ਤੇ ਫੈਸਲਾ ਮੁਲਤਵੀ ਕਰ ਦਿੱਤਾ ਗਿਆ ਤੇ ਹੁਣ ਤਕ ਇਸ 'ਤੇ ਅਮਲ ਨਹੀਂ ਹੋ ਸਕਿਆ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਹ ਯਾਦਗਾਰ ਜ਼ਰੂਰ ਬਣਨੀ ਚਾਹੀਦੀ ਹੈ। ਇਹ ਯਾਦਗਾਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸੇਗੀ ਕਿ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਕੀ ਕੁਝ ਵਾਪਰਿਆ ਸੀ। ਉਘੇ ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆਂ ਨੇ ਰਾਏ ਦਿੱਤੀ ਹੈ ਕਿ ਸਾਕਾ ਨੀਲਾ ਤਾਰਾ ਦੀ ਯਾਦਗਾਰ ਵਜੋਂ 84 ਫੁੱਟ ਉਚਾ ਖੰਡਾ ਬਣਾਇਆ ਜਾਣਾ ਚਾਹੀਦਾ ਹੈ ਤੇ ਇਹ ਯਾਦਗਾਰ ਉਸ ਥਾਂ ਦੇ ਨੇੜੇ ਬਣਾਈ ਜਾਵੇ ਜਿਸ ਰਸਤੇ ਤੋਂ ਫੌਜਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਦਾਖ਼ਲ ਹੋਈਆਂ ਸਨ।

### ਸ਼ਹੀਦੀ ਯਾਦਗਾਰ ਬਾਰੇ ਹੁੰਗਾਰੇ ਦਾ ਸਵਾਗਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਜੂਨ 1984 ਦੇ ਘੱਲੂਘਾਰਾ ਦਿਵਸ ਮੌਕੇ ਸ਼ਹੀਦੀ ਯਾਦਗਾਰ ਦੀ ਉਸਾਰੀ ਲਈ ਪੰਜ ਮੈਂਬਰੀ ਕਮੇਟੀ ਦੇ ਗਠਨ ਲਈ ਕੀਤੇ ਐਲਾਨ ਨੂੰ ਦਲ ਖਾਲਸਾ ਤੇ ਹੋਰ ਪੰਥਕ ਜਥੇਬੰਦੀਆਂ ਨੇ 'ਦੇਰ ਨਾਲ ਚੁੱਕਿਆ ਸਹੀ ਕਦਮ' ਦਸਿਆ ਹੈ। ਅਕਾਲ ਤਖ਼ਤ ਸਾਹਿਬ ਵਿਖੇ ਮੁੱਖ ਸਮਾਗਮ ਮਗਰੋਂ ਸੰਗਤ ਨੂੰ ਸੰਬੋਧਨ ਕਰਦਿਆਂ ਦਲ ਖਾਲਸਾ ਆਗੂ ਸਤਿਨਾਮ ਸਿੰਘ ਪਾਉਂਟਾ ਸਾਹਿਬ ਨੇ ਆਖਿਆ ਕਿ ਸ਼ਹੀਦੀ ਯਾਦਗਾਰ ਬਣਾਉਣ ਦੀ ਪੰਥਕ ਜਥੇਬੰਦੀਆਂ ਦੀ ਮੰਗ ਨੂੰ ਨੇਪਰੇ ਚਾੜ੍ਹਨ ਲਈ ਸ਼੍ਰੋਮਣੀ ਕਮੇਟੀ ਨੇ ਪੰਜ ਮੈਂਬਰੀ ਕਮੇਟੀ ਦਾ ਗਠਨ ਕਰਕੇ ਯਾਦਗਾਰ ਦੀ ਉਸਾਰੀ ਵੱਲ ਇਕ ਕਦਮ ਪੁੱਟਿਆ ਹੈ।

ਖਾਲਸਾ ਐਕਸ਼ਨ ਕਮੇਟੀ ਦੇ ਚੇਅਰਮੈਨ ਭਾਈ ਮੋਹਕਮ ਸਿੰਘ ਨੇ ਇਸ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਆਪਣੇ ਇਕਰਾਰ ਤੋਂ ਭੱਜੀ ਤਾਂ ਸਿੱਖ ਸੰਗਤ ਆਪਣੇ ਤੌਰ 'ਤੇ ਸ਼ਹੀਦੀ ਯਾਦਗਾਰ ਬਣਾਏਗੀ। ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਵੀ ਕਮੇਟੀ ਬਣਾਉਣ ਦੇ ਐਲਾਨ ਦਾ ਸਵਾਗਤ ਕੀਤਾ। ਪੰਥਕ ਸੇਵਾ ਲਹਿਰ ਦੇ ਚੇਅਰਮੈਨ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਭਾਵੇਂ 27 ਵਰ੍ਹਿਆਂ ਮਗਰੋਂ ਹੀ ਸਹੀ, ਸ਼੍ਰੋਮਣੀ ਕਮੇਟੀ ਸ਼ਹੀਦੀ ਯਾਦਗਾਰ ਬਣਾਉਣ ਲਈ ਜਾਗੀ ਤਾਂ ਹੈ।

**SUPER TRAVEL**

847-676-9090, 773-465-5566

E-mail: supertravel2003@yahoo.com

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545 London $250



# ਘਰ ਕਿਰਾਏ ਲਈ ਖਾਲੀ ਹੈ

ਲੈਥਰੋਪ, ਕੈਲੀਫੋਰਨੀਆ ਵਿਚ 2 ਬੈਡਰੂਮ, 2 ਬਾਥ, ਖੂਬਸੂਰਤ ਯਾਰਡ, ਬਹੁਤ ਵਧੀਆ ਲੋਕੇਸ਼ਨ ਫਰੀਵੇ ਅਤੇ ਗਰੌਸਰੀ ਸਟੋਰਾਂ ਦੇ ਬਿਲਕੁਲ ਕਰੀਬ

ਕਾਲ ਕਰੋ: 408-314-2975


www.punjabtimesusa.com

## ਅੱਗ ਲਾ ਕੇ ਸਾੜਨ ਵਾਲੇ ਪਤੀ ਤੇ ਸਹੁਰੇ ਨੂੰ ਉਮਰ ਕੈਦ

**ਫਤਹਿਗੜ੍ਹ ਸਾਹਿਬ:** ਪਤਨੀ ਨੂੰ ਅੱਗ ਲਾ ਕੇ ਮਾਰ ਦੇਣ ਦੇ ਮਾਮਲੇ ਵਿਚ ਪਤੀ ਅਤੇ ਸਹੁਰੇ ਨੂੰ ਜ਼ਿਲਾ ਅਤੇ ਸੈਸ਼ਨ ਜੱਜ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਦੇ ਨਾਲ ਨਾਲ 20-20 ਹਜ਼ਾਰ ਰੁਪਏ ਜੁਰਮਾਨਾ ਵੀ ਲਗਾਇਆ ਹੈ। ਜੁਰਮਾਨਾ ਅਦਾ ਨਾ ਕੀਤੇ ਜਾਣ 'ਤੇ ਦੋਵੇਂ ਵਿਅਕਤੀਆਂ ਨੂੰ ਇਕ ਸਾਲ ਦੀ ਕੈਦ ਦੀ ਸਜ਼ਾ ਹੋਰ ਭੁਗਤਣੀ ਪਵੇਗੀ।

ਇਥੇ ਵਰਨਣਯੋਗ ਹੈ ਕਿ ਫਤਹਿਗੜ੍ਹ ਸਾਹਿਬ ਪੁਲੀਸ ਨੇ ਵਿਆਹੁਤਾ ਵੱਲੋਂ ਮਰਨ ਤੋਂ ਪਹਿਲਾਂ ਦਿੱਤੇ ਗਏ ਬਿਆਨ ਦੇ ਆਧਾਰ 'ਤੇ 10 ਜੁਲਾਈ 2008 ਨੂੰ ਦੋ ਵਿਅਕਤੀਆਂ ਦੇ ਖਿਲਾਫ ਕਤਲ ਦਾ ਮਾਮਲਾ ਦਰਜ ਕੀਤਾ ਸੀ। ਗੰਭੀਰ ਹਾਲਤ ਵਿਚ ਪੀ.ਜੀ.ਆਈ. ਚੰਡੀਗੜ੍ਹ ਵਿਚ ਇਲਾਜ ਅਧੀਨ ਪਈ ਬਲਵਿੰਦਰ ਕੌਰ ਨੇ ਡਿਊਟੀ ਮੈਜਿਸਟਰੇਟ ਦੇ ਸਾਹਮਣੇ ਕਿਹਾ ਸੀ ਕਿ10 ਜੁਲਾਈ 2008 ਨੂੰ ਉਸਦੇ ਪਤੀ ਪ੍ਰਗਟ ਸਿੰਘ ਅਤੇ ਸਹੁਰੇ ਦਲੀਪ ਸਿੰਘ ਨੇ ਉਸ ਦੇ ਉਪਰ ਤੇਲ ਪਾ ਕੇ ਅੱਗ ਲਾਈ। 38 ਸਾਲਾ ਬਲਵਿੰਦਰ ਕੌਰ ਦੇ ਭਰਾ ਨਿਸ਼ਾਨ ਸਿੰਘ ਨੇ ਅਦਾਲਤ ਵਿਚ ਕਿਹਾ ਸੀ ਕਿ ਉਸ ਦੀ ਭੈਣ ਨੇ 9 ਜੁਲਾਈ ਨੂੰ ਫੋਨ 'ਤੇ ਦੱਸਿਆ ਸੀ ਕਿ ਉਸ ਨੂੰ ਤੰਗ ਕੀਤਾ ਜਾ ਰਿਹਾ ਹੈ, ਉਸ ਤੋਂ ਅਗਲੇ ਦਿਨ ਉਹ ਅਤੇ ਉਸ ਦਾ ਚਚੇਰਾ ਭਰਾ ਇੰਦਰਜੀਤ ਸਿੰਘ ਆਪਣੀ ਭੈਣ ਦੇ ਸਹੁਰੇ ਪਹੁੰਚੇ ਤਾਂ ਉਨ੍ਹਾਂ ਨੇ ਦੇਖਿਆ ਕਿ ਬਲਵਿੰਦਰ ਕੌਰ ਅੱਗ ਦੀਆਂ ਲਪਟਾਂ ਵਿਚ ਘਿਰੀ ਹੋਈ ਸੀ। ਉਨ੍ਹਾਂ ਦੇ ਪਹੁੰਚਣ 'ਤੇ ਪ੍ਰਗਟ ਸਿੰਘ ਅਤੇ ਦਲੀਪ ਸਿੰਘ ਭੱਜ ਗਏ। ਉਨ੍ਹਾਂ ਬਲਵਿੰਦਰ ਕੌਰ ਨੂੰ ਪੀ.ਜੀ.ਆਈ. ਚੰਡੀਗੜ੍ਹ ਪਹੁੰਚਾਇਆ। ਮ੍ਰਿਤਕਾ ਦੇ 15 ਸਾਲਾ ਪੁੱਤਰ ਦਮਨਪ੍ਰੀਤ ਨੇ ਆਪਣੇ ਪਿਤਾ ਅਤੇ ਦਾਦਾ ਦੇ ਹੱਕ ਵਿਚ ਹੀ ਬਿਆਨ ਦਿੱਤਾ। ਅਦਾਲਤ ਨੇ 20 ਗਵਾਹਾਂ ਦੀ ਗੱਲਬਾਤ ਸੁਣਨ ਤੋਂ ਬਾਅਦ ਦੋਹਾਂ ਵਿਅਕਤੀਆਂ ਨੂੰ ਇਹ ਸਜ਼ਾ ਸੁਣਾਈ।


# ਰੇਡੀਓ ਚੜ੍ਹਦੀ ਕਲਾ ਸੁਣੋ

ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ ਪਏ ਪੁਰਾਣੇ ਰੇਡੀਓ ਸੈਟਾਂ ਉਪਰ

ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ

ਗੁਰਚਰਨ ਸਿੰਘ ਮਾਨ, 510-557-0061

ਲਖਵੀਰ ਸਿੰਘ, 510-768-9882

ਰੇਡੀਓ ਚੜ੍ਹਦੀ ਕਲਾ

ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ

> ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
> ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
> ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
> ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
> ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com

**Radio CK, PO Box 296, Fremont, CA 94537**

**Purchase radio from:** Royal Bazar Alum Rock Ave San Jose, Preet Fabrik and appliances Fremont, Kash Fabrik Hayward, Sidhartha International Fremont, Roshni Decoto Road Union City



**MRP TRAVEL**

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

408-929-8005

E-mail:mrptravel@gmail.com

2123 Port Way, San Jose, CA 95133

CST: 2097308-40



Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES

We Also Offer Notary Service



**Desi Cuts and Color Plus**

For Men, Women & Children



Mandeep 510-200-4415

Grand Opening

Ph:510-429-0786



Tony (510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜ਼ਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜ਼ਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 (Behind Tacobell)



## Matrimonials

**ਕੰਨਿਆ ਦੀ ਲੋੜ**

ਇੰਡੀਆ ਰਹਿੰਦੇ ਖੂਬਸੂਰਤ 25 ਸਾਲਾ, 5'-11" ਗੁਰਸਿੱਖ ਦਿਲੋਂ ਜੱਟ ਲੜਕੇ ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 847-454-4062

US/Canadian citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Contact: Sikh5family@gmail.com






**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

Surjit Singh or Satwant K. Takk Cell:

(416) 889-9886

Sukhpreet Kaur Indiana

Ph:317-884-3557

www.safeandeasyweightloss.com
e-mail:sstakk@hotmail.com



FARMERS INSURANCE GROUP Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਖਾਲਿਸਤਾਨ ਜੱਦੋ-ਜਹਿਦ ਲੋਕਾਂ ਦੀ ਲਹਿਰ ਕਿਉਂ ਨਾ ਬਣ ਸਕੀ?

## ■ ਪੱਤਰਕਾਰ ਜਗਤਾਰ ਸਿੰਘ ਦੀ ਕਿਤਾਬ 'ਖਾਲਿਸਤਾਨ ਸਟਰਗਲ-ਏ ਨਾਨ ਮੂਵਮੈਂਟ' ਰਿਲੀਜ਼

**ਚੰਡੀਗੜ੍ਹ:** ਪੱਤਰਕਾਰ ਜਗਤਾਰ ਸਿੰਘ ਦੀ ਲਿਖੀ ਕਿਤਾਬ 'ਖਾਲਿਸਤਾਨ ਸਟਰਗਲ-ਏ ਨਾਨ ਮੂਵਮੈਂਟ' (ਲਹਿਰ ਕਿਉਂ ਨਾ ਬਣ ਸਕੀ ਖਾਲਿਸਤਾਨ ਜੱਦੋ-ਜਹਿਦ) ਦੇ ਰਿਲੀਜ਼ ਸਮਾਗਮ ਮੌਕੇ ਸਿੱਖ ਰਾਜ, ਇਸ ਦੇ ਸੰਕਲਪ ਅਤੇ ਇਸ ਦੇ ਘੇਰੇ ਬਾਰੇ ਭਰਵਾਂ ਵਿਚਾਰ-ਵਟਾਂਦਰਾ ਹੋਇਆ। ਇਸ ਸਮਾਗਮ ਦੀ ਪ੍ਰਧਾਨਗੀ ਇਤਿਹਾਸਕਾਰ ਡਾ. ਜੇ.ਐਸ. ਗਰੇਵਾਲ ਨੇ ਕੀਤੀ ਅਤੇ ਕਿਤਾਬ ਬਾਰੇ ਮੁਢਲਾ ਭਾਸ਼ਨ ਡਾ. ਬਲਕਾਰ ਸਿੰਘ ਨੇ ਦਿੱਤਾ।

ਇਸ ਵਿਚਾਰ-ਚਰਚਾ ਦੌਰਾਨ ਇਹ ਸਵਾਲ ਉੱਭਰੇ ਕਿ ਕੀ ਖਾਲਿਸਤਾਨੀ ਜੱਦੋ-ਜਹਿਦ ਲੋਕਾਂ ਤੋਂ ਟੁੱਟੀ ਹੋਈ ਸੀ?, ਕਿ ਇਹ ਲਹਿਰ ਲੋਕਾਂ ਦੀ ਲਹਿਰ ਕਿਉਂ ਨਾ ਬਣ ਸਕੀ?, ਕਿ 'ਰਾਜ ਕਰੇਗਾ ਖਾਲਸਾ' ਦਾ ਮਤਲਬ ਵੱਖਰੇ ਰਾਜ ਦੀ ਗੱਲ ਕਰਦਾ ਹੈ ਜਾਂ ਇਸ ਦਾ ਮਤਲਬ ਇਹ ਹੈ ਕਿ ਸਿੱਖ ਸਿਧਾਤਾਂ ਨੂੰ ਪ੍ਰਣਾਇਆ ਰਾਜ ਕਾਇਮ ਕੀਤਾ ਜਾਵੇ? ਡਾ. ਬਲਕਾਰ ਸਿੰਘ ਨੇ ਕਿਤਾਬ ਦੇ ਹਵਾਲੇ ਨਾਲ ਕਿਹਾ ਕਿ ਖਾਲਿਸਤਾਨੀ ਜੱਦੋ-ਜਹਿਦ ਅਸਲ ਵਿਚ ਉਨ੍ਹਾਂ ਬੇਚੈਨ ਹੋਏ ਵਕਤਾਂ ਦਾ ਕੋਈ ਉਬਾਲ ਸੀ ਜਿਸ ਨੂੰ ਕੁਝ ਲੋਕਾਂ ਨੇ ਅਗਾਂਹ ਸਿਆਸਤ ਦੇ ਪਿੜ ਵਿਚ ਜੈਕਾਰੇ ਬੁਲਾਉਣ ਲਈ ਉਭਾਰਿਆ। ਉਨ੍ਹਾਂ ਕਿਤਾਬ ਵਿਚ ਪੇਸ਼ ਤੱਥਾਂ ਬਾਰੇ ਵੀ ਗੱਲਾਂ ਕੀਤੀਆਂ ਅਤੇ ਕਿਹਾ ਕਿ ਲੇਖਕ ਨੇ ਤਕਰੀਬਨ ਸਾਰੀਆਂ ਘਟਨਾਵਾਂ ਬਹੁਤ ਵੇਰਵਿਆਂ ਨਾਲ ਪਾਠਕਾਂ ਅੱਗੇ ਰੱਖੀਆਂ ਹਨ।

ਡਾ. ਜੇ.ਐਸ. ਗਰੇਵਾਲ ਨੇ ਇਸ ਨੁਕਤੇ ਨਾਲ ਅਸਹਿਮਤੀ ਪ੍ਰਗਟਾਈ ਕਿ ਖਾਲਿਸਤਾਨੀ ਜੱਦੋ-ਜਹਿਦ ਲੋਕਾਂ ਦੀ ਲਹਿਰ ਨਹੀਂ ਬਣ ਸਕੀ। ਇਸ ਤੋਂ ਬਾਅਦ ਉਨ੍ਹਾਂ ਸ੍ਰੀ ਗੁਰੂ ਅਰਜਨ ਦੇਵ ਵੱਲੋਂ ਵਰਤੇ ਸ਼ਬਦ 'ਹਲੇਮੀ ਰਾਜ', ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਵੇਲੇ 'ਰਾਜ ਕਰੇਗਾ ਖਾਲਸਾ' ਅਤੇ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਹਵਾਲਿਆਂ ਨਾਲ ਸਿੱਖ ਰਾਜ ਬਾਰੇ ਗੱਲਾਂ ਕੀਤੀਆਂ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਨ੍ਹਾਂ ਸ਼ਬਦਾਂ ਨੂੰ ਪ੍ਰਸੰਗ ਨਾਲੋਂ ਤੋੜ ਕੇ ਨਹੀਂ ਸਮਝਿਆ ਜਾ ਸਕਦਾ। ਮਸਲਨ, 'ਹਲੇਮੀ ਰਾਜ' ਦੀ ਚਰਚਾ ਵੇਲੇ ਸ੍ਰੀ ਗੁਰੂ ਅਰਜਨ ਦੇਵ ਵੇਲੇ ਦੇ 'ਸੋਸ਼ਲ ਆਰਡਰ' ਨੂੰ ਧਿਆਨ ਵਿਚ ਰੱਖਣਾ ਪਵੇਗਾ, 'ਰਾਜ ਕਰੇਗਾ ਖਾਲਸਾ' ਦੀ ਗੱਲ ਤੋਰਦਿਆਂ ਉਸ ਸਮੇਂ ਦੇ ਮੁਗਲ ਸ਼ਾਸਕਾਂ ਦੇ ਰਾਜ ਨੂੰ ਵੀ ਗੌਲਣਾ ਪਵੇਗਾ, ਤੇ ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਗੱਲ ਕਰਨ ਮੌਕੇ ਉਸ ਵੇਲੇ ਦੀ ਰਜਵਾੜਾਸ਼ਾਹੀ ਨੂੰ ਆਧਾਰ ਮੰਨਣਾ ਪਵੇਗਾ। ਇਸ ਵਿਚੋਂ ਹੀ ਸਿਆਸੀ ਹੋਂਦ ਦੇ ਸਵਾਲ ਨੂੰ ਲੱਭਿਆ ਜਾ ਸਕਦਾ ਹੈ। ਇਸ ਤੋਂ ਪਿੱਛੋਂ ਉਨ੍ਹਾਂ 1940 ਵਿਚ ਚਰਚਾ ਵਿਚ ਆਏ 'ਆਜ਼ਾਦ ਪੰਜਾਬ', 1944 ਵਿਚ ਲੱਗੇ 'ਸਿੱਖ ਹੋਮਲੈਂਡ' ਦੇ ਨਾਅਰੇ ਅਤੇ 1945 ਵਿਚ 'ਸੌਵਰਨ ਸਿੱਖ ਸਟੇਟ' ਬਾਰੇ ਚੱਲੀ ਚਰਚਾ ਦੀ ਗੱਲ ਛੇੜੀ। ਉਨ੍ਹਾਂ ਕਿਹਾ ਕਿ ਇਸ ਸਾਰੇ ਦੌਰ ਦੌਰਾਨ ਮਸਲਾ ਇਕ ਹੀ ਸੀ ਕਿ ਸਿੱਖਾਂ ਨੂੰ ਮੁਸਲਮਾਨਾਂ ਅਤੇ ਹਿੰਦੂਆਂ ਦੇ ਬਰਾਬਰ ਨੁਮਾਇੰਦਗੀ ਮਿਲੇ। ਇਸ ਪਾਸੇ ਜਦੋਂ ਸਫਲਤਾ ਨਾ ਮਿਲੀ ਤਾਂ ਅਕਾਲੀਆਂ ਨੇ ਪੰਜਾਬ ਦੀ ਵੰਡ ਦੀ ਗੱਲ ਕਰਨੀ ਆਰੰਭ ਕਰ ਦਿੱਤੀ।

ਉਨ੍ਹਾਂ ਕਿਹਾ ਕਿ 1947 ਦੇਸ਼ ਦੀ ਵੰਡ ਤੋਂ ਬਾਅਦ ਸੋਚ ਦੀਆਂ ਦੋ ਵੱਖਰੀਆਂ ਧਾਰਾਵਾਂ ਸਾਹਮਣੇ ਆਈਆਂ। ਇਕ ਦਾ ਜ਼ੋਰ ਸਿੱਖ ਪਛਾਣ ਉਤੇ ਸੀ ਅਤੇ ਦੂਜੀ ਦਾ ਆਧਾਰ ਪੰਜਾਬ ਤੇ ਪੰਜਾਬੀ ਭਾਸ਼ਾ ਬਣਿਆ। ਇਸ ਤੋਂ ਹੌਲੀ-ਹੌਲੀ ਮੰਗ ਸੰਘੀ ਢਾਂਚੇ ਜਾਂ ਵੱਧ ਖ਼ੁਦਮੁਖਤਾਰੀ ਦੀ ਹੋਣ ਲੱਗ ਪਈ। ਉਨ੍ਹਾਂ ਖਾਲਿਸਤਾਨ ਦੀ ਮੰਗ ਬਾਰੇ ਸਿੱਧੀ ਸਪਾਟ ਗੱਲ ਕਰਨ ਦੀ ਥਾਂ ਕਿਹਾ ਕਿ ਇਸ ਬਾਰੇ ਬਹਿਸ ਜਾਂ ਗੱਲ ਕੀਤੀ ਜਾ ਸਕਦੀ ਹੈ। ਉਨ੍ਹਾਂ ਲੇਖਕ ਦੀ ਦੱਬ ਕੇ ਪ੍ਰਸੰਸਾ ਕੀਤੀ ਕਿ ਕਿਤਾਬ ਵਿਚ ਤੱਥਾਂ ਦੀ ਬਹੁਤ ਖ਼ੂਬਸੂਰਤ ਪੇਸ਼ਕਾਰੀ ਕੀਤੀ ਗਈ ਹੈ। ਕਿਤਾਬ ਪੜ੍ਹ ਕੇ ਉਸ ਦੌਰ ਦੀ ਨਿੱਕੀ ਤੋਂ ਨਿੱਕੀ ਗੱਲ ਬਾਰੇ ਸੂਹ ਮਿਲ ਜਾਂਦੀ ਹੈ।




*ਕਿਤਾਬ 'ਖਾਲਿਸਤਾਨ ਸਟਰਗਲ-ਏ ਨਾਨ ਮੂਵਮੈਂਟ' ਰਿਲੀਜ਼ ਕਰ ਰਹੇ ਡਾ. ਬਲਕਾਰ ਸਿੰਘ, ਡਾ. ਜੇ.ਐਸ. ਗਰੇਵਾਲ ਤੇ ਲੇਖਕ ਜਗਤਾਰ ਸਿੰਘ।*

ਲੇਖਕ ਜਗਤਾਰ ਸਿੰਘ ਨੇ ਕਿਹਾ ਕਿ ਬਲੂ ਸਟਾਰ ਓਪਰੇਸ਼ਨ ਤੋਂ ਤੁਰੰਤ ਬਾਅਦ ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਗਿਆ ਸੀ, ਕਿਤਾਬ ਲਿਖਣ ਦਾ ਖਿਆਲ ਉਦੋਂ ਹੀ ਮਨ ਵਿਚ ਆ ਗਿਆ ਸੀ। ਉਦੋਂ ਲੱਗਿਆ ਸੀ ਕਿ ਸਾਰੀਆਂ ਹੋਈਆਂ-ਬੀਤੀਆਂ ਗੱਲਾਂ ਰਿਕਾਰਡ 'ਤੇ ਲਿਆਉਣੀਆਂ ਚਾਹੀਦੀਆਂ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਤੋਂ ਸਬਕ ਸਿੱਖ ਕੇ ਅਗਾਂਹ ਲਈ ਰਣਨੀਤੀ ਘੜ ਸਕਣ। ਸਮਾਗਮ ਵਿਚ ਪੱਤਰਕਾਰਾਂ ਅਤੇ ਬੁਧੀਜੀਵੀਆਂ ਦੀ ਭਰਪੂਰ ਹਾਜ਼ਰੀ ਰਹੀ।

# 'ਖਾਲਿਸਤਾਨ ਸਟਰਗਲ: ਏ ਨਾਨ-ਮੂਵਮੈਂਟ' ਦੀ ਭੂਮਿਕਾ

ਪੰਜਾਬ ਵਿਚ ਦਸ ਸਾਲਾਂ ਤੋਂ ਵੀ ਵਧ ਸਮੇਂ ਤੱਕ ਤਰਥੱਲੀ ਮਚਾਈ ਰੱਖਣ ਵਾਲੀ ਸਿਆਸੀ ਹਿੰਸਾ ਨੂੰ ਸ਼ੁਰੂ ਦੇ ਦੌਰ ਵਿਚ ਜਿੱਥੇ ਸ਼੍ਰੋਮਣੀ ਅਕਾਲੀ ਦਲ ਵਲੋਂ ਜਾਇਜ਼ ਠਹਿਰਾ ਕੇ ਇਸ ਦੀ ਹਮਾਇਤ ਕੀਤੀ ਜਾਂਦੀ ਰਹੀ, ਉਥੇ ਕਾਂਗਰਸ ਵਲੋਂ ਵੀ ਸੂਬੇ ਵਿਚਲੇ ਖਾੜਕੂਵਾਦ ਨੂੰ ਸ਼ਹਿ ਦਿੱਤੀ ਜਾਂਦੀ ਰਹੀ। ਇਤਿਹਾਸ ਦੇ ਇਕ ਦੌਰ ਵਿਚ ਇਸ ਖਿੱਤੇ ਉੱਤੇ ਰਾਜ ਕਰਦੇ ਰਹੇ ਸਿੱਖਾਂ ਦੀਆਂ ਇਛਾਵਾਂ ਅਤੇ ਤਾਂਘਾਂ ਨੂੰ ਸ਼੍ਰੋਮਣੀ ਅਕਾਲੀ ਦਲ ਜਗਾਉਂਦਾ ਵੀ ਰਿਹਾ ਹੈ ਅਤੇ ਸਿੱਖ ਭਾਈਚਾਰੇ ਦੇ ਸਿਆਸੀ ਵਲਵਲਿਆਂ ਦੀ ਆਵਾਜ਼ ਵੀ ਬਣਦਾ ਰਿਹਾ ਹੈ। ਅਕਾਲੀ ਦਲ ਵਲੋਂ ਸਾਲਾਂਬੱਧੀ ਅਪਣਾਏ ਜਾਂਦੇ ਰਹੇ ਪੰਥਕ ਏਜੰਡੇ ਨੇ ਖਾੜਕੂਵਾਦ ਨੂੰ ਸੂਬੇ ਵਿਚ ਪਲੁਰਨ ਲਈ ਲੋੜੀਦੀ ਜ਼ਮੀਨ ਅਤੇ ਹਾਲਾਤ ਮੁਹੱਈਆ ਕੀਤੇ। ਸ਼੍ਰੋਮਣੀ ਅਕਾਲੀ ਦਲ ਅਤੇ ਸ਼ਕਤੀਸ਼ਾਲੀ ਸਿੱਖ ਸੰਸਥਾ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਲੋਂ ਕਈ ਦਹਾਕੇ ਸਿੱਖਾਂ ਦੀਆਂ ਰਾਜਨੀਤਕ ਤੇ ਧਾਰਮਿਕ ਆਕਾਂਖਿਆਵਾਂ ਦੀ ਪੂਰਤੀ ਕਰਨ ਦੇ ਸਮਰੱਥ ਕੋਈ ਭੂਗੋਲਿਕ-ਰਾਜਸੀ ਵਾਤਾਵਰਣ ਸਿਰਜਣ ਲਈ ਕਿਸੇ ਨਾ ਕਿਸੇ ਰੂਪ ਵਿਚ ਕੀਤੀ ਜਾਂਦੀ ਮੰਗ ਸਦਕਾ ਬਣੀ ਹੋਈ ਸਿੱਖ ਮਾਨਿਕਸਕਤਾ ਖਾਲਸਿਤਾਨ ਦੀ ਜਦੋਜਹਿਦ ਦੇ ਪੈਦਾ ਹੋਣ ਦਾ ਅਧਾਰ ਬਣੀ।

ਇਸ ਕਿਤਾਬ ਵਿਚ 1978 ਵਿਚ ਸਿੱਖਾਂ ਅਤੇ ਨਿਰੰਕਾਰੀਆਂ ਵਿਚਕਾਰ ਹੋਏ ਖ਼ੂਨੀ ਟਕਰਾਅ ਨਾਲ ਇਸ ਸਰਹੱਦੀ ਸੂਬੇ ਵਿਚ ਪੈਦਾ ਹੋਏ ਹਾਲਾਤ ਦਾ ਬਿਰਤਾਂਤ ਵੀ ਦਿੱਤਾ ਗਿਆ ਹੈ ਅਤੇ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਲੇਖਕ ਨੇ 1978 ਵਿਚ ਹੀ 'ਇੰਡੀਅਨ ਐਕਸਪ੍ਰੈਸ' ਅਖਬਾਰ ਵਿਚ ਚੰਡੀਗੜ ਤੋਂ ਨੌਕਰੀ ਸ਼ੁਰੂ ਕੀਤੀ ਸੀ, ਪਰ ਕੁਝ ਮਹੀਨਿਆਂ ਬਾਅਦ ਹੀ ਨਿਯੁਕਤੀ ਅੰਮ੍ਰਿਤਸਰ ਹੋ ਗਈ ਸੀ। ਤਕਰੀਬਨ ਇਕ ਸਦੀ ਦੇ ਚੌਥੇ ਹਿੱਸੇ ਦੇ ਸਮੇਂ ਤੱਕ ਪੰਜਾਬ ਦੀਆਂ ਖਬਰਾਂ ਰਿਪੋਰਟ ਕਰਨ ਦੇ ਨਾਲ-ਨਾਲ, ਉਹ ਸੂਬੇ ਵਿਚਲੇ ਸਿਆਸੀ ਅਤੇ ਖਾੜਕੂਵਾਦ ਦੇ ਘਟਨਾ-ਚੱਕਰ ਦਾ ਵਿਸ਼ਲੇਸ਼ਣ ਵੀ ਇਸ ਅਖਬਾਰ ਲਈ ਕਰਦਾ ਰਿਹਾ ਹੈ। ਅਖਬਾਰ ਵਿਚ ਲੰਬਾ ਸਮਾਂ ਕੰਮ ਕਰਨ ਕਰਕੇ ਪੰਜਾਬ ਵਿਚ ਵਾਪਰੀਆਂ ਵੱਡੀਆਂ ਘਟਨਾਵਾਂ ਨੂੰ ਨੇੜਿਉਂ ਵੇਖਣ ਅਤੇ ਇਹਨਾਂ ਘਟਨਾਵਾਂ ਦੇ ਪਿਛੋਕੜ ਵਿਚਲੀਆਂ ਤਾਕਤਾਂ ਅਤੇ ਕਾਰਨਾਂ ਨੂੰ ਸਮਝਣ ਦਾ ਮੌਕਾ ਵੀ ਮਿਲਿਆ।

ਇਕ ਸਮੇਂ ਇਹ ਕਿਹਾ ਜਾਂਦਾ ਸੀ ਕਿ ਪੰਜਾਬ ਅਜਿਹੀ ਹਨੇਰੀ ਸੁਰੰਗ ਵਿਚ ਦਾਖਲ ਹੋ ਗਿਆ ਹੈ ਜਿਸ ਦਾ ਕੋਈ ਦੂਜਾ ਸਿਰਾ ਨਹੀਂ ਨਹੀਂ ਦਿਸਦਾ। ਇਹ ਜਦੋਜਹਿਦ, ਜਿਹੜੀ ਆਪਣੇ ਪਹਿਲੇ ਪੜਾਅ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਨੁਸਾਰ "ਸਿੱਖਾਂ ਦੀ ਅਣਖ ਤੇ ਸ਼ਾਨ ਦੀ ਬਹਾਲੀ" ਲਈ ਸੀ, ਕਿਸੇ ਇਕ ਸਾਂਝੇ ਕੰਟਰੋਲ, ਲੋਕਾਂ ਦੀ ਹਮਾਇਤ ਅਤੇ ਅਸਰਦਾਰ ਸਿਆਸੀ ਫਰੰਟ ਦੀ ਅਣਹੋਂਦ ਕਾਰਨ ਲੋਕ ਲਹਿਰ ਬਣ ਹੀ ਨਹੀਂ ਸਕੀ। ਸ਼ੁਰੂ-ਸ਼ੁਰੂ ਵਿਚ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਇਕ ਵੱਡੇ ਅਕਾਲੀ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਸੋਚੀ ਸਮਝੀ ਨੀਤੀ ਅਧੀਨ ਹਮਾਇਤ ਮਿਲਦੀ ਰਹੀ ਸੀ। ਜਦੋਂ ਸੰਤ ਜਰਨੈਲ ਸਿੰਘ ਨੇ ਸਿਰ ਤਲੀ ਉੱਤੇ ਧਰ ਕੇ ਭਾਰਤੀ ਸਟੇਟ ਨਾਲ ਟਕਰਾਅ ਵੱਲ ਜਾਂਦੇ ਰਾਹ ਉੱਤੇ ਆਪਣਾ ਕਦਮ ਰੱਖਿਆ ਤਾਂ ਇੰਦਰਾ ਗਾਂਧੀ ਦੀ ਸਰਕਾਰ ਦੀਆਂ ਕੂਟਨੀਤੀਆਂ ਕਾਰਨ ਸੰਤ ਲਈ ਸ਼ਹੀਦੀ ਤੋਂ ਇਲਾਵਾ ਹੋਰ ਕੋਈ ਚਾਰਾ ਹੀ ਨਹੀਂ ਸੀ ਬਚਿਆ ਅਤੇ ਸ਼ਹਾਦਤ ਦੇਣ ਲਈ ਉਹ ਪਹਿਲੇ ਦਿਨ ਤੋਂ ਹੀ ਤਿਆਰ-ਬਰ-ਤਿਆਰ ਸਨ। ਪੰਜਾਬ ਵਿਚ ਜਦੋਂ ਫੌਜ ਦਾਖਲ ਹੋਈ ਸੀ ਤਾਂ ਸੰਤ ਜਰਨੈਲ ਸਿੰਘ ਨੇ ਆਪਸੀ ਗੱਲਬਾਤ ਰਾਹੀਂ ਕਿਸੇ ਸਨਮਾਨਯੋਗ ਸਮਝੌਤੇ ਦੀ ਹਮਾਇਤ ਕੀਤੀ ਸੀ, ਪਰ ਇਹ ਹੋ ਨਹੀਂ ਸੀ ਸਕਿਆ। ਜਦੋਂ ਸੰਤ ਜਰਨੈਲ ਸਿੰਘ ਪੰਜਾਬ ਦੇ ਰਾਜਸੀ ਦ੍ਰਿਸ਼ ਉੱਤੇ ਪ੍ਰਗਟ ਹੋਏ ਸਨ ਤਾਂ ਉਸ ਵੇਲੇ ਪੰਜਾਬ ਵਿਚ ਅਕਾਲੀ ਦਲ ਅਤੇ ਕੇਂਦਰ ਵਿਚ ਜਨਤਾ ਪਾਰਟੀ ਦਾ ਰਾਜ ਸੀ।

*ਸਿਆਸੀ ਹਿੰਸਾ ਪੰਜਾਬ ਲਈ ਕੋਈ ਨਵਾਂ ਵਰਤਾਰਾ ਨਹੀਂ ਹੈ। ਇਸ ਤੋਂ ਪਹਿਲਾਂ ਤੱਤੇ ਕਾਮਰੇਡਾਂ ਨੇ ਨਕਸਲਵਾੜੀ ਲਹਿਰ ਚਲਾਈ ਸੀ ਜਿਸ ਨੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ ਪਰ ਲੋਕਾਂ ਦੀ ਬਣਦੀ ਹਮਾਇਤ ਨਾ ਮਿਲਣ ਕਾਰਨ ਇਹ ਲਹਿਰ ਦਬਾਅ ਦਿੱਤੀ ਗਈ। ਇਨ੍ਹਾਂ ਦੋਹਾਂ ਲਹਿਰਾਂ ਦੀ ਆਪਸ ਵਿਚ ਕੋਈ ਤੁਲਨਾ ਤਾਂ ਨਹੀਂ ਕੀਤੀ ਜਾ ਸਕਦੀ ਪਰ ਖਾਲਿਸਤਾਨੀ ਲਹਿਰ ਵੇਲੇ ਹਿੰਸਾ ਦੇ ਸਭ ਰਿਕਾਰਡ ਟੁੱਟ ਗਏ। ਉਂਜ, ਦਿਲਚਸਪ ਪਹਿਲੂ ਇਹ ਰਿਹਾ ਕਿ ਨਕਸਲਵਾੜੀ ਲਹਿਰ ਨੇ ਪੰਜਾਬ ਦੇ ਸਾਹਿਤ, ਸਭਿਆਚਾਰ ਅਤੇ ਕਲਾ ਦੇ ਖੇਤਰਾਂ ਵਿਚ ਭਰਪੂਰ ਯੋਗਦਾਨ ਪਾਇਆ। ਇਸ ਦੇ ਉਲਟ ਖਾਲਿਸਤਾਨੀ ਲਹਿਰ ਇਕ ਵੀ ਚੰਗੀ ਕਵਿਤਾ, ਕਹਾਣੀ, ਨਾਟਕ ਜਾਂ ਪੇਂਟਿੰਗ ਨਹੀਂ ਪੈਦਾ ਕਰ ਸਕੀ।*




ਸਿਆਸੀ ਹਿੰਸਾ ਪੰਜਾਬ ਲਈ ਕੋਈ ਨਵਾਂ ਵਰਤਾਰਾ ਨਹੀਂ ਹੈ। ਇਸ ਤੋਂ ਪਹਿਲਾਂ ਤੱਤੇ ਕਾਮਰੇਡਾਂ ਨੇ ਨਕਸਲਵਾੜੀ ਲਹਿਰ ਚਲਾਈ ਸੀ ਜਿਸ ਨੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ ਪਰ ਲੋਕਾਂ ਦੀ ਬਣਦੀ ਹਮਾਇਤ ਨਾ ਮਿਲਣ ਕਾਰਨ ਇਹ ਲਹਿਰ ਦਬਾਅ ਦਿੱਤੀ ਗਈ। ਇਨ੍ਹਾਂ ਦੋਹਾਂ ਲਹਿਰਾਂ ਦੀ ਆਪਸ ਵਿਚ ਕੋਈ ਤੁਲਨਾ ਤਾਂ ਨਹੀਂ ਕੀਤੀ ਜਾ ਸਕਦੀ ਪਰ ਖਾਲਿਸਤਾਨੀ ਲਹਿਰ ਵੇਲੇ ਹਿੰਸਾ ਦੇ ਸਭ ਰਿਕਾਰਡ ਟੁੱਟ ਗਏ। ਉਂਜ, ਦਿਲਚਸਪ ਪਹਿਲੂ ਇਹ ਰਿਹਾ ਕਿ ਨਕਸਲਵਾੜੀ ਲਹਿਰ ਨੇ ਪੰਜਾਬ ਦੇ ਸਾਹਿਤ, ਸਭਿਆਚਾਰ ਅਤੇ ਕਲਾ ਦੇ ਖੇਤਰਾਂ ਵਿਚ ਭਰਪੂਰ ਯੋਗਦਾਨ ਪਾਇਆ। ਇਸ ਦੇ ਉਲਟ ਖਾਲਿਸਤਾਨੀ ਲਹਿਰ ਇਕ ਵੀ ਚੰਗੀ ਕਵਿਤਾ, ਕਹਾਣੀ, ਨਾਟਕ ਜਾਂ ਪੇਂਟਿੰਗ ਨਹੀਂ ਪੈਦਾ ਕਰ ਸਕੀ। ਨਾਲੇ, ਨਕਸਲਵਾੜੀ ਲਹਿਰ ਦਾ ਆਧਾਰ ਵਿਚਾਰਧਾਰਕ ਸੀ ਜਦੋਂਕਿ ਖਾਲਿਸਤਾਨੀ ਲਹਿਰ ਦਾ ਆਧਾਰ ਸਿਆਸੀ ਵਿਤਕਰਾ ਬਣਿਆ।

ਪੰਜਾਬ ਵਿਚਲਾ ਸਿੱਖ ਖਾੜਕੂਵਾਦ, ਅਫਗਾਨਿਸਤਾਨ ਵਿਚ ਸੋਵੀਅਤ ਯੂਨੀਅਨ ਦੀ ਦਖ਼ਲਅੰਦਾਜ਼ੀ ਦੇ ਨਾਲ-ਨਾਲ ਹੀ ਸ਼ੁਰੂ ਹੋਇਆ ਅਤੇ ਇਹ ਸੋਵੀਅਤ ਯੂਨੀਅਨ ਦੀ ਖੁਫੀਆ ਏਜੰਸੀ ਕੇ.ਜੀ.ਬੀ. ਹੀ ਸੀ ਜਿਸਨੇ ਪਹਿਲੀ ਵਾਰੀ ਜਨਤਕ ਤੌਰ ਉੱਤੇ ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਅਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਉੱਤੇ ਸਰਹੱਦੀ ਸੂਬੇ ਪੰਜਾਬ ਵਿਚ ਗੜਬੜੀ ਫੈਲਾਅ ਕੇ ਭਾਰਤ ਨੂੰ ਅਸਥਿਰ ਕਰਨ ਦੇ ਦੋਸ਼ ਲਾਏ ਸਨ। ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਇੰਦਰਾ ਗਾਂਧੀ ਨੇ ਵੀ ਉਹੀ ਸਿਆਸਤ ਕਿਉਂ ਕੀਤੀ ਜਿਹੜੀ ਵੱਖਵਾਦੀ ਰੁਝਾਨਾਂ ਨੂੰ ਹਵਾ ਦਿੰਦੀ ਸੀ ਅਤੇ ਸੀ.ਆਈ.ਏ; ਆਈ.ਐਸ.ਆਈ. ਅਤੇ ਸੰਤ ਭਿੰਡਰਾਂਵਾਲੇ ਦੇ ਮਨਸੂਬਿਆਂ ਦੇ ਸੂਤ ਬੈਠਦੀ ਸੀ? ਸਰਕਾਰ ਨੇ ਸੰਤ ਭਿੰਡਰਾਂਵਾਲਿਆਂ ਅਤੇ ਦਰਬਾਰ ਸਾਹਿਬ ਕੰਪਲੈਕਸ ਵਿਚਲੀ ਇਕ ਹੋਰ ਖਾੜਕੂ ਜਥੇਬੰਦੀ ਬੱਬਰ ਖਾਲਸਾ ਨੂੰ ਹਥਿਆਰਾਂ ਦੀ ਹੁੰਦੀ ਸਪਲਾਈ ਨੂੰ ਨਹੀਂ ਸੀ ਰੋਕਿਆ। "ਹਿੰਦੂ ਇੰਡੀਆ" ਅਤੇ "ਮੁਸਲਿਮ ਪਾਕਿਸਤਾਨ" ਦਰਮਿਆਨ ਬਫਰ ਸਟੇਟ ਵਜੋਂ ਖਾਲਿਸਤਾਨ ਬਣਾਉਣ ਦੀ ਮੰਗ, ਇਸ ਖਿੱਤੇ ਵਿਚ ਖੇਡੀ ਜਾ ਰਹੀ ਕੌਮਾਂਤਰੀ ਸ਼ਕਤੀ ਖੇਡ ਦਾ ਹਿੱਸਾ ਵੀ ਹੋ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਵਲੋਂ 1973 ਵਿਚ ਪਾਸ ਕੀਤੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਕਾਂਗਰਸ ਨੇ ਮੁਲਕ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਕਹਿਕੇ ਉਸ ਧਰਮ ਮੋਰਚੇ ਤੋਂ ਕਈ ਸਾਲ ਬਾਅਦ ਭੰਡਿਆ ਜਿਹੜਾ ਅਕਾਲੀ ਦਲ ਨੇ 1982 ਵਿਚ ਇੰਦਰਾ ਗਾਂਧੀ ਨਾਲ ਕੁਝ ਮੰਗਾਂ ਨੂੰ ਲੈ ਕੇ ਚਲ ਰਹੀ ਗੱਲਬਾਤ ਫੇਲ ਹੋ ਜਾਣ ਤੋਂ ਬਾਅਦ ਸ਼ੁਰੂ ਕੀਤਾ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਅਕਾਲੀ ਆਗੂਆਂ ਦਰਮਿਆਨ ਧਰਮ ਯੁੱਧ ਮੋਰਚੇ ਦੇ ਸ਼ੁਰੂ ਹੋਣ ਤੋਂ ਬਾਅਦ ਕਦੇ ਵੀ ਸਮਝੌਤੇ ਨੂੰ ਲੈ ਕੇ ਆਪਸੀ ਗੱਲਬਾਤ ਨਹੀਂ ਹੋਈ। ਅਕਾਲੀ ਦਲ ਦੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣ ਦੀ ਮੰਗ ਨੂੰ ਸੰਤ ਜਰਨੈਲ ਸਿੰਘ, ਜਿਨ੍ਹਾਂ ਨੇ ਕਦੇ ਵੀ ਖਾਲਿਸਤਾਨ ਦੀ ਬਕਾਇਦਾ ਮੰਗ ਨਹੀਂ ਸੀ ਕੀਤੀ, ਨੇ ਅਪਣਾ ਲਿਆ ਸੀ। ਅਨੰਦਪੁਰ ਸਾਹਿਬ ਦੇ ਮਤੇ ਵਿਚਲੇ ਰਾਜਸੀ ਮਨੋਰਥ ਨੂੰ 1974 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸ਼ਬਦਾਂ ਦੇ ਮਾਮੂਲੀ ਫੇਰ-ਬਦਲ ਕਰਕੇ ਆਪਣੇ ਸੰਵਿਧਾਨ ਵਿਚ ਸ਼ਾਮਲ ਕਰਕੇ ਸਾਂਭ ਲਿਆ। 1966 ਵਿਚ ਪਾਸ ਕੀਤੇ ਗਏ ਸਿੱਖਸਤਾਨ ਦੇ ਮਤੇ, ਜਿਸਨੂੰ ਹੀ ਬਾਅਦ ਸੋਧ ਕੇ ਅਨੰਦਪੁਰ ਸਾਹਿਬ ਦੇ ਮਤੇ ਦਾ ਨਾਂ ਦਿੱਤਾ ਗਿਆ, ਨੂੰ ਮੁੱਦਾ ਬਣਾਕੇ ਅਕਾਲੀ ਦਲ ਨੇ 1967 ਵਿਚ ਵੀ ਚੋਣ ਲੜੀ ਸੀ। ਨਾ ਤਾਂ ਅਨੰਦਪੁਰ ਸਾਹਿਬ ਦਾ ਮਤਾ ਅਤੇ ਨਾ ਹੀ ਖਾਲਸਿਤਾਨ ਦੀ ਮੰਗ ਕੋਈ ਨਵਾਂ ਸਿਆਸੀ ਵਰਤਾਰਾ ਸੀ ਜਿਸ ਨੂੰ ਕੁਝ ਗੌਣ ਤੱਤਾਂ ਵਲੋਂ ਉਠਾਇਆ ਜਾਂਦਾ ਰਿਹਾ। ਕਾਂਗਰਸ ਵਲੋਂ ਦਸੰਬਰ 1984 ਦੀ ਲੋਕ ਸਭਾ ਚੋਣ ਇਸ ਮਤੇ ਨੂੰ ਵੱਖਵਾਦੀ ਗਰਦਾਨ ਕੇ ਪੈਦਾ ਕੀਤੇ ਗਏ ਹਊਏ ਸਹਾਰੇ ਲੜੀ ਗਈ ਜਦੋਂ ਕਿ ਅਕਾਲੀ ਦਲ ਇਸ ਮਤੇ ਦੇ ਪਹਿਲੇ ਰੂਪ ਨੂੰ ਮੁੱਦਾ ਬਣਾ ਕੇ 1967 ਵਿਚ ਪਹਿਲਾਂ ਹੀ ਚੋਣ ਲੜ ਚੁਕਿਆ ਸੀ।

ਖਾਲਿਸਤਾਨ ਦੀ ਬਕਾਇਦਾ ਮੰਗ ਖਾੜਕੂਆਂ ਨੇ 1986 ਵਿਚ ਕੀਤੀ। ਜਦੋਜਹਿਦ ਦੀ ਤ੍ਰਾਸਦੀ ਇਹ ਬਣੀ ਕਿ ਦਰਬਾਰ ਸਾਹਿਬ ਅੰਦਰੋਂ ਕੀਤੀ ਗਈ ਖਾਲਿਸਤਾਨ ਦੀ ਇਹ ਮੰਗ ਭਾਰਤੀ ਸਟੇਟ ਵਲੋਂ ਦਰਬਾਰ ਸਾਹਿਬ ਉੱਤੇ ਕੀਤੇ ਗਏ ਫੌਜੀ ਹਮਲੇ ਨੂੰ ਵਾਜਬ ਠਹਿਰਾਉਣ ਦੀ ਕਾਰਵਾਈ ਦਾ ਸਬੱਬ ਬਣ ਗਈ। ਪੰਜਾਬ ਵਿਚ ਉਸ ਸਮੇਂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਬਣੀ ਹੋਈ ਅਕਾਲੀ ਸਰਕਾਰ ਨੇ, ਬਾਵਜੂਦ ਇਸ ਜਾਣਕਾਰੀ ਦੇ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਦਰਬਾਰ ਸਾਹਿਬ ਵਿਚੋਂ ਜਾ ਚੁੱਕੇ ਹਨ, ਦਰਬਾਰ ਸਾਹਿਬ ਵਿਚ ਸਰੱਖਿਆ ਬਲ ਭੇਜ ਦਿੱਤੇ।

ਟਕਰਾਅ ਦੇ ਇਸ ਦੌਰ ਵਿਚ ਆਪਸੀ ਗੱਲਬਾਤ ਰਾਹੀਂ ਮਸਲੇ ਦੇ ਹੱਲ ਲਈ ਇਕ ਹੀ ਗੰਭੀਰ ਯਤਨ ਹੋਇਆ ਸੀ, ਉਹ ਸੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਸਮਝੌਤੇ ਉੱਤੇ ਦਸਤਖਤ। ਇਸ ਨੂੰ "ਪੰਜਾਬ ਸਮਝੌਤਾ" ਕਿਹਾ ਗਿਆ ਸੀ ਪਰ ਇਸ ਸਮਝੌਤੇ ਪਿੱਛੇ ਡੂੰਘੀ ਸਾਜ਼ਿਸ਼ ਸੀ। ਜਦੋਂ ਇਹ ਸਮਝੌਤਾ ਹੋਇਆ, ਉਸ ਵੇਲੇ ਤੱਕ ਅਕਾਲੀਆਂ ਦੀ ਪੰਜਾਬ ਵਿਚ ਬਹੁਤੀ ਪ੍ਰਾਸੰਗਿਕਤਾ ਨਹੀਂ ਰਹੀ ਸੀ। ਰਾਜੀਵ ਗਾਂਧੀ ਅਤੇ ਸੰਤ ਲੌਂਗੋਵਾਲ ਵਿਚਕਾਰ ਹੋਏ ਗੁਪਤ ਚਿੱਠੀ-ਪੱਤਰ ਨੇ ਪਹਿਲੀ ਵਾਰ ਸਮਝੌਤੇ ਲਈ ਹੋਈ ਗੱਲਬਾਤ ਦੇ ਢੰਗ ਦੇ ਮਹੱਤਵਪੂਰਨ ਪੱਖ ਬਾਰੇ ਇੰਕਸ਼ਾਫ ਕੀਤਾ ਹੈ। ਇਹ ਸਮਝੌਤਾ ਪਹਿਲੇ ਦਿਨ ਤੋਂ ਹੀ ਇਸ ਕਰਕੇ ਫੇਲ੍ਹ ਸਾਬਤ ਹੋਇਆ ਕਿਉਂਕਿ ਇਸ ਵਿਚ ਖਾੜਕੂਆਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ਸੀ ਜਿਹੜੇ ਉਸ ਸਮੇਂ ਭਾਰਤੀ ਸਟੇਟ ਨਾਲ ਚਲ ਰਹੇ ਟਕਰਾਅ ਵਿਚ ਮੁੱਖ ਧਿਰ ਸਨ।

ਪੰਜਾਬ ਦੇ ਖਾੜਕੂਵਾਦ ਵਿਚ ਪਾਕਿਸਤਾਨ ਦੀ ਭੂਮਿਕਾ ਦੀ ਚਰਚਾ ਦਰਬਾਰ ਸਾਹਿਬ ਉੱਤੇ ਕੀਤੇ ਗਏ ਫੌਜੀ ਹਮਲੇ ਤੋਂ ਬਾਅਦ ਦੇ ਸਮੇਂ, ਜਦੋਂ ਵੱਡੀ ਗਿਣਤੀ ਵਿਚ ਖਾੜਕੂ ਅਤੇ ਗੈਰ-ਖਾੜਕੂ ਨੌਜਵਾਨ, ਸਰਹੱਦ ਦੇ ਪਰਲੇ ਪਾਰ ਚਲੇ ਗਏ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਪਤਾ ਨਹੀਂ ਕਿਉਂ ਇਹ ਵਿਸ਼ਵਾਸ ਸੀ ਕਿ ਦਰਬਾਰ ਸਾਹਿਬ ਉੱਤੇ ਭਾਰਤੀ ਫੌਜ ਵਲੋਂ ਕੀਤੇ ਗਏ ਹਮਲੇ ਦੀ ਸੂਰਤ ਵਿਚ ਪਾਕਿਸਤਾਨ ਭਾਰਤ ਦੇ ਖਿਲਾਫ ਸਿੱਧੀ ਕਾਰਵਾਈ ਕਰੇਗਾ; ਪਰ ਪਾਕਿਸਤਾਨ ਨੇ ਅਜਿਹੀ ਕਿਸੇ ਸਿੱਧੀ ਕਾਰਵਾਈ ਤੋਂ ਬਚਦਿਆਂ ਭਾਰਤ ਖਿਲਾਫ ਲੁਕਵੀਂ ਜੰਗ ਨੂੰ ਤਰਜੀਹ ਦਿੱਤੀ ਅਤੇ ਖਾੜਕੂਆਂ ਨੂੰ ਆਧੁਨਿਕ ਹਥਿਆਰ, ਗੋਲੀ ਸਿੱਕਾ ਤੇ ਠਾਹਰਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਸ਼੍ਰੋਮਣੀ ਅਕਾਲੀ ਦਲ ਅਤੇ ਕੁਝ ਵਿਰੋਧੀ ਸਿਆਸੀ ਪਾਰਟੀਆਂ ਨੇ ਕਾਂਗਰਸ ਉੱਤੇ ਖਾੜਕੂਵਾਦ ਨੂੰ ਸ਼ਹਿ ਦੇਣ ਦੇ ਦੋਸ਼ ਲਾਉਂਦੀਆਂ ਰਹੀਆਂ ਹਨ। ਅਕਾਲੀ ਦਲ 1997 ਦੀ ਵਿਧਾਨ ਸਭਾ ਦੀ ਚੋਣ ਵੇਲੇ ਜਾਰੀ ਕੀਤੇ ਗਏ ਆਪਣੇ ਚੋਣ ਮੈਨੀਫੈਸਟੋ ਵਿਚ ਇਹ ਵਾਅਦਾ ਕੀਤਾ ਸੀ ਕਿ ਸੱਤਾ ਵਿਚ ਆਉਣ ਤੋਂ ਬਾਅਦ ਖਾੜਕੂਵਾਦ ਦੇ ਪੈਦਾ ਹੋਣ ਵਾਲੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਲਈ ਜਾਂਚ ਕਮੇਟੀ ਬਣਾਈ ਜਾਵੇਗੀ, ਜੋ ਅੱਜ ਤੱਕ ਨਹੀਂ ਬਣੀ। ਸ਼ਾਇਦ ਸਾਹਮਣੇ ਆਉਣ ਵਾਲੇ ਤੱਥ ਖੁਦ ਸ਼ੋਮਣੀ ਅਕਾਲੀ ਦਲ ਨੂੰ ਵੀ ਰਾਸ ਨਹੀਂ ਸੀ ਆਉਣੇ, ਪਰ ਸਚਾਈ ਜ਼ਰੂਰ ਸਾਹਮਣੇ ਆਉਣੀ ਚਾਹੀਦੀ ਹੈ।

# ਕੈਲਗਰੀ ਪੁਲਿਸ ਭਾਲ ਰਹੀ ਹੈ ਪੁੱਤਰ ਦੇ ਅਗਵਾਕਾਰ ਪਿਤਾ ਨੂੰ

**ਕੈਲਗਰੀ (ਸੁਖਵੀਰ ਗਰੇਵਾਲ):** ਕੈਲਗਰੀ ਵਿਚ ਇਕ ਬੱਚੇ ਦੀ ਮਾਂ ਮੋਨਾ ਗਿੱਲ ਨੇ ਕੈਲਗਰੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੇ ਬੱਚੇ ਰਣਬੀਰ ਸਿੰਘ ਅਰੋੜਾ (ਸ਼ੈਲ) ਨੂੰ ਉਸ ਦੇ ਪਿਤਾ ਹਰਪ੍ਰੀਤ ਸਿੰਘ ਅਰੋੜਾ (ਡਿੰਪੀ) ਨੇ ਪਿਛਲੇ ਸਾਲ ਅਗਵਾ ਕਰ ਲਿਆ ਸੀ। ਇਸ ਸ਼ਿਕਾਇਤ ਦੇ ਆਧਾਰ 'ਤੇ ਕੈਲਗਰੀ ਪੁਲਿਸ ਨੇ ਹਰਪ੍ਰੀਤ ਸਿੰਘ ਅਰੋੜਾ ਦੀ ਭਾਲ ਲਈ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਚੌਕਸੀ ਵਧਾ ਦਿੱਤੀ ਹੈ।



ਇਹ ਘਟਨਾ ਪਿਛਲੇ ਸਾਲ ਵਾਪਰੀ। ਮੋਨਾ ਗਿੱਲ ਆਪਣੇ ਬੱਚੇ ਨਾਲ ਰਹਿੰਦੀ ਸੀ। ਉਸ ਸਮੇਂ ਪਰਿਵਾਰਕ ਸਬੰਧ ਸੁਖਾਵੇਂ ਨਾ ਹੋਣ ਕਾਰਨ ਮੋਨਾ ਅਤੇ ਹਰਪ੍ਰੀਤ ਵੱਖ-ਵੱਖ ਰਹਿੰਦੇ ਸਨ। ਦੋਹਾਂ ਪਰਿਵਾਰਾਂ ਦੀ ਸਹਿਮਤੀ ਨਾਲ ਹਰਪ੍ਰੀਤ ਕਦੇ-ਕਦਾਈਂ ਆਪਣੇ ਬੱਚੇ ਨੂੰ ਮਿਲਣ ਲਈ ਮੋਨਾ ਦੇ ਘਰ ਆਉਂਦਾ ਅਤੇ ਘੁੰਮਾਉਣ ਦੇ ਬਹਾਨੇ ਉਸ ਨੂੰ ਘਰ ਤੋਂ ਬਾਹਰ ਵੀ ਲੈ ਜਾਂਦਾ ਸੀ। ਹਰ ਵਾਰ ਦੀ ਤਰ੍ਹਾਂ ਹਰਪ੍ਰੀਤ ਪਿਛਲੇ ਸਾਲ 12 ਮਈ ਨੂੰ ਰਣਬੀਰ ਨੂੰ ਘਰੋਂ ਲੈ ਗਿਆ ਅਤੇ ਮੁੜ ਕੇ ਨਾ ਆਇਆ। ਉਧਰ, ਕਿਸੇ ਨੇ ਮੋਨਾ ਦੇ ਘਰ ਦੇ ਬਾਹਰ ਨੋਟ ਲਿਖ ਕੇ ਲਗਾ ਦਿੱਤਾ ਕਿ ਰਣਬੀਰ ਹੁਣ ਨਹੀਂ ਪਰਤੇਗਾ। ਪੁਲਿਸ ਦੀ ਜਾਂਚ ਮੁਤਾਬਕ ਹਰਪ੍ਰੀਤ ਸਿੰਘ ਅਰੋੜਾ ਬੱਚੇ ਨੂੰ ਲੈ ਕੇ ਵੈਨਕੂਵਰ ਗਿਆ ਅਤੇ ਉਥੋਂ ਮੁੰਬਈ ਦੀ ਫਲਾਈਟ ਲਈ ਤੇ ਭਾਰਤ ਚਲਾ ਗਿਆ। ਰਿਕਾਰਡ ਮੁਤਾਬਕ ਹਰਪ੍ਰੀਤ ਨੇ ਬੱਚੇ ਸਮੇਤ 24 ਮਈ ਨੂੰ ਮੁੰਬਈ ਹਵਾਈ ਅੱਡੇ 'ਤੇ ਹਾਜ਼ਰੀ ਭਰੀ। ਉਸ ਤੋਂ ਬਾਅਦ ਦੋਹਾਂ ਦਾ ਕੋਈ ਥਹੁ-ਪਤਾ ਨਾ ਲੱਗਿਆ।

ਪੁਲਿਸ ਨੂੰ ਸ਼ੱਕ ਹੈ ਕਿ ਇਸ ਘਟਨਾ ਵਿਚ ਕੋਈ ਹਰਪ੍ਰੀਤ ਅਰੋੜਾ ਦੀ ਮਦਦ ਕਰ ਰਿਹਾ ਸੀ ਕਿਉਂਕਿ ਮੋਨਾ ਦੇ ਘਰ ਦੇ ਬਾਹਰ ਨੋਟ ਉਸ ਸਮੇਂ ਲਾਇਆ ਗਿਆ ਜਦ ਹਰਪ੍ਰੀਤ ਕੈਨੇਡਾ ਤੋਂ ਬਾਹਰ ਚਲਾ ਗਿਆ ਸੀ। ਹਰਪ੍ਰੀਤ ਦੀ ਭਾਲ ਲਈ ਪੁਲਿਸ ਨੇ ਉਸ ਦਾ ਹੁਲੀਆ ਵੀ ਜਾਰੀ ਕੀਤਾ ਹੈ। ਉਸ ਦਾ ਕੱਦ 5 ਫੁੱਟ 8 ਇੰਚ ਅਤੇ ਭਾਰ ਤਕਰੀਬਨ 77 ਕਿਲੋ ਹੈ। ਉਸ ਦੇ ਵਾਲ ਕੱਟੇ ਹੋਏ ਹਨ ਅਤੇ ਉਹ ਕਦੀ-ਕਦਾਈਂ ਪੱਗ ਵੀ ਬੰਨ੍ਹਦਾ ਹੈ। ਬੱਚੇ ਰਣਬੀਰ ਅਰੋੜਾ ਦਾ ਕੱਦ 2 ਫੁੱਟ 5 ਇੰਚ ਅਤੇ ਭਾਰ 10 ਕਿਲੋ ਦੇ ਕਰੀਬ ਹੈ। ਕੈਨੇਡਾ ਦੇ ਵਿਸ਼ੇਸ਼ ਦਸਤੇ ਨੇ ਵੀ ਪਿਉ-ਪੁੱਤਰ ਦੀ ਭਾਲ ਲਈ ਮੁਹਿੰਮ ਵਿੱਢ ਦਿੱਤੀ ਹੈ।

## ਬਾਨ ਵੱਲੋਂ ਮੁੜ ਚੋਣ ਲੜਨ ਦਾ ਐਲਾਨ

**ਵਾਸ਼ਿੰਗਟਨ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਇਸ ਆਲਮੀ ਸੰਸਥਾ ਦੇ ਸਰਵਉਚ ਅਹੁਦੇ ਲਈ ਮੁੜ ਚੋਣ ਲੜਨ ਦਾ ਐਲਾਨ ਕੀਤਾ ਹੈ। ਨਿਊ ਯਾਰਕ ਸਥਿਤ ਸੰਯੁਕਤ ਰਾਸ਼ਟਰ ਦੇ ਦਫ਼ਤਰ ਵਿਚ ਬਾਨ ਨੇ ਦੱਸਿਆ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੇ ਅਹੁਦੇ ਲਈ ਮੁੜ ਚੋਣ ਲੜਨ ਲਈ ਉਨ੍ਹਾਂ ਮਹਾਂ ਸਭਾ ਤੇ ਸੁਰੱਖਿਆ ਕੌਂਸਲ ਨੂੰ ਪੱਤਰ ਭੇਜਿਆ ਹੈ।

ਉਨ੍ਹਾਂ ਕਿਹਾ ਕਿ ਜੇ ਦੋਵਾਂ ਸੰਸਥਾਵਾਂ ਦੇ ਮੈਂਬਰ ਦੇਸ਼ਾਂ ਨੇ ਉਨ੍ਹਾਂ ਦੀ ਹਮਾਇਤ ਕੀਤੀ ਤਾਂ ਉਨ੍ਹਾਂ ਨੂੰ ਇਸ ਸੰਸਥਾ ਦੀ ਸੇਵਾ ਦੇ ਇਕ ਹੋਰ ਮੌਕੇ ਦਾ ਮਾਣ ਹਾਸਲ ਹੋਵੇਗਾ। ਪਿਛਲੇ ਕਾਰਜਕਾਲ ਦੌਰਾਨ ਸੰਯੁਕਤ ਰਾਸ਼ਟਰ ਦੇ ਕੌਮਾਂਤਰੀ ਭਾਈਚਾਰੇ ਲਈ ਬੇਹੱਦ ਚੁਣੌਤੀਆਂ ਭਰਿਆ ਸਮਾਂ ਸੀ ਪਰ ਪ੍ਰਾਪਤੀਆਂ 'ਤੇ ਮਾਣ ਹੈ।


ਓਨਰ ਅਪਰੇਟਰਾਂ ਅਤੇ
ਡਰਾਈਵਰਾਂ ਦੀ ਤੁਰਤ ਲੋੜ



ਪੱਕੇ ਲੋਡ - ਸਟਾਕਟਨ ਤੋਂ ਪੋਰਟਲੈਂਡ
ਸਟਾਕਟਨ ਤੋਂ ਸਿਆਟਲ ਅਤੇ ਵਾਪਸ ਸਟਾਕਟਨ
ਸਿਰਫ ਟਰੱਕ ਚਾਹੀਦੇ ਹਨ, ਟਰੇਲਰ ਨਹੀਂ
ਵਧੀਆ ਰੇਟ ਦਿੱਤੇ ਜਾਣਗੇ

ਫੌਰਨ ਫੋਨ ਕਰੋ: ਗੁਰਮੀਤ ਸਿੰਘ
ਫੋਨ: 209-234-1118



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440



Law Offices of Gill & Heridis

Immigration Services
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

Personal Injury
■Auto Collision



Bhupinder Gill
Attorney at Law
(Admitted in CA)

Call for free initial consultation
(408) 940-6065, (408) 736-5203
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085



ਯੂਬਾ ਸਿਟੀ ਵਿਚ ਤੁਹਾਡੀ ਆਪਣੀ
ਟਾਇਰ ਅਤੇ ਆਟੋ ਰਿਪੇਅਰ ਸ਼ਾਪ

Lucky Tire & Auto Repair

ਤੁਹਾਡੀ ਸੇਵਾ ਲਈ
ਦੋ ਲੋਕੇਸ਼ਨਾਂ
909 Garden Hwy
660 Culussa Hwy




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001



ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
99% approved same day. We specialize in high risk businesses.
ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)
Need Money? We provide cash advance against credit card processing with NO collateral or personal guaran- tee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com




FREE CREDIT CARD TERMINAL!
www.GoldCoastATM.com

ਪੰਜਾਬ ਟਾਈਮਜ਼

*ਸਨਿਚਰਵਾਰ, 11 ਜੂਨ 2011*

# ਯੋਗ ਗੁਰੂ ਦਾ ਸਿਆਸੀ ਆਸਣ

ਬਹੁਤ ਥੋੜ੍ਹੇ ਸਮੇਂ ਵਿਚ ਸਾਰੇ ਜੱਗ ਵਿਚ ਮਸ਼ਹੂਰ ਹੋਏ ਯੋਗ ਆਚਾਰੀਆ ਬਾਬਾ ਰਾਮਦੇਵ 'ਦਿੱਲੀ' ਨਾਲ ਮੱਥਾ ਲਾ ਕੇ ਇਕ ਵਾਰ ਆਪਣੇ ਹੈਡ-ਕੁਆਰਟਰ ਹਰਿਦੁਆਰ ਪਰਤ ਗਏ ਹਨ। ਪਹਿਲਾਂ ਵੀ ਉਹ ਆਪਣੇ ਇਸ ਹੈਡ-ਕੁਆਰਟਰ ਤੋਂ ਬਾਹਰ ਨਿਕਲਦੇ ਰਹੇ ਹਨ; ਯੋਗ ਕੈਂਪ ਲਾਉਣ ਲਈ ਉਹ ਦੇਸ਼-ਪਰਦੇਸ ਵਿਚ, ਜਿੱਥੇ ਚਿੱਤ ਕਰੇ, ਜਾਂਦੇ ਸਨ। ਫਿਰ ਇਨ੍ਹਾਂ ਯੋਗ ਕੈਂਪਾਂ ਵਿਚ ਉਨ੍ਹਾਂ ਵੱਲੋਂ ਤਿਆਰ ਕੀਤੀ ਦਵਾਈਆਂ-ਵਸਤਾਂ ਵੀ ਵਿਕਣ ਲੱਗੀਆਂ। ਦੇਖਦਿਆਂ-ਦੇਖਦਿਆਂ ਬਾਬਾ ਰਾਮਦੇਵ ਹਰ ਪਾਸੇ ਛਾ ਗਿਆ। ਉਹ ਜਿੱਥੇ ਵੀ ਗਿਆ, ਉਸ ਨੂੰ ਪੂਰਾ ਮਾਣ-ਤਾਣ ਅਤੇ ਮਾਨਤਾ ਮਿਲੀ। ਇੰਨੇ ਵੱਡੇ ਪੱਧਰ 'ਤੇ ਮਿਲੇ ਮਾਣ-ਤਾਣ ਵਿਚ ਉਸ ਦੇ ਖਿਲਾਫ ਉਠੀ ਹਰ ਆਵਾਜ਼ ਵੀ ਲੋਕਾਂ ਨੇ ਅਣਸੁਣੀ ਕਰ ਦਿੱਤਾ। ਕਮਿਊਨਿਸਟ ਆਗੂ ਬ੍ਰਿੰਦਾ ਕਰਤ ਨੇ ਜਦੋਂ ਉਸ ਦੀਆਂ ਦਵਾਈਆਂ ਵਿਚ ਗੈਰ-ਖੁਰਾਕੀ ਤੱਤ ਹੋਣ ਦੀ ਗੱਲ ਉਭਾਰੀ ਸੀ ਤਾਂ ਕਿਸੇ ਨੇ ਵੀ ਇਹ ਗੱਲ ਬਹੁਤੀ ਗੌਲੀ ਨਹੀਂ ਸੀ। ਹਰ ਮਸਲੇ ਦੀ ਤਹਿ ਤੱਕ ਜਾਣ ਲਈ ਪੋਤੜੇ ਤੱਕ ਫਰੋਲਣ ਵਾਲਾ ਮੀਡੀਆ ਵੀ ਖਾਮੋਸ਼ ਜਿਹਾ ਰਿਹਾ ਸੀ। ਬਾਬੇ ਦਾ ਪ੍ਰਚਾਰ-ਪ੍ਰਸਾਰ ਹੀ ਇੰਨਾ ਜ਼ੋਰਦਾਰ ਸੀ, ਤੇ ਮੀਡੀਆ ਨੇ ਵੀ ਇਕ ਵਾਰ ਫਿਰ, ਆਪਣੀ ਬਾਜ਼ ਅੱਖ ਇਸ ਸ਼ਖ਼ਸ ਉਤੇ ਸੁੱਟਣ ਤੋਂ ਪਾਸਾ ਵੱਟ ਲਿਆ। ਸ਼ਾਇਦ ਇਨ੍ਹਾਂ ਹਾਲਾਤ ਨੇ ਹੀ ਬਾਬੇ ਨੂੰ ਸੱਤਵੇਂ ਆਸਮਾਨ ਉਤੇ ਪਹੁੰਚਾ ਦਿੱਤਾ। ਜਲਦੀ ਹੀ ਉਸ ਦੇ ਯੋਗ ਕੈਂਪਾਂ ਵਿਚਲੇ ਭਾਸ਼ਨਾਂ ਵਿਚ ਸਿਆਸਤ ਦਾ ਰੰਗ ਘੁਲਣ ਲੱਗ ਪਿਆ। ਇਸੇ ਸਿਆਸੀ ਰੰਗ ਦਾ ਰੰਗਿਆ ਬਾਬਾ ਹੁਣ ਦਿੱਲੀ ਪਹੁੰਚਿਆ ਸੀ। ਜ਼ਾਹਿਰ ਹੈ ਕਿ ਇਸ ਵਾਰ ਮਸਲਾ ਅਤੇ ਮੁੱਦਾ ਪਹਿਲਾਂ ਵਾਲੀਆਂ ਯੋਗ ਕੈਂਪੀ ਗੇੜੀਆਂ ਵਾਲਾ ਨਹੀਂ ਸੀ।

ਇਸ ਵਾਰ ਬਾਬੇ ਦਾ ਰੰਗ ਕੁਝ ਹੋਰ ਸੀ; ਇਸ ਵਾਰ ਉਹ ਕਾਲੇ ਧਨ ਦਾ ਮੁੱਦਾ ਚੁੱਕ ਕੇ ਕੇਂਦਰ ਸਰਕਾਰ ਉਤੇ ਆਪਣੇ ਬਾਣ ਚਲਾ ਰਿਹਾ ਸੀ; ਇਸ ਵਾਰ ਉਹ ਇਕੱਲਾ ਵੀ ਨਹੀਂ ਸੀ; ਇਸ ਵਾਰ ਉਸ ਨਾਲ ਉਹ ਜਮਾਤ ਵੀ ਸੀ ਜਿਸ ਦਾ ਸ਼ਰ੍ਹੇਆਮ ਖੁਲਾਸਾ ਉਸ ਨੇ ਕਦੀ ਵੀ ਨਹੀਂ ਸੀ ਕੀਤਾ, ਹਾਲਾਂਕਿ ਬੁੱਝਣ ਵਾਲਿਆਂ ਨੇ ਇਹ ਤੱਥ ਪਹਿਲਾਂ ਹੀ ਬੁੱਝ ਲਿਆ ਸੀ। ਇਸ ਵਾਰ ਉਸ ਦੀ ਹਮਾਇਤ ਉਹ ਜਥੇਬੰਦੀ ਅਤੇ ਇਸ ਦੇ ਉਹ ਨੇਤਾ ਕਰ ਰਹੇ ਸਨ ਜਿਨ੍ਹਾਂ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਆਪਣੀਆਂ ਭਾਵਨਾਵਾਂ ਕਦੀ ਵੀ ਨਹੀਂ ਛੁਪਾਈਆਂ। ਆਰ.ਐਸ.ਐਸ. ਨੇ ਜਿਸ ਤਰ੍ਹਾਂ ਬਾਬੇ ਨੂੰ ਸ਼ਿੰਗਾਰ ਕੇ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਉਤਾਰਿਆ ਸੀ, ਉਸ ਬਾਰੇ ਸਿਆਸੀ ਪੰਡਿਤਾਂ ਦੀ ਇਹੀ ਰਾਇ ਸੀ ਕਿ ਹੁਣ ਸਰਕਾਰ ਨੂੰ ਫਿਰ 'ਡਿਫੈਂਸ' ਉਤੇ ਆਉਣਾ ਪਵੇਗਾ; ਜਿਸ ਤਰ੍ਹਾਂ ਇਸ ਨੂੰ ਅੰਨਾ ਹਜ਼ਾਰੇ ਵੱਲੋਂ ਲੋਕਪਾਲ ਬਿੱਲ ਬਣਾਉਣ ਦੇ ਮਾਮਲੇ 'ਤੇ ਵਿੱਢੇ ਸੰਘਰਸ਼ ਪਿੱਛੋਂ ਕਰਨਾ ਪਿਆ ਸੀ। ਇਸੇ ਕਰਕੇ ਹੀ ਜਦੋਂ ਬਾਬਾ ਆਪਣੇ ਮਰਨ ਵਰਤ ਲਈ ਦਿੱਲੀ ਪੁੱਜਾ ਤਾਂ ਸਰਕਾਰ ਦੇ ਚਾਰ-ਚਾਰ ਮੰਤਰੀ ਉਸ ਨੂੰ ਹਵਾਈ ਅੱਡੇ ਉਤੇ ਜਾ ਟੱਕਰੇ, ਤੇ ਜਿਸ ਤਰ੍ਹਾਂ ਉਨ੍ਹਾਂ ਬਾਬੇ ਦੇ ਮਿੰਨਤਾਂ-ਤਰਲੇ ਕੀਤੇ; ਬਾਬੇ ਨੂੰ ਸਿਆਸਤ ਦੀਆਂ ਗੋਟੀਆਂ ਨਾਲ ਖੇਡਣਾ ਹੋਰ ਵੀ ਚੰਗਾ ਲੱਗਣ ਲੱਗਾ। ਇਸੇ ਨਸ਼ੇ ਵਿਚ ਹੀ ਉਹ ਮਗਰੋਂ ਸਰਕਾਰ ਨਾਲ ਕੀਤੇ ਕੌਲ-ਕਰਾਰ ਨੂੰ ਵੀ ਭੁਲ-ਭੁਲਾ ਗਿਆ। ਨਤੀਜਨ, ਸਰਕਾਰ ਵੱਲੋਂ ਕੀਤੀ ਕਾਰਵਾਈ ਨਾਲ ਉਸ ਦੇ ਪੈਰ ਅਜਿਹੇ ਉਖੜੇ ਕਿ ਅਜੇ ਤੱਕ ਉਸ ਨੂੰ ਸਮਝ ਨਹੀਂ ਲੱਗ ਰਹੀ ਕਿ ਹੁਣ ਅੱਗਿਓਂ ਕਰਨਾ ਕੀ ਹੈ? ਫਿਲਹਾਲ ਉਹ ਆਪਣੇ ਹੈਡ-ਕੁਆਰਟਰ ਤੱਕ ਹੀ ਸੀਮਤ ਹੈ। ਇਸੇ ਦੌਰਾਨ ਬਾਬੇ ਅਤੇ ਉਸ ਦੀ ਜਾਇਦਾਦ ਬਾਰੇ ਮੀਡੀਆ ਵਿਚ ਜਿਸ ਤਰ੍ਹਾਂ ਦੀਆਂ ਰਿਪੋਰਟਾਂ ਦਾ ਖੁਲਾਸਾ ਹੋਇਆ ਹੈ, ਉਸ ਤੋਂ ਜੱਗ-ਜ਼ਾਹਿਰ ਹੋ ਗਿਆ ਹੈ ਕਿ ਬਾਬਾ ਅਸਲ ਵਿਚ ਹੈ ਕੀ ਸ਼ੈਅ! ਉਹ ਹਜ਼ਾਰਾਂ-ਕਰੋੜਾਂ ਰੁਪਏ ਦੀ ਜਾਇਦਾਦ ਦਾ ਮਾਲਕ ਹੈ। ਇਸ ਨਾਟਕ ਨਾਲ ਬਾਬੇ ਦਾ ਪਾਜ ਤਾਂ ਖੁੱਲ੍ਹਿਆ ਹੀ ਹੈ; ਸਰਕਾਰ, ਖਾਸ ਕਰਕੇ ਹੁਣ ਤੱਕ ਦੇ ਸਭ ਤੋਂ ਨਫ਼ੀਸ ਪ੍ਰਧਾਨ ਮੰਤਰੀ ਵਜੋਂ ਮਸ਼ਹੂਰ ਹੋਏ ਡਾ. ਮਨਮੋਹਨ ਸਿੰਘ ਦਾ ਰਹਿੰਦਾ-ਖੂੰਹਦਾ ਅਕਸ ਵੀ ਧੁੰਦਲਾ ਹੋ ਗਿਆ ਹੈ। ਅਜਿਹੇ ਮਸਲਿਆਂ ਬਾਰੇ ਆਮ ਕਰਕੇ ਤਾਂ ਪ੍ਰਧਾਨ ਮੰਤਰੀ ਖਾਮੋਸ਼ ਹੀ ਰਹਿੰਦੇ ਹਨ ਪਰ ਐਤਕੀਂ ਜਦੋਂ ਉਹ ਬੋਲੇ ਤਾਂ ਉਹ ਕੁਝ ਕਹਿ ਬੈਠੇ ਜੋ ਇਕ ਲਿਹਾਜ ਨਾਲ ਇੰਨੇ ਵੱਡੇ ਅਹੁਦੇ ਦੀ ਤੌਹੀਨ ਹੀ ਸੀ। ਉਨ੍ਹਾਂ ਕਿਹਾ ਕਿ ਬਾਬੇ ਖਿਲਾਫ ਪੁਲਿਸ ਦੀ ਕਾਰਵਾਈ ਮੰਦਭਾਗੀ ਤਾਂ ਹੈ, ਪਰ ਇਸ ਤੋਂ ਸਿਵਾ ਚਾਰਾ ਵੀ ਕੋਈ ਨਹੀਂ ਸੀ।

ਬੇਵਸੀ ਦਾ ਇਹ ਆਲਮ ਪ੍ਰਧਾਨ ਮੰਤਰੀ ਅਤੇ ਉਸ ਦੀ ਸਰਕਾਰ ਦਾ ਖਹਿੜਾ ਨਹੀਂ ਛੱਡ ਰਿਹਾ। ਸਿਰਫ ਭ੍ਰਿਸ਼ਟਾਚਾਰ ਦੇ ਮਾਮਲੇ 'ਤੇ ਹੀ ਸਰਕਾਰ ਅਤੇ ਸਰਕਾਰ ਚਲਾ ਰਹੀ ਪਾਰਟੀ-ਕਾਂਗਰਸ, ਇੰਨੀ ਬੁਰੀ ਤਰ੍ਹਾਂ ਘਿਰ ਗਈ ਹੈ, ਤੇ ਵਾਰ-ਵਾਰ ਘਿਰ ਰਹੀ ਹੈ, ਉਸ ਤੋਂ ਬੰਦ-ਖਲਾਸੀ ਦਾ ਇਸ ਨੂੰ ਕੋਈ ਰਾਹ ਨਹੀਂ ਲੱਭ ਰਿਹਾ। ਸਰਕਾਰ ਹੀ ਨਹੀਂ, ਪਾਰਟੀ ਵਿਚ ਵੀ ਸਭ ਅੱਛਾ ਨਹੀਂ ਹੈ। ਮੌਕੇ ਦੀ ਇਸ ਨਜ਼ਾਕਤ ਨੂੰ ਜੋਖਦਿਆਂ ਹੀ ਆਰ.ਐਸ.ਐਸ. ਅਤੇ ਇਸ ਦੇ ਸਿਆਸੀ ਵਿੰਗ-ਭਾਰਤੀ ਜਨਤਾ ਪਾਰਟੀ ਨੇ ਦਾਅ ਖੇਡਣ ਦੀ ਕੋਸ਼ਿਸ਼ ਕੀਤੀ। ਬਣ ਚੁੱਕੇ ਹਾਲਾਤ ਮੁਤਾਬਕ ਗੁਣਾ ਬਾਬਾ ਰਾਮਦੇਵ ਉਤੇ ਪੈ ਗਿਆ। ਉਂਜ, ਜਿੰਨੀ ਤੇਜ਼ੀ ਨਾਲ ਸਿਆਸਤ ਦੇ ਇਸ ਅਖਾੜੇ ਦਾ ਸੀਨ ਬਦਲਿਆ, ਇਸ ਬਾਰੇ ਕਿਸੇ ਧਿਰ ਨੂੰ ਸ਼ਾਇਦ ਚਿਤ-ਚੇਤਾ ਵੀ ਨਹੀਂ ਸੀ। ਦਰਅਸਲ ਮਸਲਾ ਤਾਂ ਦਰਪੇਸ਼ ਹਾਲਾਤ ਨਾਲ ਨਜਿੱਠਣ ਦਾ ਸੀ, ਤੇ ਪ੍ਰਧਾਨ ਮੰਤਰੀ ਹਰ ਵਾਰ ਖਤਾ ਖਾ ਗਏ। ਹਰ ਮਸਲੇ ਦੇ ਉਭਰਨ ਨਾਲ ਉਨ੍ਹਾਂ ਦਾ ਕੱਦ ਛੋਟਾ ਹੋਈ ਜਾਂਦਾ ਹੈ। ਹੁਣ ਤਾਂ ਉਹ ਵਾਰ-ਵਾਰ ਇਹ ਸਾਬਤ ਕਰਨ 'ਤੇ ਲੱਗੇ ਹੋਏ ਜਾਪਦੇ ਹਨ ਕਿ ਉਨ੍ਹਾਂ ਦੀ ਕਠਪੁਤਲੀ ਦੀਆਂ ਤੰਦਾਂ ਸੱਚ-ਮੁੱਚ ਕੋਈ ਹੋਰ ਖਿੱਚ ਰਿਹਾ ਹੈ। ਸਾਰੀ ਸਰਗਰਮੀ ਤਾਂ ਪਾਰਟੀ ਦਾ ਰਾਜ ਕੁਮਾਰ ਰਾਹੁਲ ਗਾਂਧੀ ਚਲਾ ਰਿਹਾ ਹੈ ਅਤੇ ਵੱਖ-ਵੱਖ ਮਸਲਿਆਂ ਬਾਰੇ ਬਿਆਨ ਪ੍ਰਧਾਨ ਮੰਤਰੀ ਨੂੰ ਦੇਣੇ ਪੈ ਰਹੇ ਹਨ। ਜੇ ਰਾਮਦੇਵ ਵਰਗਾ ਸ਼ਖ਼ਸ ਸਰਕਾਰ ਨੂੰ ਇਉਂ ਘੁਮੇਟਣੀਆਂ ਦੇ ਸਕਦਾ ਹੈ ਤਾਂ ਸਵਾਲ ਸਿੱਧਾ ਹੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਲੱਗਦਾ ਹੈ। ਇਸ ਤੋਂ ਸਰਕਾਰ ਚਲਾ ਰਹੀ ਧਿਰ ਟਾਲਾ ਨਹੀਂ ਵੱਟ ਸਕਦੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਾਬਿਆਂ ਦਾ ਵਰਤ?*

ਜਿਹੜੇ ਜਾਣਦੇ ਸਿਰਫ ਇਹ ਕੰਮ ਦੋਏ, ਚੇਲੇ ਮੁੰਨਣੇ ਤੇ ਮੰਤਰ ਰੱਟਣੇ ਜੀ।
ਡੱਡੂ ਵਾਂਗ ਛੜੱਪੇ ਤਾਂ ਲਾਉਣਗੇ ਹੀ, ਗੁਰੂ ਜਿਨ੍ਹਾਂ ਦੇ ਹੋਣਗੇ ਟੱਪਣੇ ਜੀ।
ਸ਼ੋਹਰਤ ਵਾਸਤੇ ਕਰੀ ਸਟੰਟ ਜਾਂਦੇ, ਕਥੀ ਜਾਣ ਪਰ ਕਰਨੀ ਤੋਂ ਸੱਖਣੇ ਜੀ।
ਭਗਵਾਂ ਪਹਿਨਿਆ ਕਿਸੇ ਨੇ ਟਿੰਡ ਕੱਢੀ, ਰੂਪ ਹੋਰ ਬਹੁਤੇਰੇ ਬੇ-ਪੱਤਣੇ ਜੀ।
ਤਿੰਨ ਡੰਗ ਵੀ ਭੁੱਖ ਨਹੀਂ ਕੱਟ ਹੋਣੀ, 'ਜੂਸ' ਇਨ੍ਹਾਂ ਨੇ ਭੱਜ ਕੇ ਚੱਖਣੇ ਜੀ।
ਫੇਰੂਮਾਨ ਜਿਹਾ ਹੋਵੇ ਕੋਈ ਸਿਦਕ ਵਾਲਾ! ਵਿਹਲੜ ਸਾਧਾਂ ਵਰਤ ਕੀ ਰੱਖਣੇ ਜੀ?

## *ਸਾਕਾ ਨੀਲਾ ਤਾਰਾ*

# ਲਮਹੋਂ ਨੇ ਖ਼ਤਾ ਕੀ ਹੈ, ਸਦੀਓਂ ਨੇ ਸਜ਼ਾ ਪਾਈ

**ਮਹੀਪ ਸਿੰਘ**

***ਇੰਦਰਾ ਗਾਂਧੀ ਨੂੰ ਲੋਕਾਂ ਦੀ ਵਾਹ-ਵਾਹ ਜਿੱਤਣ ਦੀ ਆਦਤ ਪੈ ਗਈ ਸੀ। ਉਨ੍ਹਾਂ ਦਿਨਾਂ ਵਿਚ ਹੀ ਮੈਂ ਲੇਖ ਲਿਖਿਆ ਸੀ-ਕ੍ਰਿਸ਼ਮੇ ਦੀ ਰਾਜਨੀਤੀ ਮੁੜ ਕਾਮਯਾਬ ਹੋਈ। ਮੁਲਕ ਦੇ ਰਾਸ਼ਟਰਪਤੀ ਦੀ ਚੋਣ ਲਈ ਆਪਣੀ ਪਾਰਟੀ ਵੱਲੋਂ ਨਾਮਜ਼ਦ ਕੀਤੇ ਗਏ ਉਮੀਦਵਾਰ ਨੀਲਮ ਸੰਜੀਵ ਰੈਡੀ ਦੇ ਮੁਕਾਬਲੇ ਆਪਣੀ ਪਸੰਦ ਦੇ ਬੰਦੇ ਵੀ.ਵੀ. ਗਿਰੀ ਨੂੰ ਜੇਤੂ ਬਣਾ ਕੇ ਉਸ ਨੇ ਕ੍ਰਿਸ਼ਮਾ ਹੀ ਤਾਂ ਕੀਤਾ ਸੀ। 1971 ਵਿਚ ਹੋਈ ਪਾਕਿਸਤਾਨ ਨਾਲ ਜੰਗ ਕਰਕੇ ਉਸ ਦੇ ਦੋ ਟੁਕੜੇ ਕਰ ਦੇਣ ਨਾਲ ਉਸ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਉਹ ਕ੍ਰਿਸ਼ਮੇ ਦੀ ਰਾਜਨੀਤੀ ਦੀ ਮਾਹਿਰ ਬਣ ਗਈ ਹੈ। ਸਾਕਾ ਨੀਲਾ ਤਾਰਾ ਦੇ ਰੂਪ ਵਿਚ ਇਕ ਹੋਰ ਕ੍ਰਿਸ਼ਮਾ ਕਰਕੇ ਉਹ ਅਗਲੀਆਂ ਚੋਣਾਂ ਲਈ ਰਾਹ ਪੱਧਰਾ ਕਰਨਾ ਚਾਹੁੰਦੀ ਸੀ।***

ਸਾਕਾ ਨੀਲਾ ਤਾਰਾ ਨੂੰ ਵਾਪਰੇ 27 ਵਰ੍ਹੇ ਹੋ ਚੁੱਕੇ ਹਨ। ਰਾਜਨੀਤਿਕ ਚਾਲਾਂ ਅਤੇ ਸੱਤਾ ਦੀ ਭੁੱਖ ਮਨੁੱਖ ਕੋਲੋਂ ਕਿਹੋ ਜਿਹੇ ਕਾਰੇ ਕਰਾਉਂਦੀ ਹੈ, ਸਾਕਾ ਨੀਲਾ ਤਾਰਾ ਇਸ ਦੀ ਵੱਡੀ ਮਿਸਾਲ ਹੈ। ਇਤਿਹਾਸ ਵਿਚ ਅਜਿਹੀਆਂ ਗੱਲਾਂ ਪਹਿਲਾਂ ਵੀ ਵਾਪਰੀਆਂ ਹਨ। ਦੂਰ ਤੱਕ ਨਾ ਵੇਖ ਸਕਣ ਦੀ ਸਮਰੱਥਾ ਤੋਂ ਵਾਂਝਾ ਅਤੇ ਹਕੂਮਤ ਦੇ ਨਸ਼ੇ ਵਿਚ ਚੂਰ ਬੰਦਾ ਜਨੂੰਨ ਵਿਚ ਆ ਕੇ ਕਈ ਵਾਰ ਅਜਿਹੇ ਕੰਮ ਕਰ ਜਾਂਦਾ ਹੈ ਜਿਸ ਨੂੰ ਉਹ ਆਪਣੇ ਵੇਲੇ ਆਪਣੀ ਵੱਡੀ ਪ੍ਰਾਪਤੀ ਮੰਨ ਲੈਂਦਾ ਹੈ, ਪਰ ਉਸ ਕਾਰੇ ਦੇ ਨਤੀਜੇ ਲੋਕੀਂ ਸਦੀਆਂ ਤੱਕ ਭੁਗਤਦੇ ਰਹਿੰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਵੀ 400 ਵਰ੍ਹੇ ਪਹਿਲਾਂ ਇਨ੍ਹਾਂ ਦਿਨਾਂ ਵਿਚ ਹੀ ਹੋਈ ਸੀ। ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਹਕੂਮਤ (ਅਤੇ ਸ਼ਰਾਬ) ਦੇ ਨਸ਼ੇ ਵਿਚ ਚੂਰ ਹੋ ਕੇ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਸੀ। ਪਿੱਛੋਂ ਮੁਗ਼ਲ ਰਾਜ ਦਾ ਪਤਨ ਸ਼ੁਰੂ ਹੋ ਗਿਆ। ਮੁਗ਼ਲ ਸ਼ਹਿਜ਼ਾਦੇ ਗੱਦੀ ਲਈ ਆਪਸ ਵਿਚ ਹੀ ਖੂਨੀ ਜੰਗ ਲੜਨ ਲੱਗ ਪਏ। ਔਰੰਗਜ਼ੇਬ ਨੇ ਆਪਣੇ ਪਿਉ ਨੂੰ ਕੈਦ ਕਰ ਲਿਆ ਤੇ ਸਾਰੇ ਭਰਾਵਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਾਅਦ ਵਿਚ ਆਉਣ ਵਾਲੇ ਮੁਗ਼ਲ ਬਾਦਸ਼ਾਹਾਂ ਦੀ ਹਾਲਤ ਲਗਾਤਾਰ ਵਿਗੜਦੀ ਗਈ। ਬਾਦਸ਼ਾਹ ਅਹਿਮਦ ਸ਼ਾਹ ਨੂੰ ਉਸ ਦੇ ਵਜ਼ੀਰ ਗ਼ਾਜ਼ੀ-ਉਦ-ਦੀਨ ਨੇ ਭਰੇ ਦਰਬਾਰ ਵਿਚ ਭੁੰਜੇ ਸੁੱਟ ਕੇ, ਤੇ ਉਸ ਦੀਆਂ ਅੱਖਾਂ ਕੱਢ ਕੇ ਉਸ ਨੂੰ ਅੰਨ੍ਹਾ ਕਰ ਦਿੱਤਾ ਸੀ। ਬਾਦਸ਼ਾਹ ਸ਼ਾਹ ਆਲਮ ਵੇਲੇ ਇਹ ਹਾਲ ਹੋ ਗਿਆ ਸੀ ਕਿ ਮੁਗ਼ਲ ਸਲਤਨਤ ਦੀਆਂ ਸੀਮਾਵਾਂ ਸੁੰਗੜ ਕੇ ਦਿੱਲੀ ਤੋਂ ਕੁਝ ਕੋਹਾਂ 'ਤੇ ਵਸੇ ਪਾਲਮ ਤੱਕ ਰਹਿ ਗਈਆਂ ਸਨ-'ਸ਼ਾਹ ਆਲਮ-ਦਿੱਲੀ ਤੋਂ ਪਾਲਮ'।

ਸਾਕਾ ਨੀਲਾ ਤਾਰਾ ਵੀ ਅਜਿਹੀ ਭੁੱਲ ਸੀ ਜਿਹੜੀ ਸਦੀਆਂ ਤੱਕ ਚੇਤੇ ਰੱਖੀ ਜਾਏਗੀ। ਇੰਦਰਾ ਗਾਂਧੀ ਨੂੰ ਲੋਕਾਂ ਦੀ ਵਾਹ-ਵਾਹ ਜਿੱਤਣ ਦੀ ਆਦਤ ਪੈ ਗਈ ਸੀ। ਉਨ੍ਹਾਂ ਦਿਨਾਂ ਵਿਚ ਹੀ ਮੈਂ ਲੇਖ ਲਿਖਿਆ ਸੀ-ਕ੍ਰਿਸ਼ਮੇ ਦੀ ਰਾਜਨੀਤੀ ਮੁੜ ਕਾਮਯਾਬ ਹੋਈ। ਮੁਲਕ ਦੇ ਰਾਸ਼ਟਰਪਤੀ ਦੀ ਚੋਣ ਲਈ ਆਪਣੀ ਪਾਰਟੀ ਵੱਲੋਂ ਨਾਮਜ਼ਦ ਕੀਤੇ ਗਏ ਉਮੀਦਵਾਰ ਨੀਲਮ ਸੰਜੀਵ ਰੈਡੀ ਦੇ ਮੁਕਾਬਲੇ ਆਪਣੀ ਪਸੰਦ ਦੇ ਬੰਦੇ ਵੀ.ਵੀ. ਗਿਰੀ ਨੂੰ ਜੇਤੂ ਬਣਾ ਕੇ ਉਸ ਨੇ ਕ੍ਰਿਸ਼ਮਾ ਹੀ ਤਾਂ ਕੀਤਾ ਸੀ। 1971 ਵਿਚ ਹੋਈ ਪਾਕਿਸਤਾਨ ਨਾਲ ਜੰਗ ਕਰਕੇ ਉਸ ਦੇ ਦੋ ਟੁਕੜੇ ਕਰ ਦੇਣ ਨਾਲ ਉਸ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਉਹ ਕ੍ਰਿਸ਼ਮੇ ਦੀ ਰਾਜਨੀਤੀ ਦੀ ਮਾਹਿਰ ਬਣ ਗਈ ਹੈ। ਸਾਕਾ ਨੀਲਾ ਤਾਰਾ ਦੇ ਰੂਪ ਵਿਚ ਇਕ ਹੋਰ ਕ੍ਰਿਸ਼ਮਾ ਕਰਕੇ ਉਹ ਅਗਲੀਆਂ ਚੋਣਾਂ ਲਈ ਰਾਹ ਪੱਧਰਾ ਕਰਨਾ ਚਾਹੁੰਦੀ ਸੀ।

ਸਾਕਾ ਨੀਲਾ ਤਾਰਾ ਵੇਲੇ ਇੰਦਰਾ ਗਾਂਧੀ ਨੂੰ ਬੜੀ ਵਾਹ-ਵਾਹੀ ਮਿਲੀ ਸੀ ਪਰ ਉਸ ਸਾਕੇ ਪਿੱਛੋਂ ਉਸ ਬਾਰੇ ਜੋ ਵਿਚਾਰ ਪ੍ਰਗਟਾਏ ਗਏ; ਅਧਿਐਨ ਕੀਤੇ ਗਏ; ਕਿਤਾਬਾਂ ਲਿਖੀਆਂ ਗਈਆਂ; ਉਨ੍ਹਾਂ ਵਿਚ ਲਗਾਤਾਰ ਇਹ ਕਿਹਾ ਗਿਆ ਕਿ ਸਾਕਾ ਨੀਲਾ ਤਾਰਾ ਬੜਾ ਨਾ-ਸਮਝੀ ਭਰਿਆ ਕਦਮ ਸੀ।

ਕੁਝ ਚਿਰ ਪਹਿਲਾਂ ਬ੍ਰਿਗੇਡੀਅਰ (ਸੇਵਾ-ਮੁਕਤ) ਐਚ. ਐਸ. ਸੋਢੀ ਦੀ ਕਿਤਾਬ ਛਪੀ ਸੀ-'ਭਾਰਤੀ ਸੈਨਾ ਦੀਆਂ ਮਸ਼ਹੂਰ ਲੜਾਈਆਂ'। ਆਪਣੀ ਕਿਤਾਬ ਵਿਚ ਲੇਖਕ ਨੇ ਲਿਖਿਆ ਹੈ ਕਿ ਜੇ ਉਸ ਵੇਲੇ ਦੀ ਸਰਕਾਰ ਨੇ ਥੋੜ੍ਹੀ ਸੂਝ-ਬੂਝ ਤੋਂ ਕੰਮ ਲਿਆ ਹੁੰਦਾ ਤਾਂ ਸਾਕਾ ਨੀਲਾ ਤਾਰਾ ਵਰਗੇ ਲਹੂ ਭਿੱਜੇ ਸਾਕੇ ਨੂੰ ਰੋਕਿਆ ਜਾ ਸਕਦਾ ਸੀ। ਲੈਫਟੀਨੈਂਟ ਜਨਰਲ ਸਿਨਹਾ ਉਸ ਵੇਲੇ ਭਾਰਤੀ ਫ਼ੌਜ ਦੀ ਪੱਛਮੀ ਕਮਾਂਡ ਦੇ ਮੁਖੀ ਸਨ। ਉਹ ਪਿੱਛੋਂ ਜੰਮੂ-ਕਸ਼ਮੀਰ ਦੇ ਰਾਜਪਾਲ ਵੀ ਰਹੇ। ਉਨ੍ਹਾਂ ਨੇ ਸਰਕਾਰ ਦੇ ਸਾਹਮਣੇ ਤਜਵੀਜ਼ ਰੱਖੀ ਸੀ। ਉਨ੍ਹਾਂ ਦੀ ਤਜਵੀਜ਼ ਮੁਤਾਬਕ ਫ਼ੌਜ ਦਰਬਾਰ ਸਾਹਿਬ ਦੇ ਚਹੁੰ ਪਾਸੇ ਘੇਰਾ ਪਾ ਲਵੇ। ਲਾਊਡ ਸਪੀਕਰ ਰਾਹੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਵਾਰ-ਵਾਰ ਇਹ ਕਿਹਾ ਜਾਏ ਕਿ ਉਹ ਆਪਣੇ ਸਾਥੀਆਂ ਸਮੇਤ ਬਾਹਰ ਆ ਜਾਣ। ਇਸ ਕੰਮ ਲਈ ਉਨ੍ਹਾਂ ਨੂੰ ਤਿੰਨ-ਚਾਰ ਦਿਨਾਂ ਦਾ ਸਮਾਂ ਦਿੱਤਾ ਜਾਏ। ਵਾਰ-ਵਾਰ ਇਹ ਵੀ ਦੁਹਰਾਇਆ ਜਾਏ ਕਿ ਫ਼ੌਜ ਸ੍ਰੀ ਦਰਬਾਰ ਸਾਹਿਬ ਵਿਚ ਵੜ ਕੇ ਉਸ ਦੀ ਪਵਿੱਤਰਤਾ ਨੂੰ ਸੱਟ ਨਹੀਂ ਪਹੁੰਚਾਏਗੀ। ਜਨਰਲ ਸਿਨਹਾ ਦੀ ਤਜਵੀਜ਼ ਇਹ ਵੀ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਰੱਖ ਦਿੱਤਾ ਜਾਏ। ਅੰਮ੍ਰਿਤਸਰ ਦੇ ਕੁਝ ਪਤਵੰਤੇ ਸੱਜਣ ਅੰਦਰ ਜਾ ਕੇ ਸੰਤ ਭਿੰਡਰਾਂਵਾਲਿਆਂ ਨੂੰ ਬੇਨਤੀ ਕਰਨ ਕਿ ਉਹ ਅਤੇ ਉਨ੍ਹਾਂ ਦੇ ਸਾਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪਣੇ ਹਥਿਆਰ ਰੱਖ ਦੇਣ। ਜੇ ਸਫਲਤਾ ਨਾ ਮਿਲੇ ਤਾਂ ਕੁਝ ਚਿਰ ਪਿੱਛੋਂ ਦਰਬਾਰ ਸਾਹਿਬ ਖੇਤਰ ਦੀ ਬਿਜਲੀ-ਪਾਣੀ ਦੀ ਸਪਲਾਈ ਰੋਕ ਦਿੱਤੀ ਜਾਏ। ਜਦੋਂ ਕੋਈ ਵੀ ਉਪਾਅ ਕਾਮਯਾਬ ਨਾ ਹੋਵੇ ਤਾਂ ਫ਼ੌਜੀ ਟੁਕੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਅੰਦਰ ਵੜਨ। ਅੰਦਰ ਵੜਨ ਵੇਲੇ ਉਹ ਨੰਗੇ ਪੈਰ ਹੋਣ, ਉਨ੍ਹਾਂ ਦੇ ਸਿਰ ਢਕੇ ਹੋਣ ਅਤੇ ਉਹ ਜੋ ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾ ਰਹੀਆਂ ਹੋਣ। ਜਨਰਲ ਸਿਨਹਾ ਨੇ ਪਿੱਛੋਂ ਦੱਸਿਆ ਕਿ ਉਨ੍ਹਾਂ ਦੀਆਂ ਤਜਵੀਜ਼ਾਂ ਵੱਲ ਸਰਕਾਰ ਨੇ ਧਿਆਨ ਨਹੀਂ ਦਿੱਤਾ। ਉਨ੍ਹਾਂ ਦੀ ਬਦਲੀ ਹੋ ਗਈ। ਉਨ੍ਹਾਂ ਦੀ ਥਾਂ 'ਤੇ ਜਨਰਲ ਕੇ. ਸੁੰਦਰਜੀ ਪੱਛਮੀ ਕਮਾਂਡ ਦੇ ਮੁਖੀ ਬਣ ਗਏ।

ਪੰਜਾਬ ਦੀ ਹਾਲਤ ਵਿਗਾੜਨ ਅਤੇ ਖਾੜਕੂਵਾਦ ਨੂੰ ਉਭਾਰਨ ਵਿਚ ਪੰਜਾਬ ਦੇ ਦੋ ਲੀਡਰਾਂ-ਸ. ਦਰਬਾਰਾ ਸਿੰਘ ਤੇ ਗਿਆਨੀ ਜੈਲ ਸਿੰਘ ਦੀ ਆਪਸੀ ਰੰਜਿਸ਼ ਅਤੇ ਖਹਿਬੜ ਕਿੰਨੀ ਜ਼ਿੰਮੇਵਾਰ ਸੀ, ਇਸ ਬਾਰੇ ਸਾਬਕਾ ਪੁਲਿਸ ਮੁਖੀ ਬੀਰਬਲ ਦਾਸ ਨੇ ਵੀ ਕਿਤਾਬ ਲਿਖੀ ਹੈ। ਉਸ ਨੇ ਅਜਿਹੇ ਲੀਡਰਾਂ ਦੀ ਕਾਰਗੁਜ਼ਾਰੀ ਤੋਂ ਤੰਗ ਆ ਕੇ ਪੁਲਿਸ ਮੁਖੀ ਦੇ ਅਹੁਦੇ ਤੋਂ ਆਪਣੀ ਬਦਲੀ ਮੰਗ ਲਈ ਸੀ।

ਕਿਸੇ ਵੀ ਦੇਸ਼ ਦੀ ਫ਼ੌਜ ਦੀ ਵੱਡੀ ਕਾਮਯਾਬੀ ਇਸ ਗੱਲ ਵਿਚ ਮੰਨੀ ਜਾਂਦੀ ਹੈ ਕਿ ਉਹ ਆਪਣੀ ਦੁਸ਼ਮਣ ਫ਼ੌਜ ਨਾਲ ਕਿੰਨੀ ਕੁ ਬਹਾਦਰੀ ਨਾਲ ਲੜਦੀ ਹੈ ਅਤੇ ਜਿੱਤ ਪ੍ਰਾਪਤ ਕਰਦੀ ਹੈ ਪਰ ਫ਼ੌਜ ਦੀ ਕਾਮਯਾਬੀ ਬੜੀ ਹੱਦ ਤੱਕ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਥੇ ਦੇ ਆਮ ਲੋਕੀਂ ਉਸ ਨੂੰ ਕਿੰਨੀ ਹੱਲਾਸ਼ੇਰੀ ਦਿੰਦੇ ਹਨ; ਉਸ ਦੀ ਕਿੰਨੀ ਮਦਦ ਕਰਦੇ ਹਨ; ਉਸ ਨੂੰ ਰਸਦ-ਪਾਣੀ ਪਹੁੰਚਾਉਣ ਵਿਚ ਕਿੰਨਾ ਸਹਿਯੋਗ ਦਿੰਦੇ ਹਨ।

ਸਾਕਾ ਨੀਲਾ ਤਾਰਾ ਦਾ ਸਭ ਤੋਂ ਭੈੜਾ ਅਸਰ ਇਹ ਹੋਇਆ ਕਿ ਆਮ ਪੰਜਾਬੀਆਂ, ਖਾਸ ਤੌਰ 'ਤੇ ਸਿੱਖਾਂ ਵਿਚ ਉਸ ਦਾ ਅਕਸ ਦੁਸ਼ਮਣ ਦੀ ਫ਼ੌਜ ਵਰਗਾ ਬਣ ਗਿਆ। ਉਸ ਦਿਨ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ ਸੀ। ਅਣਗਿਣਤ ਲੋਕੀਂ, ਆਪਣੇ ਪਿੰਡਾਂ ਤੋਂ ਸ਼ਹੀਦੀ ਪੁਰਬ ਮਨਾਉਣ ਲਈ ਸ੍ਰੀ ਦਰਬਾਰ ਸਾਹਿਬ ਆਏ ਹੋਏ ਸਨ। ਭਾਰਤੀ ਫ਼ੌਜ ਨੇ ਅਜਿਹੇ ਯਾਤਰੀਆਂ ਨਾਲ ਵਿਦੇਸ਼ੀ ਫ਼ੌਜ ਵਰਗਾ ਸਲੂਕ ਕੀਤਾ। ਕਿੰਨੇ ਨਿਰਦੋਸ਼ ਲੋਕਾਂ ਦੇ ਹੱਥ-ਪੈਰ ਬੰਨ੍ਹ ਕੇ ਉਨ੍ਹਾਂ ਨੂੰ ਗੋਲੀਆਂ ਮਾਰੀਆਂ ਗਈਆਂ। ਕਿੰਨੇ ਲੋਕੀਂ ਗੁਰੂ ਰਾਮਦਾਸ ਸਰਾਂ ਵਿਚ ਕੈਦ ਹੋ ਗਏ ਅਤੇ ਤਿਹਾਏ ਮਰ ਗਏ। ਫ਼ੌਜ ਨੇ ਇਹ ਪਛਾਣ ਨਾ ਕੀਤੀ ਕਿ ਕੌਣ ਕਿਸ ਮੰਤਵ ਲਈ ਉਥੇ ਆਇਆ ਹੋਇਆ ਸੀ। ਸ੍ਰੀ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਆਏ ਨਿਹੱਥੇ ਬੰਦੇ ਮਾਰੇ ਗਏ।

ਹਾਲ ਵਿਚ ਹੀ ਮੈਂ ਪੰਜਾਬ ਦੇ ਗਵਰਨਰ ਰਹਿ ਚੁੱਕੇ ਲੈਫਟੀਨੈਂਟ ਜਨਰਲ (ਸੇਵਾ-ਮੁਕਤ) ਬੀ.ਕੇ.ਐਨ. ਛਿੱਬਰ ਦਾ ਬਿਆਨ ਪੜ੍ਹਿਆ ਹੈ ਜਿਸ ਵਿਚ ਉਨ੍ਹਾਂ ਕਿਹਾ ਹੈ ਕਿ ਸਾਕਾ ਨੀਲਾ ਤਾਰਾ ਦਾ ਸਭ ਤੋਂ ਮਾੜਾ ਅਸਰ ਪੰਜਾਬ ਦੇ ਪੇਂਡੂ ਲੋਕਾਂ ਵਿਚ ਭਾਰਤੀ ਫ਼ੌਜ ਦੇ ਅਕਸ ਦਾ ਵਿਗੜ ਜਾਣਾ ਹੈ। ਉਨ੍ਹਾਂ ਨੇ ਬੜੇ ਦੁੱਖ ਨਾਲ ਇਹ ਗੱਲ ਸਵੀਕਾਰ ਕੀਤੀ ਹੈ ਕਿ ਜਿਸ ਤਰ੍ਹਾਂ ਨਾਲ ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਵਿਚ ਕਾਰਵਾਈ ਕੀਤੀ ਸੀ, ਬੇਗੁਨਾਹ ਲੋਕਾਂ ਨੂੰ ਬੇਦਰਦੀ ਨਾਲ ਤਸੀਹੇ ਦਿੱਤੇ ਤੇ ਮਾਰਿਆ, ਉਸ ਨਾਲ ਪੰਜਾਬ ਵਿਚ ਭਾਰਤੀ ਫ਼ੌਜ ਦੇ ਅਕਸ 'ਤੇ ਬੜਾ ਬੁਰਾ ਅਸਰ ਪਿਆ। ਉਨ੍ਹਾਂ ਇਸ ਗੱਲ ਨੂੰ ਵੀ ਚੇਤੇ ਕੀਤਾ ਕਿ ਆਜ਼ਾਦੀ ਦੇ ਬਾਅਦ ਭਾਰਤ ਨੇ ਜਿੰਨੀਆਂ ਵੀ ਜੰਗਾਂ ਲੜੀਆਂ, ਉਸ ਵਿਚ ਪੰਜਾਬ ਦੇ ਆਮ ਲੋਕਾਂ ਨੇ ਵਡਮੁੱਲਾ ਹਿੱਸਾ ਪਾਇਆ ਸੀ। 1965 ਅਤੇ 1971 ਵਿਚ ਪਾਕਿਸਤਾਨ ਨਾਲ ਹੋਈਆਂ ਜੰਗਾਂ ਵੇਲੇ ਭਾਰਤੀ ਫ਼ੌਜਾਂ ਨੂੰ ਰਸਦ ਪਹੁੰਚਾਉਣ, ਫ਼ੌਜੀਆਂ ਨੂੰ ਖਾਣਾ ਖੁਆਉਣ, ਉਨ੍ਹਾਂ ਦੀ ਸੇਵਾ ਕਰਨ ਵਿਚ ਪੰਜਾਬੀਆਂ, ਖਾਸ ਤੌਰ 'ਤੇ ਪੇਂਡੂ ਖੇਤਰਾਂ ਦੇ ਲੋਕਾਂ ਨੇ ਜੋ ਕੰਮ ਕੀਤੇ ਸਨ, ਉਸ ਨਾਲ ਫ਼ੌਜ ਦਾ ਹੌਸਲਾ ਬਹੁਤ ਵਧ ਗਿਆ ਸੀ।

ਸਾਕਾ ਨੀਲਾ ਤਾਰਾ ਵੇਲੇ ਫ਼ੌਜੀਆਂ ਨੇ ਜੋ ਕੁਝ ਕੀਤਾ, ਉਸ ਨਾਲ ਪੇਂਡੂ ਲੋਕਾਂ ਵਿਚ ਉਨ੍ਹਾਂ ਬਾਰੇ ਨਫ਼ਰਤ ਤੇ ਡੂੰਘਾ ਰੋਸ ਪੈਦਾ ਹੋਇਆ। ਨਤੀਜਾ ਇਹ ਨਿਕਲਿਆ ਕਿ ਵੱਡੇ ਅਫਸਰਾਂ ਵੱਲੋਂ ਆਮ ਫ਼ੌਜੀਆਂ ਨੂੰ ਇਹ ਹੁਕਮ ਦਿੱਤਾ ਗਿਆ ਕਿ ਇਕੱਲੇ-ਦੁਕੱਲੇ ਫ਼ੌਜੀ ਪਿੰਡਾਂ ਵਿਚ ਨਾ ਜਾਣ। ਅਜਿਹੀ ਕੋਈ ਵੀ ਕਾਰਵਾਈ ਜਿਹੜੀ ਆਪਣੇ ਮੁਲਕ ਦੇ ਫ਼ੌਜੀਆਂ ਲਈ ਆਪਣੇ ਹੀ ਮੁਲਕ ਦੇ ਲੋਕਾਂ ਵਿਚ ਰੋਸ ਤੇ ਨਫ਼ਰਤ ਪੈਦਾ ਕਰ ਦੇਵੇ, ਮੁਲਕ ਦੇ ਹੁਕਮਰਾਨਾਂ ਦੀ ਵੱਡੀ ਨਾਸਮਝੀ ਦਾ ਸਬੂਤ ਹੈ।

ਸਾਕਾ ਨੀਲਾ ਤਾਰਾ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਨਾਲ ਢਹਿ-ਢੇਰੀ ਕੀਤੇ ਜਾਣ ਦੀ ਖ਼ਬਰ ਸੁਣ ਕੇ ਸਿੱਖ ਰੈਜੀਮੈਂਟ ਦਾ ਬਾਗ਼ੀ ਹੋ ਜਾਣਾ ਵੀ ਇਸ ਗੱਲ ਦਾ ਸਬੂਤ ਹੈ ਕਿ ਉਸ ਵੇਲੇ ਦੀ ਸਰਕਾਰ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾ ਸਕੀ ਸੀ ਕਿ ਅਜਿਹੀ ਕਾਰਵਾਈ ਦੇ ਨਤੀਜੇ ਕੀ ਹੋਣਗੇ?

ਸਾਕਾ ਨੀਲਾ ਤਾਰਾ ਨੇ ਵਿਦੇਸ਼ਾਂ ਵਿਚ ਵਸੇ ਆਮ ਸਿੱਖਾਂ ਦੇ ਮਨ ਨੂੰ ਕਿੰਨੀ ਸੱਟ ਮਾਰੀ ਸੀ, ਇਸ ਦੀ ਇਕ ਮਿਸਾਲ ਮੈਨੂੰ ਚੇਤੇ ਆਉਂਦੀ ਹੈ। 1990 ਦੀ ਗੱਲ ਹੈ, ਮੈਂ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਲਈ ਥਾਈਲੈਂਡ ਦੇ ਸ਼ਹਿਰ ਚਿੰਗਮਾਈ ਗਿਆ ਸੀ। ਜਿਸ ਦਿਨ ਮੈਂ ਉਥੋਂ ਮੁੜਨਾ ਸੀ, ਅਚਾਨਕ ਮੇਰੀ ਤਬੀਅਤ ਬੜੀ ਵਿਗੜ ਗਈ। ਮੈਨੂੰ ਉਥੇ ਦੇ ਇਕ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਸੀ। ਮੇਰੀ ਬਿਮਾਰੀ ਦੀ ਖ਼ਬਰ ਸੁਣ ਕੇ ਮੇਰਾ ਵੱਡਾ ਪੁੱਤਰ ਜੈਦੀਪ ਉਥੇ ਪੁੱਜ ਗਿਆ। ਉਥੇ ਜਿਸ ਡਾਕਟਰ ਨੇ ਮੇਰਾ ਇਲਾਜ ਕੀਤਾ, ਉਸ ਦਾ ਨਾਂ ਸ਼ੀਰੀਨ ਭਾਟੀਆ ਸੀ। ਉਹ ਸਿੱਖ ਪਰਿਵਾਰ ਵਿਚੋਂ ਸੀ। ਇਹ ਪਰਿਵਾਰ ਬੜਾ ਚਿਰ ਪਹਿਲਾਂ ਥਾਈਲੈਂਡ ਜਾ ਕੇ ਵਸ ਗਿਆ ਸੀ।

ਕੁਝ ਦਿਨਾਂ ਵਿਚ ਮੈਂ ਠੀਕ ਹੋ ਗਿਆ। ਇਕ ਦਿਨ ਡਾ. ਭਾਟੀਆ, ਜੈਦੀਪ ਅਤੇ ਮੈਂ ਸ਼ਾਮ ਨੂੰ ਗੱਲਾਂ ਕਰ ਰਹੇ ਸਾਂ। ਡਾ. ਭਾਟੀਆ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਨੂੰ ਬੜਾ ਜੀਅ ਕਰਦਾ ਹੈ।

ਉਸ ਵੇਲੇ ਨਾਲ ਹੀ ਸਾਕਾ ਨੀਲਾ ਤਾਰਾ ਦੀ ਗੱਲ ਛਿੜ ਪਈ। ਜਦੋਂ ਮੈਂ ਉਸ ਨੂੰ ਸਾਰੀ ਗੱਲ ਸੁਣਾਈ ਤਾਂ ਡਾ. ਭਾਟੀਆ ਦੀਆਂ ਅੱਖਾਂ ਭਰ ਆਈਆਂ ਤੇ ਉਹ ਰੋਣ ਲੱਗ ਪਿਆ। ਮੈਨੂੰ ਇਹ ਪਹਿਲੀ ਵਾਰੀ ਅਹਿਸਾਸ ਹੋਇਆ ਕਿ ਦੇਸ਼ ਤੋਂ ਦੂਰ-ਦੁਰਾਡੇ ਵਸਦੇ ਲੱਖਾਂ ਮਨਾਂ ਨੂੰ ਇਸ ਸਾਕੇ ਨੇ ਕਿੰਨਾ ਸੰਤਾਪ ਦਿੱਤਾ ਸੀ।

ਮੈਨੂੰ ਇਕ ਸ਼ੇਅਰ ਯਾਦ ਆਉਂਦਾ ਹੈ...

ਤਾਰੀਖ ਕੀ ਨਜ਼ਰੋਂ ਨੇ
ਵੋ ਮੰਜਰ ਭੀ ਦੇਖੇ ਹੈਂ,
ਜਬ ਲਮਹੋਂ ਨੇ ਖ਼ਤਾ ਕੀ ਹੈ,
ਸਦੀਓਂ ਨੇ ਸਜ਼ਾ ਪਾਈ।

# ਸਵਾਤ ਵਾਦੀ ਕਿੱਦਾਂ ਬਣੀ ਜਹਾਦ ਦੀ ਵਾਦੀ

***ਸਵਾਤ ਵਾਦੀ ਨੂੰ ਕਦੇ ਪਾਕਿਸਤਾਨ ਦਾ ਸਵਿੱਟਜ਼ਰਲੈਂਡ ਕਿਹਾ ਜਾਂਦਾ ਸੀ। ਹਿੰਦੂਕੁਸ਼ ਪਰਬਤਮਾਲਾ ਦੇ ਪੈਰਾਂ ਵਿਚ ਪੈਂਦੀ ਇਸ ਹਰੀ-ਭਰੀ ਵਾਦੀ ਵਿਚੋਂ ਸਵਾਤ ਦਰਿਆ ਮਟਕਦਾ ਹੋਇਆ ਗੁਜ਼ਰਦਾ ਹੈ ਅਤੇ ਇਸ ਦੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦਾ ਹੈ। ਬਹੁਤ ਸਾਲਾਂ ਤੱਕ ਇਹ ਸੈਲਾਨੀਆਂ ਦੀ ਪਸੰਦੀਦਾ ਸੈਰਗਾਹ ਰਹੀ। ਉਦੋਂ, ਇੱਥੋਂ ਦਾ 18 ਹੋਲ ਵਾਲਾ ਗੋਲ਼ਫ ਕੋਰਸ ਆਪਣੇ-ਆਪ ਵਿਚ ਨਿਵੇਕਲੀ ਖਿੱਚ ਸੀ। ਸਵਾਤ ਖਿੱਤੇ ਦੀ ਭੂਗੋਲਿਕ ਹਾਲਤ ਅਜਿਹੀ ਹੈ ਕਿ ਇਹ ਨਿਸ਼ਾਨਦੇਹੀ ਕਰਨੀ ਨਿਹਾਇਤ ਮੁਸ਼ਕਲ ਹੈ ਕਿ ਅਫਗਾਨਿਸਤਾਨ ਕਿੱਥੋਂ ਸ਼ੁਰੂ ਹੁੰਦਾ ਹੈ ਅਤੇ ਕਿੱਥੇ ਪਾਕਿਸਤਾਨ ਮੁੱਕਦਾ ਹੈ। ਅਣਗਿਣਤ ਵਾਦੀਆਂ ਅਤੇ ਬੀਹੜਾਂ ਹਨ। ਅਜਿਹੇ ਹਾਲਾਤ ਦਾ ਫਾਇਦਾ ਤਾਲਿਬਾਨ ਅਤੇ ਅਲ-ਕਾਇਦਾ ਦੇ ਸਿਖਰਲੇ ਆਗੂਆਂ ਨੇ ਖੂਬ ਲਿਆ ਹੈ। 'ਦ ਟ੍ਰਿਬਿਊਨ' ਚੰਡੀਗੜ੍ਹ ਦੇ ਮੁੱਖ ਸੰਪਾਦਕ ਰਾਜ ਚੇਂਗੱਪਾ ਇਸ ਵਾਦੀ ਦਾ ਗੇੜਾ ਮਾਰ ਕੇ ਆਏ ਹਨ। ਇਸ ਵਾਦੀ ਬਾਰੇ ਉਨ੍ਹਾਂ ਦਾ ਬਿਆਨ ਇਉਂ ਹੈ:***

1980ਵਿਆਂ ਵਿਚ ਸੋਵੀਅਤ ਫ਼ੌਜਾਂ ਵੱਲੋਂ ਅਫ਼ਗਾਨਿਸਤਾਨ ਨੂੰ ਆ ਮੱਲਣ ਕਾਰਨ ਅਫ਼ਗਾਨ ਭੂਮੀ ਵਿਚ ਉਪਜੀ ਖਾਨਾਜੰਗੀ ਦੀ ਹਵਾ ਖ਼ੈਬਰ ਦੱਰੇ ਤੋਂ ਪਾਰ ਪ੍ਰਸ਼ਾਸਨਿਕ ਕੰਟੋਰਲ ਵਾਲੇ ਕਬਾਇਲੀ ਖੇਤਰਾਂ (ਫਾਟਾ) ਅਤੇ ਸਵਾਤ ਤੱਕ ਪੁੱਜਣੀ ਸ਼ੁਰੂ ਹੋ ਗਈ। ਇਸ ਦੀ ਵਜ੍ਹਾ ਸੀ ਕਿ ਜਿਹੜੇ ਨਸਲੀ ਕਬੀਲੇ ਇਨ੍ਹਾਂ ਇਲਾਕਿਆਂ ਵਿਚ ਵਸਦੇ ਹਨ, ਉਹ ਖ਼ੈਬਰ ਤੋਂ ਪਾਰ ਅਫ਼ਗਾਨ ਭੂਮੀ ਵਿਚ ਵੀ ਵਸੇ ਹੋਏ ਹਨ। ਮੁੱਢ ਵਿਚ ਤਾਂ ਗੁੱਸਾ ਸੋਵੀਅਤ ਫ਼ੌਜਾਂ ਅਤੇ ਅਫ਼ਗਾਨ ਸ਼ਾਸਕ ਨਜੀਬ ਉੱਲਾ ਦੇ ਖ਼ਿਲਾਫ਼ ਸੀ ਪਰ 1990ਵਿਆਂ ਵਿਚ ਇਨ੍ਹਾਂ ਮੁਜਾਹਿਦੀਨ ਨੇ ਪਾਕਿਸਤਾਨ ਦੇ ਫੈਡਰਲ ਅਤੇ ਰਿਆਸਤੀ ਨਿਜ਼ਾਮ ਨੂੰ ਵੀ ਵੰਗਾਰਨਾ ਸ਼ੁਰੂ ਕਰ ਦਿੱਤਾ। ਸੂਫ਼ੀ ਮੁਹੰਮਦ ਨਾਮੀ ਮੁਲਾਣੇ ਨੇ ਇਸ ਸਮੁੱਚੇ ਖਿੱਤੇ ਵਿਚ ਇਸਲਾਮੀ ਸ਼ਰ੍ਹਾ ਨੂੰ ਮੁਕੰਮਲ ਤੌਰ 'ਤੇ ਲਾਗੂ ਕਰਨ ਲਈ ਮੁਹਿੰਮ ਜਥੇਬੰਦ ਕੀਤੀ। ਇਸ ਦਾ ਨਾਂ ਸੀ ਤਹਿਰੀਕ-ਏ-ਨਾਫ਼ਜ਼-ਏ-ਸ਼ਰੀਅਤ-ਏ-ਮੁਹੰਮਦੀ (ਮੁਹੰਮਦੀ ਸ਼ਰ੍ਹੀਅਤ ਲਾਗੂ ਕਰਵਾਉਣ ਦੀ ਮੁਹਿੰਮ)। ਪਾਕਿਸਤਾਨੀ ਅਧਿਕਾਰੀਆਂ ਨੇ ਅਜਿਹੀ ਤਹਿਰੀਕ ਦੀ ਨਬਜ਼ ਫੜਨ ਦੀ ਥਾਂ ਇਸ ਨੂੰ ਫੈਲਣ ਦੀ ਖੁੱਲ੍ਹ ਦੇ ਦਿੱਤੀ। ਅਮਰੀਕਾ ਦੇ 9/11 ਕਾਂਡ ਮਗਰੋਂ ਪਾਕਿਸਤਾਨ ਨੂੰ ਕੱਟੜਪੰਥੀ ਧਾਰਮਿਕ ਟੋਲਿਆਂ ਖ਼ਿਲਾਫ਼ ਕਾਰਵਾਈ ਲਈ ਮਜਬੂਰ ਹੋਣਾ ਪਿਆ। ਲਿਹਾਜ਼ਾ, ਸੂਫ਼ੀ ਮੁਹੰਮਦ ਵਾਲੀ ਤਹਿਰੀਕ ਉਪਰ ਪਾਬੰਦੀ ਲਾ ਦਿੱਤੀ ਗਈ।

ਇਸ ਤੋਂ ਬਾਅਦ ਤਹਿਰੀਕ ਦੀ ਕਮਾਨ ਸੂਫ਼ੀ ਮੁਹੰਮਦ ਦੇ ਜਵਾਈ ਮੌਲਾਨਾ ਫਜ਼ਲਉੱਲਾ ਦੇ ਹੱਥ ਆ ਗਈ। ਇਹ ਮੌਲਾਨਾ ਕਦੇ ਸਵਾਤ ਵਿਚ ਮੁਸਾਫਰਾਂ ਨੂੰ ਰੱਸਿਆਂ ਦੇ ਪੁਲਾਂ ਰਾਹੀਂ ਇਕ ਤੋਂ ਦੂਜੇ ਸਿਰੇ ਤੱਕ ਪਹੁੰਚਾਉਣ ਵਿਚ ਮਦਦ ਕਰਕੇ ਆਪਣੀ ਗੁਜ਼ਰ ਚਲਾਇਆ ਕਰਦਾ ਸੀ। ਫਜ਼ਲਉੱਲਾ ਨੇ ਆਪਣੇ ਵੱਖਵਾਦੀ ਸੁਨੇਹਿਆਂ ਦੇ ਪ੍ਰਚਾਰ-ਪ੍ਰਸਾਰ ਲਈ ਨਿਵੇਕਲੇ ਢੰਗ ਅਪਣਾਏ। ਇਨ੍ਹਾਂ ਵਿਚ ਐਫ.ਐਮ. ਰੇਡੀਓ ਵੀ ਸ਼ਾਮਲ ਸੀ ਜਿਸ ਤੋਂ ਮਜ਼ਹਬੀ ਤਕਰੀਰਾਂ ਤੇ ਤਹਿਰੀਰਾਂ ਨਸ਼ਰ ਕੀਤੀਆਂ ਜਾਂਦੀਆਂ। ਇਹ ਰੇਡੀਓ ਮੁੱਲਾ ਰੇਡੀਓ ਦੇ ਨਾਂ ਨਾਲ ਮਸ਼ਹੂਰ ਹੋ ਗਿਆ ਅਤੇ ਇਸ ਨੇ ਕੱਟੜਪੰਥੀਆਂ ਨੂੰ ਜਿੱਥੇ ਮੰਚ ਅਤੇ ਆਵਾਜ਼ ਦਿੱਤੀ, ਉੱਥੇ ਸਵਾਤ ਜ਼ਿਲ੍ਹੇ ਦੇ ਬਹੁਤੇ ਹਿੱਸਿਆਂ ਵਿਚ ਸਰਕਾਰੀ ਕੰਟਰੋਲ ਨੂੰ ਵੰਗਾਰਨ ਵਾਲਿਆਂ ਦੇ ਹੱਥ ਵੀ ਮਜ਼ਬੂਤ ਕੀਤੇ।

ਮੌਲਾਨਾ ਫਜ਼ਲਉੱਲਾ ਦੀ ਆਵਾਜ਼ ਮਿੱਠੀ ਸੀ ਅਤੇ ਇਸ ਦੀ ਮਿਠਾਸ ਦਾ ਲਾਭ ਉਸ ਨੇ ਇਸਤਰੀਆਂ ਨੂੰ ਇਸ ਗੱਲ ਲਈ ਪ੍ਰੇਰਿਤ ਕਰਨ ਲਈ ਲਿਆ ਕਿ ਉਹ ਆਪਣੇ ਘਰਾਂ ਦੇ ਮਰਦਾਂ ਨੂੰ ਹਥਿਆਰ ਚੁੱਕਣ ਅਤੇ ਖਿੱਤੇ ਵਿਚ ਮੁਹੰਮਦੀ ਨਿਜ਼ਾਮ ਦੀ ਕਾਇਮੀ ਲਈ ਜਹਾਦ ਵਿਚ ਸ਼ਿਰਕਤ ਕਰਨ ਵਾਸਤੇ ਤਿਆਰ ਕਰਨ। ਮਿਸਰ ਵਿਚ ਹੋਈ ਹਾਲੀਆ ਬਗਾਵਤ ਤੋਂ ਤਕਰੀਬਨ ਦੋ ਦਹਾਕੇ ਪਹਿਲਾਂ ਮੁੱਲਾ ਰੇਡੀਓ ਨੇ ਇਹ ਸਮਝਿਆ ਅਤੇ ਦਰਸਾਇਆ ਕਿ ਆਧੁਨਿਕ ਟੈਕਨਾਲੋਜੀ ਨੂੰ ਕਿਵੇਂ ਆਪਣੀ ਤਾਕਤ ਕਈ ਗੁਣਾ ਵਧਾਉਣ ਦੇ ਵਸੀਲੇ ਵਜੋਂ ਵਰਤਿਆ ਜਾ ਸਕਦਾ ਹੈ। ਫਜ਼ਲਉੱਲਾ ਨੇ ਆਪਣੇ ਰੇਡੀਓ ਰਾਹੀਂ ਲੋਕਾਂ ਅੰਦਰਲੇ ਸਰਕਾਰ-ਵਿਰੋਧੀ ਜਜ਼ਬਾਤ ਨੂੰ ਪ੍ਰਚੰਡ ਕੀਤਾ ਅਤੇ ਉਨ੍ਹਾਂ ਨੂੰ ਹਥਿਆਰਬੰਦ ਵਿਦਰੋਹ ਦੇ ਰਾਹ ਪਾਇਆ। ਇਸ ਤੱਥ ਨੂੰ ਪਾਕਿਸਤਾਨੀ ਫ਼ੌਜੀ ਅਧਿਕਾਰੀ ਖੁੱਲ੍ਹੇਆਮ ਤਸਲੀਮ ਕਰਦੇ ਹਨ। ਖਵਾਜਾ ਖੇਲਾ ਵਿਚ ਪਾਕਿਸਤਾਨੀ ਜ਼ਮੀਨੀ ਫ਼ੌਜ ਦੀ 19ਵੀਂ ਡਿਵੀਜ਼ਨ ਦੇ ਸੈਨਾਪਤੀ ਮੇਜਰ ਜਨਰਲ ਜਾਵੇਦ ਇਕਬਾਲ ਰਾਮਦੇਅ ਨੇ ਮੰਨਿਆ: "ਸਮਾਜਿਕ ਨਾਬਰਾਬਰੀ, ਸਰਕਾਰ ਦੀਆਂ ਗਲਤੀਆਂ ਤੇ ਕੋਤਾਹੀਆਂ ਅਤੇ ਇਨਸਾਫ਼ ਦੇਣ ਦੇ ਅਮਲ ਦੀ ਸੁਸਤੀ ਵਰਗੇ ਕਾਰਨਾਂ ਦੇ ਮਿਸ਼ਰਣ ਨੇ ਇੰਤਹਾਪਸੰਦੀ ਨੂੰ ਸਿਖ਼ਰ 'ਤੇ ਪਹੁੰਚਾਇਆ।"

ਦਸੰਬਰ 2007 ਵਿਚ ਇੰਤਹਾਪਸੰਦੀ ਤੇ ਦਹਿਸ਼ਤਵਾਦ ਸਵਾਤ ਅਤੇ ਫਾਟਾ ਦੇ ਖੇਤਰਾਂ ਵਿਚ ਚਰਮ 'ਤੇ ਪਹੁੰਚ ਗਿਆ। ਸਵਾਤ ਦੇ ਮੌਲਾਨਾ ਫਜ਼ਲਉੱਲਾ ਸਮੇਤ 40 ਤੋਂ ਵੱਧ ਖਾੜਕੂ ਆਗੂ (ਜਿਨ੍ਹਾਂ ਦੇ ਹਥਿਆਰਬੰਦ ਲੜਾਕੂ ਹਮਾਇਤੀਆਂ ਦੀ ਗਿਣਤੀ 40 ਹਜ਼ਾਰ ਤੋਂ ਵੱਧ ਸੀ) ਦੱਖਣੀ ਵਜ਼ੀਰਿਸਤਾਨ ਵਿਚ ਇਕੱਠੇ ਹੋਏ। ਉਨ੍ਹਾਂ ਨੇ ਆਪਸੀ ਮਤਭੇਦ ਅਤੇ ਵੈਰ-ਵਿਰੋਧ ਭੁਲਾ ਕੇ ਤਹਿਰੀਕ-ਏ-ਤਾਲਿਬਾਨ-ਏ-ਪਾਕਿਸਤਾਨ ਦੇ ਝੰਡੇ ਹੇਠ ਇਕਮੁੱਠ ਹੋਣ ਦਾ ਫ਼ੈਸਲਾ ਕੀਤਾ। ਇਹ ਤਹਿਰੀਕ ਦਰਅਸਲ, ਅਲ-ਕਾਇਦਾ ਦਾ ਹੀ ਹਿੱਸਾ ਸੀ ਅਤੇ ਇਸ ਦੀ ਕਾਇਮੀ ਵਿਚ ਅਲ-ਕਾਇਦਾ ਦੀ ਹੀ ਮੁੱਖ ਭੂਮਿਕਾ ਸੀ। ਤਹਿਰੀਕ ਦੀ ਅਗਵਾਈ ਹੇਠ ਪਾਕਿਸਤਾਨ ਸਰਕਾਰ-ਵਿਰੋਧੀ ਵਿਦਰੋਹ ਜੰਗਲ ਦੀ ਅੱਗ ਵਾਂਗ ਫੈਲ ਗਿਆ ਅਤੇ ਇਸ ਨੇ ਫਾਟਾ ਅਤੇ ਖ਼ੈਬਰ ਪਖ਼ਤੂਨਵਾ ਸੂਬੇ (ਸੂਬਾ ਸਰਹੱਦ) ਦੇ ਸੱਤ ਕਬਾਇਲੀ ਖਿੱਤਿਆਂ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ। ਸਵਾਤ ਇਸੇ ਸੂਬੇ ਦਾ ਹੀ ਇੱਕ ਹਿੱਸਾ ਹੈ।

ਸਵਾਤ ਵਿਚ ਮੁੱਲਾ ਫਜ਼ਲਉੱਲਾ ਨੇ ਬੜਾ ਜ਼ਾਲਿਮਾਨਾ ਨਿਜ਼ਾਮ ਕਾਇਮ ਕੀਤਾ ਅਤੇ ਜਿਸ ਕਿਸਮ ਦੀ ਸ਼ਰ੍ਹਾ ਤੇ ਸ਼ਰ੍ਹੀਅਤ ਲਾਗੂ ਕੀਤੀ, ਉਹ ਸਾਊਦੀ ਅਰਬ ਵਿਚ ਵੀ ਲਾਗੂ ਨਹੀਂ। ਕੁੜੀਆਂ ਨੂੰ ਸਕੂਲ ਜਾਣ ਤੋਂ ਰੋਕ ਦਿੱਤਾ ਗਿਆ। 400 ਸਕੂਲ ਤਬਾਹ ਕਰ ਦਿੱਤੇ ਗਏ। ਔਰਤਾਂ ਨੂੰ ਨੌਕਰੀਆਂ ਕਰਨ ਤੋਂ ਰੋਕ ਦਿੱਤਾ ਗਿਆ ਅਤੇ ਬੁਰਕਾ ਲਾਜ਼ਮੀ ਕਰਾਰ ਦੇ ਦਿੱਤਾ ਗਿਆ। ਨਾਈਆਂ ਨੂੰ ਹੁਕਮ ਦੇ ਦਿੱਤਾ ਗਿਆ ਕਿ ਉਹ ਕਿਸੇ ਦੀ ਵੀ ਦਾੜ੍ਹੀ ਨਾ ਮੁੰਨਣ ਅਤੇ ਨਾ ਹੀ ਸ਼ੇਵ ਕਰਨ। ਸੰਗੀਤ, ਵੀਡੀਓਜ਼ ਤੇ ਕੇਬਲ ਨੈਟਵਰਕ ਜਬਰੀ ਬੰਦ ਕਰ ਦਿੱਤੇ ਗਏ। ਹਰ ਪਰਿਵਾਰ ਨੂੰ ਹੁਕਮ ਦਿੱਤਾ ਗਿਆ ਕਿ ਉਹ ਘਰ ਦੇ ਇਕ ਮਰਦ ਨੂੰ ਜਹਾਦ ਵਿਚ ਸ਼ਾਮਲ ਹੋਣ ਭੇਜੇ ਅਤੇ ਜੇਕਰ ਪਰਿਵਾਰ ਵਿਚ ਕੋਈ ਧੀ ਹੈ ਤਾਂ ਉਸ ਦਾ ਵਿਆਹ ਕਿਸੇ ਤਾਲਿਬ (ਜਥੇਬੰਦੀ ਦਾ ਮੈਂਬਰ) ਨਾਲ ਹੀ ਕੀਤਾ ਜਾਵੇ। ਅਜਿਹੇ ਹੁਕਮ ਨਾ ਮੰਨਣ ਵਾਲੇ ਦਾ ਸਿਰ ਕਲਮ ਕਰਨ ਦੀ ਸਜ਼ਾ ਨਿਸ਼ਚਿਤ ਕੀਤੀ ਗਈ। ਸਰਕਾਰੀ ਅਧਿਕਾਰੀਆਂ ਅਤੇ ਤਾਲਿਬਾਨ ਦਾ ਵਿਰੋਧ ਕਰਨ ਵਾਲੇ ਕਬਾਇਲੀ ਆਗੂਆਂ ਨੂੰ ਚੁਣ-ਚੁਣ ਕੇ ਮਾਰਨ ਦੀ ਮੁਹਿੰਮ ਵੀ ਚਲਾਈ ਗਈ। ਸ਼ਹਿਰਾਂ ਤੇ ਕਸਬਿਆਂ ਦੇ ਚੌਕਾਂ ਨੂੰ ਫਾਂਸੀਖਾਨਿਆਂ ਵਿਚ ਬਦਲ ਦਿੱਤਾ ਗਿਆ। ਤਾਲਿਬਾਨ-ਵਿਰੋਧੀ ਅਨਸਰਾਂ ਨੂੰ ਖੁੱਲ੍ਹੇਆਮ ਫਾਂਸੀ ਦਿੱਤੀ ਜਾਂਦੀ ਸੀ ਅਤੇ ਫਿਰ ਲਾਸ਼ ਕਈ ਕਈ ਦਿਨ ਉੱਥੇ ਹੀ ਲਟਕੀ ਛੱਡ ਦਿੱਤੀ ਜਾਂਦੀ ਸੀ।

*ਫਾਟਾ ਸਵਾਤ ਵਿਚ ਮੁੱਲਾ ਫਜ਼ਲਉੱਲਾ ਨੇ ਬੜਾ ਜ਼ਾਲਿਮਾਨਾ ਨਿਜ਼ਾਮ ਕਾਇਮ ਕੀਤਾ ਅਤੇ ਜਿਸ ਕਿਸਮ ਦੀ ਸ਼ਰ੍ਹਾ ਤੇ ਸ਼ਰ੍ਹੀਅਤ ਲਾਗੂ ਕੀਤੀ, ਉਹ ਸਾਊਦੀ ਅਰਬ ਵਿਚ ਵੀ ਲਾਗੂ ਨਹੀਂ। ਕੁੜੀਆਂ ਨੂੰ ਸਕੂਲ ਜਾਣ ਤੋਂ ਰੋਕ ਦਿੱਤਾ ਗਿਆ। 400 ਸਕੂਲ ਤਬਾਹ ਕਰ ਦਿੱਤੇ ਗਏ। ਔਰਤਾਂ ਨੂੰ ਨੌਕਰੀਆਂ ਕਰਨ ਤੋਂ ਰੋਕ ਦਿੱਤਾ ਗਿਆ ਅਤੇ ਬੁਰਕਾ ਲਾਜ਼ਮੀ ਕਰਾਰ ਦੇ ਦਿੱਤਾ ਗਿਆ। ਨਾਈਆਂ ਨੂੰ ਹੁਕਮ ਦੇ ਦਿੱਤਾ ਗਿਆ ਕਿ ਉਹ ਕਿਸੇ ਦੀ ਵੀ ਦਾੜ੍ਹੀ ਨਾ ਮੁੰਨਣ ਅਤੇ ਨਾ ਹੀ ਸ਼ੇਵ ਕਰਨ। ਸੰਗੀਤ, ਵੀਡੀਓਜ਼ ਤੇ ਕੇਬਲ ਨੈਟਵਰਕ ਜਬਰੀ ਬੰਦ ਕਰ ਦਿੱਤੇ ਗਏ। ਹਰ ਪਰਿਵਾਰ ਨੂੰ ਹੁਕਮ ਦਿੱਤਾ ਗਿਆ ਕਿ ਉਹ ਘਰ ਦੇ ਇਕ ਮਰਦ ਨੂੰ ਜਹਾਦ ਵਿਚ ਸ਼ਾਮਲ ਹੋਣ ਭੇਜੇ ਅਤੇ ਜੇਕਰ ਪਰਿਵਾਰ ਵਿਚ ਕੋਈ ਧੀ ਹੈ ਤਾਂ ਉਸ ਦਾ ਵਿਆਹ ਕਿਸੇ ਤਾਲਿਬ (ਜਥੇਬੰਦੀ ਦਾ ਮੈਂਬਰ) ਨਾਲ ਹੀ ਕੀਤਾ ਜਾਵੇ।*



**ਫਰਹਾਦ ਬੀਬੀ ਜੋ ਘਰ ਉਤੇ ਹੋਏ ਜੈੱਟ ਹਮਲੇ ਵਿਚ ਫੱਟੜ ਹੋ ਗਈ ਸੀ। ਇਸ ਹਮਲੇ ਵਿਚ ਉਸ ਦੀ ਇਕ ਸਾਲ ਦੀ ਧੀ ਸਣੇ 11 ਲੋਕ ਮਾਰੇ ਗਏ ਸਨ।**

ਹੁਣ ਤੁਹਾਨੂੰ ਕਰਵਾਉਂਦੇ ਹਾਂ ਇਸ ਵਾਦੀ ਦੇ ਅੰਦਰਲੇ ਦਰਸ਼ਨ।...ਹਲਕੇ ਪੀਲੇ ਰੰਗ ਦੀਆਂ ਇਮਾਰਤਾਂ ਵਾਲਾ ਗੋਲਾਕਾਰ ਕੰਪਲੈਕਸ ਦਿਸ ਰਿਹਾ ਹੈ। ਬਾਹਰ ਲੱਗੇ ਬੋਰਡ 'ਤੇ ਲਿਖਿਆ ਸੀ- '19 ਡਿਵੀਜ਼ਨ ਡਿਰੇਡੀਕਲਾਈਜ਼ੇਸ਼ਨ ਸੈਂਟਰ' ਮਤਲਬ ਜ਼ਮੀਨੀ ਫ਼ੌਜ ਦੀ 19ਵੀਂ ਡਿਵੀਜ਼ਨ ਦਾ ਧਾਰਮਿਕ ਚਰਮਪੰਥੀ ਘਟਾਉਣ ਵਾਲਾ ਕੇਂਦਰ। ਇਹ ਬੋਰਡ ਪੜ੍ਹ ਕੇ ਮੈਂ 19ਵੀਂ ਡਿਵੀਜ਼ਨ ਦੇ ਕਰਨਲ ਤਾਰਿਕ ਕਾਦਿਰ ਨੂੰ ਮਜ਼ਾਕ ਕੀਤਾ, "ਤੁਸੀਂ ਪਾਕਿਸਤਾਨੀ ਫ਼ੌਜ ਤੋਂ ਮਜ਼ਹਬੀ ਪੁੱਠ ਲਾਹੁਣਾ ਚਾਹੁੰਦੇ ਹੋ?" ਇਹ ਕਰਨਲ ਸਾਨੂੰ ਸਵਾਤ ਖਿੱਤੇ ਦੇ ਦੌਰੇ 'ਤੇ ਲਿਜਾਣ ਵਾਲੀ ਟੀਮ ਦਾ ਮੁਖੀ ਸੀ। ਮੇਰਾ ਸਵਾਲ ਸੁਣ ਕੇ ਕਰਨਲ ਨੇ ਜ਼ੋਰ ਨਾਲ ਹੱਸਿਆ ਅਤੇ ਮੇਰੀ ਪਿੱਠ 'ਤੇ ਧੱਫਾ ਜਿਹਾ ਮਾਰਿਆ। ਕਰਨਲ ਸੀ ਵੀ ਬੜਾ ਮਿਲਣਸਾਰ। ਮਜ਼ਾਕ ਸਹਿਣ ਅਤੇ ਮਜ਼ਾਕ ਕਰਨ ਦਾ ਮਾਦਾ ਸੀ ਉਸ ਵਿਚ। ਦਰਅਸਲ, ਪਾਕਿਸਤਾਨੀ ਜ਼ਮੀਨੀ ਫ਼ੌਜ ਕੋਲ ਅੱਜ-ਕੱਲ੍ਹ ਜੇਕਰ ਰਸ਼ਕ ਕਰਨ ਵਾਲੀ ਕੋਈ ਗੱਲ ਹੈ ਤਾਂ ਉਹ ਹੈ ਸਵਾਤ ਖਿੱਤੇ ਨੂੰ ਇੰਤਹਾਪਸੰਦਾਂ ਦੇ ਕਬਜ਼ੇ ਤੋਂ ਮੁਕਤ ਕਰਵਾਉਣ ਦੀ ਕਾਮਯਾਬੀ। ਤਾਲਿਬਾਨ ਨੇ ਇਸ ਖਿੱਤੇ ਨੂੰ 'ਤਾਲਿਬਾਨੀ ਰਿਆਸਤ' ਦਾ ਦਰਜਾ ਦੇ ਦਿੱਤਾ ਸੀ ਅਤੇ ਇੱਥੇ ਪਾਕਿਸਤਾਨੀ ਹਕੂਮਤ ਦੀ ਥਾਂ ਆਪਣਾ ਸਿੱਕਾ ਚਲਾਉਣਾ ਸ਼ੁਰੂ ਕਰ ਦਿੱਤਾ ਸੀ।

ਡਿਰੇਡੀਕਲਾਈਜ਼ੇਸ਼ਨ ਸੈਂਟਰ ਦੇ ਕਾਨਫ਼ਰੰਸ ਰੂਮ ਵਿਚ ਲੈਫਟੀਨੈਂਟ ਕਰਨਲ ਜ਼ਿਆ-ਉਰ-ਰਹਿਮਾਨ ਨੇ ਸਾਨੂੰ ਦੱਸਿਆ ਕਿ ਸੈਂਟਰ ਵਿਚ 100 ਵਿਦਿਆਰਥੀ ਉਹ ਹਨ ਜਿਨ੍ਹਾਂ ਨੇ ਅਤੀਤ ਵਿਚ ਪਾਕਿਸਤਾਨੀ ਹਕੂਮਤ ਦੇ ਖਿਲਾਫ਼ ਅਤਿਵਾਦੀ ਕਾਰਵਾਈਆਂ ਕੀਤੀਆਂ ਸਨ। ਹੁਣ ਇਹ ਸਾਰੇ 30 ਦਿਨਾਂ ਪ੍ਰੋਗਰਾਮ 'ਤੇ ਅਮਲ ਕਰ ਰਹੇ ਹਨ ਜਿਸ ਦਾ ਮਨੋਰਥ ਇਨ੍ਹਾਂ ਦੇ ਦਿਮਾਗਾਂ ਵਿਚੋਂ ਇੰਤਹਾਪਸੰਦੀ ਦਾ ਭੂਤ ਕੱਢਣਾ ਅਤੇ ਹਿੰਸਾ ਤਿਆਗਣ ਕੇ ਇਨ੍ਹਾਂ ਨੂੰ ਰਾਹ 'ਤੇ ਲਿਆਉਣਾ ਹੈ। ਪੁਨਰਵਾਸ ਦੇ ਇਸ ਅਮਲ ਨੂੰ ਕਾਰਗਰ ਬਣਾਉਣ ਲਈ ਮਨੋਵਿਗਿਆਨੀਆਂ, ਨਰਮਪੰਥੀ ਮੁਲਾਣਿਆਂ ਅਤੇ ਕੰਮ-ਧੰਦੇ ਸਿਖਾਉਣ ਵਾਲੇ ਉਸਤਾਦਾਂ ਦੀ ਮਦਦ ਲਈ ਜਾ ਰਹੀ ਹੈ।

ਸਾਨੂੰ ਇਕ ਕਮਰੇ ਵਿਚ ਲਿਜਾਇਆ ਗਿਆ ਜਿੱਥੇ ਅਫ਼ਗਾਨ ਟੋਪੀਆਂ ਵਾਲੇ ਪੁਰਸ਼ਾਂ ਦੇ ਟੋਲੇ ਨੂੰ ਕੋਈ ਮੁਕਾਮੀ (ਸਥਾਨਕ) ਮੁੱਲਾ ਵੱਲੋਂ 'ਸਹੀ ਰਸਤੇ' ਬਾਰੇ ਸਿਖਾਇਆ ਜਾ ਰਿਹਾ ਸੀ। ਉਸ ਦੀ ਤਕਰੀਰ ਦਾ ਮੁੱਖ ਮੌਜ਼ੂ ਸੀ: "ਬਿਨਾਂ ਕਿਸੇ ਠੋਸ ਵਜ੍ਹਾ ਤੋਂ ਮੁਸਲਮਾਨ ਨੂੰ ਮਾਰਨਾ ਜਾਂ ਜ਼ਖ਼ਮੀ ਕਰਨਾ ਘੋਰ ਗੁਨਾਹ ਹੈ। ਇਸਲਾਮੀ ਅਕੀਦੇ ਅਤੇ ਤੌਰ-ਤਰੀਕੇ ਅਜਿਹੀ ਇਜਾਜ਼ਤ ਨਹੀਂ ਦਿੰਦੇ। ਖੁਦਕੁਸ਼ ਹਮਲੇ ਜਾਂ ਖ਼ੁਦ ਨੂੰ ਬੰਬਾਂ ਨਾਲ ਉਡਾਉਣਾ ਇਸਲਾਮੀ ਸ਼ਰ੍ਹਾ ਮੁਤਾਬਕ ਹਰਾਮ ਹੈ।" ਕਲਾਸ ਵਿਚ ਬੈਠੇ 'ਤਾਲਿਬ' (ਵਿਦਿਆਰਥੀ) ਨੌਜਵਾਨ ਵੀ ਸਨ ਅਤੇ ਅੱਧਖੜ੍ਹ ਵੀ। ਉਹ ਮੁੱਲਾ ਦੀ ਲੰਬੀ-ਚੌੜੀ ਤਕਰੀਰ ਸੁਣ ਰਹੇ ਸਨ।

ਕੁਝ ਹੋਰ ਕਮਰਿਆਂ ਵਿਚ ਵੱਖ-ਵੱਖ ਕਿੱਤਿਆਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਚਾਰ ਤਾਲਿਬ ਕੰਪਿਊਟਰ ਦੁਆਲੇ ਜੁੜੇ ਬੈਠੇ ਸਨ ਅਤੇ ਸੌਫਟਵੇਅਰ ਬਾਰੇ ਜਾਣਕਾਰੀ ਹਾਸਲ ਕਰ ਰਹੇ ਸਨ। ਕੁਝ ਹੋਰ ਬਲਬਾਂ ਅਤੇ ਤਾਰਾਂ ਨਾਲ ਛੇੜਛਾੜ ਕਰ ਰਹੇ ਹਨ। ਇਕ ਹੋਰ ਕਮਰੇ ਵਿਚ ਘਰੇਲੂ ਸਾਜ਼ੋ-ਸਾਮਾਨ ਦੀ ਮੁਰੰਮਤ ਅਤੇ ਤਰਖਾਣਾ ਕਿੱਤੇ ਦੀ ਕਲਾਸ ਲੱਗੀ ਹੋਈ ਹੈ। ਸਾਰੇ ਕਮਰਿਆਂ ਵਿਚ ਨਵਾਂ-ਨਵਾਂ ਰੰਗ-ਰੋਗਨ ਹੋਇਆ ਲੱਗਦਾ ਸੀ। ਇਨ੍ਹਾਂ 'ਤਾਲਿਬਾਨ' ਦੇ ਕੱਪੜੇ ਅਤੇ ਬੂਟ ਵੀ ਹਾਲ ਹੀ ਵਿਚ ਖਰੀਦੇ ਜਾਪਦੇ ਸਨ। ਉਂਝ, ਕੁੱਲ ਮਿਲਾ ਕੇ ਇਹੀ ਪ੍ਰਭਾਵ ਬਣਦਾ ਸੀ ਕਿ ਕੱਟੜਪੰਥੀ ਸੋਚ ਦਾ 'ਨਸ਼ਾ' ਉਤਾਰਨ ਅਤੇ ਨਰਮਪੰਥੀ ਸੋਚ ਨੂੰ ਜਗਾਉਣ ਲਈ ਜੋ ਤੌਰ-ਤਰੀਕੇ ਵਰਤੇ ਜਾ ਰਹੇ ਹਨ, ਉਹ ਬਹੁਤੇ ਕਾਰਗਰ ਜਾਂ ਅਸਰਦਾਰ ਨਹੀਂ।

ਮਾਰਚ 2011 ਦੇ ਹਾਲਾਤ ਨੂੰ ਸਾਹਮਣੇ ਲਿਆਉਂਦੀ ਨਵੀਂ ਸਲਾਈਡ ਤੋਂ ਸਪਸ਼ਟ ਸੀ ਕਿ ਦਹਿਸ਼ਤਗਰਦਾਂ ਦੇ ਕੰਟਰੋਲ ਵਾਲੇ ਇਲਾਕੇ ਹੁਣ

## ਗੁਆਂਢ-ਮੱਥਾ

ਨਾਂ-ਮਾਤਰ ਹੀ ਹਨ ਪਰ ਬ੍ਰਿਗੇਡੀਅਰ ਅੱਬਾਸ ਬੇਫ਼ਿਕਰ ਨਹੀਂ ਸੀ। ਉਸ ਦਾ ਕਹਿਣਾ ਸੀ, "ਜਿੱਤ ਐਲਾਨਣ ਦਾ ਸਮਾਂ ਅਜੇ ਨਹੀਂ ਆਇਆ। ਅਜੇ ਤਾਂ ਆਪਣਾ ਕੰਟਰੋਲ ਕਾਇਮ ਰੱਖਣਾ ਹੀ ਵੱਡੀ ਵੰਗਾਰ ਹੈ। ਸਮੁੱਚੇ ਕਬਾਇਲੀ ਖਿੱਤੇ ਵਿਚ ਬਹੁਤੀਆਂ ਸੜਕਾਂ ਸਾਡੇ ਕੰਟਰੋਲ ਹੇਠ ਹਨ। ਅਸੀਂ ਦਹਿਸ਼ਤਗਰਦਾਂ ਤੱਕ ਰਸਦ-ਪਾਣੀ ਤੇ ਹਥਿਆਰ ਪਹੁੰਚਣ ਦੇ ਰਾਹ ਬੰਦ ਕਰ ਦਿੱਤੇ ਹਨ। ਉਹ ਕਿਤੇ ਆ-ਜਾ ਨਹੀਂ ਸਕਦੇ, ਪਰ ਉਨ੍ਹਾਂ ਨੂੰ ਕਮਜ਼ੋਰ ਕਿਆਸਣਾ ਅਜੇ ਮੁਮਕਿਨ ਨਹੀਂ।"

ਜੇਕਰ ਪਾਕਿਸਤਾਨੀ ਫ਼ੌਜ ਫਾਟਾ ਅਤੇ ਸਵਾਤ ਵਰਗੇ ਕਬਾਇਲੀ ਖੇਤਰਾਂ ਨੂੰ ਮਹਿਜ਼ ਦੋ ਸਾਲਾਂ ਦੇ ਅੰਦਰ ਦਹਿਸ਼ਤਗਰਦਾਂ ਦੇ ਕਬਜ਼ੇ ਵਿਚੋਂ ਮੁਕਤ ਕਰਵਾ ਸਕਦੀ ਹੈ ਤਾਂ ਉਹ ਲਸ਼ਕਰ-ਏ-ਤੋਇਬਾ ਵਰਗੀਆਂ ਜਥੇਬੰਦੀਆਂ ਦੇ ਖ਼ਿਲਾਫ਼ ਫੈਸਲਾਕੁਨ ਕਾਰਵਾਈ ਕਿਉਂ ਨਹੀਂ ਕਰਦੀ? ਇਸ ਬਾਰੇ ਜਨਰਲ ਅੱਬਾਸ ਦਾ ਜਵਾਬ ਬੜਾ ਕੂਟਨੀਤਕ ਸੀ, "ਲਸ਼ਕਰ-ਏ-ਤੌਇਬਾ ਉਤੇ ਪਾਬੰਦੀ ਲੱਗੀ ਹੋਈ ਹੈ ਅਤੇ ਇਸ ਦੀਆਂ ਸਰਗਰਮੀਆਂ ਸੀਮਤ ਕੀਤੀਆਂ ਜਾ ਚੁੱਕੀਆਂ ਹਨ।" ਫਿਰ ਮੇਰੇ ਚਿਹਰੇ 'ਤੇ ਗ਼ੈਰ-ਤਸੱਲੀ ਦੇ ਭਾਵ ਪੜ੍ਹ ਕੇ ਉਹ ਕਹਿਣ ਲੱਗਾ, "ਕਈ ਵਾਰ ਜਦੋਂ ਤੁਸੀਂ ਆਪਣੀ ਸਮਰੱਥਾ ਦਾ ਜਾਇਜ਼ਾ ਲੈਂਦੇ ਹੋ ਤਾਂ ਤੁਹਾਨੂੰ ਅਹਿਸਾਸ ਹੋ ਜਾਂਦਾ ਹੈ ਕਿ ਤੁਸੀਂ ਕਿੰਨੇ ਕੁ ਮੁਹਾਜ਼ਾਂ 'ਤੇ ਇਕੋ ਸਮੇਂ ਕਾਮਯਾਬੀ ਨਾਲ ਲੜ ਸਕਦੇ ਹੋ। ਜੇਕਰ ਆਪਣੀ ਸਮਰੱਥਾ ਤੋਂ ਵੱਧ ਮੁਹਾਜ਼ ਖੋਲ੍ਹ ਲਏ ਤਾਂ ਨਾ-ਕਾਮਯਾਬ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਫ਼ੌਜ ਨਹੀਂ ਚਾਹੁੰਦੀ ਕਿ ਉਹ ਆਪਣਾ ਅਪਰੇਸ਼ਨ ਇੰਨੀ ਦੂਰ ਤੱਕ ਲੈ ਜਾਵੇ ਕਿ ਪਿੱਛੋਂ ਸਪਲਾਈ ਲਾਈਨ ਕੱਟੇ ਜਾਣ ਦਾ ਖ਼ਤਰਾ ਹੋਵੇ।"

### *ਲੜਾਈ ਦਾ ਕਾਰਪੋਰੇਟੀ ਢੰਗ*

*ਰਾਵਲਪਿੰਡੀ ਤੋਂ ਹੈਲੀਕਾਪਟਰ ਰਾਹੀਂ ਸਵਾਤ ਜਾਣ ਤੋਂ ਪਹਿਲਾਂ ਪਾਕਿਸਤਾਨ ਦੇ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਬਿਊਰੋ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਅਤਹਰ ਅੱਬਾਸ ਨੇ ਫਿਲਮਾਂ ਅਤੇ ਸਲਾਈਡਾਂ ਦੀ ਮਦਦ ਨਾਲ ਸਾਡੇ ਸਾਹਮਣੇ ਇਹ ਖੁਲਾਸਾ ਕੀਤਾ ਕਿ ਪਾਕਿਸਤਾਨੀ ਫ਼ੌਜ ਪਿਛਲੇ ਦੋ ਸਾਲਾਂ ਤੋਂ ਸਵਾਤ ਅਤੇ ਫਾਟਾ ਖਿੱਤਿਆਂ ਵਿਚੋਂ ਇੰਤਹਾਪਸੰਦੀ ਦਾ ਖਾਤਮਾ ਕਰਨ ਲਈ ਕਿਵੇਂ ਜੂਝਦੀ ਚਲੀ ਆ ਰਹੀ ਹੈ। ਇਹ ਪੇਸ਼ਕਾਰੀ ਪ੍ਰਭਾਵਸ਼ਾਲੀ ਪਰ ਇਕਪਾਸੜ ਸੀ।*

*ਜਨਰਲ ਅੱਬਾਸ ਦੇ ਡਿਪਟੀ ਬ੍ਰਿਗੇਡੀਅਰ ਸੱਯਦ ਅਜ਼ਮਤ ਅਲੀ ਨੇ ਮੈਨੂੰ ਇਕ ਸਲਾਈਡ ਦਿਖਾਈ ਜੋ ਇਹ ਦਰਸਾਉਂਦੀ ਸੀ ਕਿ 2009 ਵਿਚ ਫਾਟਾ ਅਤੇ ਸਵਾਤ ਖਿੱਤਿਆਂ ਵਿਚ ਹਕੂਮਤੀ ਕੰਟਰੋਲ ਕਿੰਨੀਆਂ ਘੱਟ ਥਾਵਾਂ 'ਤੇ ਸੀ। ਸਵਾਤ, ਬਜੌਰ, ਮੋਹਮੰਦ ਅਤੇ ਉੱਤਰੀ ਤੇ ਦੱਖਣੀ ਵਜ਼ੀਰਿਸਤਾਨ ਵਿਚਲੇ ਬਹੁਤ ਸਾਰੇ ਇਲਾਕੇ ਅਜਿਹੇ ਸਨ ਜਿੱਥੇ ਤਾਲਿਬਾਨ ਦਾ ਮੁਕੰਮਲ ਕੰਟਰੋਲ ਸੀ। ਅਫ਼ਗਾਨਿਸਤਾਨ ਤੇ ਪਾਕਿਸਤਾਨ ਦੀ 1600 ਕਿਲੋਮੀਟਰ ਲੰਮੀ ਸਰਹੱਦ ਤੋਂ ਦੂਰ-ਦੂਰ ਤਕ ਅਜਿਹੇ ਇਲਾਕੇ ਵੀ ਸਨ ਜਿੱਥੇ ਹਕੂਮਤੀ ਕੰਟਰੋਲ ਸਿਰਫ਼ ਨਾਂ ਦਾ ਸੀ। ਦਹਿਸ਼ਤਗਰਦਾਂ ਨੂੰ ਭਜਾਉਣ ਅਤੇ ਹਕੂਮਤੀ ਕੰਟਰੋਲ ਲਈ ਪਾਕਿਸਤਾਨੀ ਫ਼ੌਜ ਨੇ ਕਾਰਪੋਰੇਟ ਅਦਾਰਿਆਂ ਵਾਲੀ ਰਣਨੀਤੀ ਅਪਣਾਈ: ਵਿਰੋਧੀਆਂ ਦਾ ਸਫਾਇਆ ਕਰੋ, ਇਲਾਕੇ 'ਤੇ ਕਬਜ਼ਾ ਪੱਕਾ ਕਰੋ, ਨਵ-ਉਸਾਰੀ ਸ਼ੁਰੂ ਕਰ ਕੇ ਇਹ ਪ੍ਰਭਾਵ ਦਿਉ ਕਿ ਤੁਸੀਂ ਹੁਣ ਇਸ ਇਲਾਕੇ ਨੂੰ ਅਪਣਾ ਲਿਆ ਹੈ। ਫਿਰ ਹਕੂਮਤੀ ਕੰਟਰੋਲ, ਸਰਕਾਰ ਦਾ ਹਿੱਤ ਪਾਲਣ ਵਾਲੀ ਮੁਕਾਮੀ ਲੀਡਰਸ਼ਿਪ ਦੇ ਹੱਥਾਂ ਵਿਚ ਸੌਂਪ ਦਿਉ।*

## ਫ਼ੌਜੀਆਂ ਦੀ ਥਾਂ ਮੁਜਾਹਿਦੀਨ ਡਾਹੇ

ਪਾਕਿਸਤਾਨ ਦੀ ਸੁਰੱਖਿਆ ਪੱਖੋਂ ਸਵਾਤ ਬੜਾ ਸੰਵੇਦਨਸ਼ੀਲ ਖਿੱਤਾ ਹੈ। ਪਾਕਿਸਤਾਨੀ ਉੱਤਰ ਪੱਛਮ ਵਿਚ ਸਥਿਤ ਇਹ ਖਿੱਤਾ ਇਕ ਪਾਸੇ ਕੇਂਦਰ ਸਰਕਾਰ ਦੇ ਪ੍ਰਸ਼ਾਸਨਿਕ ਕੰਟੋਰਲ ਵਾਲੇ ਕਬਾਇਲੀ ਖੇਤਰਾਂ (ਫਾਟਾ) ਦੇ ਨਾਲ ਲੱਗਦਾ ਹੈ ਅਤੇ ਦੂਜੇ ਪਾਸੇ ਇਹ ਉੱਤਰ-ਪੱਛਮ ਵੱਲੋਂ ਇਸਲਾਮਾਬਾਦ ਦਾ ਪ੍ਰਵੇਸ਼ ਦੁਆਰ ਵੀ ਹੈ। ਫਾਟਾ ਵਿਚ ਦੱਖਣੀ ਤੇ ਉੱਤਰੀ ਵਜ਼ੀਰਿਸਤਾਨ, ਖ਼ੁਰਮ ਏਜੰਸੀ ਅਤੇ ਕੁਝ ਹੋਰ ਕਬਾਇਲੀ ਇਲਾਕੇ ਆਉਂਦੇ ਹਨ। ਇਹ ਸਾਰੇ ਇਲਾਕੇ ਬੁਨਿਆਦੀ ਤੌਰ 'ਤੇ ਅਫ਼ਗਾਨਿਸਤਾਨ ਦੇ ਨਾਲ ਲੱਗਦੇ ਹਨ ਅਤੇ ਇੱਥੇ ਪਾਕਿਸਤਾਨ ਸਰਕਾਰ ਦਾ ਕਦੇ ਵੀ ਪੂਰਾ ਹਕੂਮਤੀ ਕੰਟਰੋਲ ਨਹੀਂ ਰਿਹਾ। ਇਸ ਇਲਾਕੇ ਵਿਚੋਂ ਤਾਲਿਬਾਨ ਤੇ ਅਲ-ਕਾਇਦਾ ਦਾ ਸਫਾਇਆ ਕਰਨ ਲਈ ਜਿੱਥੇ ਪਾਕਿਸਤਾਨੀ ਫ਼ੌਜ ਲੰਮੇ ਸਮੇਂ ਤੋਂ ਜੱਦੋ-ਜਹਿਦ ਕਰ ਰਹੀ ਹੈ, ਉਥੇ ਅਫ਼ਗਾਨਿਸਤਾਨ ਵਿਚ ਤਾਇਨਾਤ ਅਮਰੀਕੀ ਫ਼ੌਜਾਂ ਵੀ ਇਸੇ ਖੇਤਰ ਨੂੰ ਡਰੋਨ ਹਮਲਿਆਂ ਦਾ ਸ਼ਿਕਾਰ ਬਣਾ ਰਹੀਆਂ ਹਨ।

ਇਸ ਸਮੇਂ ਫ਼ੌਜ ਕਿਉਂਕਿ ਮੁਲਕ ਦੇ ਪੱਛਮ ਵਿਚ ਚੱਲ ਰਹੀ ਜਦੋ-ਜਹਿਦ ਵਿਚ ਬੁਰੀ ਤਰ੍ਹਾਂ ਉਲਝੀ ਹੋਈ ਹੈ, ਇਹ ਨਹੀਂ ਚਾਹੁੰਦੀ ਕਿ ਕਸ਼ਮੀਰ ਵਾਲੇ ਪਾਸੇ ਕੰਟਰੋਲ ਰੇਖਾ 'ਤੇ ਠੰਢ-ਠੰਢਾਰਾ ਬਣਿਆ ਰਹੇ। ਇਸੇ ਲਈ ਇਸ ਨੇ ਦੇਸ਼ ਦੀ ਸਿਵਲੀਅਨ ਸਰਕਾਰ ਨੂੰ ਹਰੀ ਝੰਡੀ ਦਿੱਤੀ ਹੋਈ ਹੈ ਕਿ ਉਹ ਭਾਰਤ ਨਾਲ ਰੁਕੀ ਗੱਲਬਾਤ ਲੀਹ ਉਤੇ ਪਾਉਣ ਦੇ ਹੀਲੇ ਕਰੇ, ਪਰ ਇਸ ਦੇ ਨਾਲ ਹੀ ਇਸ ਨੇ ਲਸ਼ਕਰ ਵਰਗੇ ਭਾਰਤ ਵਿਰੋਧੀ ਦਹਿਸ਼ਤੀ ਟੋਲਿਆਂ ਨੂੰ ਕਾਬੂ ਹੇਠ ਰੱਖਣ ਲਈ ਕੋਈ ਕਾਰਵਾਈ ਨਹੀਂ ਕੀਤੀ। ਇਸ ਦੀ ਮੁੱਖ ਵਜ੍ਹਾ ਇਹ ਹੈ ਕਿ ਅਮਰੀਕਾ ਦੀ ਪਿੱਛਲੱਗ ਹੋਣ ਦੇ ਪ੍ਰਭਾਵ ਨੂੰ ਇਹ ਕਸ਼ਮੀਰ ਦੇ ਮੋਰਚੇ 'ਤੇ ਵੀ ਨਰਮਾਈ ਵਰਤ ਕੇ ਹੋਰ ਗਹਿਰਾ ਨਹੀਂ ਬਣਾਉਣਾ ਚਾਹੁੰਦੀ। ਉਂਜ ਵੀ, ਦਹਿਸ਼ਤੀ ਪੱਤਾ ਪਾਕਿਸਤਾਨੀ ਫ਼ੌਜ ਨੂੰ ਹਮੇਸ਼ਾ ਹੀ ਰਾਸ ਆਇਆ ਹੈ ਅਤੇ ਉਹ ਭਾਰਤ-ਵਿਰੋਧੀ ਦਹਿਸ਼ਤੀਆਂ ਨਾਲ ਵਿਗਾੜ ਕੇ ਇਸ ਪੱਤੇ ਦੀ ਭਾਰਤ ਖ਼ਿਲਾਫ਼ ਵਰਤੋਂ ਦੀਆਂ ਸੰਭਾਵਨਾਵਾਂ ਨੂੰ ਮੱਠਾ ਨਹੀਂ ਪੈਣ ਦੇਣਾ ਚਾਹੁੰਦੀ। ਜਿੱਥੇ ਉਹ ਖ਼ੁਦ ਨਹੀਂ ਲੜਨਾ ਚਾਹੁੰਦੀ, ਉਸ ਮੋਰਚੇ 'ਤੇ 'ਮੁਜਾਹਿਦੀਨ' ਨੂੰ ਡਾਹ ਦੇਣ ਵਿਚ ਹਰਜ ਵੀ ਕੀ ਹੈ?

# ਬਾਬਾ ਰਾਮਦੇਵ ਦਾ ਅੰਦੋਲਨ ਕਿਹੜੇ ਰਾਹ?

ਪ੍ਰੋ. ਕੁਲਵੰਤ ਸਿੰਘ ਰੋਮਾਣਾ

ਅੰਨਾ ਹਜ਼ਾਰੇ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਕੀਤੇ ਗਏ ਅੰਨ-ਸ਼ੰਨ ਦੀ ਬੇਮਿਸਾਲ ਕਾਮਯਾਬੀ ਤੋਂ ਫੌਰਨ ਬਾਅਦ ਹੀ ਬਾਬਾ ਰਾਮਦੇਵ ਨੇ ਵੀ ਐਸਾ ਹੀ ਅੰਨ-ਸ਼ੰਨ ਕਰਨ ਦਾ ਐਲਾਨ ਕਰ ਦਿੱਤਾ ਸੀ। ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਾਲੇ ਧਨ ਵਰਗੀ ਅਲਾਮਤ ਦੀ ਜੜ੍ਹ ਭ੍ਰਿਸ਼ਟਾਚਾਰ ਨੂੰ ਹੀ ਹਰ ਪੱਧਰ ’ਤੇ ਖਤਰਾ ਕਰਨ ਲਈ ਸਰਕਾਰੀ ਅਤੇ ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਦੀ ਸਾਂਝੀ ਕਮੇਟੀ ਬਣ ਚੁੱਕੀ ਸੀ, ਤੇ ਉਹ ਇਸ ਹਵਾਲੇ ਨਾਲ ਲਗਾਤਾਰ ਮੀਟਿੰਗਾਂ ਵੀ ਕਰ ਰਹੇ ਸਨ ਤਾਂ ਗੱਲ ਟੁੱਟਣ ਤੋਂ ਪਹਿਲਾਂ ਹੀ ਰਾਮਦੇਵ ਇਸੇ ਮੁੱਦੇ ’ਤੇ ਨਵਾਂ ਅਤੇ ਵੱਖਰਾ ਅੰਦੋਲਨ ਸ਼ੁਰੂ ਕਰਨ ਦੀ ਏਨੀ ਕੀ ਕਹਾਲੀ ਸੀ? ਹਾਲਾਂਕਿ ਰਾਮਦੇਵ ਦੇ ਅੰਦੋਲਨ ਦੀ ਰਾਮਲੀਲ੍ਹਾ ਸ਼ੁਰੂ ਹੋਣ ਤੋਂ ਦੋ ਦਿਨ ਬਾਅਦ ਹੀ ਇਹ ਗੱਲ ਲਗਭਗ ਟੁੱਟ ਵੀ ਗਈ। 4 ਜੂਨ ਨੂੰ ਆਪਣਾ ਅੰਦੋਲਨ ਸ਼ੁਰੂ ਕਰਨ ਤੋਂ ਪਹਿਲਾਂ ਰਾਮਦੇਵ, ਸਰਕਾਰ ਨਾਲ ਗੁਪਤ ਗੱਲਬਾਤ ਵੀ ਚਲਾਉਂਦਾ ਰਿਹਾ ਅਤੇ ਆਪਣੇ ਸਮਰੱਥਾਂ ਨੂੰ 'ਫੱਟੇ ਕੱਚ ਦਿਓ' ਵਰਗੀ ਹੱਲਾਸ਼ੇਰੀ ਵੀ ਦਿੰਦਾ ਰਿਹਾ। ਅਦਾਲਤ ਵੱਲੋਂ ਸਿਆਸੀ ਪ੍ਰਦਰਸ਼ਨਾਂ ਲਈ ਵਰਜਤ ਥਾਂ ਰਾਮਲੀਲ੍ਹਾ ਗਰਾਊਂਡ ’ਚ ਯੋਗ ਕੈਂਪ ਲਾਉਣ ਦੇ ਨਾਂ ’ਤੇ ਭੁੱਖ ਹੜਤਾਲ ਸ਼ੁਰੂ ਕਰਨ ਲਈ ਸਰਕਾਰ ਨਾਲ ਚੋਪੜੀਆਂ-ਚੋਪੜੀਆਂ ਗੱਲਾਂ ਕਰਦਾ ਰਿਹਾ; ਇੱਥੋਂ ਤੱਕ ਕਿ ਸਰਕਾਰ ਨੂੰ ਲਿਖਤੀ ਤੌਰ ’ਤੇ ਦੇ ਆਇਆ ਕਿ ਉਹ ਰਾਮਲੀਲ੍ਹਾ ਗਰਾਊਂਡ ’ਚ 6 ਜੂਨ ਸ਼ਾਮ ਨੂੰ ਆਪਣਾ ਬੋਰੀ-ਬਿਸਤਰਾ ਸਮੇਟ ਲਏਗਾ ਅਤੇ ਇਸ ਗੱਲ ਬਾਰੇ ਆਪਣੇ ਸਮਰੱਥਕਾਂ ’ਚ ਪਹਿਲੇ ਦਿਨ ਹੀ ਐਲਾਨ ਕਰ ਦੇਵੇਗਾ। ਜਦੋਂ ਸਰਕਾਰ ਨੂੰ 4 ਜੂਨ ਦੀ ਸ਼ਾਮ ਨੂੰ ਇਹ ਮਹਿਸੂਸ ਹੋਇਆ ਕਿ ਰਾਮਦੇਵ ਡਬਲ ਗੇਮ ਖੇਡ ਗਿਆ ਹੈ ਤਾਂ ਉਨ੍ਹਾਂ ਰਾਮਦੇਵ ਦੇ ਰਾਮ ਲੀਲ੍ਹਾ ਵਿਖੇ ਚੱਲ ਰਹੇ ਅੰਦੋਲਨ ਨੂੰ ਪੁਲਿਸ ਭੇਜ ਕੇ ਖੁਰਦ-ਬੁਰਦ ਕਰ ਦਿੱਤਾ, ਤੇ ਉਹ ਹਰਿਦੁਆਰ ਪਹੁੰਚ ਗਿਆ। ਸਰਕਾਰ ਅਤੇ ਰਾਮਦੇਵ ਵਿਚਕਾਰ ਕਈ ਮਹੀਨਿਆਂ ਤੋਂ ਵਿਚੋਲਗੀ ਕਰ ਰਹੇ ਕਾਂਗਰਸੀ ਮੰਤਰੀ ਸਬੋਧ ਕਾਂਤ ਸਹਾਏ ਨੇ ਪ੍ਰੈਸ ਕਾਨਫਰੰਸ ਕਰਕੇ ਰਾਮਦੇਵ ਦੀ ਉਹ ਲਿਖਤ ਵੀ ਦਿਖਾਈ ਜਿਸ ’ਚ ਬਾਬੇ ਨੇ 6 ਜੂਨ ਤੋਂ ਬਾਅਦ ਰਾਮਲੀਲ੍ਹਾ ਮੈਦਾਨ ਵਿਚੋਂ ਚਲੇ ਜਾਣਾ ਸੀ। ਪ੍ਰਧਾਨ ਮੰਤਰੀ ਅਤੇ ਪ੍ਰਣਬ ਮੁਖਰਜੀ ਵੱਲੋਂ ਰਾਮਦੇਵ ਨੂੰ ਲਿਖੀਆਂ ਚਿੱਠੀਆਂ ਦੀਆਂ ਨਕਲਾਂ ਵੀ ਦਿਖਾਈਆਂ ਅਤੇ ਇਹ ਵੀ ਦੱਸਿਆ ਕਿ ਸਰਕਾਰ ਨੇ ਰਾਮਦੇਵ ਨਾਲ ਗੱਲਬਾਤ ਦੌਰਾਨ ਇਹ ਗੱਲ ਬੜੀ ਸਪੱਸ਼ਟ ਕੀਤੀ ਸੀ ਕਿ ਬਾਹਰੋਂ ਕਾਲਾ ਧਨ ਲਿਆਉਣ ਲਈ ਦੂਜੇ ਦੇਸ਼ਾਂ ਨਾਲ ਭਾਰਤੀ ਸੰਧੀਆਂ ਅਤੇ ਸਬੰਧਾਂ ’ਤੇ ਨਿਰਭਰ ਕਰਦਾ ਹੈ। ਇਹ ਵੀ ਸਮਝਾਇਆ ਗਿਆ ਸੀ ਕਿ ਵੱਡੇ ਨੋਟ ਬੰਦ ਕਰਨ ਨਾਲ ਭ੍ਰਿਸ਼ਟਾਚਾਰ ਖਤਮ ਨਹੀਂ ਹੁੰਦਾ ਅਤੇ ਕਿਸੇ ਨੋਟ ਜਾਂ ਸਿੱਧੇ ਦਾ ਬਾਜ਼ਾਰ ’ਚ ਹੋਣਾ ਜਾਂ ਨਾ ਹੋਣ ਦੇਸ਼ ਦੇ ਆਰਥਿਕ ਵਿਕਾਸ ਦੀ ਗਤੀ ਅਤੇ ਲੋਕਾਂ ਵੱਲੋਂ ਲੈਣ-ਦੇਣ ’ਚ ਵਰਤੋਂ ਅਨੁਸਾਰ ਰੀਜ਼ਰਵ ਬੈਂਕ ਹੀ ਤੈਅ ਕਰਦਾ ਹੈ। ਇਸ ਗੱਲ ’ਤੇ ਵੀ ਚਰਚਾ ਹੋਈ ਸੀ ਕਿ ਦੁਨੀਆ ਭਰ ਦੇ ਦੇਸ਼ ਤਾਂ ਕਿਸੇ ਵੀ ਗੁਨਾਹਗਾਰ ਨੂੰ ਫਾਂਸੀ ਦੇਣ ਦੇ ਖ਼ਿਲਾਫ਼ ਗੱਲ ਕਰ ਰਹੇ ਹਨ ਤੇ ਇਸ ਨੂੰ ਗੁਲਾਮੀ ਯੁੱਗ ਦੀ ਪ੍ਰਥਾ ਸਮਝਦੇ ਹਨ। ਅਸੀਂ ਇਸ ਪ੍ਰਥਾ ਦਾ ਘੇਰਾ ਹੋਰ ਵੱਡਾ ਕਰੀਏ ਤਾਂ ਇਹ ਕੋਈ ਸੱਭਿਆ ਸਮਾਜ ਦੀ ਨਿਸ਼ਾਨੀ ਨਹੀਂ। ਸਹਾਏ ਅਨੁਸਾਰ ਰਾਮਦੇਵ ਇਹ ਮੰਨ ਗਿਆ ਸੀ ਕਿ ਉਸ ਦੀਆਂ ਮੰਗਾਂ ਪੂਰਾ ਹੋਣ ’ਚ ਸਮਾਂ ਲੱਗੇਗਾ ਕਿਉਂਕਿ ਤਕਨੀਕੀ ਮਸਲਿਆਂ ਦੇ ਹੱਲ ਕੀਤੇ ਬਗੈਰ ਇਹ ਪੂਰੀਆਂ ਹੋਣੀਆਂ ਮੁਸ਼ਕਲ ਹਨ ਅਤੇ ਕੋਈ ਹੱਡਮਾਸ ਦਾ ਬਣਿਆ ਬੰਦਾ ਇੰਨਾ ਚਿਰ ਭੁੱਖਾ ਨਹੀਂ ਰਹਿ ਸਕਦਾ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਕਿਹਾ ਹੈ ਕਿ ਰਾਮ ਲੀਲ੍ਹਾ ਮੈਦਾਨ ਵਿਚ ਸਖ਼ਤੀ ਮਜਬੂਰਨ ਅਤੇ ਦੇਸ਼ ਦਾ ਅਮਨ ਕਾਇਮ ਰੱਖਣ ਲਈ ਕਰਨੀ ਪਈ ਹੈ।



ਜੇ ਅਸੀਂ ਰਾਮਦੇਵ ਦਾ ਸੰਖੇਪ ਤੇ ਸਾਦਾ ਜਿਹਾ ਮੁਤਾਲਿਆ ਕਰੀਏ ਤਾਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਮਦੇਵ ਨੂੰ ਇਸ ਗੱਲ ਦਾ ਪੂਰਾ ਕਰੈਡਿਟ ਜਾਂਦਾ ਹੈ ਕਿ ਉਸ ਨੇ ਨਾ ਸਿਰਫ਼ ਭਾਰਤ ਸਗੋਂ ਸੰਸਾਰ ਭਰ ਦੇ ਲੋਕਾਂ ਨੂੰ ਸਿਹਤ ਸੰਭਾਲ ਵਾਰੇ ਚੇਤਨ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ’ਚ ਸਿਹਤ ਸੱਭਿਆਚਾਰ ਹੀ ਸਿਰਜ ਦਿੱਤਾ ਹੈ। ਸਵੇਰੇ-ਸਵੇਰੇ ਭਾਰਤ ਭਰ ਦੇ ਸ਼ਹਿਰਾਂ-ਕਸਬਿਆਂ ਦੇ ਪਾਰਕਾਂ ’ਚ ਜਨਤਾ ਰਾਮਦੇਵ ਵੱਲੋਂ ਦੱਸੇ ਯੋਗ ਆਸਣ ਕਰਦੀ ਦਿਸਦੀ ਹੈ। 20ਵੀਂ ਸਦੀ ਦੇ ਪਿਛਲੇ ਅੱਧ ਤੋਂ ਬਾਅਦ ਰਾਮਦੇਵ, ਅਚਾਰੀਆ ਰਜਨੀਸ਼ ਤੋਂ ਪਿੱਛੋਂ ਦੂਸਰਾ ਐਸਾ ਬੰਦਾ ਹੋਇਆ ਹੈ ਜਿਸ ਨੇ ਭਾਰਤੀ ਜਨਤਾ ਨੂੰ ਜਾਦੂਈ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਰਜਨੀਸ਼ ਨੇ ਬੰਦੇ ਦੇ ਮਨ ਦੇ ਮਸਲੇ ਨੂੰ ਛੋਹਿਆ ਸੀ, ਤੇ ਰਾਮਦੇਵ ਨੇ ਉਸ ਦੇ ਤਨ ਦੀਆਂ ਮਰਜ਼ਾਂ ਨੂੰ ਛੋਹਿਆ ਹੈ। ਮਾੜਾ ਇਹ ਹੋਇਆ ਕਿ ਰਾਮਦੇਵ ਨੂੰ ਧਨ ਅਤੇ ਸ਼ੋਹਰਤ ਦਾ ਇੰਨਾ ਨਸ਼ਾ ਚੜ੍ਹ ਗਿਆ ਕਿ ਉਹ ਆਪਣੀ ਸੀਮਾ ਪਾਰ ਕਰ ਗਿਆ। ਯੋਗੀਆਂ ਵਾਲਾ ਸਬਰ, ਸਹਿਜ ਅਤੇ ਤਿਆਗ ਗਵਾ ਬੈਠਾ। ਦੁਨਿਆਵੀ ਟੀਸੀਆਂ ਵੱਲ ਉਡਾਣ ਕਰ ਲਈ। ਹਸਪਤਾਲਾਂ, ਫਾਰਮੇਸੀਆਂ ਅਤੇ ਯੋਗ ਕੈਂਪਾਂ ਦੇ ਨਾਂ ’ਤੇ ਜਾਇਦਾਦਾਂ ਬਣਾਉਣ ਲੱਗਾ। ਲਗਭਗ ਇਕ ਡੇਢ ਸਾਲ ਤੋਂ ਤਾਂ ਉਹ ਆਪਣੇ ਸੈਸ਼ਨਾਂ ਵਿਚ ਯੋਗ ਨਾਲੋਂ ਵੱਧ ਸਿਆਸੀ ਤਬਸਰੇ ਕਰਨ ਲੱਗ ਪਿਆ ਹੈ। ਦੇਸ਼ ਦੇ ਸੁਧਾਰ ਲਈ ਉਸ ਨੇ ਸਿਆਸੀ ਪਾਰਟੀ ਬਣਾ ਕੇ ਸੰਸਦ ਦੀਆਂ ਸਾਰੀਆਂ ਸੀਟਾਂ ’ਤੇ ਆਪਣੇ ਉਮੀਦਵਾਰ ਖੜ੍ਹੇ ਕਰਨ ਦਾ ਐਲਾਨ ਕਰ ਦਿੱਤਾ। ਇਸ ਐਲਾਨ ਤੋਂ ਬਾਅਦ ਉਸ ਨੇ ਆਪਣੇ ਆਪ ਨੂੰ ਸਥਾਪਤ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਅੰਦੋਲਨ ਸ਼ੁਰੂ ਕੀਤਾ ਤਾਂ ਉਹ ਇਸ ਅੰਦੋਲਨ ’ਚ ਹਿੱਸਾ ਪਾਉਣ ਦੀ ਬਜਾਏ ਇਸ ਲਹਿਰ ਨੂੰ ਹੀ ਹਾਈਜੈਕ ਕਰਨ ਦੀ ਮਨਸ਼ਾ ਨਾਲ ਉਥੇ ਜਾ ਪਹੁੰਚਾ। ਦਾਲ ਨਹੀਂ ਗਲੀ ਤਾਂ ਇਸੇ ਹੀ ਮੁੱਦੇ ’ਤੇ ਵੱਖਰੀ ਲਹਿਰ ਸ਼ੁਰੂ ਕਰ ਦਿੱਤੀ, ਤੇ ਰਾਮ ਲੀਲ੍ਹਾ ਮੈਦਾਨ ’ਚ ਆ ਡੇਰੇ ਲਾਏ। ਲਗਦਾ ਹੈ ਕਿ ਲਾਲ ਕ੍ਰਿਸ਼ਨ ਅਡਵਾਨੀ ਵਾਂਗ ਰਾਮਦੇਵ ਨੂੰ ਇਕ ਵਾਰ ਲਾਲ ਕਿਲੇ ’ਤੇ ਸਲਾਮੀ ਲੈਣ ਦਾ ਬੁਖਾਰ ਚੜ੍ਹ ਗਿਆ ਹੈ। ਪਿਛਲੇ ਦਿਨੀਂ 'ਆਜ ਤੱਕ' ਚੈਨਲ ਦੇ ਪ੍ਰੋਗਰਾਮ 'ਸੀਧੀ ਬਾਤ' ਵਿਚ ਜਦੋਂ ਮੁਲਾਕਾਤੀ ਐਮ.ਜੇ. ਅਕਬਰ ਨੇ ਬਾਬਾ ਰਾਮਦੇਵ ਨੂੰ ਆਪਣਾ ਆਖਰੀ ਸਵਾਲ ਪੁੱਛਿਆ ਕਿ ਕੀ ਉਹ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਵੀ ਰੱਖਦਾ ਹੈ ਤਾਂ ਰਾਮਦੇਵ ਨੇ 'ਨਾਂਹ' ਨਹੀਂ ਕਹੀ, ਸਗੋਂ ਬੰਦੇ ਦੇ ਮਨ ਦੀ ਚੰਚਲਤਾ ਅਤੇ ਅਸੀਮ ਇੱਛਾ ਦੀ ਗੱਲ ਕਰਨ ਲੱਗਾ ਜਿਸ ਦੇ ਅਸਿਧੇ ਅਰਥ 'ਹਾਂ' ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਮਦੇਵ ਹੁਣ ਸਿਆਸਤ ਦੇ ਅਸਮਾਨ ’ਚ ਉਡਾਰੀਆ ਮਾਰਨ ਲਈ ਮੈਦਾਨ ’ਚ ਉਤਰ ਆਇਆ ਹੈ। ਇਸ ਅਖਾੜੇ ’ਚ ਜੇ ਵਾਹ-ਵਾਹ ਮਿਲਦੀ ਹੈ ਤਾਂ ਚਿੱਕੜ ਉਛਾਲੀ ਵੀ ਹੁੰਦੀ ਹੈ। ਪੋਤੜੇ ਵੀ ਫਰੋਲੇ ਜਾਂਦੇ ਹਨ। ਬਾਬੇ ਦੇ ਸ਼ਰਧਾਲੂਆਂ ਦੇ ਮਨ ’ਚ ਉਸ ਦੀ ਯੋਗ ਗੁਰੂ ਅਤੇ ਅਧਿਆਤਮਵਾਦੀ ਵਾਲੀ ਤਸਵੀਰ ਬਣੀ ਹੋਈ ਹੈ। ਜਦੋਂ ਦਿਗਵਿਜੇ ਸਿੰਘ ਵਰਗੇ ਨੇਤਾ ਸਵਾਲਾਂ ਦੀ ਬੁਛਾੜ ਕਰਦੇ ਹਨ ਤਾਂ ਇਹ ਸ਼ਰਧਾਲੂ ਕਿਸਮ ਦੇ ਵੋਟਰਾਂ ਤੋਂ ਸਹਿਣ ਨਹੀਂ ਹੁੰਦਾ। ਉਹ ਕ੍ਰੋਧਿਤ ਹੋ ਜਾਂਦੇ ਹਨ। ਬਾਬਾ ਖੁਦ ਵੀ ਤਹੱਮਲ ਗਵਾ ਕੇ ਕਠੋਰ ਸ਼ਬਦਾਵਲੀ ’ਤੇ ਉਤਰ ਆਉਂਦਾ ਹੈ। ਦਿਗਵਿਜੇ ਸਿੰਘ ਕਹਿੰਦਾ ਹੈ ਕਿ ਬਾਬੇ ਦਾ ਖਾਸ ਸਹਾਇਕ ਬਾਲ ਕ੍ਰਿਸ਼ਨ ਅਸਲ ’ਚ ਨੇਪਾਲੀ ਹੈ, ਤੇ ਉਹ ਉਥੋਂ ਕੋਈ ਵੱਡਾ ਗੁਨਾਹ ਕਰਕੇ ਦੌੜਿਆ ਹੈ। ਉਸ ਕੋਲ ਭਾਰਤੀ ਪਾਸਪੋਰਟ ਤੇ ਦਸਤਾਵੇਜ਼ ਜਾਅਲੀ ਹਨ। ਹਰਿਦਵਾਰ ਵਿਖੇ ਰਾਮਦੇਵ ਨੇ ਆਪਣੇ ਯੋਗ ਆਸ਼ਰਮ ਵਾਲੀ ਥਾਂ ’ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਅਸਲ ਵਿਚ ਇਹ ਜਗ੍ਹਾ ਉਦਾਸੀਨ ਅਖਾੜੇ ਦੀ ਹੈ ਅਤੇ ਅਖਾੜੇ ਦੇ ਮੌਜੂਦਾ ਮਹੰਤ ਮਹਿੰਦਰ ਦਾਸ ਨੇ ਇਸ ਜਗ੍ਹਾ ਦਾ ਕਬਜ਼ਾ ਵਾਪਸ ਲੈਣ ਲਈ ਹਾਈ ਕੋਰਟ ’ਚ ਕੇਸ ਕੀਤਾ ਹੋਇਆ ਹੈ। ਬਾਰੇ ਨੂੰ ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਵਿਚਲੇ ਉਸ ਦੇ ਟਰੱਸਟ ਦੀ 1152 ਕਰੋੜ ਰੁਪਏ ਦੀ ਜਾਇਦਾਦ, ਸਕਾਟਲੈਂਡ ਵਿਖੇ 33 ਲੱਖ ਡਾਲਰ ਕੀਮਤ ਦਾ ਟਾਪੂ ਅਤੇ ਹਿਮਾਚਲ ਵਿਚ 38 ਏਕੜ ਜ਼ਮੀਨ ਆਦਿ ਜਿਹੜੇ ਸਭ ਦਾਨੀਆਂ ਦੇ ਦਾਨ ਨਾਲ ਬਣਾਏ ਗਏ ਹਨ, ਉਹ ਅਸਲ ’ਚ ਕਾਲਾ ਧਨ ਹੀ ਹੈ। ਜਾਇਦਾਦਾਂ ਬਾਰੇ ਸਾਰੇ ਸਵਾਲਾਂ ਦਾ ਰਾਮਦੇਵ ਇਕੋ ਹੀ ਜਵਾਬ ਦਿੰਦਾ ਹੈ ਕਿ ਉਸ ਦੀ ਸਾਰੀ ਸੰਪਤੀ ਲੋਕ ਭਲਾਈ ਲਈ ਹੈ। ਉਹ ਇਸ ਹਵਾਲੇ ਨਾਲ ਕਿਸੇ ਤਹਿਕੀਕਾਤ ਕਮਿਸ਼ਨ ਬਣਾਉਣ ਦੀ ਕਦੇ ਵੀ ਮੰਗ ਨਹੀਂ ਕਰਦਾ ਤਾਂ ਕਿ ਇਨ੍ਹਾਂ ਦੋਸ਼ਾਂ ਨੂੰ ਨਿਰਮੂਲ ਸਿੱਧ ਕਰ ਸਕੇ। ਉਸ ਦੇ ਯੋਗ ਸੈਸ਼ਨਾਂ ਬਾਰੇ ਤਾਂ ਇੱਥੋਂ ਤੱਕ ਕਿਹਾ ਜਾ ਰਿਹਾ ਹੈ ਕਿ ਟੀ.ਵੀ. ’ਤੇ ਦਿਖਾਏ ਜਾਣ ਵਾਲੇ ਕੈਂਪਾਂ ’ਚ ਉਹ ਅਗਲੀ ਲਾਈਨ ’ਚ ਬੈਠਣ ਵਾਲੇ ਸ਼ਰਧਾਲੂਆਂ ਤੋਂ 50-50 ਹਜ਼ਾਰ ਅਤੇ ਆਖਰੀ ਲਾਈਨ ’ਚ ਬੈਠਣ ਵਾਲਿਆਂ ਤੱਕ ਇਹ ਫੀਸ ਘਟਦੀ-ਘਟਦੀ 10 ਹਜ਼ਾਰ ਰਹਿ ਜਾਂਦੀ ਹੈ।

ਜੇ ਅਸੀਂ ਇਸ ਗੱਲ ਨੂੰ ਪਾਸੇ ਰੱਖ ਦੇਈਏ ਕ ਰਾਮਦੇਵ ਦੀ ਕੋਸ਼ਿਸ਼ ਕਾਮਯਾਬ ਹੁੰਦੀ ਹੈ ਜਾਂ ਨਹੀਂ, ਉਸ ਦੀ ਇੱਛਾ ਪੂਰੀ ਹੁੰਦੀ ਹੈ ਜਾਂ ਨਹੀਂ, ਤੇ ਸਿਰਫ਼ ਇਸ ਗੱਲ ਵੱਲ ਆਈਏ ਕਿ ਰਾਮਦੇਵ ਦੇ ਇਸ ਅੰਦੋਲਨ ਨੂੰ ਨਤੀਜੇ ਕੀ ਨਿਕਲ ਸਕਦੇ ਹਨ ਤਾਂ ਮੌਜੂਦਾ ਹਾਲਾਤ ਅਨੁਸਾਰ ਇਹ ਪੱਕ ਨਾਲ ਕਿਹਾ ਜਾ ਸਕਦਾ ਕਿ ਉਸ ਦੀ ਇਸ ਲਹਿਰ ਦੇ ਗਲਤ ਰਾਹੇ ਟੁਰ ਜਾਣ ਦੇ ਆਸਾਰ ਵੱਧ ਹਨ। ਜਿਸ ਤਰ੍ਹਾਂ ਬਾਬੇ ਦੇ ਅੰਦੋਲਨ ਨੂੰ ਆਰ.ਐਸ.ਐਸ. ਅਤੇ ਇਸ ਦੀਆਂ ਹੋਰ ਜਥੇਬੰਦੀਆਂ ਦੀ ਹਮਾਇਤ ਪ੍ਰਾਪਤ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅੰਦੋਲਨ ਆਪਣੇ ਰਾਹ ਤੋਂ ਭਟਕ ਕੇ ਨਿਰੋਲ ਹਿੰਸਕ ਹੋ ਜਾਏ। ਕੇ.ਐਨ. ਗੋਬਿੰਦਾਚਾਰੀਆ, ਅਜੀਤ ਦੋਵਿਲ ਅਤੇ ਵੇਦ ਪ੍ਰਤਾਪ ਵੈਦਿਕ ਵਰਗੇ ਕੱਟੜ ਭਗਵੀ ਸੋਚ ਵਾਲੇ ਬੰਦੇ ਰਾਮਦੇਵ ਦੇ ਸਲਾਹਕਾਰ ਹਨ। ਵਿਸ਼ਵ ਹਿੰਦੂ ਪ੍ਰਸ਼ੀਦ ਦੇ ਅਸ਼ੋਕ ਸਿੰਘਲ ਅਤੇ ਸਾਧਵੀ ਰਿਤੰਬਰਾ ਤਾਂ ਬਾਬੇ ਨਾਲ ਸਟੇਜ ’ਤੇ ਵੀ ਸ਼ਸ਼ੋਭਤ ਸਨ। ਬੀ.ਜੇ.ਪੀ. ਦੇ ਤਰੁਣ ਵਿਜੇ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਰਾਮਦੇਵ ਭਗਵਾਨ ਰਾਮ ਵਰਗਾ ਸ਼ੁਭ ਕੰਮ ਕਰਨ ਜਾ ਰਿਹਾ ਹੈ। ਆਰ.ਐਸ.ਐਸ. ਨੇ ਕਿਹਾ ਹੈ ਕਿ ਉਸ ਨੂੰ ਰਾਮਦੇਵ ਨਾਲ ਕ੍ਰਿਸ਼ਨ ਅਡਵਾਨੀ ਨਾਲੋਂ ਵੀ ਵੱਧ ਕੰਮ ਦਾ ਬੰਦਾ ਜਾਪਦਾ ਹੈ; ਕਿਉਂਕਿ ਅਡਵਾਨੀ ਨੇ ਤਾਂ ਸੋਨੀਆ ਗਾਂਧੀ ਤੋਂ ਮੁਆਫ਼ੀ ਮੰਗ ਲਈ ਸੀ, ਪਰ ਰਾਮਦੇਵ ਐਸਾ ਨਹੀਂ ਹੈ। ਅਧਿਆਤਮਵਾਦੀ ਆਗੂਆਂ ਵੱਲੋਂ ਸਿਆਸੀ ਤਰਜ ਦੇ ਅੰਦੋਲਨ ਇਸ ਲਈ ਵੀ ਵੱਧ ਖ਼ਤਰਨਾਕ ਹੁੰਦੇ ਹਨ ਕਿਉਂਕਿ ਲਹਿਰ ਦੇ ਸ਼ਰਧਾਲੂ ਕਿਸਮ ਦੇ ਹਮਾਇਤੀ ਲੋਕ ਆਪਣੇ ਕੰਮਾਂ ਨੂੰ ਨੈਤਿਕ ਅਤੇ ਕੌਮੀ ਰੰਗ ’ਚ ਰੰਗ ਕੇ ਪੇਸ਼ ਕਰਦੇ ਹਨ। ਵਿਰੋਧ ਕਰਨ ਵਾਲਿਆਂ ਨੂੰ ਉਹ ਅਨੈਤਿਕ ਅਤੇ ਕੌਮ ਦੇ ਗੱਦਾਰ ਗਰਦਾਨਣ ’ਚ ਢਿੱਲ ਨਹੀਂ ਕਰਦੇ। ਫਿਰ ਅਜਿਹੀਆਂ ਲਹਿਰਾਂ ’ਚ ਉਹ ਲੋਕ ਆ ਵੜਦੇ ਹਨ, ਹਿੰਸਾ ਜਿਨ੍ਹਾਂ ਲਈ ਸ਼ੁਗਲ ਹੁੰਦਾ ਹੈ। ਜਦੋਂ ਇਸ ਕਿਸਮ ਦੀ ਘੜਮੱਸ ਮੱਚ ਜਾਵੇ ਤਾਂ ਉਦੋਂ ਦੇਸ਼ ਅਤੇ ਲੋਕਾਂ ਦੀਆਂ ਦੁਸ਼ਮਣ ਏਜੰਸੀਆਂ ਲਈ ਮੁਲਕ ਨੂੰ ਡਾਵਾਂਡੋਲ ਹਾਲਾਤ ’ਚ ਧਕੇਲ ਦੇਣਾ ਕੋਈ ਮੁਸ਼ਕਲ ਕੰਮ ਨਹੀਂ ਹੁੰਦਾ। ਇਨ੍ਹਾਂ ਏਜੰਸੀਆਂ ਕੋਲ ਐਸੇ ਅੰਦੋਲਨਾਂ ਨੂੰ ਦੇਣ ਲਈ ਧਨ-ਦੌਲਤ, ਹਥਿਆਰ, ਸ਼ੋਹਰਤ ਆਦਿ ਸਭ ਸਾਧਨ ਹੁੰਦੇ ਹਨ।

---

# ਭ੍ਰਿਸ਼ਟਾਚਾਰ ਦੀ ਲੀਲ੍ਹਾ ਤੇ ਰੋਹ-ਨਿਕਾਸੀ ਦਾ ਰਾਹ

ਦਲਜੀਤ ਅਮੀ

ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿਚ ਬਾਬਾ ਰਾਮਦੇਵ ਦੀ ਅਗਵਾਈ ਵਿਚ ਸੱਤਿਆਗ੍ਰਹਿ ਕਰ ਰਹੇ ਲੋਕਾਂ ਉੱਤੇ ਅੱਧੀ ਰਾਤ ਤੋਂ ਬਾਅਦ ਕੀਤੀ ਕਾਰਵਾਈ ਭਾਰਤੀ ਰਾਜਤੰਤਰ ਦੇ ਖ਼ਾਸੇ ਅਤੇ ਮੌਜੂਦਾ ਸਰਕਾਰ ਦੀ ਸੋਚ ਨੂੰ ਉਘਾੜਦੀ ਹੈ। ਰਾਮਦੇਵ ਦੀ ਮੁਹਿੰਮ ਦਾ ਐਲਾਨਿਆ ਮਕਸਦ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਅਤੇ ਕਾਲੇ ਧਨ ਦੀ ਵਾਪਸੀ ਨਾਲ ਜੁੜਿਆ ਹੋਇਆ ਹੈ। ਇਸ ਮੁਹਿੰਮ ਦੇ ਤੌਰ ਤਰੀਕੇ, ਸੰਜੀਦਗੀ ਅਤੇ ਗੁੱਝੇ ਟੀਚਿਆਂ ਬਾਬਤ ਹਜ਼ਾਰਾਂ ਸੁਆਲ ਹੋ ਸਕਦੇ ਹਨ ਪਰ ਅੱਧੀ ਰਾਤ ਤੋਂ ਬਾਅਦ ਪੁਲੀਸ ਵੱਲੋਂ ਕੀਤੀ ਕਾਰਵਾਈ ਬਿਨਾਂ ਸ਼ੱਕ ਗ਼ੈਰ-ਜਮਹੂਰੀ ਅਤੇ ਗ਼ੈਰ-ਸੰਵਿਧਾਨਕ ਹੈ। ਅਮਨਪਸੰਦ ਸਤਿਆਗ੍ਰਹਿ ਉੱਤੇ ਪੁਲੀਸ ਦੀ ਧਾੜ ਵੱਲੋਂ ਡਾਂਗਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਨਾਲ ਵੱਡੀ ਤ੍ਰਾਸਦੀ ਦਾ ਖ਼ਦਸ਼ਾ ਸਹੇੜਿਆ ਗਿਆ ਸੀ। ਤਕਰੀਬਨ ਇਕ ਲੱਖ ਅਧ-ਸੁੱਤੇ ਬੰਦਿਆਂ ਦੀ ਭੀੜ ਵਿਚ ਭਗਦੜ ਮੱਚਣ ਦਾ ਖ਼ਦਸਾ ਕਿੰਨੇ ਲੋਕਾਂ ਦੀ ਜਾਨ, ਜਾਣ ਦਾ ਕਾਰਨ ਬਣ ਸਕਦਾ ਸੀ? ਅੱਥਰੂ ਗੈਸ ਦੇ ਗੋਲਿਆਂ ਨਾਲ ਸ਼ਮਿਆਨੇ ਨੂੰ ਲੱਗੀ ਅੱਗ ਬਹੁਤ ਘਾਤਕ ਹੋ ਸਕਦੀ ਸੀ। ਇੰਨਾ ਖ਼ਦਸ਼ਾ ਸਹੇੜ ਕੇ ਕੀਤੀ ਕਾਰਵਾਈ ਕੇਂਦਰ ਸਰਕਾਰ ਦੇ ਫ਼ੈਸਲੇ ਤੋਂ ਬਿਨਾਂ ਨਹੀਂ ਹੋ ਸਕਦੀ। ਮੀਡੀਆ ਦੀ ਹਾਜ਼ਰੀ ਅਤੇ ਕੇਂਦਰੀ ਮੰਤਰੀਆਂ ਨਾਲ ਲਗਾਤਾਰ ਗੱਲਬਾਤ ਹੋ ਰਹੀ ਹੋਣ ਕਾਰਨ ਇਹ ਸੰਭਾਵਨਾ ਨਹੀਂ ਹੈ ਕਿ ਪੁਲੀਸ ਕਾਰਵਾਈ ਮੰਤਰੀ ਮੰਡਲ ਦੀ ਪ੍ਰਵਾਨਗੀ ਤੋਂ ਬਿਨਾਂ ਕੀਤੀ ਗਈ ਹੋਵੇ। ਇਨ੍ਹਾਂ ਹਾਲਾਤ ਵਿਚ ਸਮੁੱਚੇ ਮੁਲਕ ਦਾ ਹੱਕ ਬਣਦਾ ਹੈ ਕਿ ਪ੍ਰਧਾਨ ਮੰਤਰੀ ਇਸ ਕਾਰਵਾਈ ਦਾ ਖੁਲਾਸਾ ਕਰਨ।



ਇਸ ਘਟਨਾ ਤੱਕ ਦਾ ਘਟਨਾਕ੍ਰਮ ਸਾਡੇ ਮੁਲਕ ਦੀ ਮੌਜੂਦਾ ਹਾਲਤ ਨੂੰ ਸਮਝਣ ਲਈ ਬਹੁਤ ਅਹਿਮ ਹੈ। ਭ੍ਰਿਸ਼ਟਾਚਾਰ ਅਤੇ ਕਾਲਾ ਧਨ ਕਈ ਸਾਲਾਂ ਤੋਂ ਅਹਿਮ ਮੁੱਦੇ ਬਣੇ ਹੋਏ ਹਨ। ਖੋਜੀਆਂ ਅਤੇ ਚਿੰਤਕਾਂ ਵੱਲੋਂ ਉਭਾਰਿਆ ਜਾਣ ਵਾਲਾ ਕਾਲੇ ਧਨ ਦਾ ਮੁੱਦਾ ਬੀਤੀਆਂ ਲੋਕ ਸਭਾ ਚੋਣਾਂ ਵਿਚ ਸਿਆਸੀ ਪਾਰਟੀਆਂ ਦੇ ਚੋਣ ਮਨੋਰਥਾਂ ਪੱਤਰਾਂ ਦਾ ਹਿੱਸਾ ਬਣ ਗਿਆ ਸੀ। ਭ੍ਰਿਸ਼ਟਾਚਾਰ ਤਾਂ ਘਪਲਿਆਂ ਦੇ ਲਗਾਤਾਰ ਬੇਪਰਦ ਹੋਣ ਕਾਰਨ ਰੋਜ਼ਾਨਾ ਖ਼ਬਰਾਂ ਦਾ ਹਿੱਸਾ ਹੈ। ਸਿਆਸਤਦਾਨਾਂ, ਅਫ਼ਸਰਸ਼ਾਹੀ, ਸਨਅਤਕਾਰਾਂ ਅਤੇ ਹੋਰ ਕਾਰੋਬਾਰੀਆਂ ਦੀ ਮਿਲੀਭੁਗਤ ਨਾਲ ਹੋ ਰਿਹਾ ਭ੍ਰਿਸ਼ਟਾਚਾਰ ਹਜ਼ਾਰ-ਅਰਬ ਦੇ ਘੇਰੇ ਵਿਚ ਪਹੁੰਚ ਗਿਆ ਹੈ। ਰਾਸ਼ਟਰਮੰਡਲ ਖੇਡਾਂ, 2ਜੀ ਸਪੈਕਟ੍ਰਮ, ਪੁਲਾੜ ਸਪੈਕਟ੍ਰਮ ਅਤੇ ਆਦਰਸ਼ ਹਾਉਸਿੰਗ ਵਰਗੇ ਘਪਲਿਆਂ ਨੇ ਭ੍ਰਿਸ਼ਟਾਚਾਰ ਦਾ 'ਮਿਆਰ' ਉੱਚਾ ਕਰ ਦਿੱਤਾ ਹੈ। ਇਨ੍ਹਾਂ ਹਾਲਾਤ ਵਿਚ ਪੰਜਾਬ ’ਚ ਸੜ ਰਹੇ ਅਨਾਜ ਨੂੰ ਲੱਗੀ ਅੱਗ, ਕੌਮੀ ਖ਼ਬਰਾਂ ਦਾ ਰੁਤਬਾ ਨਹੀਂ ਰੱਖਦੀ। ਭੁੱਖਮਰੀ ਦਾ ਸ਼ਿਕਾਰ ਮੁਲਕ ਵਿਚ ਸੰਭਾਲ ਖੁਣੋਂ ਅਨਾਜ ਬਰਬਾਦ ਹੋ ਗਿਆ ਅਤੇ ਹੁਣ ਸੜ ਗਿਆ ਹੈ। ਸੜ ਗਏ ਅਨਾਜ ਦੀ ਮਿਕਦਾਰ ਅਤੇ ਮਿਆਰ ਨਾਲ ਜੁੜੇ ਸਵਾਲ ਇਸ 'ਆਪ ਸਹੇੜੇ ਹਾਦਸੇ' ਦੀ ਭੇਟ ਚੜ੍ਹ ਜਾਣਗੇ। ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚ ਖਮਾਣੋਂ ਲਾਗੇ ਅਨਾਜ ਜਲ ਰਿਹਾ ਹੈ। ਇਸੇ ਜ਼ਿਲ੍ਹੇ ਵਿਚ ਅਨਾਜ ਦੇ ਭੰਡਾਰਾਂ ਵਿਚੋਂ ਉਡਦੀ ਸੁਸਰੀ ਲੋਕਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਕਰ ਰਹੀ ਹੈ। ਮੁਲਕ ਦੇ ਸ਼ਹਿਰੀਆਂ ਨੂੰ ਬਦਬੂ ਤੋਂ ਰਾਹਤ ਦਿਵਾਉਣਾ ਤਾਂ ਸਰਕਾਰ ਦੀ ਜ਼ਿੰਮੇਵਾਰੀ ਕਦੇ ਵੀ ਨਹੀਂ ਰਿਹਾ। ਅਨਾਜ ਦੇ ਸੜਦੇ ਢੇਰਾਂ ਵਿਚੋਂ ਆਉਂਦੀ ਬਦਬੂ ਅਤੇ ਉਡਦੀ ਸੁਸਰੀ ਕਦੇ-ਕਦਾਈ ਅਖ਼ਬਾਰਾਂ ਦੀਆਂ ਕੰਨੀਆਂ ਵਿਚ ਕਾਤਰਾਂ ਵਜੋਂ ਦਰਜ ਹੁੰਦੀ ਹੈ।

ਸਰਕਾਰੀ ਅੰਕੜਿਆਂ ਮੁਤਾਬਕ ਮੁਲਕ ਦੇ 77 ਫ਼ੀਸਦੀ ਲੋਕ 20 ਰੁਪਏ ਰੋਜ਼ਾਨਾ ਤੋਂ ਘੱਟ ਆਮਦਨ ਨਾਲ ਗੁਜ਼ਾਰਾ ਕਰਦੇ ਹਨ। ਸਮੁੱਚੇ ਮੁਲਕ ਵਿਚ ਅਵਾਮ ਦੀ ਸਿਹਤ ਦਾ ਅੰਦਾਜ਼ਾ ਕੌਮੀ ਪਰਿਵਾਰ ਸਿਹਤ ਸਰਵੇਖਣ-3 ਦੇ ਪੰਜਾਬ ਬਾਬਤ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ। ਪੰਜਾਬ ਦੇ ਤਿੰਨ ਸਾਲ ਤੋਂ ਘੱਟ ਉਮਰ ਦੇ 34.7 ਫ਼ੀਸਦੀ ਬੱਚਿਆਂ ਦਾ ਸੁਭਾਵਿਕ ਵਿਕਾਸ ਲੀਹੋਂ ਲੱਥਿਆ ਹੋਇਆ ਹੈ। ਇਸੇ ਉਮਰ ਵਿਚ ਬਾਲ ਮੌਤ ਦਰ 10.2 ਫ਼ੀਸਦੀ ਹੈ ਅਤੇ 23.6 ਫ਼ੀਸਦੀ ਬੱਚਿਆਂ ਦਾ ਵਜ਼ਨ ਮਿਆਰ ਤੋਂ ਘੱਟ ਹੈ। ਇਸ ਤੋਂ ਇਲਾਵਾ 15 ਤੋਂ 49 ਸਾਲ ਦੀ ਉਮਰ ਵਿਚ ਵਿਆਹ ਤੋਂ ਬਾਅਦ 13.5 ਫ਼ੀਸਦੀ ਬੀਬੀਆਂ ਅਤੇ 12 ਫ਼ੀਸਦੀ ਮਰਦਾਂ ਦਾ ਵਜ਼ਨ ਮਿਆਰ ਤੋਂ ਘੱਟ ਹੈ। ਛੇ ਤੋਂ ਪੈਂਤੀ ਮਹਿਨਿਆਂ ਦੇ 80.1 ਫ਼ੀਸਦੀ ਬੱਚੇ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਪੰਦਰਾਂ ਤੋਂ 49 ਸਾਲ ਦੀ ਉਮਰ ਦੀਆਂ 38.3 ਫ਼ੀਸਦੀ ਬੀਬੀਆਂ ਅਤੇ 12.6 ਫ਼ੀਸਦੀ ਮਰਦ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਇਸੇ ਉਮਰ ਵਰਗ ਦੀਆਂ 41.6 ਫ਼ੀਸਦੀ ਗਰਭਵਤੀ ਔਰਤਾਂ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਪਿਛਲੇ ਸਾਲਾਂ ਦੌਰਾਨ ਟੀਕਾਕਰਨ ਦਾ ਘੇਰਾ ਮੋਕਲਾ ਹੋਣ ਦੀ ਥਾਂ ਤੰਗ ਹੋਇਆ ਹੈ। ਵਿੱਤੀ ਵਰ੍ਹੇ 1998-99 ਦੌਰਾਨ 12 ਤੋਂ 23 ਮਹੀਨਿਆਂ ਦੇ 72.1 ਫ਼ੀਸਦੀ ਬੱਚਿਆਂ ਦਾ ਟੀਕਾਕਰਨ ਹੋਇਆ ਸੀ ਜੋ 2005-06 ਵਿਚ ਘਟ ਕੇ 60.1 ਫ਼ੀਸਦੀ ਰਹਿ ਗਿਆ। ਸਿਹਤ ਅਤੇ ਸਿੱਖਿਆ ਤੋਂ ਇਲਾਵਾ ਪੀਣ ਵਾਲੇ ਸਾਫ਼ ਪਾਣੀ ਤੱਕ ਪਹੁੰਚ ਦਾ ਘੇਰਾ ਤੰਗ ਹੋਇਆ ਹੈ। ਇਨ੍ਹਾਂ ਹਾਲਾਤ ਵਿਚ ਭ੍ਰਿਸ਼ਟਾਚਾਰ ਦੀ ਬਹਿਸ ਦਾ ਕਾਨੂੰਨੀ ਪੇਸ਼ਬੰਦੀਆਂ ਤੱਕ ਮਹਿਦੂਦ ਕਰ ਦੇਣਾ ਨਜ਼ਰਸਾਨੀ ਦੀ ਮੰਗ ਕਰਦਾ ਹੈ।

ਭ੍ਰਿਸ਼ਟਾਚਾਰ ਦੇ ਮੁੱਦੇ ਕਾਰਨ ਲੋਕ ਸਭਾ, ਰਾਜ ਸਭਾ ਅਤੇ ਵਿਧਾਨ ਸਭਾਵਾਂ ਦੇ ਇਜਲਾਸਾਂ ਵਿਚ ਖਲਲ ਪੈਂਦਾ ਰਹਿੰਦਾ ਹੈ। ਵੱਖ-ਵੱਖ ਮਸਲਿਆਂ ਉੱਤੇ ਜਾਂਚ ਅਤੇ ਵਿਸ਼ੇਸ਼ ਕਮੇਟੀਆਂ ਦੀ ਮੰਗ ਕਰਦੀਆਂ ਵਿਰੋਧੀ ਧਿਰਾਂ ਕੰਮ ਠੱਪ ਕਰਦੀਆਂ ਹਨ। ਲੋਕ ਸਭਾ ਅਤੇ ਰਾਜ ਸਭਾ ਦਾ ਸਰਦ ਰੁੱਤ ਇਜਲਾਸ ਪੂਰੇ ਦਾ ਪੂਰੇ 2ਜੀ ਸਪੈਕਟ੍ਰਮ ਦੇ ਮੁੱਦੇ ਉੱਤੇ ਸਾਂਝੀ ਸੰਸਦੀ ਕਮੇਟੀ ਬਣਾਉਣ ਦੀ ਮੰਗ ਦੀ ਭੇਟ ਚੜ੍ਹ ਗਿਆ ਸੀ। ਲੋਕ ਲੇਖਾ ਕਮੇਟੀ ਦੀ ਰਪਟ ਦਬਾਉਣ ਲਈ ਕੇਂਦਰ ਸਰਕਾਰ ਨੇ ਆਪਣੀ ਬਹੁਗਿਣਤੀ ਰਾਹੀਂ ਸਾਰੀਆਂ ਰਵਾਇਤਾਂ ਤੇ ਜਮਹੂਰੀ ਕਾਇਦੇ ਛਿੱਕੇ ਉੱਤੇ ਟੰਗ ਦਿੱਤੇ ਸਨ। ਇਸ ਕਮੇਟੀ ਦਾ ਮੁਖੀ ਹਮੇਸ਼ਾਂ ਲੋਕ ਸਭਾ ਵਿਚੋਂ ਵਿਰੋਧੀ ਧਿਰ ਦਾ ਨੁਮਾਇੰਦਾ ਹੁੰਦਾ ਹੈ। ਕੇਂਦਰ ਸਰਕਾਰ ਨੇ ਆਪਣੀਆਂ ਹਿਮਾਇਤੀ ਪਾਰਟੀਆਂ ਦੀ ਇਮਦਾਦ ਨਾਲ ਲੋਕ ਲੇਖਾ ਕਮੇਟੀ ਦੇ ਮੁਖੀ ਮੁਰਲੀ ਮਨੋਹਰ ਜੋਸ਼ੀ ਨੂੰ ਪ੍ਰਧਾਨਗੀ ਤੋਂ ਬਰਖਾਸਤ ਕਰਕੇ ਰਾਜ ਸਭਾ ਵਿਚੋਂ ਕਾਂਗਰਸ ਦਾ ਨੁਮਾਇੰਦਾ ਨਾਮਜ਼ਦ ਕਰਕੇ ਕਮੇਟੀ ਦੀ ਰਪਟ ਰੱਦ ਕਰ ਦਿੱਤੀ ਸੀ। ਪੁਲਾੜ ਸਪੈਕਟ੍ਰਮ ਘਪਲੇ ਤੋਂ ਬਾਅਦ ਸਰਕਾਰ ਨੇ 'ਅੰਤਰਿਕਸ਼' ਰਾਹੀਂ ਕੀਤੇ ਸਮਝੌਤੇ ਰੱਦ ਕਰ ਦਿੱਤੇ ਪਰ ਇਸ ਦਾ ਕਾਰਨ ਬੇਪਰਦ ਹੋਇਆ ਘਪਲੇ ਨੂੰ ਨਹੀਂ ਸਗੋਂ ਸਪੈਕਟ੍ਰਮ ਦੀ ਸਮਾਜਿਕ ਅਤੇ ਸੁਰੱਖਿਆ ਮਾਮਲਿਆਂ ਵਿਚ ਜ਼ਰੂਰਤ ਨੂੰ ਬਣਾਇਆ ਗਿਆ। ਮਸਲਾ ਇਹ ਹੈ ਕਿ ਪ੍ਰਧਾਨ ਮੰਤਰੀ ਦੀ ਸਿੱਧੀ ਅਗਵਾਈ ਵਾਲੇ ਮਹਿਕਮੇ ਵਿਚ ਘਪਲਾ ਬੇਪਰਦ ਹੋਇਆ ਪਰ ਕੇਂਦਰ ਸਰਕਾਰ ਸਮਝੌਤੇ ਰੱਦ ਕਰਨ ਦਾ ਟੇਢਾ ਕਾਰਨ ਬਣਾ ਕੇ ਸਾਫ਼ ਬਰੀ ਹੋ ਗਈ। ਕੇਂਦਰ ਸਰਕਾਰ ਹਮੇਸ਼ਾਂ ਦਲੀਲ ਦਿੰਦੀ ਹੈ ਕਿ ਪ੍ਰਧਾਨ ਮੰਤਰੀ ਦੀ ਭਰੋਸੇਯੋਗਤਾ ਸਵਾਲ ਦੇ ਘੇਰੇ ਵਿਚ ਨਹੀਂ ਹੈ ਜਾਂ ਉਨ੍ਹਾਂ ਦੀ ਬੇਦਾਗ਼ ਸਾਖ਼ ਦੀ ਦੁਹਾਈ ਦਿੱਤੀ ਜਾਂਦੀ ਹੈ। ਹੁਕਮਰਾਨ ਧਿਰ ਤੋਂ ਇਲਾਵਾ ਵਿਰੋਧੀ ਧਿਰ ਅਤੇ ਪੱਤਰਕਾਰਾਂ ਦਾ ਇਕ ਤਬਕਾ ਉਨ੍ਹਾਂ ਦੀ ਬੇਦਾਗ਼ ਦਿੱਖ ਦੀ ਚਰਚਾ ਇਲਹਾਮ ਵਾਂਗ ਕਰਦਾ ਹੈ। ਪ੍ਰਸ਼ਾਂਤ ਭੂਸ਼ਨ ਨੇ ਇਹ ਦਲੀਲ ਵਾਰ-ਵਾਰ ਦਿੱਤੀ ਹੈ ਕਿ ਕਾਨੂੰਨ ਮੁਤਾਬਕ ਜਾਣਕਾਰੀ ਦੇ ਬਾਵਜੂਦ ਭ੍ਰਿਸ਼ਟਾਚਾਰ ਬਾਬਤ ਚੁੱਪ ਰਹਿਣਾ ਆਪਣੇ-ਆਪ ਵਿਚ ਭ੍ਰਿਸ਼ਟਾਚਾਰ ਹੈ। ਇਸ ਤਰ੍ਹਾਂ ਪ੍ਰਧਾਨ ਮੰਤਰੀ ਨੂੰ ਜਾਂਚ ਦੇ ਘੇਰੇ ਵਿਚ ਲਿਆਉਣਾ ਜ਼ਰੂਰੀ ਹੈ।

ਅੰਨਾ ਹਜ਼ਾਰੇ ਦੇ ਮਰਨ ਵਰਤ ਤੋਂ ਬਾਅਦ ਕੇਂਦਰ ਸਰਕਾਰ ਨੇ ਲੋਕਪਾਲ ਬਿੱਲ ਬਣਾਉਣ ਲਈ ਇਹ ਮੰਗ ਪ੍ਰਵਾਨ ਕਰ ਲਈ ਕਿ ਕਮੇਟੀ ਵਿਚ ਪੰਜ ਸਰਕਾਰੀ ਨੁਮਾਇੰਦਿਆਂ ਨੇ ਨਾਲ-ਨਾਲ ਪੰਜ ਨੁਮਾਇੰਦੇ ਸਫ਼ੇਦ-ਪੋਸ਼ ਸਮਾਜ ਵਿਚੋਂ ਵੀ ਲਏ ਜਾਣਗੇ। ਉਸੇ ਵੇਲੇ ਕਮੇਟੀ ਦੀ ਬਣਤਰ ਅਤੇ ਇਸ ਵੱਲੋਂ ਬਣਾਏ ਜਾਣ ਵਾਲੇ ਲੋਕਪਾਲ ਬਿੱਲ ਦੇ ਖਰੜੇ ਬਾਬਤ ਖ਼ਦਸ਼ੇ ਪ੍ਰਗਟਾਏ ਜਾਣੇ ਸ਼ੁਰੂ ਹੋ ਗਏ ਸਨ। ਸਵਾਲ ਇਹ ਵੀ ਸੀ ਕਿ ਅੰਨਾ ਹਜ਼ਾਰੇ ਦੇ ਮਰਨ ਵਰਤ ਨੂੰ ਇੰਨੀ ਤਵੱਜੋ ਕਿਉਂ ਦਿੱਤੀ? ਇਸ ਤੋਂ ਪਹਿਲਾਂ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ, ਵਪਾਰੀਆਂ ਅਤੇ ਵਿਦਵਾਨਾਂ ਦੇ ਧਰਨੇ-ਮੁਜ਼ਾਹਰਿਆਂ ਨੂੰ ਕਦੇ ਇੰਨੀ ਤਵੱਜੋ ਸਰਕਾਰ ਅਤੇ ਮੀਡੀਆ ਨੇ ਨਹੀਂ ਦਿੱਤੀ। ਸਰਕਾਰ ਅਤੇ ਮੀਡੀਆ ਨੇ ਕ੍ਰਿਕਟ ਵਿਸ਼ਵ ਕੱਪ ਅਤੇ ਆਈ.ਪੀ.ਐਲ.-4 ਦੇ ਵਿਚਕਾਰਲੇ ਸਮੇਂ ਦੌਰਾਨ ਇਸ ਘਟਨਾਕ੍ਰਮ ਨੂੰ ਬਹੁਤ ਤਵੱਜੋ ਦਿੱਤੀ। ਇਹ ਤਾਂ ਭਾਰਤੀ ਜਮਹੂਰੀਅਤ ਦੀ ਪ੍ਰਾਪਤੀ ਵਜੋਂ ਦਰਜ ਕੀਤਾ ਜਾਵੇਗਾ ਕਿ ਕਾਨੂੰਨ ਬਣਾਉਣ ਵਾਲੀ ਕਮੇਟੀ ਵਿਚ ਗ਼ੈਰ-ਸਰਕਾਰੀ ਨੁਮਾਇੰਦੇ ਸ਼ਾਮਿਲ ਕੀਤੇ ਗਏ ਹਨ। ਕਾਨੂੰਨ ਬਣਾਏ ਜਾਣ ਅਤੇ ਲਾਗੂ ਕੀਤੇ ਜਾਣ ਤੱਕ ਤਾਂ ਇਹ ਪ੍ਰਾਪਤੀ ਮਹਿਜ਼ ਨੁਮਾਇਸ਼ੀ ਹੀ ਸਮਝੀ ਜਾਵੇਗੀ। ਇਹ ਤਾਂ ਸਰਵ-

*(ਅਗਲੇ ਸਫੇ ’ਤੇ ਜਾਰੀ)*

# ਭੌਰੇ ਦੀ ਅਨੂਠੀ ਭੇਂਟ-ਸਾਜ਼ਾਂ ਦੀ ਸੰਦੂਕੜੀ

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਕੁੱਲ ਕਾਇਨਾਤ ਵਿਚ ਭਾਵੇਂ ਕੋਈ ਵੀ ਪ੍ਰਾਣੀ ਐਸਾ ਨਹੀਂ ਹੋਣਾ ਜਿਸ ਦਾ ਮੋਹ, ਗੀਤ-ਸੰਗੀਤ ਨਾਲ ਨਾ ਹੋਵੇ ਪਰ ਇਸ ਪੱਖੋਂ ਪੰਜਾਬੀਆਂ ਦੀ ਕੁਝ ਗੱਲ ਹੀ ਵੱਖਰੀ ਹੈ। ਇਨ੍ਹਾਂ ਦੀ ਰਗ-ਰਗ ਵਿਚ, ਨਸ-ਨਸ ਵਿਚ ਗੀਤ ਵੀ ਰਮਿਆ ਹੋਇਐ ਅਤੇ ਸੰਗੀਤ ਵੀ। ਪੈਦਾਇਸ਼ ਤੋਂ ਲੈ ਕੇ ਅੰਤਲੇ ਸਾਹਾਂ ਤੱਕ, ਗੀਤ-ਸੰਗੀਤ ਇਨ੍ਹਾਂ ਦੀ ਹਯਾਤੀ ਦੇ ਨਾਲ-ਨਾਲ ਸਫ਼ਰ ਕਰਦਾ ਹੈ। ਪਰਤਿਆ ਕੇ ਦੇਖ ਲੈਣਾ, ਪੰਜ-ਸੱਤ ਭੁੱਖਣ-ਭਾਣੇ ਪੰਜਾਬੀ ਕਿਸੇ ਹੋਟਲ-ਢਾਬੇ ਵਿਚ ਖਾਣੇ ਦੇ ਮੇਜ਼ 'ਤੇ ਬਹਿੰਦਿਆਂ ਸਾਰ ਉਂਗਲਾਂ ਨਾਲ ਮੇਜ਼ ਵਜਾਉਣਾ ਇਉਂ ਸ਼ੁਰੂ ਕਰ ਦੇਣਗੇ, ਜਿਵੇਂ ਤਬਲੇ ਦਾ ਟੈਸਟ ਦੇਣ ਆਏ ਹੋਣ ਜਾਂ ਫਿਰ ਪੈਰੀਂ ਪਾਈਆਂ ਜੁੱਤੀਆਂ ਦੇ ਤਲਿਆਂ ਨੂੰ ਫਰਸ਼ 'ਤੇ ਮਾਰ ਮਾਰ ਕੇ ਢੋਲਕੀ ਦੀਆਂ ਤਾਲਾਂ ਵਜਾਉਣ ਲੱਗ ਪੈਣਗੇ। ਇਸੇ ਤਰ੍ਹਾਂ ਪੰਜਾਬਣਾਂ ਵਿਆਹ-ਸ਼ਾਦੀਆਂ ਮੌਕੇ ਸੁਹਾਗ-ਘੋੜੀਆਂ ਗਾਉਣ ਵੇਲੇ ਥਾਲ, ਪਰਾਤ ਜਾਂ ਘੜੇ-ਗਾਗਰ ਨੂੰ ਹੀ ਮੂਧਾ ਮਾਰ ਕੇ ਢੋਲਕੀ ਬਣਾ ਲੈਂਦੀਆਂ ਹਨ।

ਇਹੋ ਜਿਹੀਆਂ ਸੁਰ-ਸਾਂਝ ਮਨੋਬਿਰਤੀਆਂ ਦੇ ਮਾਲਕ ਪੰਜਾਬੀਆਂ ਦੇ ਅੰਗ-ਸੰਗ ਲੱਗਣ ਵਾਲੇ ਮੇਲੇ-ਮਸਾਵੇ ਸਾਜ਼ਾਂ ਤੋਂ ਸੱਖਣੇ ਕਿਵੇਂ ਹੋ ਸਕਦੇ ਹਨ? ਖੜਕਵੀਂ ਢੱਡ ਤੇ ਸੁਰੀਲੀ ਸਾਰੰਗੀ ਦੇ ਸੁਮੇਲ ਨਾਲ ਜੋਸ਼ੀਲੀਆਂ 'ਵਾਜ਼ਾਂ ਕੰਨੀ ਪੈਣ ਤਾਂ ਸਮਝੋ ਢਾਡੀ ਸਿੰਘ ਜਾਂ ਤਾਂ ਮੱਸੇ ਰੰਘੜ ਦੀ ਧੌਣ ਲਾਹ ਰਹੇ ਹੋਣਗੇ ਜਾਂ ਫਿਰ ਕਿਲਾ ਜਮਰੌਦ ਵੱਲ ਖਾਲਸਾ ਫੌਜ ਕੂਚ ਕਰ ਰਹੀ ਹੋਵੇਗੀ। ਤੂੰਬੀ ਅਲਗੋਜ਼ੇ ਦੀ ਜੁਗਲਬੰਦੀ ਦੇ ਨਾਲ ਲੈਅ-ਬੱਧ ਢੋਲਕੀ ਵੱਜ ਰਹੀ ਹੋਵੇ ਤਾਂ ਸਮਝੋ ਅਖਾੜੇ 'ਚ ਸੱਸੀ-ਪੁੰਨੂ, ਸੋਹਣੀ-ਮਹੀਵਾਲ ਜਾਂ ਹੀਰ-ਰਾਂਝੇ ਦੀਆਂ ਪ੍ਰੀਤ ਕਹਾਣੀਆਂ ਗਾਈਆਂ ਜਾ ਰਹੀਆਂ ਨੇ। ਦੈਂਗੜ-ਦੈਂਗੜ ਵੱਜ ਰਿਹਾ ਢੋਲ, ਅਲਬੇਲੇ ਨਾਚ ਭੰਗੜੇ ਦੀ ਸੂਚਨਾ ਦਾ ਲਖਾਇਕ ਹੈ।




ਪੱਛਮੀ ਕਲਚਰ ਦੀਆਂ ਸ਼ੂਕਦੀਆਂ ਹਨੇਰੀਆਂ ਜਿੱਥੇ ਵੱਖ-ਵੱਖ ਸੱਭਿਆਚਾਰਾਂ ਨੂੰ ਤਹਿਸ-ਨਹਿਸ ਕਰੀ ਜਾ ਰਹੀਆਂ ਹਨ, ਉਥੇ ਸੰਸਾਰ ਦੇ ਹਰ ਖਿੱਤੇ ਵਿਚ ਆਬਾਦ ਹੋ ਚੁੱਕੇ ਪੰਜਾਬੀਆਂ ਦੇ ਲੋਕ-ਸਾਜ਼ ਕਿਤੇ ਇਨ੍ਹਾਂ ਅਮੋੜ ਹਨੇਰੀਆਂ ਦੀ ਹੀ ਭੇਟ ਨਾ ਚੜ੍ਹ ਜਾਣ!, ਇਸ ਭਿਆਨਕ ਤੌਖਲੇ ਤੋਂ ਫ਼ਿਕਰਮੰਦ ਹੁੰਦਿਆਂ ਕੁਝ ਸੁਹਿਰਦ ਕਲਮਾਂ ਲਗਾਤਾਰ ਮੈਦਾਨ ਵਿਚ ਨਿੱਤਰੀਆਂ ਹੋਈਆਂ ਨੇ, ਜੋ ਵੱਖ-ਵੱਖ ਢੰਗ ਤਰੀਕਿਆਂ ਰਾਹੀਂ ਵਿਰਸੇ ਦੀ ਰਖਵਾਲੀ ਹਿਤ ਬਣਦਾ-ਸਰਦਾ ਯੋਗਦਾਨ ਪਾ ਰਹੀਆਂ ਹਨ। ਇਨ੍ਹਾਂ ਵਿਰਸਾ-ਪ੍ਰੇਮੀ ਕਲਮਾਂ ਵਿਚ ਉਘਾ ਹਸਤਾਖਰ ਹੈ ਸ੍ਰੀ ਐਸ. ਅਸ਼ੋਕ ਭੌਰਾ ਜਿਸ ਦਾ ਪਾਠਕਾਂ ਨਾਲ ਤੁਆਰਫ਼ ਕਰਾਉਣ ਦੀ ਕੋਈ ਲੋੜ ਮਹਿਸੂਸ ਨਹੀਂ ਹੁੰਦੀ, ਕਿਉਂਕਿ ਇਸ ਸਰਬਾਂਗੀ ਲੇਖਕ ਦੇ ਪਾਠਕਾਂ ਦਾ ਘੇਰਾ, ਇਸ ਦੀ ਲੇਖਣੀ ਵਾਂਗ ਹੀ ਵਿਸ਼ਾਲ ਹੈ।

ਦੁਨੀਆਂ ਭਰ ਦੇ ਪੰਜਾਬੀਆਂ ਵੱਲੋਂ ਪੜ੍ਹੇ ਜਾਂਦੇ ਸ੍ਰੀ ਭੌਰਾ ਨੇ ਸਿਰਫ ਚੌਂਹਠ ਸਫਿਆਂ ਦੀ ਛੋਟੀ ਜਿਹੀ ਪੁਸਤਕ 'ਪੰਜਾਬ ਦੇ ਲੋਕ-ਸਾਜ਼' ਵਿਚ ਪੰਜਾਬੀਆਂ ਦੇ ਮਨ-ਭਾਉਂਦੇ ਚੌਵੀ ਸਾਜ਼ਾਂ ਦਾ ਮੁਕੰਮਲ ਵੇਰਵਾ ਲਿਖ ਦਿੱਤਾ ਹੈ। ਜਿਸ ਤਰ੍ਹਾਂ ਚੌਵੀ ਘੰਟਿਆਂ ਵਿਚ ਦਿਨ ਅਤੇ ਰਾਤ ਦਾ ਸਮਾਂ ਬੀਤ ਹੋ ਜਾਂਦਾ ਹੈ, ਇਸੇ ਤਰ੍ਹਾਂ ਸ੍ਰੀ ਭੌਰਾ ਵੱਲੋਂ ਵਰਣਨ ਕੀਤੇ ਗਏ ਚੌਵੀ ਲੋਕ-ਸਾਜ਼ਾਂ ਵਿਚ ਪੰਜਾਬੀਅਤ ਦੇ ਸਾਰੇ ਰੰਗਾਂ ਦੀਆਂ ਝਲਕਾਂ ਰੂਪਮਾਨ ਹੁੰਦੀਆਂ ਹਨ।

ਜਿਵੇਂ ਇਸ ਕਿਤਾਬ ਦਾ ਮੁੱਖਬੰਧ ਲਿਖਦਿਆਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਪ੍ਰਧਾਨ ਅਤੇ ਖ਼ੁਦ ਉਚ ਕੋਟੀ ਦੇ ਸ਼ਾਇਰ ਸ. ਗੁਰਭਜਨ ਸਿੰਘ ਗਿੱਲ ਨੇ ਜ਼ਿਕਰ ਕੀਤਾ ਹੈ ਕਿ ਸ੍ਰੀ ਭੌਰਾ ਨੇ (ਇਸ ਕਿਤਾਬ ਵਿਚ) ਪੰਜਾਬ ਦੇ ਲੋਕ-ਸਾਜ਼ਾਂ ਦੀ ਗੱਲ ਕਰਦਿਆਂ, ਇਸ ਨੁਕਤੇ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ ਕਿ ਪੰਜਾਬ ਦੀ ਧਰਤੀ 'ਤੇ ਪ੍ਰਚਲਤ ਸਾਜ਼ਾਂ ਦੀ ਥਾਂ 'ਤੇ ਵਧੇਰੇ ਉਨ੍ਹਾਂ ਸਾਜ਼ਾਂ ਦੀ ਗੱਲ ਕੀਤੀ ਜਾਵੇ ਜਿਨ੍ਹਾਂ ਨੂੰ ਇਸ ਧਰਤੀ ਦੇ ਲੋਕਾਂ ਨੇ ਆਪਣੀਆਂ ਲੋੜਾਂ ਅਤੇ ਅੰਦਾਜ਼ ਮੁਤਾਬਕ ਢਾਲਿਆ ਹੈ। ਇਸ ਪੱਖ ਨੂੰ ਮੁੱਖ ਰੱਖ ਕੇ ਸ੍ਰੀ ਭੌਰਾ ਨੇ ਪੰਜਾਬੀਆਂ ਦੀ ਕਾਢ, ਦੋ ਸਾਜ਼ਾਂ 'ਕਾਟੋ' ਤੇ 'ਸੱਪ' ਦੇ ਨਾਲ-ਨਾਲ ਬਾਹਰੋਂ ਆ ਕੇ ਪੰਜਾਬੀਆਂ ਦੀ ਰੂਹ ਨਾਲ ਇੱਕ-ਮਿੱਕ ਹੋਣ ਵਾਲੇ ਡੱਫ (ਖੰਜਰੀ), ਸਾਰੰਗੀ, ਬੀਨ, ਦੋ-ਤਾਰਾ ਅਤੇ ਹਾਰਮੋਨੀਅਮ ਜਿਹੇ ਸਾਜ਼ਾਂ ਦਾ ਬੰਸਾਵਲੀਨਾਮਾ ਵੀ ਫਰੋਲਿਆ ਹੈ।

ਇਹ ਕਿਤਾਬ ਭਾਵੇਂ ਮਨੋਰੰਜਨ ਲਹਿਜ਼ੇ ਵਿਚ ਲਿਖੀ ਗਈ ਹੈ ਪਰ ਜਿੱਥੇ ਕਿਤੇ ਖੋਜ ਦਾ ਨੁਕਤਾ ਆਉਂਦਾ ਹੈ ਤਾਂ ਲੇਖਕ ਕਿਸੇ ਪ੍ਰੌਢ ਇਤਿਹਾਸ-ਆਚਾਰਯ ਵਾਂਗ ਵੇਰਵਾ ਦਿੰਦਾ ਹੈ, ਮਸਲਨ 'ਨਗਾਰੇ' ਬਾਬਤ ਦੱਸਦਿਆਂ ਉਹ ਲਿਖਦਾ ਹੈ:

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ 'ਰਣਜੀਤ ਨਗਾਰਾ' ਬਣਾਇਆ, ਉਹ ਭੰਗਾਣੀ ਦੇ ਯੁੱਧ ਵਿਚ ਵੱਜਿਆ ਪਰ ਜਦੋਂ ਗੁਰੂ ਜੀ ਨੇ ਆਨੰਦਪੁਰ ਸਾਹਿਬ ਛੱਡਿਆ ਤਾਂ ਸਕੇਤ ਮੰਡੀ ਦਾ ਰਾਜਾ ਨਗਾਰਾ ਚੁੱਕ ਕੇ ਲੈ ਗਿਆ ਜੋ ਹਾਲੇ ਵੀ ਉਥੇ ਮੌਜੂਦ ਹੈ, ਪਰ ਕਿਲੇ ਦੇ ਬਾਹਰ ਪਹਿਰਾ ਹੈ ਅਤੇ ਇਸ ਨਗਰੇ ਨੂੰ ਨਾ ਕੋਈ ਵੇਖ ਸਕਦਾ ਹੈ, ਨਾ ਹੀ...।" ਇਸ ਦੇ ਨਾਲ ਹੀ ਇਸ ਨਗਾਰੇ ਬਾਬਤ ਸੀਨਾ-ਬਸੀਨਾ ਤੁਰੀ ਆ ਰਹੀ ਹੈਰਾਨਕੁਨ 'ਮਨੌਤ' ਦਾ ਵੀ ਜ਼ਿਕਰ ਕੀਤਾ ਗਿਆ ਹੈ।

ਪੰਜਾਬ ਦੀਆਂ ਲੋਕ-ਧੁਨਾਂ ਦੇ ਆਧਾਰ 'ਤੇ ਗਾਏ ਗੀਤਾਂ ਨਾਲ ਵੱਜਣ ਵਾਲੇ ਸਾਜ਼ਾਂ ਜਿਵੇਂ ਘੜਾ, ਅਲਗੋਜ਼ਾ, ਚਿਮਟਾ, ਤਬਲਾ, ਤੂੰਬੀ, ਢੱਡ, ਡੱਫ ਜਾਂ ਬੁਗਦੂ ਆਦਿਕ ਦੀ ਬਣਤਰ ਅਤੇ ਵਾਦਨ-ਜੁਗਤਿ ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਕਿ ਮਾਨੋ ਅਸੀਂ ਇਨ੍ਹਾਂ ਦੀਆਂ ਮਧੁਰ ਤੇ ਰਸੀਲੀਆਂ ਆਵਾਜ਼ਾਂ ਆਪਣੇ ਕੰਨਾਂ 'ਚ ਹੀ ਸੁਣ ਰਹੇ ਹੋਈਏ!

ਇਰਾਨੀ ਦਰਵੇਸ਼ ਸ਼ੇਖ ਸਾਅਦੀ ਦੇ ਫਾਰਸੀ ਸ਼ਿਅਰ ਦਾ ਪੰਜਾਬੀ ਉਲੱਥਾ ਇੰਜ ਦਾ ਹੈ:

ਰੱਖਣਾ ਯਾਦ ਚਾਹੁੰਨਾ ਏਂ
ਜੇ ਪੁਰਾਣੇ ਸੱਜਣਾਂ ਨੂੰ।
(ਤਾਂ) ਕਦੀ-ਕਦੀ ਯਾਦ ਕਰਿਆ ਕਰ,
ਬਜ਼ੁਰਗਾਂ ਦੀਆਂ ਗੱਲਾਂ ਨੂੰ।

ਇਸ ਅਜ਼ੀਮ ਸ਼ਿਅਰ ਦੀ ਭਾਵਨਾ ਅਨੁਸਾਰ ਜਿੱਥੇ ਸ੍ਰੀ ਭੌਰਾ ਨੇ ਆਪਣੀ ਮਾਤ-ਭੂਮੀ ਪੰਜਾਬ ਦੇ ਆਦਿ-ਜੁਗਾਦਿ ਲੋਕ-ਸਾਜ਼ਾਂ ਨੂੰ ਕਿਤਾਬੀ ਰੂਪ ਵਿਚ ਸਾਂਭਿਆ ਹੈ, ਉਥੇ ਇਹ ਨਿਵੇਕਲੀ ਕਿਤਾਬ ਆਪਣੀ ਪਰਲੋਕਵਾਸੀ ਮਾਂ ਨੂੰ ਸਮਰਪਿਤ ਕਰਕੇ, ਮਾਂ-ਪੁੱਤ ਦੇ ਅਗੰਮੀ ਰਿਸ਼ਤੇ ਦੀ ਸੋਭਾ ਨੂੰ ਵਧਾਇਆ ਹੈ।

ਆਧੁਨਿਕ ਜ਼ਮਾਨੇ ਵਿਚ ਸਾਡੀਆਂ ਮਾਂਵਾਂ-ਦਾਦੀਆਂ ਦਾ 'ਪੁਰਾਣਾ ਸਾਮਾਨ' ਹੀ ਸੰਦੂਕਾਂ ਜਾਂ ਸੰਦੁਕੜੀਆਂ ਵਿਚ ਪਿਆ ਹੁੰਦਾ ਹੈ। ਇਸੇ ਤਰ੍ਹਾਂ, ਮੇਰੀ ਜਾਚੇ ਸ੍ਰੀ ਭੌਰੇ ਨੇ ਆਪਣੀ ਮਾਂ ਦੇ ਮੋਹ ਵਿਚ, ਪੰਜਾਬ ਦੇ ਲੋਕ-ਸਾਜ਼ਾਂ ਦੀ ਸੰਦੂਕੜੀ ਤਿਆਰ ਕਰ ਦਿੱਤੀ ਹੈ। ਪੂਰੀ ਉਮੀਦ ਹੈ ਕਿ ਸਿਆਣੇ ਤੇ ਪਾਰਖੂ ਧੀਆਂ-ਪੁੱਤਰਾਂ ਵਾਂਗ, ਪੰਜਾਬੀ ਜਨ-ਸਮੂਹ, ਪੰਜਾਬ ਦੇ ਲੋਕ-ਸਾਜ਼ਾਂ ਦੀ ਇਸ ਕਿਤਾਬ ਰੂਪੀ 'ਸੰਦੂਕੜੀ' ਨੂੰ ਵੱਡੀ ਉਤਸੁਕਤਾ ਨਾਲ ਖੋਲ੍ਹ-ਖੋਲ੍ਹ ਦੇਖੇਗਾ! ਆਮੀਨ!!

# ਭ੍ਰਿਸ਼ਟਾਚਾਰ ਦੀ ਲੀਲ੍ਹਾ ਤੇ ਰੋਹ-ਨਿਕਾਸੀ ਦਾ ਰਾਹ

*(ਪਿਛਲੇ ਸਫੇ ਦੀ ਬਾਕੀ)*

ਪ੍ਰਵਾਨਤ ਤੱਥ ਹੈ ਕਿ ਸੰਸਦ ਦੀ ਕਾਰਵਾਈ ਵਿਚ ਅਸਰ-ਰਸੂਖ ਅਤੇ ਪੈਸਾ ਹਮੇਸ਼ਾਂ ਅਸਰਅੰਦਾਜ਼ ਹੋਇਆ ਹੈ। ਅੰਨਾ ਹਜ਼ਾਰੇ ਦੀ ਇਸ ਪ੍ਰਾਪਤੀ ਨੂੰ ਕਾਗਜ਼ੀ ਤੋਂ ਅੱਗੇ ਜਾਣ ਦਾ ਰੁਤਬਾ ਲੋਕਪਾਲ ਦੇ ਲੋਕ-ਪੱਖੀ ਕਾਨੂੰਨ ਦੇ ਅਮਲੀ ਜਾਮਾ ਪਾਉਣ ਨਾਲ ਹੀ ਮਿਲ ਸਕਦਾ ਹੈ। ਉਮੀਦ ਮੁਤਾਬਕ ਇਸ ਕਮੇਟੀ ਦੀ ਚਰਚਾ ਦਾ ਸਬੱਬ ਹੋਰ ਹੀ ਮਸਲੇ ਬਣਦੇ ਰਹੇ ਹਨ। ਇਸੇ ਪ੍ਰਸੰਗ ਵਿਚ ਬਾਬਾ ਰਾਮ ਦੇਵ ਦਾ ਨਾਮ ਵੀ ਆਉਂਦਾ ਰਿਹਾ ਹੈ। ਉਹ ਲੰਮੇ ਅਰਸੇ ਤੋਂ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੇ ਮਸਲੇ ਉਭਾਰਦੇ ਆ ਰਹੇ ਹਨ। ਇਹ ਖ਼ਦਸ਼ਾ ਪਹਿਲਾਂ ਹੀ ਪ੍ਰਗਟਾਇਆ ਜਾ ਰਿਹਾ ਸੀ ਕਿ ਬਾਬਾ ਰਾਮਦੇਵ ਅਤੇ ਅੰਨਾ ਹਜ਼ਾਰੇ ਵਿਚਲੇ ਇਤਫਰਕਿਆਂ ਨੂੰ ਸਰਕਾਰ ਆਪਣੇ ਹਿੱਤਾਂ ਲਈ ਵਰਤੇਗੀ ਤੇ ਲੋੜ ਮੁਤਾਬਕ ਉਭਾਰੇਗੀ।

ਬਾਬਾ ਰਾਮਦੇਵ ਵੱਲੋਂ ਰਾਮਲੀਲਾ ਮੈਦਾਨ ਵਿਚ ਵਰਤ ਰੱਖੇ ਜਾਣ ਦਾ ਐਲਾਨ ਕੀਤੇ ਜਾਣ ਤੋਂ ਸਰਕਾਰ ਨੇ ਲਗਾਤਾਰ ਉਸ ਤੱਕ ਪਹੁੰਚ ਲਈ ਹਰ ਹਰਬਾ ਵਰਤਿਆ। ਹਵਾਈ ਅੱਡੇ ਉੱਤੇ ਚਾਰ ਕੇਂਦਰੀ ਮੰਤਰੀਆਂ ਦਾ ਪੁੱਜਣਾ ਦਰਸਾਉਂਦਾ ਹੈ ਕਿ ਸਰਕਾਰ ਬਾਬਾ ਰਾਮਦੇਵ ਨੂੰ ਅਹਿਮੀਅਤ ਤੋਂ ਬਿਨਾਂ ਕੁਝ ਨਹੀਂ ਦੇਣਾ ਚਾਹੁੰਦਾ ਸੀ ਪਰ ਨਜ਼ਰਅੰਦਾਜ਼ ਕਰਨ ਦੀ ਹਾਲਤ ਵਿਚ ਨਹੀਂ ਸੀ। ਕੇਂਦਰੀ ਦੂਰ ਸੰਚਾਰ ਮੰਤਰੀ ਕਪਿਲ ਸਿੱਬਲ ਵੱਲੋਂ ਜਾਰੀ ਕੀਤੀ ਗਈ ਚਿੱਠੀ ਸਰਕਾਰ ਦੀ ਇਸੇ ਦੋਚਿੱਤੀ ਨੂੰ ਪੇਸ਼ ਕਰਦੀ ਹੈ। ਗੱਲਬਾਤ ਵਿਚ ਲੱਗੀਆਂ ਦੋ ਧਿਰਾਂ ਵਿਚਾਲੇ ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਦਾ ਭਰੋਸਾ ਗ਼ੈਰ-ਰਸਮੀ ਤੌਰ ਉੱਤੇ ਇੱਕ-ਦੂਜੇ ਨੂੰ ਦਿੱਤਾ ਜਾਂਦਾ ਹੈ। ਇਸ ਤੋਂ ਬਿਨਾਂ ਫ਼ੈਸਲਾਕੁਨ ਮੋੜ ਤੱਕ ਪੁੱਜਣ ਲਈ ਆਗੂਆਂ ਦੀ ਗੱਲਬਾਤ ਤੋਂ ਪਹਿਲਾਂ ਕਈ ਪੱਧਰ ਉੱਤੇ ਸੰਪਰਕ ਕਾਇਮ ਰਹਿੰਦਾ ਹੈ। ਅਜਿਹੀ ਚਿੱਠੀ ਲਿਖੇ ਜਾਣਾ ਕੋਈ ਵਿੱਕੋਲਿਤਰੀ ਗੱਲ ਨਹੀਂ ਹੈ ਪਰ ਸਰਕਾਰ ਵੱਲੋਂ ਹਮਲਾਵਰ ਰੁਖ਼ ਨਾਲ ਇਸ ਨੂੰ ਜਾਰੀ ਕੀਤਾ ਜਾਣਾ ਸਿਰਫ਼ ਬਾਬਾ ਰਾਮਦੇਵ ਦੀ ਭਰੋਸੇਯੋਗਤਾ ਨੂੰ ਖੋਰਾ ਲਗਾਉਣ ਦੀ ਹੀ ਮਸ਼ਕ ਜਾਪਦੀ ਹੈ।

ਰਾਮਲੀਲਾ ਮੈਦਾਨ ਵਿਚ ਪੁਲੀਸ ਦੀ ਕਾਰਵਾਈ ਤੋਂ ਸਪਸ਼ਟ ਹੋ ਗਿਆ ਹੈ ਕਿ ਕੇਂਦਰ ਸਰਕਾਰ ਭ੍ਰਿਸ਼ਟਾਚਾਰ ਖ਼ਿਲਾਫ਼ ਦ੍ਰਿੜ੍ਹ ਪੈਂਤੜਾ ਅਖ਼ਤਿਆਰ ਕਰਨ ਤੋਂ ਕੰਨੀ ਕਤਰਾ ਰਹੀ ਹੈ। ਇਸ ਹਾਲਤ ਵਿਚ ਕੇਂਦਰੀ ਮੰਤਰੀ ਬਾਬਾ ਰਾਮਦੇਵ ਦੀ ਦੌਲਤ ਅਤੇ ਵਿਦੇਸ਼ ਵਿਚ ਬਣਾਈ ਜਾਇਦਾਦ ਬਾਬਤ ਸਵਾਲ ਪੁੱਛ ਰਹੇ ਹਨ। ਇਨ੍ਹਾਂ ਤੱਥਾਂ ਦੇ ਹਵਾਲੇ ਨਾਲ ਨੁਕਤਾ ਤਾਂ ਇਹੋ ਉਭਾਰਿਆ ਜਾ ਰਿਹਾ ਹੈ ਕਿ ਬਾਬਾ ਰਾਮਦੇਵ ਨੂੰ ਅਜਿਹੇ ਸਵਾਲ ਪੁੱਛਣ ਦਾ ਨੈਤਿਕ ਹੱਕ ਨਹੀਂ ਹੈ। ਇਸ ਲਿਹਾਜ ਨਾਲ ਭ੍ਰਿਸ਼ਟਾਚਾਰ ਬਾਬਤ ਟਿੱਪਣੀ ਕਰਨ ਦਾ ਹੱਕ ਕਿਸੇ ਸਿਆਸਤਦਾਨ ਨੂੰ ਨਹੀਂ ਹੈ ਕਿਉਂਕਿ ਮੁਲਕ ਨੂੰ ਮੌਜੂਦਾ ਹਾਲਾਤ ਤੱਕ ਪਹੁੰਚਾਉਣ ਲਈ ਸਿਆਸੀ ਤਬਕੇ ਦੀ ਅਹਿਮ ਭੂਮਿਕਾ ਰਹੀ ਹੈ।

ਇਸ ਮੌਕੇ ਭ੍ਰਿਸ਼ਟਾਚਾਰ ਬਾਬਤ ਦਲੀਲਬੱਧ ਬਹਿਸ ਲਈ ਬੂਹਾ ਭੇੜ ਦਿੱਤਾ ਗਿਆ ਹੈ ਅਤੇ ਬੇਦਲੀਲੇ ਉਭਾਰ ਲਈ ਨਿਕਾਸੀ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ। ਕਾਨੂੰਨੀ ਪੇਸ਼ਬੰਦੀਆਂ ਤੱਕ ਮਸਲੇ ਨੂੰ ਮਹਿਦੂਦ ਕਰਕੇ 'ਸਿਆਸੀ ਸਰਵਸੰਮਤੀ' ਲਈ ਮਾਹੌਲ ਤਿਆਰ ਹੋ ਗਿਆ ਹੈ। ਹੁਣ ਵਿਰੋਧੀ ਧਿਰ ਆਪਣੀ 'ਦ੍ਰਿੜ੍ਹਤਾ' ਦਾ ਸਬੂਤ ਕਾਨੂੰਨ ਬਣਾ ਲੈਣ ਵਿਚੋਂ ਹੀ ਲੱਭੇਗੀ। ਕੁਝ ਦਿਨਾਂ ਬਾਅਦ ਇਸ ਮੰਗ ਨੂੰ ਪ੍ਰਵਾਨ ਕਰਕੇ ਸਰਕਾਰ ਆਪਣੇ 'ਜਮਹੂਰੀ ਖ਼ਾਸੇ' ਦਾ ਪ੍ਰਗਟਾਵਾ ਕਰ ਸਕਦੀ ਹੈ। ਸਵਾਲ ਤਾਂ ਇਹ ਹੈ ਕਿ ਪਿਛਲੇ 64 ਸਾਲਾਂ ਦੇ ਤਜਰਬੇ ਦੌਰਾਨ ਸਰਕਾਰਾਂ ਵੱਲੋਂ ਸੰਵਿਧਾਨ ਅਤੇ ਕਾਨੂੰਨ ਰਾਹੀਂ ਕੀਤੇ ਵਾਅਦਿਆਂ ਨੂੰ ਦਰਕਿਨਾਰ ਕਰ ਕੇ ਹੀ ਮੁਲਕ ਮੌਜੂਦਾ ਹਾਲਾਤ ਤੱਕ ਪਹੁੰਚਿਆ ਹੈ। ਭ੍ਰਿਸ਼ਟਾਚਾਰ ਬਾਬਤ ਸਿਆਸੀ ਨਗਾਰਖਾਨੇ ਵਿਚ ਮੱਚਿਆ ਸ਼ੋਰ ਵੀਹ ਰੁਪਏ ਰੋਜ਼ਾਨਾ ਦੀ ਆਮਦਨ ਉੱਤੇ ਗੁਜ਼ਾਰਾ ਕਰ ਰਹੇ ਭਾਰਤ ਦੀ ਰਾਹਤ ਦਾ ਸਬੱਬ ਨਹੀਂ ਬਣ ਸਕਦਾ। ਇਸ ਮਾਹੌਲ ਵਿਚ ਬਾਬਾ ਰਾਮਦੇਵ ਦਾ 'ਬਦਲ' ਦੀ ਸਿਆਸਤ ਵਜੋਂ ਪੇਸ਼ ਹੋਣਾ ਮੌਜੂਦਾ ਰਾਜਤੰਤਰ ਖ਼ਿਲਾਫ਼ 'ਰੋਹ ਦੀ ਨਿਕਾਸੀ' ਦਾ ਕਾਰਗਰ ਰਾਹ ਸਾਬਤ ਹੋ ਸਕਦਾ ਹੈ। ਇਸ ਨਗਾਰਖਾਨੇ ਕਾਰਨ ਸਮੁੱਚੇ ਮੁਲਕ ਵਿਚੋਂ ਨਾਇਨਸਾਫ਼ੀ, ਨਾਬਰਾਬਰੀ, ਗੁਰਬਤ, ਜਹਾਲਤ ਅਤੇ ਤਸ਼ੱਦਦ ਖ਼ਿਲਾਫ਼ ਉੱਠ ਰਹੀਆਂ ਆਵਾਜ਼ਾਂ 'ਸਿਆਸੀ ਮੰਚ' ਤੋਂ ਗਾਇਬ ਹੋ ਗਈਆਂ ਹਨ।

# ਮੋਬਾਈਲ ਫੋਨ ਦੀ ਵਧੇਰੇ ਵਰਤੋਂ ਨਾਲ ਕੈਂਸਰ ਦਾ ਖ਼ਤਰਾ!

**ਨਵੀਂ ਦਿੱਲੀ:** ਪਹਿਲੀ ਵਾਰ ਵਿਸ਼ਵ ਸਿਹਤ ਸੰਗਠਨ ਨੇ ਸੈਲ ਫੋਨ ਦੀ ਬੇਹਿਸਾਬੀ ਵਰਤੋਂ ਕਰਨ ਵਾਲਿਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਦਿਮਾਗ ਦੇ ਕੈਂਸਰ ਦਾ ਖ਼ਤਰਾ ਵਧ ਜਾਂਦਾ ਹੈ। 90ਵਿਆਂ ਦੇ ਸ਼ੁਰੂ 'ਚ ਹੋਈ ਸੈਲ ਫੋਨ ਦੀ ਵਰਤੋਂ ਤੋਂ ਮਗਰੋਂ ਵਿਸ਼ਵ ਸਿਹਤ ਸੰਗਠਨ ਦੀ ਕੈਂਸਰ 'ਤੇ ਖੋਜ ਬਾਰੇ ਕੌਮਾਂਤਰੀ ਏਜੰਸੀ (ਆਈ.ਏ.ਆਰ.ਸੀ.) ਨੇ ਸੈਲ ਫੋਨਾਂ ਨੂੰ ਕੀਟਨਾਸ਼ਕ ਡੀ.ਡੀ.ਟੀ., ਪੈਟਰੋਲ ਇੰਜਣ ਦੇ ਧੂੰਏਂ ਤੇ ਕੌਫੀ ਵਾਲੇ ਵਰਗ 'ਚ ਰੱਖਿਆ ਹੈ।

ਕੈਂਸਰ ਦੇ ਮਾਹਿਰ ਭਾਰਤੀ ਡਾਕਟਰਾਂ ਨੇ ਵੀ ਵਿਸ਼ਵ ਸਿਹਤ ਸੰਗਠਨ ਦੇ ਇਸ ਫਿਕਰ ਨਾਲ ਸਹਿਮਤ ਹੁੰਦਿਆਂ ਕਿਹਾ ਹੈ ਕਿ ਖੋਜ ਤੋਂ ਵੀ ਇਹ ਹੀ ਪਤਾ ਲੱਗਾ ਹੈ ਕਿ ਰੇਡੀਓ-ਫਰੀਕੁਐਂਸੀ ਦਾ ਲੰਮੇ ਸਮੇਂ ਤੱਕ ਸਾਹਮਣਾ, ਪ੍ਰਤੱਖ ਰੂਪ 'ਚ ਦਿਮਾਗ ਦੇ ਕੈਂਸਰ ਤੇ ਮੋਬਾਈਲ ਦੀ ਵਰਤੋਂ 'ਚ ਕੜੀ ਬਣਦਾ ਹੈ। ਵਿਸ਼ਵ ਸਿਹਤ ਸੰਗਠਨ ਨੇ ਚਿਤਾਵਨੀ ਦਿੱਤੀ ਹੈ ਕਿ ਜਿੰਨੀ ਵਾਰ ਫੋਨ ਕੀਤਾ ਜਾਂਦਾ ਹੈ, ਉਸ ਨਾਲ ਦਿਮਾਗ ਰਿੰਨਿਆ ਜਾਂਦਾ ਹੈ।

ਮੇਡੈਂਟਾ ਮੈਡੀਸਿਟੀ ਦੇ ਕੈਂਸਰ ਦੇ ਮਾਹਿਰ ਡਾ. ਅਸ਼ੋਕ ਵੈਦ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਨੂੰ ਫੌਰੀ ਸੈਲ ਫੋਨ ਦੀ ਵਰਤੋਂ ਵਿਰੁੱਧ ਚਿਤਾਵਨੀ ਜਾਰੀ ਕਰਨੀ ਚਾਹੀਦੀ ਹੈ। ਭਾਰਤ 'ਚ ਇਸ ਵੇਲੇ 81 ਕਰੋੜ ਤੋਂ ਵੱਧ ਲੋਕ ਮੋਬਾਈਲ ਫੋਨ ਵਰਤ ਰਹੇ ਹਨ। ਟਾਟਾ ਮੈਮੋਰੀਅਲ ਸੈਂਟਰ ਮੁੰਬਈ ਦੇ ਡਾਇਰੈਕਟਰ ਅਨਿਲ ਡੀ. ਕਰੂਜ਼ ਨੇ ਵੀ ਨਵੀਂ ਖੋਜ ਨਾਲ ਸਹਿਮਤ ਹੁੰਦਿਆਂ ਕਿਹਾ ਕਿ ਭਾਵੇਂ ਹਾਲੇ ਨਿਰਣਾਤਮਕ ਤੌਰ 'ਤੇ ਕੁਝ ਵੀ ਸਿੱਧ ਨਹੀਂ ਹੋ ਸਕਿਆ ਪਰ ਲੋਕਾਂ ਨੂੰ ਅਗਾਊਂ ਚਿਤਾਵਨੀ ਵਜੋਂ ਹੈਂਡ ਫੋਨ ਦੀ ਵਰਤੋਂ ਕਰਨੀ ਚਾਹੀਦੀ ਹੈ ਤੇ ਰੇਡੀਏਸ਼ਨ ਤੋਂ ਸਿੱਧੇ ਰੂਪ 'ਚ ਬਚਣਾ ਚਾਹੀਦਾ ਹੈ। ਇਸੇ ਦੌਰਾਨ ਵਿਸ਼ਵ ਸਿਹਤ ਸੰਗਠਨ ਦੇ ਭਾਰਤ ਵਿਚਲੇ ਦਫਤਰ ਨੇ ਆਈ.ਏ.ਆਰ.ਸੀ. ਨੂੰ ਇਸ ਅਧਿਐਨ ਦੇ ਵੇਰਵੇ ਦੇਣ ਲਈ ਲਿਖਿਆ ਹੈ। ਸਾਲ 2012 ਤਕ ਵਿਸ਼ਵ ਸਿਹਤ ਸੰਗਠਨ ਮੋਬਾਈਲ ਫੋਨ ਤੇ ਕੈਂਸਰ ਦੇ ਸਬੰਧਾਂ ਬਾਰੇ ਕਰਾਏ ਜਾ ਰਹੇ ਅਧਿਐਨ ਦੇ ਨਤੀਜੇ ਜਾਰੀ ਕਰੇਗਾ।

ਵਿਸ਼ਵ ਸਿਹਤ ਸੰਗਠਨ ਨੇ ਲੋਕਾਂ ਨੂੰ ਬਚਾਓ ਲਈ ਸੁਚੇਤ ਕਰਦਿਆਂ ਦੱਸਿਆ ਹੈ ਕਿ ਮੋਬਾਈਲ ਫੋਨ ਤੇ ਹੋਰ ਸੰਚਾਰ ਯੰਤਰਾਂ ਦੀ ਵਧੇਰੇ ਵਰਤੋਂ ਨਾਲ ਕੈਂਸਰ ਹੋਣ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ। ਕੈਂਸਰ 'ਤੇ ਖੋਜ ਸਬੰਧੀ ਕੌਮਾਂਤਰੀ ਏਜੰਸੀ ਨੇ ਲਿਓਨ, ਫਰਾਂਸ 'ਚ ਦੱਸਿਆ ਕਿ ਅਜਿਹੇ ਯੰਤਰਾਂ ਕਾਰਨ ਬਣਦੇ ਇਲੈਕਟ੍ਰੋ-ਮੈਗਨੇਟਿਕ ਫੀਲਡ ਮਨੁੱਖਾਂ ਲਈ ਕੈਂਸਰ ਦਾ ਖ਼ਤਰਾ ਬਣ ਸਕਦੇ ਹਨ। 14 ਦੇਸ਼ਾਂ ਦੇ 31 ਮਾਹਿਰਾਂ ਦੇ ਗਰੁਪ ਨੇ ਇਹ ਖੁਲਾਸੇ ਕੀਤੇ ਹਨ। ਜ਼ਿਕਰਯੋਗ ਹੈ ਕਿ ਵਿਸ਼ਵ ਭਰ 'ਚ ਪੰਜ ਅਰਬ ਲੋਕ ਇਹ ਸੇਵਾਵਾਂ ਲੈ ਰਹੇ ਹਨ। ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਦੇ ਜੋਨਾਥਨ ਸਾਮੇਟ ਜੋ ਵਿਗਿਆਨੀਆਂ ਦੇ ਇਸ ਗਰੁਪ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਖ਼ਤਰਾ ਹੋ ਸਕਦਾ ਹੈ ਤੇ ਕੈਂਸਰ ਦੇ ਖ਼ਤਰੇ ਤੇ ਸੈਲ ਫੋਨਾਂ ਵਿਚਾਲੇ ਇਸ ਕੜੀ 'ਤੇ ਨਿਗਰਾਨੀ ਰੱਖਣੀ ਪੈਣੀ ਹੈ।

# ਤਾ ਕਾ ਦਰਸੁ ਪਾਈਐ ਵਡਭਾਗੀ

**ਗੁਰਬਾਣੀ ਗਿਆਨ**

ੴ ਸਤਿਗੁਰ ਪ੍ਰਸਾਦਿ
ਗਉੜੀ ਮਹਲਾ-5
ਤਾ ਕਾ ਦਰਸੁ ਪਾਈਐ ਵਡਭਾਗੀ॥
ਜਾ ਕੀ ਰਾਮਿ ਨਾਮਿ ਲਿਵ ਲਾਗੀ॥
ਜਾ ਕੈ ਹਰਿ ਵਸਿਆ ਮਨ ਮਾਹੀ॥
ਤਾ ਕਉ ਦੁਖੁ ਸੁਪਨੈ ਭੀ ਨਾਹੀ॥ਰਹਾਉ॥
ਸਰਬ ਨਿਧਾਨ ਰਾਖੇ ਜਨ ਮਾਹੀ॥
ਤਾ ਕੈ ਸੰਗਿ ਕਿਲਵਿਖ ਦੁਖ ਜਾਹਿ॥
ਜਨ ਕੀ ਮਹਿਮਾ ਕਥੀ ਨ ਜਾਇ॥
ਪਾਰਬ੍ਰਹਮੁ ਜਨੁ ਰਹਿਆ ਸਮਾਇ॥
ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ॥
ਦਾਸ ਕੀ ਧੂਰਿ ਨਾਨਕ ਕਉ ਦੀਜੈ॥

ਇਸ ਪਾਵਨ ਸ਼ਬਦ ਵਿਚ ਗੁਰਦੇਵ ਉਨ੍ਹਾਂ ਪ੍ਰਭੂ ਪਿਆਰਿਆਂ ਦੀਆਂ ਸਿਫ਼ਤਾਂ ਕਰਦੇ ਹਨ ਜੋ ਉਠਦੇ-ਬੈਠਦੇ ਸਵਾਸ-ਸਵਾਸ ਪ੍ਰਭੂ ਸਿਮਰਨ ਵਿਚ ਜੁੜੇ ਰਹਿੰਦੇ ਹਨ। ਜਿਨ੍ਹਾਂ 'ਤੇ ਪ੍ਰਭੂ ਮਿਹਰਬਾਨ ਹੈ। ਗੁਰੂ ਜੀ ਫੁਰਮਾਉਂਦੇ ਹਨ, ਹੇ ਭਾਈ! ਜਿਸ ਜੀਵ ਦੇ ਮਨ ਵਿਚ ਪ੍ਰਭੂ ਪਰਮਾਤਮਾ ਦਾ ਨਾਮ ਵਸ ਜਾਂਦਾ ਹੈ, ਉਸ ਜੀਵ ਨੂੰ ਕਦੀ ਸੁਪਨੇ ਵਿਚ ਭੀ ਦੁਖ ਕਲੇਸ਼ ਨਹੀਂ ਡਰਾ ਸਕਦੇ; ਭਾਵ ਪੋਹ ਨਹੀਂ ਸਕਦੇ, ਤੇ ਹੇ ਭਾਈ! ਜਿਸ ਪ੍ਰਭੂ ਦੇ ਪਿਆਰ ਦੀ ਪ੍ਰਭੂ ਚਰਨਾਂ ਨਾਲ ਲਿਵ ਲੱਗੀ ਹੁੰਦੀ ਹੈ, ਉਸ ਦੇ ਦਰਸ਼ਨ ਵੀ ਵੱਡੇ ਭਾਗਾਂ ਨਾਲ ਹੀ ਹੁੰਦੇ ਹਨ ਕਿਉਂਕਿ ਜਿੰਨਾ ਚਿਰ ਜੀਵ ਦੇ ਅੰਦਰ ਪ੍ਰਭੂ ਮਿਲਾਪ ਲਈ ਤੜਫ ਪੈਦਾ ਨਾ ਹੋਵੇ, ਨਾਮ ਸਿਮਰਨ ਵੀ ਨਹੀਂ ਹੋ ਸਕਦਾ।

ਸਰਬ ਨਿਧਾਨ ਰਾਖੇ ਜਨ ਮਾਹੀ॥
ਤਾ ਕੈ ਸੰਗਿ ਕਿਲਵਿਖ ਦੁਖ ਜਾਹਿ॥
ਜਨ ਕੀ ਮਹਿਮਾ ਕਥੀ ਨ ਜਾਇ॥
ਪਾਰਬ੍ਰਹਮੁ ਜਨੁ ਰਹਿਆ ਸਮਾਇ॥

ਹੇ ਭਾਈ! ਜਿਨ੍ਹਾਂ ਨੂੰ ਗੁਰੂ ਸਵਾਰਿਆਂ ਦੇ ਅੰਦਰ ਨਾਮ ਦੀ ਲਗਨ ਲੱਗ ਜਾਂਦੀ ਹੈ, ਉਨ੍ਹਾਂ ਦੇ ਹਿਰਦੇ ਵਿਚ ਤਾਂ ਪ੍ਰਭੂ ਆਤਮਿਕ ਗੁਣਾਂ ਦੇ ਸਾਰੇ ਹੀ ਖਜ਼ਾਨੇ ਵੀ ਪਾ ਦਿੰਦਾ ਹੈ ਅਤੇ ਅਜਿਹੇ ਪੁਰਸ਼ਾਂ ਦੀ ਸੰਗਤ ਵਿਚ ਜੋ ਜੀਵ ਆ ਜਾਂਦੇ ਹਨ, ਪ੍ਰਭੂ ਉਨ੍ਹਾਂ ਦੇ ਸਾਰੇ ਹੀ ਦੁੱਖ ਅਤੇ ਕਲੇਸ਼ ਭੀ ਦੂਰ ਕਰ ਦਿੰਦਾ ਹੈ। ਹੇ ਭਾਈ! ਪ੍ਰਭੂ ਦੇ ਪਿਆਰਿਆਂ ਦੀ ਤਾਂ ਸਿਫ਼ਤ ਵੀ ਨਹੀਂ ਕੀਤੀ ਜਾ ਸਕਦੀ। ਸਾਰੇ ਸੰਸਾਰ ਦਾ ਮਾਲਿਕ ਤਾਂ ਉਥੇ ਆਪ ਵਸ ਰਿਹਾ ਹੁੰਦਾ ਹੈ।

ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ॥
ਦਾਸ ਕੀ ਧੂਰਿ ਨਾਨਕ ਕਉ ਦੀਜੈ॥

ਹੁਣ ਸਤਿਗੁਰ ਅਰਦਾਸ ਵਿਚ ਜੁੜ ਰਹੇ ਹਨ ਅਤੇ ਸਾਨੂੰ ਜੀਵਾਂ ਨੂੰ ਵੀ ਰਸਤਾ ਦਿਖਾਲ ਰਹੇ ਹਨ ਕਿ ਹੇ ਭਾਈ! ਅਰਦਾਸ ਕਿਵੇਂ ਕਰਨੀ ਹੈ। ਹੇ ਮੇਰੇ ਪ੍ਰਭ ਜੀਉ! ਕ੍ਰਿਪਾ ਕਰੋ ਅਤੇ ਮੇਰੀ ਬੇਨਤੀ ਸੁਣੋ। ਮਿਹਰਾਂ ਵਿਚ ਆਉ ਅਤੇ ਜਿਨ੍ਹਾਂ ਸੇਵਕਾਂ ਦੇ ਅੰਦਰ ਆਪ ਜੀ ਨਿਵਾਸ ਕਰ ਰਹੇ ਹੋ, ਉਨ੍ਹਾਂ ਆਪਣੇ ਪਿਆਰਿਆਂ ਦੀ ਚਰਨ ਧੂੜ ਇਸ ਨਾਨਕ ਨੂੰ ਵੀ ਦੇਵੋ ਤਾਂ ਕਿ ਤੇਰਾ ਸਿਮਰਨ ਕਰਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਰ ਸਕੀਏ।

ਆਓ ਦੇਹਧਾਰੀ ਗੁਰੂਆਂ ਨੂੰ ਤੱਜ ਕੇ ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

# ਲਾਅ ਇਨਫੋਰਸਮੈਂਟ ਫਾਊਂਡੇਸ਼ਨ ਵਲੋਂ ਸ. ਬੈਂਸ ਦਾ ਸਨਮਾਨ

**ਬੇਕਰਜ਼ਫੀਲਡ (ਮਾਨ ਮਨਦੀਪ):** ਕਰਨ ਕਾਊਂਟੀ ਲਾਅ ਇਨਫੋਰਸਮੈਂਟ ਫਾਊਂਡੇਸ਼ਨ, ਜਿਸ ਵਿਚ ਬੇਕਰਜ਼ਫੀਲਡ ਪੁਲਿਸ ਮਹਿਕਮਾ, ਸ਼ੈਰਿਫ ਮਹਿਕਮਾ ਤੇ ਕੈਲੀਫੋਰਨੀਆ ਹਾਈਵੇ ਪੈਟਰੋਲ ਸ਼ਾਮਲ ਹਨ, ਵਲੋਂ ਆਪਣਾ ਸਾਲਾਨਾ ਅਵਾਰਡ ਸਮਾਗਮ ਲੰਘੇ ਸ਼ੁੱਕਰਵਾਰ 3 ਜੂਨ ਨੂੰ ਇਥੇ ਕੰਟਰੀ ਕਲੱਬ ਵਿਚ ਕਰਵਾਇਆ ਗਿਆ ਜਿਸ ਵਿਚ ਮਹਿਕਮੇ ਦੇ ਵੱਖ ਵੱਖ ਅਫਸਰਾਂ ਨੂੰ ਆਪੋ ਆਪਣੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਸਨਮਾਨਿਤ ਕੀਤਾ ਗਿਆ। ਇਸ ਵਾਰ ਕੁਲ 11 ਪੁਲਿਸ ਅਫਸਰਾਂ ਦਾ ਸਨਮਾਨ ਕੀਤਾ ਗਿਆ ਜਿਨ੍ਹਾਂ ਵਿਚ ਮੁਖ ਸਾਰਜੈਂਟ ਕੈਨੀ ਕਾਰਲੋਨ, ਆਫਿਸਰ ਜੌਸਫ ਹਾਇਜ਼, ਗੈਰੀ ਕੁਰੇਵਲ, ਨੇਥਨ ਐਂਡਰਬਰਗ, ਐਂਡਰੀਊ ਫਰਗੂਸਨ ਅਤੇ ਰਾਬਰਟ ਵੁਡਜ਼ ਸ਼ਾਮਲ ਸਨ।

ਇਸ ਸਮਾਗਮ ਵਿਚ ਸਥਾਨਕ ਕਾਰੋਬਾਰੀਆਂ ਨੂੰ ਵੀ ਬਿਜਨਸਮੈਨ ਆਫ ਦਾ ਯੀਅਰ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਸਾਲ ਇਹ ਅਵਾਰਡ ਪੰਜਾਬੀ ਭਾਈਚਾਰੇ ਦੀ ਉਘੀ ਸ਼ਖਸੀਅਤ ਸ. ਦਵਿੰਦਰ ਸਿੰਘ ਬੈਂਸ ਨੂੰ ਦਿੱਤਾ ਗਿਆ। ਇਸ ਮੌਕੇ ਬੋਲਦਿਆਂ ਸ. ਬੈਂਸ ਨੇ ਆਖਿਆ ਕਿ ਇਹ ਸਨਮਾਨ ਹਾਸਲ ਕਰਕੇ ਉਨ੍ਹਾਂ ਨੂੰ ਬਹੁਤ ਮਾਣ ਹਾਸਲ ਹੋਇਆ ਮਹਿਸੂਸ ਹੋ ਰਿਹਾ ਹੈ ਅਤੇ ਉਹ ਇਸ ਗੱਲੋਂ ਫਾਊਂਡੇਸ਼ਨ ਦੇ ਧੰਨਵਾਦੀ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੇਕਰਜ਼ਫੀਲਡ ਦੇ ਸ਼ੈਰਿਫ ਡਾਨੀ ਯੰਗਬਲੱਡ, ਡਿਸਟ੍ਰਿਕਟ ਅਟਾਰਨੀ ਲੀਸਾ ਗਰੀਨ, ਮੇਅਰ ਹਾਰਵੀ ਹਾਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੁਲਿਸ ਅਫਸਰ, ਵਕੀਲ ਅਤੇ ਉਘੇ ਬਿਜਨਸਮੈਨ ਹਾਜ਼ਰ ਸਨ।



ਸ. ਦਵਿੰਦਰ ਸਿੰਘ ਬੈਂਸ ਸਨਮਾਨ ਹਾਸਲ ਕਰਦੇ ਹੋਏ



ਪੱਤਰਕਾਰ ਮਾਨ ਮਨਦੀਪ ਸ਼ੈਰਿਫ ਡੋਨੀ ਯੰਗਬਲੱਡ ਨਾਲ



ਡਿਸਟ੍ਰਿਕਟ ਅਟਾਰਨੀ ਲੀਸਾ ਗਰੀਨ ਹੋਰ ਅਧਿਕਾਰੀਆਂ ਨਾਲ



ਸ. ਦਵਿੰਦਰ ਸਿੰਘ ਬੈਂਸ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ

## ਗਿੰਨੀ ਸਿਮ੍ਰਤੀ ਗਰੰਥ 'ਤੇ ਗੋਸ਼ਟੀ ਅਤੇ ਕਵੀ ਦਰਬਾਰ 18 ਨੂੰ

**ਹੇਵਰਡ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀ ਬੇਅ-ਏਰੀਆ ਇਕਾਈ ਵਲੋਂ ਪਰਮਿੰਦਰ ਸਿੰਘ ਪਰਵਾਨਾ ਵਲੋਂ ਆਪਣੀ ਮਰਹੂਮ ਬੇਟੀ 'ਗਿੰਨੀ' ਦੀ ਯਾਦ ਵਿਚ ਸੰਪਾਦਿਤ ਪੁਸਤਕ 'ਗਿੰਨੀ ਸਿਮਤ੍ਰੀ ਗਰੰਥ' 'ਤੇ ਇਕ ਗੋਸ਼ਟੀ ਆਉਂਦੀ 18 ਜੂਨ ਐਤਵਾਰ ਨੂੰ ਬਾਅਦ ਦੁਪਹਿਰ 2 ਤੋਂ 6 ਵਜੇ ਤੱਕ ਰਿਕਸ ਸੈਂਟਰ ਆਇਲ, ਰਾਇਲ ਸਟਰੀਟ, ਫਰੀਮਾਂਟ ਵਿਚ ਕਰਵਾਈ ਜਾ ਰਹੀ ਹੈ। ਇਸ ਗੋਸ਼ਟੀ ਵਿਚ ਡਾ. ਸ਼ਰਨਜੀਤ ਕੌਰ, ਚੰਡੀਗੜ੍ਹ ਦਾ ਲਿਖਿਆ ਪੇਪਰ 'ਗਿੰਨੀ ਦੀਆਂ ਸਿਮ੍ਰਤੀਆਂ ਦੀ ਪੇਸ਼ਕਾਰੀ' ਸ਼ਾਇਰਾ ਨਵਨੀਤ ਪੰਨੂੰ ਅਤੇ ਦੂਜਾ ਪੇਪਰ 'ਗਿੰਨੀ ਸਿਮ੍ਰਤੀ ਗਰੰਥ: ਇਕ ਹਾਂ ਪੱਖੀ ਮੁਲਾਂਕਣ' ਪ੍ਰੋ. ਸੁਰਜੀਤ ਸਿੰਘ ਨਨੂਆ ਪੜ੍ਹਨਗੇ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਪ੍ਰੋਗਰਾਮ ਵਿਚ ਜਸਟਿਸ ਸਈਅਦ ਆਸਿਫ਼ ਸ਼ਾਹਕਾਰ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਡਾ. ਕੁਲਵੰਤ ਕੌਰ ਅਤੇ ਗ਼ਜ਼ਲਗੋ ਇਕਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਭਾਗ ਲੈਣਗੇ। ਇਸ ਉਪਰੰਤ ਕਵੀ ਦਰਬਾਰ ਵਿਚ ਸ਼ਾਇਰ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਹੋਰ ਜਾਣਕਾਰੀ ਲਈ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨਾਲ 510-676-4440 ਜਾਂ ਜਨਰਲ ਸਕੱਤਰ ਨੀਲਮ ਸੈਣੀ ਨਾਲ ਫੋਨ 510-502-0551 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ੴ ਸਤਿਗੁਰ ਪ੍ਰਸਾਦਿ॥

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪਰ ਮਰ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ

# ਗੁਰਦੁਆਰਾ ਸਾਹਿਬ ਮਾਡੈਸਟੋ-ਸੀਰੀਜ਼

## ਬਾਬਾ ਨਿਹਾਲ ਸਿੰਘ ਜੀ-ਬਾਬਾ ਹਰਨਾਮ ਸਿੰਘ ਜੀ ਤੱਲ੍ਹਣ ਵਾਲਿਆਂ ਦੀ ਯਾਦ ਵਿਚ ਸ਼ਹੀਦੀ ਮੇਲਾ



ਹਰ ਸਾਲ ਦੀ ਤਰ੍ਹਾਂ ਬਾਬਾ ਨਿਹਾਲ ਸਿੰਘ ਜੀ-ਬਾਬਾ ਹਰਨਾਮ ਸਿੰਘ ਤੱਲ੍ਹਣ ਵਾਲਿਆਂ ਦੀ ਯਾਦ ਵਿਚ ਕੈਲੀਫੋਰਨੀਆ ਵਸਦੇ ਪਿੰਡ ਤੱਲ੍ਹਣ (ਜ਼ਿਲਾ ਜਲੰਧਰ) ਦੇ ਸ਼ਰਧਾਲੂਆਂ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਮਾਡੈਸਟੋ-ਸੀਰੀਜ਼ ਵਿਖੇ 13 ਜੂਨ ਤੋਂ 19 ਜੂਨ 2011 ਤੱਕ ਸ਼ਹੀਦੀ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹਾਜ਼ਰੀਆਂ ਭਰ ਕੇ ਧੰਨਵਾਦੀ ਬਣਾਓ ਜੀ।



### ਪ੍ਰੋਗਰਾਮ

ਕੀਰਤਨ ਦੀਵਾਨ 13 ਜੂਨ ਤੋਂ 18 ਜੂਨ 2011
ਸ਼ਾਮ 6:30 ਤੋਂ 8:30 ਵਜੇ ਤੱਕ
ਅਰੰਭ ਸ੍ਰੀ ਅਖੰਡ ਪਾਠ - 17 ਜੂਨ 2011, ਸਵੇਰੇ 10:30 ਵਜੇ
ਭੋਗ ਸ੍ਰੀ ਅਖੰਡ ਪਾਠ- 19 ਜੂਨ 2011, ਸਵੇਰੇ 10:30 ਵਜੇ
ਕੀਰਤਨ ਦੀਵਾਨ- ਸਵੇਰੇ 10:30 ਵਜੇ ਤੋਂ 1:30 ਵਜੇ ਤੱਕ

**ਕਥਾ ਵਿਆਖਿਆ**
ਬਾਬਾ ਬਲਵਿੰਦਰ ਸਿੰਘ ਜੀ ਕੁਰਾਲੀਵਾਲੇ
**ਢਾਡੀ ਜਥਾ**
ਪ੍ਰੋ. ਗੁਰਮੇਲ ਸਿੰਘ ਬੱਲ
ਭਾਈ ਕਮਲਜੀਤ ਸਿੰਘ ਬਿਲਗਾਵਾਲੇ
**ਕੀਰਤਨੀ ਜਥਾ**
ਭਾਈ ਮਨਜੀਤ ਸਿੰਘ
ਭਾਈ ਅਮਰਜੀਤ ਸਿੰਘ



ਬਾਬਾ ਬਲਵਿੰਦਰ ਸਿੰਘ

ਹੋਰ ਜਾਣਕਾਰੀ ਲਈ ਸੰਪਰਕ ਕਰੋ: ਫੋਨ 209-538-4100 (ਗੁਰੂ ਘਰ)
ਜਰਨੈਲ ਸਿੰਘ ਬੈਂਸ 209-872-3070
ਪਰਮਜੀਤ ਸਿੰਘ ਤੱਲ੍ਹਣ 209-483-2683
ਭਾਈ ਮਨਜੀਤ ਸਿੰਘ 209-541-8538
ਭਾਈ ਅਮਰਜੀਤ ਸਿੰਘ 209-549-6906








# ਪੰਜਾਬੀ ਸੱਥ (ਅਮਰੀਕਾ) ਦਾ ਪਲੇਠਾ ਸਮਾਗਮ 19 ਨੂੰ

**ਸੈਕਰਾਮੈਂਟੋ (ਬਿਊਰੋ):** ਡਾ. ਨਿਰਮਲ ਸਿੰਘ ਲਾਂਬੜਾ ਦੀ ਅਗਵਾਈ ਹੇਠ ਪਿਛਲੇ 22 ਸਾਲਾਂ ਤੋਂ ਦੇਸ਼-ਵਿਦੇਸ਼ ਵਿਚ ਮਾਂ-ਬੋਲੀ ਪੰਜਾਬੀ ਦੀ ਸੇਵਾ ਸੰਭਾਲ ਵਿਚ ਜੁੱਟੀ ਸੰਸਥਾ ਪੰਜਾਬੀ ਸੱਥ ਲਾਂਬੜਾ ਦੀ ਅਮਰੀਕਾ ਇਕਾਈ ਦਾ ਪਲੇਠਾ ਸਮਾਗਮ ਆਉਂਦੀ 19 ਜੂਨ ਐਤਵਾਰ ਨੂੰ ਸ਼ਾਮ 5 ਤੋਂ 8 ਵਜ਼ੇ ਤੱਕ ਵੈਸਟ ਸੈਕਰਾਮੈਂਟੋ (2301 ਐਵਰਗਰੀਨ ਐਵਿਨਿਊ) ਵਿਖੇ ਹੋਵੇਗਾ।



ਬੀਬੀ ਦਵਿੰਦਰ ਕੌਰ

ਸੱਥ ਵਲੋਂ ਜਾਰੀ ਇਕ ਬਿਆਨ ਅਨੁਸਾਰ ਸ. ਮੋਤਾ ਸਿੰਘ ਸਰਾਏ ਸੰਚਾਲਕ ਯੂਰਪੀ ਪੰਜਾਬੀ ਸੱਥ (ਯੂ.ਕੇ.) ਦੀ ਪ੍ਰਧਾਨਗੀ ਹੇਠ ਹੋਣ ਵਾਲ਼ੇ ਇਸ ਸਮਾਗਮ ਵਿਚ ਉਘੇ ਲੇਖਕ ਸ. ਤਰਲੋਚਨ ਸਿੰਘ ਦੁਪਾਲਪੁਰ ਨੂੰ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਲਈ 'ਸ. ਲਾਲ ਸਿੰਘ ਕਮਲਾ ਅਕਾਲੀ ਪੁਰਸਕਾਰ' ਨਾਲ਼ ਸਨਮਾਨਿਤ ਕੀਤਾ ਜਾਵੇਗਾ ਜਦੋਂਕਿ ਇਸੇ ਤਰਾਂ ਬੀਬੀ ਦਵਿੰਦਰ ਕੌਰ ਨੂੰ ਸਾਹਿਤ ਸੇਵਾ ਲਈ 'ਰਾਣੀ ਸਾਹਿਬ ਕੌਰ ਪੁਰਸਕਾਰ' ਦਿੱਤਾ ਜਾਵੇਗਾ ।

ਇਸ ਮੌਕੇ ਪੰਜਾਬ ਤੋਂ 'ਸੱਥ' ਦੇ ਕਰਤਾ ਧਰਤਾ ਡਾ. ਨਿਰਮਲ ਸਿੰਘ ਲਾਂਬੜਾ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਦੇ ਨਾਲ਼ ਬਾਲ ਸਾਹਿਤ ਪੰਜਾਬੀ ਸੱਥ ਪਟਿਆ਼ਲਾ ਦੇ ਸਰਪ੍ਰਸਤ ਅਤੇ ਮਾਈ ਭਾਗੋ ਬ੍ਰਿਗੇਡ ਦੇ ਮੁੱਖੀ ਡਾ. ਕੁਲਵੰਤ ਕੌਰ ਅਤੇ ਪੰਜਾਬੀ ਸੱਥਾਂ ਦੇ ਰੂਹੇ-ਰਵਾਂ ਸ. ਹਰਜਿੰਦਰ ਸਿੰਘ ਸੰਧੂ (ਯੂ.ਕੇ.) ਵੀ ਸਮਾਗਮ ਵਿਚ ਸ਼ਰੀਕ ਹੋਣਗੇ।

ਪੰਜਾਬੀ ਸੱਥ ਵਲੋਂ ਧੜਿਆਂ, ਦੇਸ਼ਾਂ, ਧਰਮਾਂ, ਸਿਆਸਤਾਂ ਅਤੇ ਜਨੂੰਨਾਂ ਤੋਂ ਨਿਰਲੇਪ ਰਹਿੰਦਿਆਂ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਸਮੂਹ ਪੰਜਾਬੀਆਂ ਨੂੰ ਸਮਾਗਮ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਰਾਜਬੀਰ ਕੌਰ ਸੇਖੋਂ ਨਾਲ਼ ਫੋਨ 530-312-0772 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੈਕਰਾਮੈਂਟੋ 'ਚ ਡਾ. ਅੰਬੇਦਕਰ ਦੇ ਜਨਮ ਦਿਨ 'ਤੇ ਸਮਾਗਮ 11 ਨੂੰ

**ਸੈਕਰਾਮੈਂਟੋ (ਬਿਊਰੋ):** ਬਾਮਸੇਫ ਅਤੇ ਭਾਰਤੀ ਘੱਟਗਿਣਤੀ ਸੰਗਠਨ ਵਲੋਂ ਆਧੁਨਿਕ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਡਾ. ਬੀ ਆਰ ਅੰਬੇਦਕਰ ਦਾ 120ਵਾਂ ਜਨਮ ਦਿਨ ਆਉਂਦੀ 11 ਜੂਨ ਸਨਿਚਰਵਾਰ ਨੂੰ ਸ਼ਾਮ 5 ਵਜੇ ਰਸ਼ ਪਾਰਕ ਹਾਲ (7801 ਔਬੋਰਨ ਬੁਲੇਵਾਰਡ, ਸਿਟਰਸ ਹਾਈਟਸ) ਵਿਖੇ ਮਨਾਇਆ ਜਾਏਗਾ। ਇਸ ਸਮਾਗਮ ਵਿਚ ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ ਦੀ ਸੰਗਤ ਅਤੇ ਕੈਲੀਫੋਰਨੀਆ ਦੀਆਂ ਪਿਟਸਬਰਗ, ਬੇਏਰੀਆ, ਫਰਿਜ਼ਨੋ, ਸੈਲਮਾ ਅਤੇ ਯੂਬਾ ਸਿਟੀ ਗੁਰੂ ਰਵਿਦਾਸ ਸਭਾਵਾਂ ਦੀਆਂ ਸੰਗਤਾਂ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਣਗੀਆਂ।

ਇਹ ਜਾਣਕਾਰੀ ਦਿੰਦਿਆਂ ਸ੍ਰੀ ਜੱਸੀ ਬੰਗਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਡਾ. ਅੰਬੇਦਕਰ ਦੇ ਕਾਰਜਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਬਾਰੇ ਜਾਣਕਾਰੀ ਦਿੱਤੀ ਜਾਏਗੀ। ਪ੍ਰੋਗਰਾਮ ਲਈ ਚਾਹ-ਪਾਣੀ ਅਤੇ ਖਾਣੇ ਦਾ ਵਿਸ਼ੇਸ਼ ਇੰਤਜ਼ਾਮ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ ਜੱਸੀ ਬੰਗਾ ਫੋਨ 916- 796-5003, ਮੱਖਣ ਲੁਹਾਰ ਫੋਨ 916-613-0577, ਪਲਵਿੰਦਰ ਮਾਹੀ ਫੋਨ 530-237-7080, ਐਮ ਆਰ ਪਾਲ ਫੋਨ 916-435-5851, ਭਜਨ ਸਿੰਘ ਭਿੰਡਰ ਫੋਨ 209-321-6337 ਜਾਂ ਸਤੀਸ਼ ਰੱਲ੍ਹ ਫੋਨ 916-214-9092 ਨਾਲ ਸੰਪਰਕ ਕੀਤਾ ਜਾ ਸਕਦਾ ਹੈ।




# ਸਿੱਖ ਨਸਲਕੁਸ਼ੀ ਮਾਮਲੇ ‘ਤੇ ਸੰਯੁਕਤ ਰਾਸ਼ਟਰ ਜਾਣਗੇ ਸਿੱਖ

**ਹੇਵਰਡ (ਬਿਊਰੋ):** ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਵਲੋਂ ਇਥੇ ਕਰਵਾਈ ਗਈ ਨਸਲਕੁਸ਼ੀ ਕਾਨਫਰੰਸ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਨਸਲਕੁਸ਼ੀ ਦਾ ਸ਼ਿਕਾਰ ਭਾਰਤ ਵਿਚਲੀ ਸਿੱਖ ਆਬਾਦੀ ਦੀ ਤਰਫੋਂ ਦਖਲ ਦੇਣ ਲਈ ਸੰਯੁਕਤ ਰਾਸ਼ਟਰ ਤੱਕ ਪਹੁੰਚ ਕੀਤੀ ਜਾਵੇ। ਇਹ ਕਾਨਫਰੰਸ ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ-ਪੰਚ ਪ੍ਰਧਾਨੀ, ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਤਰੀ ਅਮਰੀਕਾ ਦੇ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਲੰਘੀ 4 ਜੂਨ ਨੂੰ ਕਰਵਾਈ ਗਈ।



ਕਾਨਫਰੰਸ ਦੌਰਾਨ ਬਹੁਤੇ ਬੁਲਾਰਿਆਂ ਨੇ ਕਿਹਾ ਕਿ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ‘ਤੇ ਹਮਲੇ ਨਾਲ ਸ਼ੁਰੂ ਹੋਈ ਸਿੱਖਾਂ ਦੀ ਨਸਲਕੁਸ਼ੀ ਇਸ ਤੋਂ ਬਾਅਦ ਵੀ ਜਾਰੀ ਰਹੀ ਜਿਸ ਦੌਰਾਨ ਨਵੰਬਰ 1984 ਵਿਚ ਸਮੁੱਚੇ ਭਾਰਤ ਵਿਚ ਸਿੱਖਾਂ ਦਾ ਯੋਜਨਾਬੱਧ ਤਰੀਕੇ ਨਾਲ ਕਤਲ ਕੀਤਾ ਗਿਆ ਤੇ ਫਿਰ 1984-98 ਦੌਰਾਨ ਸਿੱਖਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਿਆ ਗਿਆ।

ਕਾਨਫਰੰਸ ਵਿਚ ਪਾਸ ਕੀਤੇ ਗਏ ਮਤੇ ਅਨੁਸਾਰ ਸਿੱਖ ਭਾਈਚਾਰਾ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਦੇ ਡੈਲੀਗੇਟਾਂ ਤੱਕ ਪਹੁੰਚ ਕਰਕੇ ਮੰਗ ਕਰੇਗਾ ਕਿ ਨਿਊ ਯਾਰਕ ਵਿਚ ਆਉਂਦੇ ਸਤੰਬਰ ਮਹੀਨੇ ਹੋਣ ਵਾਲੇ ਜਨਰਲ ਅਸੈਂਬਲੀ ਇਜਲਾਸ ਦੌਰਾਨ ਸਿੱਖ ਨਸਲਕੁਸ਼ੀ ਦਾ ਮੁੱਦਾ ਉਠਾਇਆ ਜਾਵੇ। ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਤੱਕ ਇਸ ਗੱਲ ਲਈ ਵੀ ਪਹੁੰਚ ਕੀਤੀ ਜਾਏਗੀ ਕਿ ਭਾਰਤ ਦੀ ਸੰਯੁਕਤ ਰਾਸ਼ਟਰ ਸੁਰਖਿਆ ਕੌਂਸਲ ਦੀ ਸਥਾਈ ਸੀਟ ਲਈ ਕੋਸ਼ਿਸ਼ ਦਾ ਉਦੋਂ ਤੱਕ ਵਿਰੋਧ ਕੀਤਾ ਜਾਵੇ ਜਦੋਂ ਤੱਕ ਕਿ ਭਾਰਤ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾ ਦੇ ਕੇ ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਦੀ ਪਾਲਣਾ ਨਹੀਂ ਕਰਦਾ।

ਇਸ ਮੌਕੇ ਭਾਰਤ ਤੋਂ ਆਏ ਸੁਪਰੀਮ ਕੋਰਟ ਐਡਵੋਕੇਟ ਨਵਕਿਰਨ ਸਿੰਘ ਨੇ ਕਿਹਾ ਕਿ ਅੱਜ ਵੀ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ ਤੇ ਪੀੜਤਾਂ ਨੂੰ ਇਨਸਾਫ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਤਸ਼ੱਦਦ ਰਾਹੀਂ ਹਾਸਿਲ ਕੀਤੇ ਇਕਬਾਲੀਆ ਬਿਆਨ ਦੇ ਆਧਾਰ ‘ਤੇ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ ਜੋ ਕਿ ਨਿਆਂਇਕ ਕਤਲ ਹੈ।

ਸਿੱਖਸ ਫਾਰ ਜਸਟਿਸ ਕੈਨੇਡਾ ਦੇ ਯੂਥ ਕੋਆਰਡੀਨੇਟਰ ਜਤਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖਾਂ ਨੂੰ ਇਨਸਾਫ ਲਈ ਵਿਸ਼ਵ ਭਾਈਚਾਰੇ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਅਤੇ ਵਿਸ਼ਵ ਭਾਈਚਾਰੇ ਤੋਂ ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿਵਾਉਣ ਲਈ ਲੜੇ ਜਾ ਰਹੇ ਸੰਘਰਸ਼ ਦੀ ਸਿੱਖ ਨੌਜਵਾਨਾਂ ਨੂੰ ਅਗਵਾਈ ਕਰਨੀ ਚਾਹੀਦੀ ਹੈ।

ਵਾਸ਼ਿੰਗਟਨ ਡੀ ਸੀ ਦੇ ਉਘੇ ਵਿਦਵਾਨ ਡਾ. ਅਮਰਜੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੱਛਮੀ ਦੇਸ਼ਾਂ ਖਾਸ ਕਰਕੇ ਅਮਰੀਕਾ, ਕੈਨੇਡਾ ਤੇ ਯੂਰਪੀਨ ਯੂਨੀਅਨ ਨੂੰ ਸਿੱਖਾਂ ਪ੍ਰਤੀ ਆਪਣੇ ਮਨੁੱਖੀ, ਨੈਤਿਕ ਤੇ ਕਾਨੂੰਨੀ ਜ਼ਿੰਮੇਵਾਰੀਆਂ ਪੂਰੀਆਂ ਕਰਕੇ ਸਿੱਖ ਨਸਲਕੁਸ਼ੀ ਨੂੰ ਮਾਨਤਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਨੂੰ ਚਾਹੀਦਾ ਹੈ ਕਿ ਉਹ ਵਪਾਰ ਅਤੇ ਆਰਥਿਕ ਲਾਭਾਂ ਤੋਂ ਉਪਰ ਉਠ ਕੇ ਭਾਰਤ ਨਾਲ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਬਾਰੇ ਮੁੱਦਾ ਉਠਾਏ।



ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਿੱਖਾਂ ਖਿਲਾਫ ਜ਼ਿਆਦਤੀਆਂ ਵਿਚ ਸ਼ਾਮਿਲ ਰਹੇ ਭਾਰਤੀ ਆਗੂਆਂ ਦੇ ਦਾਖਲੇ ‘ਤੇ ਪਾਬੰਦੀ ਲਾਉਣ ਲਈ ਸਿੱਖ ਅਮਰੀਕੀ ਸਰਕਾਰ ਤੱਕ ਪਹੁੰਚ ਕਰਨਗੇ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸਿੱਖਸ ਫਾਰ ਜਸਟਿਸ ਸਿੱਖ ਨਸਲਕੁਸ਼ੀ ਬਾਰੇ ਸਾਰੇ ਗਵਾਹ, ਸਬੂਤ, ਤਥ ਤੇ ਅੰਕੜੇ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਅੱਗੇ ਪੇਸ਼ ਕਰੇਗੀ ਤਾਂ ਜੋ ਉਹ ਹੋਣ ਵਾਲੇ ਜਨਰਲ ਅਸੈਂਬਲੀ ਇਜਲਾਸ ਵਿਚ ਸਿੱਖ ਨਸਲਕੁਸ਼ੀ ਦਾ ਮੁੱਦਾ ਉਠਾ ਸਕਣ।

ਕਾਨਫਰੰਸ ਨੂੰ ਸੰਬੋਧਨ ਕਰਨ ਵਾਲੇ ਪੰਥਕ ਬੁਲਾਰਿਆਂ ਵਿਚ ਏਜੀਪੀਸੀ ਦੇ ਨਿਊ ਯਾਰਕ ਤੋਂ ਮੀਤ ਪ੍ਰਧਾਨ ਭਾਈ ਅਵਤਾਰ ਸਿੰਘ ਪੰਨੂੰ, ਗੁਰਦੁਆਰਾ ਐਲ ਸਬਰਾਂਟੇ ਦੇ ਪ੍ਰਧਾਨ ਗੁਰਬਚਨ ਸਿੰਘ, ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਚੇਅਰਮੈਨ ਜਸਵਿੰਦਰ ਸਿੰਘ ਜੰਡੀ, ਗੁਰਦੁਆਰਾ ਸੈਨ ਹੋਜ਼ੇ ਦੇ ਸੁਖਦੇਵ ਸਿੰਘ ਬੈਨੀਵਾਲ, ਗੁਰਦੁਆਰਾ ਸਟਾਕਟਨ ਦੇ ਪ੍ਰਧਾਨ ਮਨਜੀਤ ਸਿੰਘ ਉਪਲ, ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ, ਬਲਵਿੰਦਰਪਾਲ ਸਿੰਘ ਖਾਲਸਾ, ਏਜੀਪੀਸੀ ਦੇ ਜਨਰਲ ਸੱਕਤਰ ਭਜਨ ਸਿੰਘ ਭਿੰਡਰ, ਗੁਰਮੇਲ ਸਿੰਘ ਬਾਠ ਸੈਨ ਹੋਜ਼ੇ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਮੀਤ ਪ੍ਰਧਾਨ ਰੇਸ਼ਮ ਸਿੰਘ, ਗੁਰਮਤਿ ਚੇਤਨਾ ਲਹਿਰ ਦੇ ਕਰਨੈਲ ਸਿੰਘ ਖਾਲਸਾ, ਰੇਡੀਓ ਚੜ੍ਹਦੀ ਕਲਾ ਦੇ ਗੁਰਚਰਨ ਸਿੰਘ ਮਾਨ, ਯੂਬਾ ਸਿਟੀ ਦੇ ਕਾਊਂਸਲਰ ਤਜਿੰਦਰ ਸਿੰਘ ਮਾਨ, ਇੰਡੋ ਅਮੈਰੀਕਨ ਡਾਇਲਾਗ ਦੇ ਕੁਲਦੀਪ ਸਿੰਘ ਧਾਲੀਵਾਲ, ਰਿਚਮੰਡ ਸ਼ਹਿਰ ਦੇ ਸਾਬਕਾ ਕਾਊਂਸਲਰ ਹਰਪ੍ਰੀਤ ਸਿੰਘ ਸੰਧੂ, ਨਵੰਬਰ 84 ਦੇ ਕਤਲੇਆਮ ਦੇ ਪੀੜਿਤ ਜਸਬੀਰ ਸਿੰਘ, ਡਾ. ਤਰਲੋਚਨ ਸਿੰਘ ਨਾਹਲ, ਡਾ. ਆਲਾ ਸਿੰਘ, ਪਰਮਜੀਤ ਸਿੰਘ, ਨਾਨਕਸ਼ਾਹੀ ਕੈਲੰਡਰ (ਮੂਲ) ਦੇ ਨਿਰਮਾਤਾ ਪਾਲ ਸਿੰਘ ਪੁਰੇਵਾਲ, ਯੂਨਾਈਟਿਡ ਨੇਸ਼ਨ ਦੇ ਸਾਬਕਾ ਅਫਸਰ ਮਹਿੰਦਰ ਸਿੰਘ ਮਦਾਨ, ਸਿੱਖਜ਼ ਫਾਰ ਜਸਟਿਸ ਦੇ ਅਮਰੀਕੀ ਕੋਆਰਡੀਨੇਟਰ ਸੁਖਵਿੰਦਰ ਸਿੰਘ ਦੇ ਨਾਂ ਸ਼ਾਮਲ ਸਨ।

ਬੁਲਾਰਿਆਂ ਨੇ ਭਰੋਸਾ ਦਿੱਤਾ ਕਿ ਉਹ ਸਾਰੇ ਮਿਲ ਕੇ ਸਿੱਖਸ ਫਾਰ ਜਸਟਿਸ ਦੀ ਸਹਾਇਤਾ ਕਰਨਗੇ ਅਤੇ ਸਿੱਖ ਕਤਲੇਆਮ ਲਈ ਜ਼ਿਮੇਵਾਰਾਂ ਨੂੰ ਸਜ਼ਾ ਹਰ ਹਾਲ ਮਿਲਣੀ ਚਾਹੀਦੀ ਹੈ। ਸੰਸਥਾ ਦੇ ਵਕੀਲ ਜਿਸ ਪਧਰ ਤੇ ਇਸ ਕੇਸ ਨੂੰ ਲੈ ਗਏ ਹਨ, ਉਥੋਂ ਇਹ ਕੇਸ ਪੈਸੇ ਦੀ ਵਜਾ ਕਰਕੇ ਵਾਪਸ ਨਹੀਂ ਮੁੜਨ ਦਿੱਤਾ ਜਾਏਗਾ। ਡਾ. ਪ੍ਰਿਤਪਾਲ ਸਿੰਘ ਤੇ ਸੁਖਵਿੰਦਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

## ਮੰਤਰੀਆਂ ਨੂੰ ਸੰਪਤੀ ਦੇ ਵੇਰਵੇ ਨਸ਼ਰ ਕਰਨ ਦੀ ਹਦਾਇਤ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਮੰਤਰੀਆਂ ਨੂੰ ਆਪਣੀ ਜਾਇਦਾਦ ਦੇ ਵੇਰਵੇ ਨਸ਼ਰ ਕਰਨ ਦੀ ਹਦਾਇਤ ਕੀਤੀ ਹੈ। ਹਰ ਸਾਲ ਹੋਣ ਵਾਲੀ ਇਸ ਕਵਾਇਦ ਤਹਿਤ ਉਨ੍ਹਾਂ ਨੂੰ ਆਪਣੀ ਪਤਨੀ, ਬੱਚਿਆਂ ਦੇ ਅਸਾਸਿਆਂ ਤੇ ਕਾਰੋਬਾਰੀ ਹਿੱਤਾਂ ਬਾਰੇ ਵੀ ਵੇਰਵੇ ਉਜਾਗਰ ਕਰਨੇ ਪੈਣਗੇ।

ਮੰਤਰੀਆਂ ਨੂੰ 31 ਅਗਸਤ ਤੱਕ ਆਪਣੀ ਸਾਰੀ ਸੰਪਤੀ ਦੇ ਵੇਰਵੇ ਦੇਣ ਲਈ ਕਿਹਾ ਗਿਆ ਹੈ। ਕੈਬਨਿਟ ਸਕੱਤਰ ਨੇ ਪੱਤਰ ‘ਚ ਲਿਖਿਆ ਹੈ ਕਿ ਇਸ ਬਾਰੇ ਉਹ ਸੂਚਿਤ ਕਰਦਾ ਹੈ ਕਿ ਵਿਹਾਰ ਜ਼ਾਬਤੇ ਦੇ ਲਿਹਾਜ਼ ਤੋਂ ਅਸਾਸਿਆਂ, ਦੇਣਦਾਰੀਆਂ, ਕਾਰੋਬਾਰੀ ਹਿੱਤਾਂ ਤੇ ਕੋਈ ਹੋਰ ਕਾਰੋਬਾਰ ਚਲਾਉਣ ਤੇ ਬੀਵੀ ਜਾਂ ਆਸ਼ਰਿਤਾਂ ਦੇ ਕਿਸੇ ਵਿਦੇਸ਼ੀ ਸਰਕਾਰ ਜਾਂ ਅਦਾਰੇ ਅਧੀਨ ਨੌਕਰੀ ਬਾਰੇ ਵੇਰਵੇ ਦਿੱਤੇ ਜਾਣ।




# ਕਸ਼ਮੀਰ 'ਚ ਆਈ.ਐਸ.ਆਈ. ਵੱਲੋਂ ਹਥਿਆਰਾਂ ਦੀ ਸਪਲਾਈ!

**ਸ਼ਿਕਾਗੋ:** ਕਸ਼ਮੀਰ 'ਚ ਆਈ.ਐਸ. ਆਈ. ਵੱਲੋਂ ਹਥਿਆਰਾਂ ਦੀ ਸਪਲਾਈ ਕੀਤੀ ਜਾ ਰਹੀ ਹੈ। ਇਹ ਖੁਲਾਸਾ ਮੁੰਬਈ ਹਮਲਿਆਂ ਦੇ ਮੁੱਖ ਸ਼ੱਕੀ ਦਹਿਸ਼ਤਗਰਦ ਤੁਹੱਵਰ ਰਾਣਾ ਨੇ ਕੀਤਾ ਹੈ। ਉਸ ਨੇ ਕਿਹਾ ਹੈ ਕਿ ਕਸ਼ਮੀਰ ਵਿਚ ਦਹਿਸ਼ਤਗਰਦਾਂ ਨੂੰ ਹਥਿਆਰ ਮੁਹੱਈਆ ਕਰਾਉਣ ਵਿਚ ਆਈ.ਐਸ.ਆਈ. ਸਿੱਧੇ ਤੌਰ 'ਤੇ ਸ਼ਾਮਲ ਹੈ। ਉਸ ਨੇ ਕਿਹਾ ਕਿ ਜਦੋਂ ਦਹਿਸ਼ਤਗਰਦ ਭਾਰਤੀ ਸਰਹੱਦ ਵਿਚ ਦਾਖ਼ਲ ਹੁੰਦੇ ਹਨ ਤਾਂ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਉਨ੍ਹਾਂ ਨੂੰ ਹਥਿਆਰ ਦਿੰਦੀ ਹੈ। ਰਾਣਾ ਕੋਲੋਂ ਐਫ.ਬੀ.ਆਈ. ਵੱਲੋਂ ਕੀਤੀ ਜਾ ਰਹੀ ਜਾਂਚ ਦੀ ਵੀਡੀਓ ਪਹਿਲੀ ਵਾਰ ਦਿਖਾਈ ਗਈ। ਇਸ ਵਿਚ ਰਾਣਾ ਦੱਸ ਰਿਹਾ ਹੈ ਕਿ ਕਿਵੇਂ ਆਈ.ਐਸ.ਆਈ. ਨੇ ਉਸ ਦੇ ਸਾਥੀ ਡੇਵਿਡ ਹੈਡਲੀ ਨੂੰ ਹਥਿਆਰ ਮੁਹੱਈਆ ਕਰਵਾ ਕੇ ਦਿੱਤੇ।

ਐਫ.ਬੀ.ਆਈ. ਵੱਲੋਂ ਅਦਾਲਤ ਵਿਚ ਪੇਸ਼ ਕੀਤੀ ਅਕਤੂਬਰ 2009 ਦੀ ਵੀਡੀਓ ਰਿਕਾਰਡਿੰਗ ਵਿਚ ਦਿਖਾਇਆ ਗਿਆ ਹੈ ਕਿ ਲਸ਼ਕਰ-ਏ-ਤੋਇਬਾ ਦੇ ਕਾਰਕੁਨ ਹੈਡਲੀ ਨੇ ਰਾਣਾ ਦੀ ਮਦਦ ਕਰਨ ਲਈ ਆਈ.ਐਸ.ਆਈ. ਕੋਲ ਪਹੁੰਚ ਕੀਤੀ ਸੀ। ਇਸ ਦੌਰਾਨ ਰਾਣਾ ਇਕ ਮੇਜ ਅੱਗੇ ਮੁਰਝਾਈ ਹੋਈ ਹਾਲਤ ਵਿਚ ਬੈਠਾ ਹੈ ਤੇ ਐਫ.ਬੀ.ਆਈ. ਦੇ ਦੋ ਅਫਸਰ ਉਸ ਕੋਲੋਂ ਪੁੱਛਗਿੱਛ ਕਰ ਰਹੇ ਹਨ ਜੋ ਵੀਡੀਓ ਵਿਚ ਨਜ਼ਰ ਨਹੀਂ ਆ ਰਹੇ। ਅਦਾਲਤ ਵਿਚ ਐਫ.ਬੀ.ਆਈ. ਏਜੰਟ ਜੈਫਰੀ ਪਾਰਸਨਸ ਨੇ ਦੱਸਿਆ ਕਿ ਹੈਡਲੀ ਨੇ ਰਾਣਾ ਦੀ ਮਦਦ ਲਈ ਆਪਣੇ ਨਿੱਜੀ ਸੰਪਰਕ ਵਰਤੇ ਸਨ। ਰਾਣਾ (50) ਪਾਕਿਸਤਾਨੀ ਫੌਜ ਵਿਚ ਡਾਕਟਰ ਵਜੋਂ ਤਾਇਨਾਤ ਸੀ। ਸਾਊਦੀ ਅਰਬ ਵਿਚ ਖਾੜੀ ਜੰਗ ਦੌਰਾਨ ਉਸ ਨੇ ਆਪਣੀਆਂ ਸੇਵਾਵਾਂ ਦਿੱਤੀਆਂ ਤੇ ਉਥੇ ਜ਼ਖਮੀ ਹੋਣ ਕਾਰਨ ਜਰਮਨੀ ਆ ਗਿਆ। ਬਾਅਦ ਵਿਚ ਰਾਣਾ ਨੂੰ ਪਾਕਿਸਤਾਨ ਦੇ ਗਲੇਸ਼ੀਅਰ ਖੇਤਰ ਵਿਚ ਤਾਇਨਾਤ ਕਰ ਦਿੱਤਾ ਗਿਆ ਜਿਥੇ ਉਸ ਨੇ ਸੇਵਾ ਕਰਨ ਤੋਂ ਨਾਂਹ ਕਰ ਦਿੱਤੀ।

ਰਾਣੇ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਜਿਸ ਕਾਰਨ ਉਹ ਕਦੇ ਪਾਕਿਸਤਾਨ ਨਹੀਂ ਜਾ ਸਕਦਾ ਸੀ। ਹੈਡਲੀ ਨੇ ਆਪਣਾ ਰਸੂਖ ਵਰਤ ਕੇ ਐਫ.ਬੀ.ਆਈ. ਏਜੰਟ ਨੂੰ ਰਾਣਾ ਦੀ ਮਦਦ ਕਰਨ ਲਈ ਕਿਹਾ। ਅਦਾਲਤ ਵਿਚ ਪੇਸ਼ ਵੀਡੀਓ ਅਨੁਸਾਰ ਰਾਣਾ ਨੇ ਕਿਹਾ ਸੀ ਕਿ ਉਹ ਸਮਝਦਾ ਸੀ ਕਿ ਲਸ਼ਕਰ ਨੂੰ ਹੈਡਲੀ ਦੇ ਆਈ.ਐਸ.ਆਈ. ਨਾਲ ਸਬੰਧਾਂ ਬਾਰੇ ਪਤਾ ਨਹੀਂ ਸੀ। ਪਾਰਸਨਸ ਨੇ ਦੱਸਿਆ ਕਿ ਰਾਣਾ ਅਨੁਸਾਰ ਉਸ ਦੀ ਅਲ-ਕਾਇਦਾ ਕਮਾਂਡਰ ਇਲੀਆਸ ਕਸ਼ਮੀਰੀ ਨਾਲ ਵੀ ਮੀਟਿੰਗ ਹੋਈ ਸੀ।

# ਅੰਮ੍ਰਿਤਧਾਰੀ ਮੁਲਾਜ਼ਮਾਂ ਨੂੰ ਹਵਾਈ ਅੱਡੇ 'ਤੇ ਕਿਰਪਾਨ ਪਾਉਣ ਦੀ ਆਗਿਆ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮ ਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀ 'ਤੇ ਕਿਰਪਾਨ ਪਹਿਨ ਕੇ ਐਪਰਨ ਖੇਤਰ ਵਿਚ ਜਾਣ 'ਤੇ ਲਾਈ ਰੋਕ ਕੇਂਦਰ ਸਰਕਾਰ ਨੇ 7 ਜੂਨ ਨੂੰ ਵਾਪਸ ਲੈ ਲਈ ਹੈ। ਨਵੇਂ ਆਦੇਸ਼ਾਂ ਅਨੁਸਾਰ ਹੁਣ ਅੰਮ੍ਰਿਤਧਾਰੀ ਸਿੱਖ ਕਰਮਚਾਰੀ ਛੇ ਇੰਚ ਦੀ ਕਿਰਪਾਨ ਪਹਿਨ ਕੇ ਹਵਾਈ ਅੱਡੇ 'ਤੇ ਆਪਣੀ ਡਿਊਟੀ ਦੇ ਸਕਣਗੇ। ਇਸ ਫੈਸਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਵੀ ਅੱਠ ਜੂਨ ਨੂੰ ਦਿੱਤਾ ਜਾਣ ਵਾਲਾ ਧਰਨਾ ਰੱਦ ਕਰ ਦਿੱਤਾ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਫੈਸਲੇ ਨੂੰ ਦੇਸ਼ ਦੇ ਸਮੁੱਚੇ ਹਵਾਈ ਅੱਡਿਆਂ 'ਤੇ ਲਾਗੂ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਕੇ.ਐਸ. ਪੰਨੂ ਨੇ ਦੱਸਿਆ ਕਿ ਇਸ ਵਿਸ਼ੇ ਬਾਰੇ ਉਨ੍ਹਾਂ ਦੀ ਸ੍ਰੀ ਗੁਰੂ ਰਾਮ ਦਾਸ ਕੌਮਾਂਤਰੀ ਹਵਾਈ ਅੱਡੇ ਦੇ ਡਾਇਰੈਕਟਰ ਨਾਲ ਗੱਲਬਾਤ ਹੋਈ ਹੈ ਤੇ ਉਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਲਏ ਗਏ ਫੈਸਲੇ ਤੋਂ ਜਾਣੂ ਕਰਵਾਇਆ ਹੈ। ਇਸ ਫੈਸਲੇ ਨੂੰ ਸਥਾਨਕ ਹਵਾਈ ਅੱਡੇ 'ਤੇ 7 ਜੂਨ ਤੋਂ ਲਾਗੂ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸੀ.ਆਈ.ਐਸ.ਐਫ. ਵੱਲੋਂ 26 ਅਪਰੈਲ ਨੂੰ ਇਕ ਆਦੇਸ਼ ਰਾਹੀਂ ਹਵਾਈ ਅੱਡੇ ਦੇ ਐਪਰਨ ਖੇਤਰ ਵਿਚ ਅੰਮ੍ਰਿਤਧਾਰੀ ਸਿੱਖ ਵਿਅਕਤੀ 'ਤੇ ਕਿਰਪਾਨ ਪਹਿਨ ਕੇ ਜਾਣ 'ਤੇ ਰੋਕ ਲਾ ਦਿੱਤੀ ਸੀ। ਇਸ ਬਾਰੇ ਇਕ ਹਵਾਈ ਕੰਪਨੀ ਦੇ ਅੰਮ੍ਰਿਤਧਾਰੀ ਸੁਰੱਖਿਆ ਕਰਮਚਾਰੀ ਨਿਰਮਲ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਸੀ ਕਿ ਅੰਮ੍ਰਿਤਧਾਰੀ ਸਿੱਖ ਵਿਅਕਤੀਆਂ 'ਤੇ ਲਾਈ ਗਈ ਇਹ ਰੋਕ ਖ਼ਤਮ ਕਰਵਾਈ ਜਾਵੇ। ਇਸ ਬਾਰੇ ਸ਼੍ਰੋਮਣੀ ਕਮੇਟੀ ਵਲੋਂ 16 ਮਈ ਨੂੰ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਭੇਜ ਕੇ ਇਹ ਆਦੇਸ਼ ਵਾਪਸ ਲੈਣ ਦੀ ਅਪੀਲ ਕੀਤੀ ਸੀ ਤੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਸੀ.ਆਈ.ਐਸ.ਐਫ. ਵੱਲੋਂ ਇਸ ਰੋਕ ਨੂੰ ਖ਼ਤਮ ਨਾ ਕੀਤਾ ਗਿਆ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਰੋਸ ਵਜੋਂ ਹਵਾਈ ਅੱਡੇ ਵਿਖੇ ਅਣਮਿਥੇ ਸਮੇਂ ਦਾ ਧਰਨਾ ਦਿੱਤਾ ਜਾਵੇਗਾ। ਇਸ ਚਿਤਾਵਨੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ 8 ਜੂਨ ਨੂੰ ਹਵਾਈ ਅੱਡੇ ਵਿਖੇ ਰੋਸ ਧਰਨਾ ਦੇਣ ਦੀ ਤਿਆਰੀ ਕੀਤੀ ਗਈ ਸੀ।

# ਮੇਰਾ ਪਤੀ ਭਾਰਤ 'ਤੇ ਹਮਲਾ ਨਹੀਂ ਕਰ ਸਕਦਾ: ਸਮਰਾਜ਼

**ਸ਼ਿਕਾਗੋ:** ਤੁਹੱਵਰ ਰਾਣਾ ਦੀ ਪਤਨੀ ਸਮਰਾਜ ਨੇ ਕਿਹਾ ਕਿ ਭਾਰਤ ਉਸ ਦਾ ਦੂਜਾ ਘਰ ਹੈ ਤੇ ਉਸ ਦੇ ਪਤੀ ਕੋਲ ਉਥੇ ਹਮਲੇ ਕਰਨ ਦੀ ਕੋਈ ਵਜ੍ਹਾ ਨਹੀਂ ਹੈ। ਡੇਵਿਡ ਹੈਡਲੀ ਵੱਲੋਂ ਰਾਣਾ ਨਾਲ ਸਬੰਧਾਂ ਦੇ ਕੀਤੇ ਦਾਅਵੇ ਨੂੰ ਨਕਾਰਦਿਆਂ ਸਮਰਾਜ਼ ਨੇ ਕਿਹਾ ਕਿ ਹੈਡਲੀ ਉਨ੍ਹਾਂ ਦਾ ਪਰਿਵਾਰ ਦਾ ਸਿਰਫ਼ ਉਰਦੂ ਬੋਲਣ ਵਾਲਾ ਅਮਰੀਕੀ ਮਿੱਤਰ ਸੀ। ਉਸ ਨੇ ਕਿਹਾ ਸੀ ਕਿ ਗ੍ਰਿਫ਼ਤਾਰੀਆਂ ਮਗਰੋਂ ਉਸ ਨੇ ਆਪਣੀ ਨਸ਼ੇ ਦੀ ਲਤ ਛੱਡ ਦਿੱਤੀ ਹੈ।

ਸਮਰਾਜ਼ ਨੇ ਕਿਹਾ ਕਿ ਭਾਰਤ ਮੇਰਾ ਦੂਜਾ ਘਰ ਹੈ ਤੇ ਮੇਰੀ ਮਾਂ ਭਾਰਤ ਤੋਂ ਹੈ। ਮੇਰੇ ਸਾਰੇ ਰਿਸ਼ਤੇਦਾਰ ਭਾਰਤ ਵਿਚ ਹਨ ਜੋ ਮੇਰਠ, ਗਾਜ਼ੀਆਬਾਦ ਤੇ ਦਿੱਲੀ ਵਿਚ ਰਹਿੰਦੇ ਹਨ। ਫੇਰ ਮੇਰਾ ਪਤੀ ਉਸ ਦੇਸ਼ 'ਤੇ ਹਮਲਿਆਂ ਦੀ ਯੋਜਨਾ ਕਿਵੇਂ ਘੜ ਸਕਦਾ ਹੈ। ਸਮਰਾਜ਼ ਅਦਾਲਤ ਵਿਚ ਮੌਜੂਦ ਸੀ ਜਿਥੇ ਰਾਣਾ ਦੇ ਵਕੀਲ ਆਪਣਾ ਪੱਖ ਰੱਖ ਰਹੇ ਸਨ। ਪੇਸ਼ੇ ਵਜੋਂ ਡਾਕਟਰ ਸਮਰਾਜ਼ ਨੇ ਕਿਹਾ ਕਿ ਉਹ 15-16 ਸਾਲਾਂ ਤੋਂ ਸ਼ਿਕਾਗੋ ਵਿਚ ਰਹਿ ਰਹੇ ਹਨ। ਇਥੋਂ ਦਾ ਭਾਈਚਾਰਾ ਰਾਣਾ ਦੀ ਗ੍ਰਿਫਤਾਰੀ ਮਗਰੋਂ ਉਨ੍ਹਾਂ ਦੀ ਕਾਫ਼ੀ ਮਦਦ ਕਰਦਾ ਰਿਹਾ ਹੈ ਪਰ ਉਹ ਕਿਸੇ ਮੁਸੀਬਤ ਵਿਚ ਫਸਣ ਦੇ ਡਰੋਂ ਉਨ੍ਹਾਂ ਨਾਲ ਰਾਬਤਾ ਨਹੀਂ ਰੱਖ ਸਕਦੇ। ਸਮਰਾਜ਼ ਨੇ ਇਹ ਵੀ ਕਿਹਾ ਕਿ ਭਾਰਤੀ ਮੀਡੀਆ ਨੇ ਤੱਥਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਹੈ।

# ਨਿਊ ਯਾਰਕ ਵਿਚ ਸਿੱਖ ਮੁਲਾਜ਼ਮ 'ਤੇ ਨਸਲੀ ਹਮਲਾ

**ਨਿਊ ਯਾਰਕ:** ਅਮਰੀਕਾ 'ਚ ਸਿੱਖਾਂ 'ਤੇ ਨਸਲੀ ਹਮਲੇ ਵਧ ਰਹੇ ਹਨ। ਇਸ ਵਾਰ ਇਕ ਵਿਅਕਤੀ ਨੇ ਮੈਟਰੋਪਾਲੇਟਿਨ ਟਰਾਂਸਪੋਰਟ ਅਥਾਰਟੀ ਦੇ ਇਕ ਸਿੱਖ ਮੁਲਾਜ਼ਮ ਦੇ ਘਸੁੰਨ ਮਾਰ ਕੇ ਇਹ ਕਹਿ ਕੇ ਦੰਦ ਤੋੜ ਦਿੱਤੇ ਕਿ ਉਹ ਉਸਾਮਾ ਬਿਨ ਲਾਦਿਨ ਦਾ ਰਿਸ਼ਤੇਦਾਰ ਹੈ।

ਬਰੁੱਕਲਿਨ 'ਚ 59 ਸਾਲਾ ਜੀਵਨ ਸਿੰਘ ਰੇਲ ਗੱਡੀ ਰਾਹੀਂ ਆਪਣੇ ਘਰ ਰਿਚਮੰਡ ਹਿੱਲ ਵੱਲ ਜਾ ਰਿਹਾ ਸੀ ਕਿ ਇਹ ਘਟਨਾ ਵਾਪਰੀ। ਨਿਊ ਯਾਰਕ ਡੇਲੀ ਨਿਊਜ਼ 'ਚ ਛਪੀ ਰਿਪੋਰਟ ਅਨੁਸਾਰ ਜੀਵਨ ਦੇ ਤਿੰਨ ਦੰਦ ਇਸ ਹਮਲੇ 'ਚ ਟੁੱਟ ਗਏ। ਉਸ ਨੇ ਦੱਸਿਆ ਕਿ ਹਮਲਾਵਰ ਕਹਿ ਰਿਹਾ ਸੀ ਉਹ ਓਸਾਮਾ ਬਿਨ ਲਾਦਿਨ ਦਾ ਭਰਾ ਹੈ। ਜੀਵਨ ਸਿੰਘ ਨੇ ਦੱਸਿਆ ਕਿ 2009 'ਚ ਉਸ ਦੇ 23 ਸਾਲਾ ਪੁੱਤਰ 'ਤੇ ਵੀ ਇਸ ਕਰਕੇ ਹਮਲਾ ਹੋਇਆ ਸੀ ਕਿ ਉਸ ਨੇ ਦਾੜ੍ਹੀ ਰੱਖੀ ਹੋਈ ਸੀ ਤੇ ਪੱਗ ਬੰਨ੍ਹੀ ਹੋਈ ਸੀ। ਇਕ ਓਸਾਮਾ ਕਰਕੇ ਸਿੱਖ ਧਰਮ ਨੂੰ ਮੰਨਣ ਵਾਲਿਆਂ ਨੂੰ ਦੁਨੀਆ ਭਰ 'ਚ ਜ਼ਲਾਲਤ ਸਹਿਣੀ ਪੈ ਰਹੀ ਹੈ। ਉਸ ਨੇ ਦੱਸਿਆ ਕਿ ਉਸ 'ਤੇ ਹਮਲਾ ਕਰਨ ਵਾਲਾ 28-30 ਸਾਲ ਦਾ ਕੋਈ ਕਾਲਾ ਵਿਅਕਤੀ ਸੀ। ਉਹ ਟਰੇਨ 'ਚ ਸਿੱਧਾ ਉਸ ਕੋਲ ਆਇਆ ਤੇ ਉਸ ਨੂੰ ਸੀਟ ਖਾਲੀ ਕਰਨ ਲਈ ਕਹਿਣ ਲੱਗਿਆ। ਜੀਵਨ ਸਿੰਘ ਅਨੁਸਾਰ ਉਹ ਥੋੜ੍ਹਾ ਘਬਰਾ ਗਿਆ ਪਰ ਉਸ ਨੇ ਕਿਹਾ ਕਿ ਹੋਰ ਬਥੇਰੀਆਂ ਸੀਟਾਂ ਖਾਲੀ ਪਈਆਂ ਹਨ। ਇਸ 'ਤੇ ਉਸ ਬੰਦੇ ਨੇ ਉਸ ਨੂੰ ਕਾਲਰ ਤੋਂ ਫੜ ਕੇ ਧੂਹਿਆ ਤੇ ਹੋਰ ਸੀਟਾਂ ਵੱਲ ਧੱਕਦਿਆਂ ਕਿਹਾ ਕਿ ਤਾਲਿਬਾਨ ਤੂੰ ਉਥੇ ਬੈਠ। ਨਿਊ ਯਾਰਕ ਦੇ ਪੁਲੀਸ ਵਿਭਾਗ ਦਾ ਨਸਲੀ ਨਫਰਤ ਨਾਲ ਸਬੰਧਤ ਅਪਰਾਧਾਂ ਵਾਲਾ ਵਿਭਾਗ ਮਾਮਲੇ ਦੀ ਜਾਂਚ ਕਰ ਰਿਹਾ ਹੈ।



# ਯੂਬਾ ਸਿਟੀ ਦੇ ਮੇਲੇ 'ਚ ਖੂਬ ਰੰਗ ਬੱਝਾ ਗਾਇਕੀ ਤੇ ਭੰਗੜੇ ਦਾ

**ਯੂਬਾ ਸਿਟੀ (ਬਿਊਰੋ):** ਯੂਬਾ ਸਿਟੀ ਸ਼ਹਿਰ ਦੋ ਚੀਜ਼ਾਂ ਕਰ ਕੇ ਖਾਸ ਪ੍ਰਸਿਧ ਹੈ-ਇਕ ਇਥੇ ਹਰ ਸਾਲ ਹੁੰਦੇ ਨਗਰ ਕੀਰਤਨ ਕਰ ਕੇ ਅਤੇ ਦੂਜਾ ਇਥੇ ਲਗਦੇ ਪੰਜਾਬੀ ਮੇਲੇ ਕਰਕੇ। ਪੰਜਾਬੀ ਮੇਲਾ ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਵਲੋਂ ਕਰਵਾਇਆ ਜਾਂਦਾ ਹੈ ਅਤੇ ਇਸ



ਸਾਲ ਇਹ 17ਵਾਂ ਮੇਲਾ ਸੀ। ਜਿੱਥੇ ਗਿੱਧੇ ਭੰਗੜੇ, ਗੀਤ-ਸੰਗੀਤ, ਕਾਮੇਡੀ-ਸਕਿੱਟਾਂ ਦਿਖਾਈਆਂ ਗਈਆਂ ਉਥੇ ਪੰਜਾਬੀਆਂ ਸਬੰਧੀ ਬਹੁਤ ਸਾਰੀਆਂ ਡਾਕੂਮੈਂਟਰੀ ਫਿਲਮਾਂ ਵੀ ਦਿਖਾਈਆਂ ਗਈਆਂ। ਸਥਾਨਕ ਹਾਈ ਸਕੂਲ ਵਿਦਿਆਰਥੀਆਂ ਲਈ 6 ਵਜ਼ੀਫਿਆਂ ਦਾ ਵੀ ਐਲਾਨ ਕੀਤਾ ਗਿਆ।

ਸਾ ਰੇ ਗਾ ਮਾ ਦੇ ਚੈਂਪੀਅਨ ਕਮਲ ਖਾਨ ਅਤੇ ਇੰਗਲੈਂਡ ਦੇ ਆਰ. ਡੀ. ਬੀ. ਗਰੁਪ ਦੇ ਕਲਾਕਾਰ ਮੰਜ ਅਤੇ ਨਿੰਦੀ ਕੌਰ ਨੇ ਆਪਣੇ ਗੀਤਾਂ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਮਾਈਕਲ



ਨੇ ਢੋਲ 'ਤੇ ਡਗਾ ਲਾ ਕੇ ਅੱਡੀਆਂ ਥਿਰਕਣ ਲਾਈਆਂ ਜਦੋਂਕਿ ਨਿੰਦੀ ਕੌਰ ਨੇ ਬੋਲੀਆਂ ਪਾ ਪਾ ਕੇ ਰੰਗ ਬੰਨ੍ਹਿਆ। ਮੇਲੇ ਦਾ ਮੰਚ ਸੰਚਾਲਨ ਕਰਕੇ ਆਸ਼ਾ ਸ਼ਰਮਾ ਨੇ ਇਕ ਵਾਰੀ ਫਿਰ ਵਾਹ-ਵਾਹ ਖੱਟੀ। ਇਸ ਤੋਂ ਇਲਾਵਾ 50 ਤੋਂ ਵੱਧ ਲੱਗੇ ਵੱਖ-ਵੱਖ ਤਰ੍ਹਾਂ ਦੇ ਬੂਥਾਂ ਤੋਂ ਲੋਕਾਂ ਨੇ ਜਿੱਥੇ ਗਹਿਣੇ-ਗੱਟੇ, ਕੱਪੜੇ, ਬੱਚਿਆਂ ਲਈ ਖੇਡਾਂ ਦਾ ਸਾਮਾਨ, ਬਿਸਤਰੇ ਆਦਿ ਖਰੀਦੇ, ਉਥੇ ਖਾਣ-ਪੀਣ ਦੇ ਸਟਾਲਾਂ ਉਤੇ ਵੀ ਵੱਡੀ ਭੀੜ ਰਹੀ। ਬੀਬੀਆਂ ਨੇ ਹਾਰ-ਸ਼ਿੰਗਾਰ ਅਤੇ ਕੱਪੜਿਆਂ ਦੇ ਸਟਾਲਾਂ 'ਤੇ ਚੰਗੀ ਭੀੜ ਲਾਈ ਰੱਖੀ।

ਸਵੇਰ ਸਮੇਂ ਮੀਂਹ ਨੇ ਪ੍ਰਬੰਧਕਾਂ ਨੂੰ ਥੋੜੀ ਜਿਹੀ ਘੁਰਕੀ ਦਿੱਤੀ ਪਰ ਬਾਅਦ ਵਿਚ ਸਾਰਾ ਦਿਨ ਮੌਸਮ ਦੇਵਤਾ ਮਿਹਰਬਾਨ ਰਿਹਾ ਅਤੇ ਇਸ ਨੇ ਮੇਲੇ ਵਿਚ ਕੋਈ ਖਲਲ ਨਹੀਂ ਪਾਇਆ। ਇਹ ਵੀ ਗਨੀਮਤ ਰਹੀ ਕਿ ਆਮ ਪੰਜਾਬੀ ਮੇਲਿਆਂ ਦੇ ਉਲਟ ਕਿਸੇ ਨੇ ਕੋਈ ਖਰਮਸਤੀ ਨਹੀਂ ਕੀਤੀ, ਕੋਈ ਲੜਾਈ ਝਗੜਾ ਨਹੀਂ ਹੋਇਆ। ਸੰਸਥਾ ਦੇ ਇਕ ਬੁਲਾਰੇ ਅਮਰੀਕ ਸਿੰਘ ਧੁੱਗਾ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹਜ਼ਾਰਾਂ ਦਰਸ਼ਕਾਂ ਨੇ ਇਸ ਮੇਲੇ ਦਾ ਅਨੰਦ ਮਾਣਿਆ।

ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਦੀ ਸਥਾਪਨਾ 1993 ਵਿਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਮਨੋਰਥ ਨਾਲ ਕੀਤੀ ਗਈ ਸੀ। ਇਸ ਮੇਲੇ ਵਿਚ ਹੁਣ ਤਕ ਸੈਂਕੜੇ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰ ਚੁੱਕੇ ਹਨ। ਇਸ ਮੌਕੇ 'ਤੇ ਟੈਲੇਂਟ ਮੁਕਾਬਲਾ ਵੀ ਕਰਵਾਇਆ ਗਿਆ। ਲੜਕੀਆਂ ਵਿਚੋਂ ਜੈਸਿਕਾ ਕੌਰ ਚੁੱਘ ਪਹਿਲੇ ਅਤੇ ਵਰਿੰਦਾ ਗੁਪਤਾ ਦੂਜੇ ਨੰਬਰ 'ਤੇ ਰਹੀ। ਲੜਕਿਆਂ ਵਿਚੋਂ ਹਰਮਨ ਸਿੰਘ ਬਾਠ ਪਹਿਲੇ ਅਤੇ ਹਰਗੁਰਜੀਤ ਸਿੰਘ ਜੱਸੜ ਦੂਜੇ ਨੰਬਰ 'ਤੇ ਰਹੇ। ਇਸ ਮੁਕਾਬਲੇ ਦਾ ਸੰਚਾਲਨ ਡਾ. ਗੁਰਪ੍ਰੀਤ ਸਿੰਘ ਧੁੱਗਾ ਨੇ ਕੀਤਾ।

ਇਸ ਮੌਕੇ ਅਟਾਰਨੀ ਗੁਰਪਤਵੰਤ ਸਿੰਘ ਪੰਨੂ, ਵਕੀਲ ਅਮਰ ਸਿੰਘ ਸ਼ੇਰਗਿੱਲ, ਸਵ. ਬਲਦੇਵ ਸਿੰਘ, ਅਸੈਂਬਲੀਮੈਨ ਡੈਨਲੋਗ ਨੂੰ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀ ਕਰਨ ਲਈ ਸਨਮਾਨਤ ਕੀਤਾ ਗਿਆ। ਪੜ੍ਹਾਈ ਵਿਚ ਚੰਗੇ ਬੱਚਿਆਂ ਲਈ ਸੰਸਥਾ ਵਲੋਂ ਵਿਸ਼ੇਸ਼ ਵਜ਼ੀਫੇ ਦਿੱਤੇ ਗਏ। ਇਨ੍ਹਾਂ ਬੱਚਿਆਂ ਵਿਚ ਰੁਬੀਨਾ ਬਸਰਾ, ਸੁਰੀਨਾ ਬਸਰਾ,



ਦਿਲਰਾਜ ਕੌਰ ਢਿੱਲੋਂ, ਸੁਖਪ੍ਰੀਤ ਕੌਰ, ਚਰਨਦੀਪ ਸਿੰਘ ਕਲੇਰ, ਹਰਮਨਪ੍ਰੀਤ ਕੌਰ ਰੰਧਾਵਾ ਸ਼ਾਮਲ ਸਨ।








Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

Are Worries Keeping You Awake?
Watch Your Business AnyTime Any Place.


Attention Business Owners!!
Are You Worried About Your Business When You`re Not There?
Watch your business from anywhere on iPhone with our new technology
QuikStop Shell pm 7 ELEVEN 76 Holiday Inn Denny's Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਊਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566 www.dvrunlimited.com


ਸ੍ਰੀ ਅਕਾਲ ਸਹਾਇ ॥
ਸ੍ਰੀ ਅਕਾਲ ਸਹਾਇ ॥
ੴ
ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ
ਗੁਰਦੁਆਰਾ ਗੁਰੂ ਦਸਮੇਸ਼ ਦਰਬਾਰ ਸਾਹਿਬ
7000 ਵਾਈਬਲ ਰੋਡ, ਬੇਕਰਸਫੀਲਡ ਕੈਲੀਫੋਰਨੀਆ 93313
ਮਹਾਨ ਸਮਾਗਮ
2 ਜੂਨ ਤੋਂ 26 ਜੂਨ 2011 ਤੱਕ ਮਨਾਏ ਜਾ ਰਹੇ ਹਨ
2 ਜੂਨ, ਦਿਨ ਵੀਰਵਾਰ 2011 ................. ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ
ਆਖੰਡ ਪਾਠ ਸਾਹਿਬ ਦੀ ਸੇਵਾ ਭਾਈ ਬਘੇਲ ਸਿੰਘ ਵੱਲੋਂ ਕੀਤੀ ਜਾ ਰਹੀ ਹੈ
4 ਜੂਨ, ਦਿਨ ਸ਼ਨੀਵਾਰ 2011 ................... ਭੋਗ ਸ੍ਰੀ ਆਖੰਡ ਪਾਠ ਸਾਹਿਬ ਜੀ
4 ਜੂਨ ਰਾਤ ਦੇ ਲੰਗਰਾਂ ਦੀ ਸੇਵਾ ਭਾਈ ਕੁਲਦੀਪ ਸਿੰਘ ਬਿੱਲੂ (Safeway Truck Driving School) ਵੱਲੋਂ ਕੀਤੀ ਜਾ ਰਹੀ ਹੈ
5 ਜੂਨ, ਦਿਨ ਐਤਵਾਰ 2011
ਲੰਗਰਾਂ ਦੀ ਸੇਵਾ ਭਾਈ ਤਲਵਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ
ਇਸ ਵਿਸ਼ੇਸ ਘਲੂਘਾਰੇ ਸਮਾਗਮਾਂ ਵਿੱਚ 8 ਜੂਨ ਤੋਂ 12 ਜੂਨ ਤੱਕ ਸੰਤ ਬਾਬਾ ਅਮਰੀਕ ਸਿੰਘ ਜੀ (ਪੰਜ ਭੈਣੀਆਂ ਵਾਲੇ) ਸੰਗਤਾਂ ਨੂੰ ਨਿਹਾਲ ਕਰਨਗੇ, 13 ਜੂਨ ਤੋਂ 26 ਜੂਨ ਤੱਕ ਸੰਤ ਬਾਬਾ ਹਰੀ ਸਿੰਘ ਜੀ (ਰੰਧਾਵੇ ਵਾਲੇ) ਸੰਗਤਾਂ ਨੂੰ ਹਰ ਰੋਜ਼ ਕਥਾ ਦੁਆਰਾ ਨਿਹਾਲ ਕਰਨਗੇ ਅਤੇ ਹਰ ਰੋਜ਼ ਸ਼ਾਮ ਨੂੰ ਵਿਸ਼ੇਸ਼ ਸਮਾਗਮ ਸਜਿਆ ਕਰਨਗੇ
12 ਜੂਨ ਦਿਨ ਸ਼ਨਿਚਰਵਾਰ ਨੂੰ ਬੱਚਿਆਂ ਦੇ 1984 ਦੇ ਘਲੂਘਾਰੇ ਸਬੰਧੀ ਸਪੈਸ਼ਲ ਸਮਾਗਮ ਹੋਣਗੇ
ਕੀਰਤਨ .......................... ਭਾਈ ਸਤਪਾਲ ਸਿੰਘ ਜੀ ਨਿਊਯਾਰਕ ਵਾਲੇ ਅਤੇ ਕਥਾ .............................. ਭਾਈ ਹਰਜੀਤ ਸਿੰਘ ਜੀ ਮੋਗੇ ਵਾਲੇ
ਰੋਜ਼ਾਨਾ ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ : ਸਵੇਰੇ 5:30 ਤੋਂ 7:00 ਵਜੇ ਤੱਕ ਨਿੱਤਨੇਮ ਸਾਹਿਬ, ਸਵੇਰੇ 7:00 ਤੋਂ 8:00 ਵਜੇ ਤੱਕ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ
ਸ਼ਾਮ ਦੇ ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ : ਸ਼ਾਮ 5:45 ਤੋਂ 6:15 ਵਜੇ ਤੱਕ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ, ਸ਼ਾਮ 6:15 ਤੋਂ 6:45 ਤੱਕ ਕੀਰਤਨ ਅਤੇ ਸ਼ਾਮ 6:45 ਤੋਂ 7:30 ਵਜੇ ਤੱਕ ਰੋਜ਼ਾਨਾ ਲੜੀਵਾਰ ਕਥਾ ਹੁੰਦੀ ਹੈ।
ਹਰ ਰੋਜ਼ ਸ਼ਾਮ ਨੂੰ 4:30 ਤੋਂ 5:30 ਵਜੇ ਤੱਕ ਰੋਜ਼ਾਨਾ ਬੀਬੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 661.444.6876, 661.831.7222


ਕਮਰਸ਼ੀਅਲ
GPS
ਡਿਜ਼ੀਟਲ ਸੈਟੇਲਾਈਟ ਟਰੈਕਿੰਗ ਅਤੇ ਰਿਕਾਵਰੀ
ਸੰਤੁਸ਼ਟੀ ਦੀ ਗਾਰੰਟੀ
ਰੀਫਰ ਯੂਨਿਟਾਂ ਲਈ ਸਪੈਸ਼ਲ
5 ਸਾਲਾਂ ਲਈ ਕੋਈ ਚਾਰਜ ਨਹੀਂ
ਐਡਰਸ ਅਤੇ ਜਗ੍ਹਾ
ਘੱਟ ਬੈਟਰੀ ਵੋਲਟੇਜ਼
ਸਪੀਡ ਅਤੇ ਡਰੈਕਸ਼ਨ
ਇੰਜਨ ਬੰਦ
ਅਨਲਾਕ ਟਰੱਕ
ਸਪੀਡ ਦੇਖੋ
$375
ਬਹੁਤ ਹੀ ਘੱਟ ਲਾਗਤ
ਮਹੀਨੇ ਦੀ ਕੋਈ ਫੀਸ ਨਹੀਂ
ਸਾਲ ਦੀ ਕੋਈ ਫੀਸ ਨਹੀਂ
ਐਕਟੀਵੇਸ਼ਨ ਦੀ ਕੋਈ ਫੀਸ ਨਹੀਂ
ਕੋਈ ਕਾਨਟਰੈਕਟ ਨਹੀਂ
ਡੈਮੋ ਦੇਖਣ ਲਈ ਕਾਲ ਕਰੋ
Dave: 925-382-5670

## ਪੰਜਾਬ ਭਾਜਪਾ ਨੂੰ ਇਕ ਹੋਰ ਝਟਕਾ

# ਤੀਕਸ਼ਣ ਸੂਦ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਹਾਈ ਕੋਰਟ 'ਚ ਪੁੱਜਾ

**ਚੰਡੀਗੜ੍ਹ:** ਭਾਜਪਾ ਦੀਆਂ ਮੁਸੀਬਤਾਂ ਘੱਟ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ। ਹੁਣ ਸਥਾਨਕ ਸਰਕਾਰ ਤੇ ਉਦਯੋਗ ਵਿਭਾਗ ਦੇ ਮੰਤਰੀ ਤੇ ਭਾਜਪਾ ਵਿਧਾਇਕ ਦਲ ਦੇ ਨੇਤਾ ਤੀਕਸ਼ਨ ਸੂਦ ਵਿਰੁੱਧ ਲੱਗੇ ਭ੍ਰਿਸ਼ਟਾਚਾਰ ਤੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਦੇ ਦੋਸ਼ਾਂ ਦਾ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਹੁੰਚ ਗਿਆ ਹੈ। ਰੂਪਨਗਰ ਜ਼ਿਲ੍ਹੇ ਦੇ ਪਿੰਡ ਅਸਮਾਨਪੁਰ ਦੇ ਵਸਨੀਕ ਹਰਭਜਨ ਸਿੰਘ ਨੇ ਉੱਚ ਅਦਾਲਤ ਵਿਚ ਪਟੀਸ਼ਨ ਦਾਇਰ ਕਰਕੇ ਸ੍ਰੀ ਸੂਦ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਕਰਾਉਣ ਦੀ ਮੰਗ ਕੀਤੀ ਹੈ।



ਇਸ ਪਟੀਸ਼ਨ ਦੀ ਸੁਣਵਾਈ ਕਰਦਿਆਂ ਜਸਟਿਸ ਦਇਆ ਚੌਧਰੀ ਨੇ ਰਾਜ ਸਰਕਾਰ ਨੂੰ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਪਟੀਸ਼ਨ ਵਿਚ ਉਠਾਏ ਗੰਭੀਰ ਨੁਕਤਿਆਂ ਤੇ ਜੰਗਲਾਤ ਵਿਭਾਗ ਦੇ ਅਧਿਕਾਰੀ ਵੱਲੋਂ ਲਾਏ ਗਏ ਦੋਸ਼ਾਂ ਦੇ ਤੱਥਾਂ ਦੀ ਜਾਣਕਾਰੀ ਅਦਾਲਤ ਨੂੰ ਦੇਣ ਲਈ ਕਿਹਾ ਹੈ। ਉਚ ਅਦਾਲਤ ਨੇ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਅਦਾਲਤ ਨੂੰ ਦੱਸਿਆ ਜਾਵੇ ਕਿ ਕੀ ਸਰਕਾਰ ਨੂੰ ਜੰਗਲਾਤ ਅਧਿਕਾਰੀ ਵੱਲੋਂ ਮੰਤਰੀ 'ਤੇ ਲਾਏ ਗਏ ਦੋਸ਼ਾਂ ਬਾਰੇ ਕੋਈ ਸ਼ਿਕਾਇਤ ਮਿਲੀ ਹੈ? ਜੇ ਮਿਲੀ ਹੈ ਤਾਂ ਉਸ 'ਤੇ ਕੀ ਕਾਰਵਾਈ ਕੀਤੀ ਗਈ ਹੈ?

ਅਦਾਲਤ ਨੇ ਇਹ ਵੀ ਕਿਹਾ ਹੈ ਕਿ ਜੰਗਲਾਤ ਅਧਿਕਾਰੀ ਵੱਲੋਂ ਲਾਏ ਗਏ ਦੋਸ਼ ਨਿੱਜੀ ਕਾਰਨਾਂ ਕਰਕੇ ਹਨ ਜਾਂ ਕੋਈ ਹੋਰ ਕਾਰਨ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 8 ਜੁਲਾਈ ਨੂੰ ਹੋਵੇਗੀ। ਪਟੀਸ਼ਨਰ ਨੇ ਜੰਗਲਾਤ ਵਿਭਾਗ ਦੇ ਵਧੀਕ ਚੀਫ ਕੰਜ਼ਰਵੇਟਰ ਜੰਗਲਾਤ ਆਰ.ਆਰ. ਕੱਕੜ ਵੱਲੋਂ ਲਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਆਧਾਰ ਬਣਾਇਆ ਹੈ।

ਅਦਾਲਤ ਨੇ ਸਰਕਾਰ ਨੂੰ ਕਿਹਾ ਹੈ ਕਿ ਦੋਸ਼ ਲਾਉਣ ਬਾਰੇ ਅਧਿਕਾਰੀ ਦੀ ਭਰੋਸੇਯੋਗਤਾ ਵੀ ਸਪੱਸ਼ਟ ਕੀਤੀ ਜਾਵੇ। ਪਟੀਸ਼ਨਰ ਦਾ ਕਹਿਣਾ ਹੈ ਕਿ ਜੰਲਗਾਤ ਵਿਭਾਗ ਦੇ ਸੀਨੀਅਰ ਅਧਿਕਾਰੀ ਵੱਲੋਂ ਵਿਭਾਗ ਦੇ ਰਹਿ ਚੁੱਕੇ ਮੰਤਰੀ ਖਿਲਾਫ ਭ੍ਰਿਸ਼ਟਾਚਾਰ, ਸਰਕਾਰੀ ਫੰਡਾਂ ਵਿਚ ਘਪਲੇਬਾਜ਼ੀ ਤੇ ਦਰਖੱਤ ਕੱਟੇ ਜਾਣ ਬਾਰੇ ਬੜੇ ਹੀ ਗੰਭੀਰ ਦੋਸ਼ ਲਗਾਏ ਗਏ ਸਨ। ਸਰਕਾਰ ਨੇ ਇਨ੍ਹਾਂ ਦੋਸ਼ਾਂ ਬਾਰੇ ਕੋਈ ਗੰਭੀਰਤਾ ਨਹੀਂ ਦਿਖਾਈ ਸਗੋਂ ਬਿਨਾਂ ਕਿਸੇ ਪੜਤਾਲ ਦੇ ਹੀ ਮਾਮਲੇ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ। ਪਟੀਸ਼ਨਰ ਦਾ ਕਹਿਣਾ ਹੈ ਕਿ ਜਿਸ ਵਿਅਕਤੀ 'ਤੇ ਦੋਸ਼ ਲੱਗੇ ਹਨ, ਉਹ ਸੱਤਾ ਧਿਰ ਦੀ ਭਾਈਵਾਲ ਪਾਰਟੀ ਦੇ ਵਿਧਾਇਕ ਦਲ ਦਾ ਨੇਤਾ ਹੈ, ਇਸ ਲਈ ਸਰਕਾਰ ਮਾਮਲੇ ਨੂੰ ਰਫਾਦਫਾ ਕਰ ਰਹੀ ਹੈ।

ਪਟੀਸ਼ਨਰ ਅਨੁਸਾਰ ਮਾਮਲਾ ਕੇਂਦਰੀ ਜਾਂਚ ਏਜੰਸੀ ਹਵਾਲੇ ਕੀਤਾ ਜਾਵੇ। ਸ੍ਰੀ ਸੂਦ ਵਿਰੁੱਧ ਲੱਗੇ ਦੋਸ਼ਾਂ ਦਾ ਮਾਮਲਾ ਉਚ ਅਦਾਲਤ ਵਿਚ ਚਲੇ ਜਾਣ ਕਾਰਨ ਸਰਕਾਰ ਇਕ ਵਾਰ ਫਿਰ ਘਿਰਦੀ ਨਜ਼ਰ ਆ ਰਹੀ ਹੈ।

# ਹਰਿਆਣਾ 'ਚ ਵੱਖਰੀ ਕਮੇਟੀ ਲਈ ਜੇਲ੍ਹ ਭਰੋ ਅੰਦੋਲਨ ਦਾ ਐਲਾਨ

**ਚੰਡੀਗੜ੍ਹ:** ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਘੋਲ ਕਰ ਰਹੇ ਸਿੱਖਾਂ ਨੇ ਅਦਾਲਤ ਦੇ ਵਾਰੰਟਾਂ ਵਿਰੁੱਧ ਜੇਲ੍ਹ ਭਰੋ ਅੰਦੋਲਨ ਛੇੜਨ ਦਾ ਐਲਾਨ ਕੀਤਾ ਹੈ। ਇਨ੍ਹਾਂ ਸਿੱਖਾਂ ਦਾ ਕਹਿਣਾ ਹੈ ਕਿ ਉਹ ਜ਼ਮਾਨਤ ਨਹੀਂ ਲੈਣਗੇ ਸਗੋਂ ਪੁਲਿਸ ਕੋਲ ਗ੍ਰਿਫ਼ਤਾਰੀ ਲਈ ਆਤਮ ਸਮਰਪਣ ਕਰਨਗੇ। ਕੁਰੂਕਸ਼ੇਤਰ ਦੇ ਜ਼ਿਲ੍ਹਾ ਤੇ ਸ਼ੈਸਨ ਜੱਜ ਵੱਲੋਂ ਉਨ੍ਹਾਂ ਇਕ ਹਜ਼ਾਰ ਸਿੱਖਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ ਜਿਹੜੇ ਵੱਖਰੀ ਕਮੇਟੀ ਲਈ ਸ਼ੁਰੂ ਕੀਤੇ ਘੋਲ ਦੌਰਾਨ ਜੇਲ੍ਹ ਗਏ ਸਨ। ਮਿਲੀ ਜਾਣਕਾਰੀ ਮੁਤਾਬਕ ਅਕਤੂਬਰ 2010 ਵਿਚ ਹਰਿਆਣਾ ਦੇ ਸਿੱਖਾਂ ਨੇ ਵੱਖਰੀ ਕਮੇਟੀ ਦੀ ਮੰਗ ਕਰਦਿਆਂ ਕੁਰੂਕਸ਼ੇਤਰ 'ਚ ਅੰਮ੍ਰਿਤਸਰ-ਮੁੰਬਈ ਰੇਲ ਰੋਕੀ ਸੀ। ਵਿਖਾਵਾਕਾਰੀਆਂ ਵੱਲੋਂ ਤਿੰਨ ਘੰਟੇ ਲਈ ਰੇਲ ਆਵਾਜਾਈ ਵਿਚ ਵਿਘਨ ਪਾਉਣ 'ਤੇ ਇਨ੍ਹਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਪਿੱਛੋਂ ਅਦਾਲਤ ਵੱਲੋਂ ਇਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਵਿਖਾਵਾਕਾਰੀਆਂ ਨੇ ਜੇਲ੍ਹ ਵਿਚੋਂ ਰਿਹਾਅ ਹੋਣ ਲਈ ਜ਼ਮਾਨਤਾ ਲੈਣ ਤੋਂ ਨਾ ਕਰ ਦਿੱਤੀ ਸੀ ਪਰ ਪੁਲਿਸ ਨੇ ਵਿਖਾਵਾਕਾਰੀਆਂ ਨੂੰ ਜਾਤੀ ਮੁਚਲਕੇ 'ਤੇ ਰਿਹਾਅ ਕਰ ਦਿੱਤਾ ਸੀ। ਪੁਲੀਸ ਨੇ ਵਿਖਾਵਾਕਾਰੀਆਂ ਦੇ ਆਗੂ ਜਗਦੀਸ਼ ਸਿੰਘ ਝੀਂਡਾ ਸਮੇਤ ਹੋਰਾਂ ਵਿਰੁੱਧ ਕੇਸ ਦਰਜ ਕੀਤਾ ਸੀ।



ਇਨ੍ਹਾਂ ਸਿੱਖਾਂ ਨੂੰ ਹੁਣ ਕੁਰੂਕਸ਼ੇਤਰ ਦੀ ਅਦਾਲਤ ਵੱਲੋਂ ਆਪਣੀ ਜ਼ਮਾਨਤ ਕਰਾਉਣ ਲਈ ਸੰਮਨ ਭੇਜਣੇ ਸ਼ੁਰੂ ਕਰ ਦਿੱਤੇ ਗਏ ਹਨ। ਸ. ਝੀਂਡਾ ਦੀ ਅਗਵਾਈ ਹੇਠ ਮੀਟਿੰਗ ਵਿਚ ਵਿਖਾਵਾਕਾਰੀਆਂ ਨੇ ਜ਼ਮਾਨਤਾਂ ਲੈਣ ਲਈ ਦੀ ਥਾਂ ਜੇਲ੍ਹਾਂ ਵਿਚ ਜਾਣ ਦਾ ਐਲਾਨ ਕਰ ਦਿੱਤਾ ਹੈ। ਸ. ਝੀਂਡਾ ਨੇ ਕਿਹਾ ਹੈ ਕਿ ਉਨ੍ਹਾਂ ਨੇ ਜੇਲ੍ਹ ਵਿਚ ਹੁੰਦਿਆਂ ਵੀ ਜ਼ਮਾਨਤ ਲਈ ਅਰਜ਼ੀ ਦਾਇਰ ਕਰਨ ਤੋਂ ਨਾ ਕਰ ਦਿੱਤੀ ਸੀ ਤੇ ਉਦੋਂ ਵੀ ਸਰਕਾਰ ਵੱਲੋਂ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਹੀ ਰਿਹਾਅ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਵੱਖਰੀ ਕਮੇਟੀ ਦੀ ਮੰਗ ਜਿਉਂ ਦੀ ਤਿਉਂ ਬਰਕਰਾਰ ਹੈ।

# ਹਵਾਰਾ ਦੀ ਸੁਣਵਾਈ ਵੀਡੀਓ ਕਾਨਫਰੰਸਿੰਗ ਰਾਹੀਂ ਕਰਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬੇਅੰਤ ਸਿੰਘ ਹੱਤਿਆ ਕਾਂਡ ਦੇ ਮੁਲਜ਼ਮਾਂ ਜਗਤਾਰ ਸਿੰਘ ਹਵਾਰਾ ਤੇ ਹੋਰਾਂ ਦੀ 'ਜੇਲ੍ਹ ਬਰੇਕ' ਮਾਮਲੇ ਦੀ ਸੁਣਵਾਈ ਵੀਡੀਓ ਕਾਨਫਰੰਸਿੰਗ ਰਾਹੀਂ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਤਿਵਾਦ ਵਿਰੋਧੀ ਫਰੰਟ ਦੇ ਮੁਖੀ ਵਿਰੇਸ਼ ਸ਼ੰਡਿਆਲ ਨੇ ਇਸ ਮਾਮਲੇ 'ਤੇ ਹਾਈ ਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ। ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਜਗਤਾਰ ਸਿੰਘ ਹਵਾਰਾ ਤੇ ਉਸ ਦੇ ਸਾਥੀ ਇਸ ਸਮੇਂ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹਨ।



ਹਵਾਰਾ ਤੇ ਉਸ ਦੇ ਸਾਥੀ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚੋਂ ਸੁਰੰਗ ਰਾਹੀਂ ਫਰਾਰ ਹੋ ਗਏ ਸਨ। ਚੰਡੀਗੜ੍ਹ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਇਸ ਮਾਮਲੇ ਦੀ ਸੁਣਵਾਈ ਅਜੇ ਤੱਕ ਚੱਲ ਰਹੀ ਹੈ। ਉਚ ਅਦਾਲਤ ਦਾ ਕਹਿਣਾ ਹੈ ਕਿ ਜਦੋਂ ਤਿਹਾੜ ਜੇਲ੍ਹ ਵਿਚ ਵੀਡੀਓ ਕਾਨਫਰੰਸਿੰਗ ਦੀ ਸੁਵਿਧਾ ਹੈ ਤਾਂ ਉਨ੍ਹਾਂ ਵਿਰੁੱਧ ਚਲਦੇ ਕੇਸ ਦੀ ਸੁਣਵਾਈ ਇਸੇ ਸਾਧਨ ਰਾਹੀਂ ਹੀ ਕੀਤੀ ਜਾਵੇ। ਅਦਾਲਤ ਦੇ ਧਿਆਨ ਵਿਚ ਇਹ ਵੀ ਲਿਆਂਦਾ ਗਿਆ ਕਿ ਹਵਾਰਾ ਤੇ ਹੋਰਾਂ ਦੇ ਚੰਡੀਗੜ੍ਹ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਪੇਸ਼ੀ ਭੁਗਤਣ ਆਉਣ ਸਮੇਂ ਕਈ ਵਾਰੀ ਤਣਾਅ ਵਾਲਾ ਮਾਹੌਲ ਵੀ ਬਣਿਆ ਹੈ।

ਪਟੀਸ਼ਨਰ ਨੇ ਮੰਗ ਕੀਤੀ ਸੀ ਕਿ ਖਤਰਨਾਕ ਅਪਰਾਧੀ ਜੋ ਕਿ ਫੌਜਦਾਰੀ ਮਾਮਲਿਆਂ ਵਿਚ ਪੰਜਾਬ, ਹਰਿਆਣਾ ਜਾਂ ਚੰਡੀਗੜ੍ਹ ਦੀਆਂ ਜੇਲ੍ਹਾਂ ਵਿਚ ਬੰਦ ਹਨ, ਵਿਰੁੱਧ ਚਲਦੇ ਮਾਮਲਿਆਂ ਦੀ ਸੁਣਵਾਈ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਜਾਵੇ। ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਇਹ ਸੁਵਿਧਾ ਮੁਹੱਈਆ ਨਹੀਂ ਹੈ। ਯੂ.ਟੀ. ਪ੍ਰਸ਼ਾਸਨ ਨੇ ਇਹ ਸਹੂਲਤ ਕਾਇਮ ਕਰਨ ਲਈ ਇਕ ਮਹੀਨੇ ਦਾ ਸਮਾਂ ਮੰਗਿਆ ਹੈ। ਇਸੇ ਤਰ੍ਹਾਂ ਪੰਜਾਬ ਤੇ ਹਰਿਆਣਾ ਨੇ ਦੋ-ਦੋ ਮਹੀਨਿਆਂ ਦਾ ਸਮਾਂ ਮੰਗਿਆ ਹੈ। ਉਚ ਅਦਾਲਤ ਨੇ ਤਿੰਨਾਂ ਰਾਜਾਂ ਨੂੰ ਤਿੰਨ ਮਹੀਨੇ ਦਾ ਸਮਾਂ ਦਿੰਦਿਆਂ ਅਗਲੀ ਸੁਣਵਾਈ ਦੌਰਾਨ ਰਿਪੋਰਟ ਦੇਣ ਲਈ ਕਿਹਾ ਹੈ। ਮਾਮਲੇ ਦੀ ਸੁਣਵਾਈ 7 ਸਤੰਬਰ ਨੂੰ ਹੋਵੇਗੀ।

## *ਇਟਲੀ ਵੱਲੋਂ ਦਸਤਾਰ ਦਾ ਸਤਿਕਾਰ ਕਰਨ ਦਾ ਭਰੋਸਾ*

**ਚੰਡੀਗੜ੍ਹ/ਰੋਮ:** ਭਾਰਤ ਨੇ ਇਟਲੀ ਦੇ ਹਵਾਈ ਅੱਡਿਆਂ 'ਤੇ ਸਿੱਖਾਂ ਦੀਆਂ ਪੱਗਾਂ ਦੀ ਤਲਾਸ਼ੀ ਲੈਣ ਦਾ ਮਾਮਲਾ ਉਥੋਂ ਦੀ ਸਰਕਾਰ ਕੋਲ ਉਠਾਇਆ ਤੇ ਇਹ ਭਰੋਸਾ ਲਿਆ ਕਿ ਭਾਰਤੀਆਂ ਦੇ ਸਭਿਆਚਾਰਕ ਤੇ ਧਾਰਮਿਕ ਅਕੀਦਿਆਂ ਦਾ ਸਤਿਕਾਰ ਕੀਤਾ ਜਾਵੇਗਾ। ਵਿਦੇਸ਼ ਮਾਮਲਿਆਂ ਦੇ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਆਪਣੇ ਇਤਾਲਵੀ ਹਮਰੁਤਬਾ ਫ੍ਰੈਂਕੋ ਫ੍ਰੈਡਿਨੀ ਨਾਲ ਦੁਵੱਲੀ ਗੱਲਬਾਤ ਦੌਰਾਨ ਪੱਗ ਦਾ ਮੁੱਦਾ ਉਠਾਇਆ।

ਇਤਾਲਵੀ ਹਵਾਈ ਅੱਡਿਆਂ ਦੀਆਂ ਸੁਰੱਖਿਆ ਚੌਕੀਆਂ 'ਤੇ ਪਿੱਛੇ ਜਿਹੇ ਕੁਝ ਸਿੱਖਾਂ ਨੂੰ ਤਲਾਸ਼ੀ ਲਈ ਪੱਗਾਂ ਉਤਾਰਨ ਲਈ ਕਿਹਾ ਗਿਆ ਸੀ ਤੇ ਭਾਰਤ ਨੇ ਇਸ ਮੁੱਦੇ 'ਤੇ ਪਹਿਲਾਂ ਇਤਾਲਵੀ ਫਾਰੇਨ ਆਫਿਸ ਕੋਲ ਰੋਸ ਦਰਜ ਕਰਾਇਆ ਸੀ। ਮਾਰਚ ਮਹੀਨੇ ਗੋਲਫਰ ਜੀਵ ਮਿਲਖਾ ਸਿੰਘ ਦੇ ਕੋਚ ਅਮਰਤਿੰਦਰ ਸਿੰਘ ਨੂੰ ਉਦੋਂ ਪਗੜੀ ਉਤਾਰਨ ਲਈ ਕਿਹਾ ਗਿਆ ਸੀ ਜਦੋਂ ਉਹ ਸਿਸਲੀ ਲਈ ਜਹਾਜ਼ ਫੜਨ ਲੱਗਾ ਸੀ। ਇਸ ਤੋਂ ਇਲਾਵਾ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਮੁਕਾਮੀ ਪੁਲਿਸ ਸਟੇਸ਼ਨਾਂ ਵਿਚ ਬਗੈਰ ਸ਼ਨਾਖਤੀ ਕਾਰਡਾਂ ਤੇ ਪੱਗ ਤੋਂ ਬਗੈਰ ਤਸਵੀਰਾਂ ਖਿਚਾਉਣ ਲਈ ਵੀ ਕਿਹਾ ਗਿਆ ਸੀ ਤੇ ਇਸ ਵਿਧੀ ਤੋਂ ਬਹੁਤ ਸਾਰੇ ਸਿੱਖਾਂ ਨੂੰ ਜ਼ਲਾਲਤ ਮਹਿਸੂਸ ਹੋਈ ਸੀ।

# ਨਵੰਬਰ 1984: ਕੈਂਥ ਦਾ ਮੈਡਲ ਵਾਪਸ ਲੈਣ ਬਾਰੇ ਕੇਂਦਰ ਨੂੰ ਨੋਟਿਸ

**ਚੰਡੀਗੜ੍ਹ:** ਦਿੱਲੀ ਹਾਈ ਕੋਰਟ ਨੇ ਸਾਬਕਾ ਆਈ.ਪੀ.ਐਸ ਪੁਲਿਸ ਅਧਿਕਾਰੀ ਅਮੋਧ ਕੈਂਥ ਵੱਲੋਂ 1984 ਦੇ ਸਿੱਖ ਕਤਲੇਆਮ ਦੌਰਾਨ ਨਿਭਾਏ ਰੋਲ ਬਦਲੇ ਦਿੱਤਾ ਪੁਲਿਸ ਮੈਡਲ ਪੁਰਸਕਾਰ ਵਾਪਸ ਲੈਣ ਦੀ ਮੰਗ ਬਾਰੇ ਪਟੀਸ਼ਨ 'ਤੇ ਕੇਂਦਰ ਸਰਕਾਰ ਤੇ ਦਿੱਲੀ ਦੇ ਪੁਲਿਸ ਕਮਿਸ਼ਨਰ ਨੂੰ ਨੋਟਿਸ ਜਾਰੀ ਕੀਤਾ ਹੈ। ਚੀਫ ਜਸਟਿਸ ਦੀਪਕ ਮਿਸ਼ਰਾ ਤੇ ਜਸਟਿਸ ਸੰਜੀਵ ਖੰਨਾ 'ਤੇ ਆਧਾਰਤ ਬੈਂਚ ਨੇ ਹਾਈ ਕੋਰਟ ਦੇ ਇਕੱਲੇ ਜੱਜ ਦੇ ਹੁਕਮ ਖ਼ਿਲਾਫ਼ ਦਾਇਰ ਅਪੀਲ ਨੂੰ ਸਵੀਕਾਰ ਕਰਦਿਆਂ ਕੇਂਦਰ ਤੇ ਕੈਂਥ ਸਮੇਤ ਹੋਰਾਂ ਨੂੰ ਨੋਟਿਸ ਜਾਰੀ ਕੀਤਾ ਹੈ ਤੇ ਮਾਮਲੇ ਦੀ ਸੁਣਵਾਈ 16 ਸਤੰਬਰ 'ਤੇ ਪਾ ਦਿੱਤੀ ਹੈ।



ਇਸ ਤੋਂ ਪਹਿਲਾਂ ਜਸਟਿਸ ਐਸ ਮੁਰਲੀਧਰਨ ਨੇ ਇਸ ਮੁੱਦੇ 'ਤੇ ਅਮਰੀਕ ਸਿੰਘ ਲਵਲੀ ਦੀ ਪਟੀਸ਼ਨ ਇਹ ਕਹਿੰਦੇ ਹੋਏ ਰੱਦ ਕਰ ਦਿੱਤੀ ਕਿ ਕੈਂਥ ਤੇ ਉਸ ਸਮੇਂ ਦੇ ਪਹਾੜਗੰਜ ਥਾਣੇ ਦੇ ਮੁਖੀ ਐਸ.ਐਸ. ਮਾਨਨ ਨੂੰ ਪੁਲਿਸ ਮੈਡਲ ਦੇਣ ਦਾ ਫ਼ੈਸਲਾ ਪ੍ਰਧਾਨ ਮੰਤਰੀ ਦਫਤਰ ਸਮੇਤ ਵੱਖ-ਵੱਖ ਅਧਿਕਾਰੀਆਂ ਵਲੋਂ ਲਿਆ ਗਿਆ ਤੇ ਇਸ ਦੀ ਪੁਸ਼ਟੀ ਕੀਤੀ ਗਈ ਸੀ। ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਲਵਲੀ ਨੇ ਆਪਣੀ ਪਟੀਸ਼ਨ 'ਚ ਕਿਹਾ ਕਿ ਇਕੱਲੇ ਜੱਜ ਦਾ ਫ਼ੈਸਲਾ ਨਿਆਇਕ ਅਨੁਸ਼ਾਸਨ ਦੀ ਉਲੰਘਣਾ ਹੈ। ਪਟੀਸ਼ਨ 'ਚ ਕਿਹਾ ਗਿਆ ਕਿ ਇਕੱਲਾ ਜੱਜ ਇਸ ਤੱਥ ਨਾਲ ਸਹਿਮਤ ਹੋਣ 'ਚ ਨਾਕਾਮ ਰਿਹਾ ਕਿ ਨਰਿੰਦਰ ਸਿੰਘ ਨੂੰ ਹਿਰਾਸਤ ਵਿਚ ਲੈ ਕੇ ਸੜਕ 'ਤੇ ਹੀ ਬੁਰੀ ਤਰ੍ਹਾਂ ਕਤਲ ਕਰ ਦਿੱਤਾ ਸੀ ਤੇ ਉਸ (ਲਵਲੀ) ਦੇ ਪਰਿਵਾਰਕ ਮੈਂਬਰਾਂ ਨੂੰ ਝੂਠੇ ਕੇਸ ਵਿਚ ਫਸਾਇਆ ਗਿਆ ਸੀ ਪਰ ਜ਼ਿੰਮੇਵਾਰ ਪੁਲਿਸ ਅਧਿਕਾਰੀ ਨੂੰ ਹੁਣ ਤਕ ਸਜ਼ਾ ਦੇਣ ਦੀ ਬਜਾਏ ਪੁਰਸਕਾਰ ਦਿੱਤੇ ਜਾਂਦੇ ਰਹੇ ਹਨ। ਜਸਟਿਸ ਮੁਰਲੀਧਰਨ ਨੇ ਪਟੀਸ਼ਨ ਨੂੰ ਰੱਦ ਕਰਦੇ ਹੋਏ ਕਿਹਾ ਸੀ ਕਿ ਇਸ ਤਰ੍ਹਾਂ ਦੇ ਮਾਮਲਿਆਂ ਦੇ ਨਿਆਇਕ ਜਾਇਜ਼ੇ ਦਾ ਖੇਤਰ ਸੀਮਤ ਹੁੰਦਾ ਹੈ। ਅਮਰੀਕ ਸਿੰਘ ਨੇ ਮੰਗ ਕੀਤੀ ਸੀ ਕਿ 7 ਜੂਨ 1985 ਦੇ ਨੋਟੀਫਿਕੇਸ਼ਨ ਮੁਤਾਬਕ ਕੈਂਥ ਤੇ ਮਾਨਨ ਨੂੰ ਦਿੱਤਾ ਬਹਾਦਰੀ ਪੁਰਸਕਾਰ ਵਪਸ ਲੈਣ ਲਈ ਗ੍ਰਹਿ ਮੰਤਰਾਲੇ ਨੂੰ ਹਦਾਇਤ ਕੀਤੀ ਜਾਵੇ।

# ਢੀਂਡਸਾ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਮੁੜ ਪ੍ਰਧਾਨ ਬਣੇ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੂੰ ਮੁੜ ਸਰਬਸੰਮਤੀ ਨਾਲ ਪੰਜਾਬ ਓਲੰਪਿਕ ਐਸੋਸੀਏਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ। ਪੰਜਾਬ ਭਵਨ 'ਚ ਪੰਜਾਬ ਓਲੰਪਿਕ ਐਸੋਸੀਏਸ਼ਨ ਦੀ ਹੋਈ ਸਾਲਾਨਾ ਜਨਰਲ ਮੀਟਿੰਗ ਵਿਚ ਭਾਰਤੀ ਓਲੰਪਿਕ ਐਸੋਸੀਏਸ਼ਨ ਵੱਲੋਂ ਡਾ. ਮਨਮੋਹਨ ਸਿੰਘ ਬਤੌਰ ਨਿਗਰਾਨ ਪਹੁੰਚੇ। ਉਨ੍ਹਾਂ ਦੀ ਹਾਜ਼ਰੀ ਵਿਚ ਚੋਣ ਦਾ ਕੰਮ ਨੇਪਰੇ ਚੜ੍ਹਿਆ। ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਜੀਵਨ ਭਰ ਲਈ ਪ੍ਰਧਾਨ ਮਹਿਲ ਸਿੰਘ ਭੁੱਲਰ ਤੇ ਪੀ.ਐਸ. ਕੁਮੇਦਾਨ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਚੋਣ ਵਿਚ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਸੁਖਦੇਵ ਸਿੰਘ ਢੀਂਡਸਾ ਨੂੰ ਪ੍ਰਧਾਨ, ਰਾਜਾ ਕੇ.ਐਸ. ਸਿੱਧੂ ਨੂੰ ਸਕੱਤਰ ਜਨਰਲ ਤੇ ਰਾਜਦੀਪ ਸਿੰਘ ਗਿੱਲ ਨੂੰ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ।



ਹੋਰ ਅਹੁਦੇਦਾਰਾਂ ਵਿਚ ਪੀ.ਐਸ. ਵਿਰਕ ਨੂੰ ਖਜ਼ਾਨਚੀ, ਬ੍ਰਹਮ ਮਹਿੰਦਰਾ, ਐਸ.ਐਸ. ਚੰਨੀ, ਸਿਕੰਦਰ ਸਿੰਘ ਮਲੂਕਾ, ਪਦਮਸ਼੍ਰੀ ਪਹਿਲਵਾਨ ਕਰਤਾਰ ਸਿੰਘ ਤੇ ਰਾਜਨ ਗੁਪਤਾ ਨੂੰ ਮੀਤ ਪ੍ਰਧਾਨ, ਕੇ.ਬੀ.ਐਸ. ਸਿੱਧੂ ਨੂੰ ਸਹਾਇਕ ਸਕੱਤਰ ਤੇ ਰਜਿੰਦਰ ਸਿੰਘ ਕਲਸੀ, ਅਰਜੁਨ ਐਵਾਰਡੀ ਇੰਦਰ ਸਿੰਘ, ਅਰਜੁਨ ਐਵਾਰਡੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਉਪਿੰਦਰ ਸਿੰਘ ਗਰੇਵਾਲ ਤੇ ਜਗਦੀਸ਼ ਕੁਮਾਰ ਮਿੱਤਲ ਨੂੰ ਸੰਯੁਕਤ ਸਕੱਤਰ ਚੁਣਿਆ ਗਿਆ। ਕਾਰਜਕਾਰਨੀ ਮੈਂਬਰਾਂ ਵਿਚ ਪਰਮਿੰਦਰ ਸਿੰਘ ਢੀਂਡਸਾ, ਅਰੁਣ ਵਿੱਜ, ਤੇਜਾ ਸਿੰਘ ਧਾਲੀਵਾਲ, ਤਾਰਾ ਸਿੰਘ, ਕੇ.ਐਸ. ਕੰਗ, ਅਰਜੁਨ ਐਵਾਰਡੀ ਜੈਪਾਲ ਸਿੰਘ, ਗੁਰਬੀਰ ਸਿੰਘ ਸੰਧੂ, ਉਪਜੀਤ ਸਿੰਘ ਬਰਾੜ, ਹਰਵਿੰਦਰ ਸਿੰਘ ਕਾਹਲੋਂ, ਬਲਰਾਜ ਸ਼ਰਮਾ, ਹਰਕੇਸ਼ ਸਿੰਘ ਸਿੱਧੂ, ਦੇਵ ਧਾਲੀਵਾਲ ਤੇ ਰਾਜ ਕੁਮਾਰ ਨੂੰ ਸ਼ਾਮਲ ਕੀਤਾ ਗਿਆ। ਇਸ ਮੌਕੇ ਦੋ ਕਮੇਟੀਆਂ ਦੇ ਚੇਅਰਮੈਨਾਂ ਦੀ ਵੀ ਚੋਣ ਕੀਤੀ ਗਈ।

# ਕੈਨੇਡੀਅਨ ਵੀਜ਼ੇ ਲਈ ਸੈਲਾਨੀਆਂ ਨੂੰ ਦੇਣੇ ਪੈਣਗੇ ਫਿੰਗਰ ਪ੍ਰਿੰਟ

**ਚੰਡੀਗੜ੍ਹ:** ਕੈਨੇਡਾ ਵੱਲੋਂ ਭਾਰਤ ਤੋਂ ਆਉਣ ਵਾਲੇ ਸੈਲਾਨੀਆਂ ਦੇ ਉਂਗਲਾਂ ਦੇ ਨਿਸ਼ਾਨ ਲਏ ਜਾਣਗੇ। ਪਰਵਾਸ ਮਹਿਕਮੇ ਦੇ ਸੂਤਰਾਂ ਅਨੁਸਾਰ ਕੈਨੇਡਾ ਸਰਕਾਰ ਭਾਰਤੀਆਂ ਨੂੰ ਵੀਜ਼ਾ ਦੇਣ ਸਮੇਂ ਫਿੰਗਰ ਪ੍ਰਿੰਟ ਲੈਣ 'ਤੇ ਵਿਚਾਰ ਕਰ ਰਹੀ ਹੈ। ਸੂਤਰਾਂ ਮੁਤਾਬਕ ਭਾਰਤ ਸਮੇਤ ਕਈ ਹੋਰ ਮੁਲਕਾਂ ਨੂੰ ਇਸ ਸੂਚੀ ਵਿਚ ਸ਼ਾਮਲ ਕਰਨ ਜਾ ਰਿਹਾ ਹੈ।

ਅਜਿਹਾ ਕਦਮ ਕੈਨੇਡੀਅਨ ਬਾਰਡਰ ਰਾਹੀਂ ਹੋਣ ਵਾਲੀ ਪਰਵਾਸ ਧੋਖਾਧੜੀ ਨੂੰ ਨੱਥ ਪਾਉਣ ਲਈ ਕੀਤਾ ਜਾ ਰਿਹਾ ਹੈ। ਹਾਲ ਦੀ ਘੜੀ ਕੈਨੇਡਾ ਬਾਰਡਰ ਏਜੰਟ ਸਿਰਫ ਪਾਸਪੋਰਟ ਵਿਚਲੀ ਫੋਟੋ ਪਛਾਣ 'ਤੇ ਹੀ ਨਿਰਭਰ ਕਰਦੇ ਹਨ ਜਦਕਿ ਬਹੁਤ ਸਾਰੇ ਮੁਲਕ ਪਹਿਲਾਂ ਹੀ ਬਾਇਓਮੈਟਰਿਕਸ ਤਕਨਾਲੋਜੀ ਵਰਤ ਰਹੇ ਹਨ ਜਿਸ ਰਾਹੀਂ ਬੰਦੇ ਦੇ ਹੱਥ ਦੀਆਂ ਲਕੀਰਾਂ, ਚਿਹਰੇ ਤੇ ਅੱਖਾਂ ਦੀ ਪੁਤਲੀ ਦੇ ਨਮੂਨੇ ਕੰਪਿਊਟਰ 'ਚ ਸਟੋਰ ਕੀਤੇ ਜਾਂਦੇ ਹਨ। ਇਸ ਵਿਧੀ ਰਾਹੀਂ ਜੌੜੇ ਲੋਕਾਂ ਦਾ ਵਖਰੇਵਾਂ ਵੀ ਲੱਭਿਆ ਜਾ ਸਕਦਾ ਹੈ ਪਰ ਕੈਨੇਡਾ ਸਿਰਫ ਫਿੰਗਰ ਪ੍ਰਿੰਟ ਤਕਨਾਲੋਜੀ ਨੂੰ ਹੀ ਪਹਿਲ ਦੇਣ ਦੀ ਸੋਚ ਰਿਹਾ ਹੈ ਤੇ ਭਾਰਤ ਇਸ 200 ਮਿਲੀਅਨ ਡਾਲਰ ਦੇ ਪ੍ਰੋਗਰਾਮ 'ਚ ਆਉਣ ਵਾਲੇ ਮੋਹਰੀ ਮੁਲਕਾਂ ਚ ਸ਼ਾਮਲ ਹੋਵੇਗਾ।

ਇਮੀਗ੍ਰੇਸ਼ਨ ਵਿਭਾਗ ਦੀਆਂ ਨਜ਼ਰਾਂ 'ਚ ਭਾਰਤ ਵੀਜ਼ਾ ਫਰਾਡ ਵਿਚ ਚਰਚਿਤ ਮੁਲਕ ਰਿਹਾ ਹੈ। ਦੋ ਕੁ ਸਾਲ ਪਹਿਲਾਂ ਜੈੱਟ ਏਅਰਵੇਜ਼ ਰਾਹੀਂ ਆਉਣ ਵਾਲੇ ਦਰਜਨਾਂ ਯਾਤਰੀ ਟੋਰਾਂਟੋ ਏਅਰਪੋਰਟ 'ਤੇ ਬਾਰਡਰ ਅਧਿਕਾਰੀਆਂ ਨੇ ਬਗੈਰ ਦਸਤਾਵੇਜ਼ਾਂ ਤੋਂ ਉੱਤਰਦੇ ਦਬੋਚ ਲਏ ਸਨ। ਇਹ ਗੱਲ ਵੀ ਹੁਣ ਤੱਕ ਲੁਕੀ-ਛੁਪੀ ਨਹੀਂ ਹੈ ਕਿ ਬਹੁਤ ਵਾਰ ਭਾਰਤੀ ਪਾਸਪੋਰਟਾਂ 'ਤੇ ਲੱਗੀ ਫੋਟੋ ਨੂੰ ਬਦਲ ਕੇ ਵੀਜ਼ੇ ਲਵਾਏ ਜਾਂਦੇ ਰਹੇ ਹਨ। ਅਮਰੀਕਾ ਤੇ ਇੰਗਲੈਂਡ ਆਉਂਦੇ ਭਾਰਤੀ ਵਪਾਰੀਆਂ ਤੋਂ ਅਕਸਰ ਸਕੈਨਰ ਰਾਹੀਂ ਫਿੰਗਰ ਪ੍ਰਿੰਟ ਲਏ ਜਾਂਦੇ ਹਨ ਪਰ ਕੈਨੇਡਾ 'ਚ ਅਜੇ ਤੱਕ ਅਜਿਹਾ ਨਹੀਂ ਸੀ।

# ਪੰਜਾਬੀ ਸੱਭਿਆਚਾਰ ਦਾ ਝੰਡਾਬਰਦਾਰ ਰਸ਼ਪਾਲ ਫਰਵਾਲਾ

**ਰੇਸ਼ਮ ਸਿੰਘ ਕਰਨਾਣਵੀ**

ਦੁਨੀਆਂ ਦੇ ਵਿਕਸਤ ਦੇਸਾਂ ਵਿਚ ਦਹਾਕਿਆਂ ਤੋਂ ਵਸੇ ਲੋਕ ਆਪੋ-ਆਪਣੇ ਤਰੀਕਿਆਂ ਨਾਲ ਆਪਣੇ ਦੇਸੀ ਪੁਰਬ, ਤਿਉਹਾਰ, ਮੇਲਿਆਂ ਦੀ ਯਾਦ ਤਾਜ਼ਾ ਕਰਨ ਲਈ ਉਪਰਾਲੇ ਕਰਦੇ ਰਹਿੰਦੇ ਹਨ। ਦੁਆਬੇ ਦੀ ਧਰਤੀ ਦੇ ਨੂਰਮਹਿਲ ਬਿਲਗੇ ਲਾਗਲੇ ਪਿੰਡ ਫਰਵਾਲਾ ਤੋਂ ਪੜ੍ਹ-ਲਿਖ ਕੇ ਨੌਕਰੀ ਦੀ ਤਲਾਸ਼ ਦੌਰਾਨ ਦੋਸਤ ਹਰਭਜਨ ਸਿੰਘ ਦੇ ਸੱਦੇ 'ਤੇ ਜਰਮਨੀ ਉਪਰੰਤ 1982 'ਚ ਅਮਰੀਕਾ ਆ ਵਸੇ ਸਵਰਗੀ ਨੰਬਰਦਾਰ ਬਲਵੰਤ ਸਿੰਘ ਅਤੇ ਮਾਤਾ ਨਸੀਬ ਕੌਰ ਦਾ ਸਪੁੱਤਰ ਰਸ਼ਪਾਲ ਸਿੰਘ ਫਰਵਾਲਾ 22 ਸਾਲਾਂ ਤੋਂ ਸੈਕਰਾਮੈਂਟੋ ਵਿਚ ਵਿਸਾਖੀ ਦਾ ਨਿਰੋਲ ਸੱਭਿਆਚਾਰਕ ਮੇਲਾ ਲਾ ਕੇ ਆਪਣੇ ਸੱਭਿਆਚਾਰ ਦਾ ਆਲੰਬਰਦਾਰ ਬਣਿਆ ਹੋਇਆ ਹੈ। ਉਹ ਆਪ ਇੱਕ ਵਧੀਆ ਗਾਇਕ, ਗੀਤਕਾਰ ਅਤੇ ਵੱਖਰੀ ਸੋਚ ਦਾ ਧਾਰਨੀ ਹੈ।

ਸੋਨੇ 'ਤੇ ਸੁਹਾਗੇ ਵਾਲੀ ਗੱਲ ਇਹ ਰਹੀ ਕਿ ਰਸ਼ਪਾਲ ਸਿੰਘ ਦੀ ਜੀਵਨ ਸਾਥਣ ਮਾਲਵੇ ਦੀ ਜੰਮਪਲ ਮਨਦੀਪ ਕੌਰ ਗਰੇਵਾਲ, ਜੋ ਕਿਲਾ ਰਾਏਪੁਰ ਤੋਂ ਹੈ, ਦੇ ਗਿੱਧੇ ਦੇ ਸ਼ੌਂਕ ਕਰਕੇ ਰਸ਼ਪਾਲ ਨੂੰ ਹੋਰ ਹੁਲਾਰਾ ਮਿਲ ਗਿਆ। ਮਨਦੀਪ ਦੇ ਇਸ ਸ਼ੌਂਕ ਕਰਕੇ ਉਸ ਨੇ 12 ਸਾਲ ਪਹਿਲਾਂ ਤੀਆਂ ਦਾ ਮੇਲਾ ਲਗਾਉਣਾ ਸ਼ੁਰੂ ਕੀਤਾ। (ਇਸ ਵਾਰ ਸਾਉਣ 'ਚ 12ਵਾਂ ਮੇਲਾ ਲੱਗ ਜਾ ਰਿਹਾ ਹੈ) ਉਸ ਨੂੰ ਸੁਘੜ ਸਾਥ ਮਿਲਿਆ, ਰਸ਼ਪਾਲ ਕੌਰ, ਬਲਦੇਵ ਕੌਰ, ਪਰਦੀਪ ਕੌਰ ਪੂੰਨੀ ਦਾ ਤੇ ਫਿਰ ਕੀ ਸੀ ਦਿਨੋ-ਦਿਨ ਮੇਲੇ ਦੀ ਸ਼ਾਨ 'ਚ ਵਾਧਾ ਹੁੰਦਾ ਗਿਆ। ਨਿਰੋਲ ਸੱਭਿਆਚਾਰਕ ਮੇਲਿਆਂ ਕਰਕੇ ਲੋਕਾਂ ਦਾ ਨਿੱਘਾ ਸਾਥ ਮਿਲਿਆ ਅਤੇ ਅਖੌਤੀ ਸੱਭਿਆਚਾਰਕ ਮੇਲਿਆਂ ਦੇ 'ਲੰਬੜਦਾਰ' ਬਣੇ ਲੋਕਾਂ ਲਈ ਵੀ ਮਾਰਗਦਰਸ਼ਕ ਬਣਿਆ ਹੋਇਆ ਹੈ। ਅਮਰੀਕਾ 'ਚ ਜਨਮੇ ਬੱਚੇ ਵੀ ਆਪਣੀਆਂ ਜੜ੍ਹਾਂ ਨਾਲ ਜੁੜ ਕੇ, ਇਸ 'ਚ ਭਾਗ ਲੈ ਕੇ, ਦੇਖ, ਮਾਣ ਕੇ, ਆਪਣੀ ਰੂਹ ਸਰਸ਼ਾਰ ਕਰਦੇ ਹਨ।

ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਬੰਧ ਦੀ ਗੱਲ ਕਰੀਏ ਤਾਂ ਕੋਈ ਪ੍ਰਬੰਧਕੀ ਕਮੇਟੀ ਨਹੀਂ, ਕੋਈ ਵਿਸ਼ੇਸ਼ ਅਹੁਦੇਦਾਰ ਨਹੀਂ ਸਿਰਫ਼ ਤੇ ਸਿਰਫ਼ ਸਾਰੇ ਕਾਰਜਕਾਰੀ ਮੈਂਬਰ ਹਨ ਜੋ ਇੱਕ ਕੜੀ ਦੇ ਰੂਪ 'ਚ ਬੱਝ ਕੇ ਕੰਮ ਕਰਦੇ ਹਨ। ਇਨ੍ਹਾਂ 'ਚ ਰਾਜਿੰਦਰ ਪਾਲ ਸਿੰਘ, ਅਮਰੀਕ ਪਰਿਹਾਰ, ਕੀਰਤ ਸਹੋਤਾ, ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ, ਔਲਖ, ਜਸਵੰਤ ਸ਼ਾਦ, ਐਮ. ਐਸ. ਚਾਹਲ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਸਿੰਘ ਡੋਡ, ਹਰਜਿੰਦਰ ਪੰਧੇਰ ਅਤੇ ਹਰਪਾਲ ਸੰਧੂ ਦੇ ਨਾਂ ਸ਼ਾਮਲ ਹਨ।

ਮੇਲਿਆਂ ਤੋਂ ਦੋ ਦੋ ਮਹੀਨੇ ਪਹਿਲਾਂ ਰਸ਼ਪਾਲ ਹੋਰਾਂ ਦੇ ਘਰ ਮੇਲੇ ਵਰਗਾ ਮਾਹੌਲ ਬਣਨਾ ਸ਼ੁਰੂ ਹੋ ਜਾਂਦਾ ਹੈ ਵਿਉਂਤਾਂ ਬਣਦੀਆਂ, ਤਿਆਰੀਆਂ ਹੁੰਦੀਆਂ ਰਲ ਮਿਲ ਕੇ ਪ੍ਰਬੰਧ ਕੀਤਾ ਜਾਂਦਾ ਹੈ। ਵਿਸਾਖੀ ਮੇਲੇ 'ਚ ਕੋਈ ਲੱਚਰਤਾ ਨਹੀਂ, ਕੋਈ ਊਟ ਪਟਾਂਗ ਗਾਇਕੀ ਨਹੀਂ, ਸ਼ਰਾਬੀਆਂ ਲਈ ਸਖ਼ਤ ਮਨਾਹੀ, ਗਾਇਕਾਂ ਨੂੰ ਸਾਫ਼-ਸੁਥਰਾ ਗਾਉਣ ਦੀ ਤਾੜਨਾ ਦੇ ਦਰਮਿਆਨ ਭੰਗੜੇ, ਗਿੱਧੇ ਤੇ ਵਧੀਆ ਗਾਇਕੀ ਦੀ ਪੇਸ਼ਕਾਰੀ ਮਿਸਾਲ ਬਣਦੀ ਹੈ। ਕੋਈ ਗਾਇਕ ਪੈਸੇ ਲੈ ਕੇ ਨਹੀਂ ਗਾਉਂਦਾ। ਵੱਡਾ ਇਕੱਠ ਬੱਚਿਆਂ, ਜਵਾਨਾਂ, ਬਜ਼ੁਰਗਾਂ, ਔਰਤਾਂ ਨੂੰ ਆਪਣੇ ਪਿੰਡਾਂ 'ਚ ਜੁੜਦੇ ਮੇਲਿਆਂ ਦਾ ਚੇਤਾ ਕਰਾ ਜਾਂਦਾ ਹੈ। ਇਸ ਵਿਚ ਅਮਰੀਕਾ 'ਚ ਜਨਮੇ ਬੱਚੇ ਭਾਗ ਲੈਂਦੇ ਹੋਏ ਬਿਲਕੁਲ ਵੀ ਅਮਰੀਕਨ ਪੰਜਾਬੀ ਨਹੀਂ ਲਗਦੇ ਸਗੋਂ ਪੰਜਾਬੀ ਮਾਹੌਲ 'ਚ ਚੰਗੇ ਪੰਜਾਬੋਂ ਆਏ ਲਗਦੇ ਹਨ।

ਸੌ ਸੌ ਮੀਲ ਤੋਂ ਵੀ ਲੋਕ ਇਨ੍ਹਾਂ 'ਚ ਸ਼ਾਮਲ ਹੁੰਦੇ ਹਨ। ਰਸ਼ਪਾਲ ਹੋਰੀਂ ਦੱਸਦੇ ਹਨ ਕਿ ਕਈ ਵਾਰ ਛੋਟੇ ਬੱਚੇ ਅਚਾਨਕ ਪੁੱਛ ਲੈਂਦੇ ਹਨ, ਅੰਕਲ ਵਿਸਾਖੀ ਕਦੋਂ ਹੈ ਮੈਂ ਉਥੇ ਭੰਗੜਾ ਪਾਉਣੈ! ਭੰਗੜੇ ਗਿੱਧੇ ਗਾਇਕੀ ਨਾਲ ਬੱਚਿਆਂ ਦਾ ਮੋਹ ਇੰਨਾ ਹੈ ਕਿ ਰਸ਼ਪਾਲ ਫਰਵਾਲਾ ਦਾ ਸਟੇਟ ਜੌਬ ਕਰਦਾ



ਰਸ਼ਪਾਲ ਫਰਵਾਲਾ

ਯੂ. ਸੀ. ਯੂਨੀਵਰਸਿਟੀ ਦਾ ਗਰੈਜੂਏਟ (ਭੰਗੜੇ ਦਾ ਸ਼ੌਂਕੀ) ਬੇਟਾ ਵਰਿੰਦਰ ਸਿੰਘ ਸੰਘੇੜਾ ਭੰਗੜੇ ਦੀਆਂ ਕਈ ਟੀਮਾਂ ਤਿਆਰ ਕਰ ਚੁੱਕਾ ਹੈ। ਗਿਆਰ੍ਹਵੇਂ ਗਰੇਡ 'ਚ ਪੜ੍ਹਦਾ ਛੋਟਾ ਬੇਟਾ ਅੰਮ੍ਰਿਤ ਸੰਘੇੜਾ ਵੀ ਘਰ ਦੇ ਮਾਹੌਲ 'ਚ ਰੰਗਿਆ ਹੋਇਆ ਹੈ। ਤੀਆਂ ਦੇ ਮੇਲੇ ਦੇ ਚਾਰ ਪੜਾਅ ਹੁੰਦੇ ਹਨ। ਪਹਿਲੇ ਗੇੜ 'ਚ ਔਰਤਾਂ ਇਕੱਠੀਆਂ ਬੈਠ ਕੇ ਰਵਾਇਤੀ ਲੋਕ ਗੀਤ ਗਾਉਂਦੀਆਂ ਹਨ ਤੇ ਖੂਬ ਮਾਹੌਲ ਬੱਝਦਾ ਹੈ। ਦੂਸਰੇ ਦੌਰ 'ਚ ਲੋਕ-ਨਾਚ, ਹਾਸ-ਰਸ ਝਲਕੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਤੀਸਰੇ ਦੌਰ 'ਚ ਗਿੱਧੇ ਅਤੇ ਬੋਲੀਆਂ ਦਾ ਪਿੜ ਬੱਝਦਾ ਹੈ। ਚੌਥਾ ਦੌਰ ਗਾਇਕੀ ਦਾ ਰਹਿੰਦਾ ਹੈ। ਵੱਖਰੀ ਕਿਸਮ ਦੇ ਮੁਕਾਬਲਿਆਂ ਵਿਚ ਚਰਖੇ 'ਤੇ ਸਭ ਤੋਂ ਲੰਬਾ ਤੰਦ ਪਾਉਣ ਵਾਲੀ ਤੇ ਵਧੀਆ ਪੰਜਾਬੀ ਪਹਿਰਾਵੇ ਵਾਲੀਆਂ ਔਰਤਾਂ ਨੂੰ ਪਹਿਲਾ ਇਨਾਮ ਦਿੱਤਾ ਜਾਂਦਾ ਹੈ। ਜਿਹੜੇ ਲੋਕ ਇਸ ਮੇਲੇ ਪ੍ਰਤੀ ਵਿਰੋਧੀ ਸੁਰ ਰੱਖਦੇ ਸਨ, ਉਹ ਕਹਿੰਦੇ ਹਨ ਕਿ ਪੱਛਮੀ ਸੱਭਿਆਚਾਰ ਦੇ ਰੰਗ 'ਚ ਰੰਗੇ ਬੱਚਿਆਂ ਨੂੰ ਵੀ ਇਸ ਮੇਲੇ ਨਾਲ ਜੋੜ ਲਵੋ ਨਹੀਂ ਤਾਂ ਅਸੀਂ ਬੇਗਾਨੇ ਦੇਸ 'ਚ ਹੋਰ ਵੀ ਬੇਗਾਨੇ ਹੋ ਜਾਵਾਂਗੇ।

ਵਿਲੱਖਣ ਸੋਚ ਦਾ ਮਾਲਕ ਰਸ਼ਪਾਲ ਫਰਵਾਲਾ ਪੇਂਡੂ ਮੱਧਵਰਗੀ ਪਰਿਵਾਰਕ ਪਿਛੋਕੜ ਵਿਚੋਂ ਹੈ। ਅਮਰੀਕਾ ਅਤੇ ਇੰਡੀਆ ਵਸਦੀਆਂ ਭੈਣਾਂ ਅਤੇ ਨਿਊਜੀਲੈਂਡ, ਅਮਰੀਕਾ ਅਤੇ ਇੰਡੀਆ 'ਚ ਵਸਦੇ ਇੱਕ ਸਵਰਗੀ ਭਰਾ ਦੇ ਬੱਚਿਆਂ ਦੇ ਪਰਿਵਾਰ ਦਾ ਇੱਕ ਮੋਢੀ ਮੈਂਬਰ ਹੈ। ਰਸ਼ਪਾਲ ਸਿੰਘ ਨੇ 1980 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬੀ. ਏ. ਕਰਨ ਉਪਰੰਤ ਲੁਧਿਆਣੇ ਦੇ ਆਰੀਆ ਕਾਲਜ ਤੋਂ ਉਚੇਰੀ ਵਿੱਦਿਆ ਲਈ। ਕਿਸਾਨ ਮਜ਼ਦੂਰਾਂ ਦੇ ਸੰਘਰਸ਼ ਹਿੱਤ ਲਗਦੀਆਂ ਸਟੇਜਾਂ ਤੋਂ ਇਨਕਲਾਬੀ ਗੀਤ ਗਾਉਣ ਵਾਲੇ ਰਸ਼ਪਾਲ ਨੇ ਕਾਲਜ ਸਮੇਂ ਦੇ ਯੂਥ ਫੈਸਟੀਵਲਾਂ 'ਤੇ ਕਈ ਮੁਕਾਬਲੇ ਵੀ ਜਿੱਤੇ। ਰਸ਼ਪਾਲ ਫਰਵਾਲਾ ਨੇ ਜਲੰਧਰ ਰੇਡੀਓ ਤੋਂ ਵੀ ਤਿੰਨ ਵਾਰ ਦਿਹਾਤੀ ਪ੍ਰੋਗਰਾਮ ਵਿਚ ਗੀਤ ਪੇਸ਼ ਕਰਕੇ ਆਪਣੇ ਫ਼ਨ ਦਾ ਮੁਜਾਹਰਾ ਕੀਤਾ। ਗੀਤਾਂ ਦੀ ਇੱਕ ਕੈਸਟ ਐਚ ਐਮ ਵੀ ਅਤੇ ਦੋ ਕੈਸਟਾਂ ਅਮਰੀਕਾ 'ਚ ਵੀ ਪੰਜਾਬੀ ਗਾਇਕੀ ਦੀ ਝੋਲੀ ਪਾਈਆਂ।

ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਦਾ ਕਾਲਜ ਵੇਲੇ ਦੇ ਸਰਗਰਮ ਕਾਰਕੁਨ, ਅਗਾਂਹਵਧੂ ਵਿਚਾਰਾਂ ਦੇ ਧਾਰਨੀ ਰਸ਼ਪਾਲ ਸਿੰਘ ਨੇ ਅਮਰੀਕਾ ਆ ਕੇ ਮੁੱਢਲੇ ਦਿਨਾਂ ਵਿਚ ਹੋਰਨਾਂ ਵਾਂਗ ਸੰਘਰਸ਼ ਕੀਤਾ। ਹੁਣ ਸੱਤ ਸਾਲ ਤੋਂ ਇੱਕ ਰੈਸਟੋਰੈਂਟ ਚਲਾਉਂਦੇ ਹਨ। ਉਨ੍ਹਾਂ ਦੀ ਜੀਵਨ ਸਾਥਣ ਮਨਦੀਪ ਬਤੌਰ ਮੈਡੀਕਲ ਸਹਾਇਕ ਕੰਮ ਕਰਦਿਆਂ ਰੀਅਲ ਅਸਟੇਟ ਦਾ ਕੰਮ ਵੀ ਕਰਦੀ ਹੈ। ਸੇਵਾ ਭਾਵਨਾ ਹਿੱਤ ਪੰਜਾਬੀਆਂ ਦੇ ਕੋਰਟਾਂ ਅਤੇ ਇਮੀਗਰੇਸ਼ਨ ਦੇ ਮਾਮਲਿਆਂ ਵਿਚ ਫਾਰਮ ਆਦਿ ਭਰਨ ਅਤੇ ਦੋ ਭਾਸ਼ੀਏ ਦੇ ਤੌਰ 'ਤੇ ਕੰਮ ਕਰਕੇ ਪੰਜਾਬੀ ਔਰਤਾਂ ਦੀ ਸੇਵਾ ਕਰ ਰਹੀ ਹੈ।

ਰਸ਼ਪਾਲ ਸਿੰਘ ਕਹਿੰਦਾ ਹੈ ਕਿ ਸੋਚਿਆ ਤਾਂ ਸੀ ਕਿ ਬਾਹਰ ਪੰਜ-ਸੱਤ ਸਾਲ ਲਾ ਕੇ ਵਤਨ ਪਰਤ ਕੇ ਕੋਈ ਕਾਰੋਬਾਰ ਕਰਾਂਗੇ ਪਰ ਇੱਥੇ ਆ ਕੇ ਐਸੇ ਉਲਝੇ ਕਿ ਵਾਪਸ ਜਾਣਾ ਮੁਸ਼ਕਿਲ ਹੋ ਗਿਆ ਹੈ। ਉਹ ਭਾਵੁਕ ਹੋ ਕੇ ਕਹਿੰਦਾ ਹੈ:

ਕਿਵੇਂ ਭੁਲਾਵਾਂ
ਤੂਤਾਂ ਵਾਲੇ ਖੂਹ ਦੀਆਂ ਟਿੰਡਾਂ ਨੂੰ।
ਕਿਵੇਂ ਭੁਲਾਵਾਂ
ਰੱਬ ਵਰਗੇ ਮੇਰੇ ਵਸਦੇ ਪਿੰਡਾਂ ਨੂੰ।
ਰਾਤ ਚਾਨਣੀ ਵਿਚ ਕੋਠੇ
ਉਤੇ ਮੰਜੇ ਹੁੰਦੇ ਸੀ।
ਆਉਂਦਾ ਯਾਦ ਪੰਜਾਬ,
ਬੜੇ ਦਿਨ ਚੰਗੇ ਹੁੰਦੇ ਸੀ।

ਰਸ਼ਪਾਲ ਹੋਰੀਂ ਆਪਣੇ ਪਿੰਡ ਨਾਲ ਸਾਂਝ ਬਣਾਈ ਰੱਖਣ ਹਿੱਤ ਲੜਕੀਆਂ ਦੇ ਵਿਆਹਾਂ, ਖੇਡਾਂ, ਹੋਰ ਸਾਮਾਜਿਕ ਕੰਮਾਂ 'ਚ ਜ਼ਰੂਰ ਯੋਗਦਾਨ ਪਾਉਂਦੇ ਰਹਿਮਦੇ ਹਨ। ਉਹ ਆਪਣੀ ਕਾਮਯਾਬੀ ਅਤੇ ਸਾਮਾਜਿਕ ਸੱਭਿਆਚਾਰਕ ਸਰਗਰਮੀਆਂ 'ਚ ਸਫਲਤਾ ਦਾ ਕਾਰਨ ਇਸ ਮੂਲ ਮੰਤਰ ਨੂੰ ਜ਼ਿੰਦਗੀ 'ਚ ਲਾਗੂ ਕਰ ਲੈਣਾ ਵਡਮੁੱਲਾ ਮੰਨਦੇ ਹੋਏ ਰਸ਼ਪਾਲ ਹੋਰੀਂ ਦੱਸਦੇ ਹਨ, "ਨੀਅਤ ਸਾਫ਼ ਹੋਵੇ, ਮੰਜ਼ਿਲ ਤੈਅ ਹੋਵੇ ਲੋਕ ਆਪਣੇ ਆਪ ਤੁਹਾਡਾ ਸਾਥ ਦੇਣਗੇ।"

# ਭਾਰਤ ਵੱਲੋਂ ਅਮਰੀਕਾ ਨਾਲ ਜਹਾਜ਼ ਖਰੀਦਣ ਦੀ ਸੰਧੀ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਅਮਰੀਕਾ ਤੋਂ ਦਸ ਸੀ-17 ਫੌਜੀ ਹਵਾਈ ਜਹਾਜ਼ ਖਰੀਦਣ ਦੇ 4.1 ਅਰਬ ਡਾਲਰ ਦੇ ਸੌਦੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਦੋਵਾਂ ਮੁਲਕਾਂ ਦਰਮਿਆਨ ਹੁਣ ਤਕ ਦਾ ਸਭ ਤੋਂ ਵੱਡਾ ਫੌਜੀ ਸੌਦਾ ਹੈ ਜਿਸ ਤਹਿਤ ਭਾਰੀ ਸਾਜ਼ੋ-ਸਾਮਾਨ ਢੋਣ ਵਾਲੇ ਇਹ 10 ਜਹਾਜ਼ ਖਰੀਦੇ ਜਾਣਗੇ। ਇਸ ਤੋਂ ਪਹਿਲਾਂ ਅਮਰੀਕਾ 126 ਜੰਗੀ ਜਹਾਜ਼ ਵੇਚਣ ਦੀ ਕੋਸ਼ਿਸ਼ ਵਿਚ ਨਾਕਾਮ ਰਿਹਾ ਸੀ।

ਇਹ ਫ਼ੈਸਲਾ 6 ਜੂਨ ਨੂੰ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੀ ਹੋਈ ਮੀਟਿੰਗ ਵਿਚ ਲਿਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਧਾਨ ਡਾ. ਮਨਮੋਹਨ ਸਿੰਘ ਨੇ ਕੀਤੀ। ਰੱਖਿਆ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੌਦੇ ਮੁਤਾਬਕ ਇਹ ਜਹਾਜ਼ ਸਰਕਾਰ ਤੋਂ ਸਰਕਾਰ ਵਿਦੇਸ਼ੀ ਫੌਜੀ ਵਿਕਰੀ ਪ੍ਰਣਾਲੀ ਰਾਹੀਂ ਖਰੀਦੇ ਜਾਣਗੇ। ਤਜਵੀਜ਼ਤ ਸਮਝੌਤੇ ਮੁਤਾਬਕ ਇਹ ਹਵਾਈ ਜਹਾਜ਼ ਬਣਾਉਣ ਵਾਲੀ ਅਮਰੀਕਾ ਦੀ ਵੱਡੀ ਰੱਖਿਆ ਕੰਪਨੀ ਬੋਇੰਗ ਵੱਲੋਂ ਸੌਦੇ ਦੀ ਰਕਮ ਦਾ 30 ਫ਼ੀਸਦੀ ਹਿੱਸਾ ਨਿਵੇਸ਼ ਕੀਤਾ ਜਾਵੇਗਾ। ਇਹ ਨਿਵੇਸ਼ ਭਾਰਤ ਵਿਚ ਰੱਖਿਆ ਢਾਂਚਾ ਕਾਇਮ ਕਰਨ ਲਈ ਹੋਵੇਗਾ।

ਇਹ ਨਿਵੇਸ਼ ਉਸ ਨਿਯਮ ਤਹਿਤ ਹੋਵੇਗਾ ਜਿਸ ਮੁਤਾਬਕ ਭਾਰਤ ਵਿਚ 300 ਕਰੋੜ ਰੁਪਏ ਤੋਂ ਵੱਧ ਦੀ ਰੱਖਿਆ ਵਿਕਰੀ ਕਰਨ ਵਾਲੀ ਧਿਰ ਨੂੰ ਸੌਦੇ ਦੀ ਰਕਮ ਦਾ ਘੱਟੋ-ਘੱਟ 30 ਫੀਸਦੀ ਹਿੱਸਾ ਭਾਰਤੀ ਰੱਖਿਆ, ਸੁਰੱਖਿਆ ਜਾਂ ਸ਼ਹਿਰੀ ਹਵਾਬਾਜ਼ੀ ਖੇਤਰਾਂ ਵਿਚ ਲਾਜ਼ਮੀ ਨਿਵੇਸ਼ ਕਰਨਾ ਹੁੰਦਾ ਹੈ। ਇਸ ਤੋਂ ਪਹਿਲਾਂ ਭਾਰਤ ਅਤੇ ਅਮਰੀਕਾ ਦਰਮਿਆਨ ਹੁਣ ਤਕ ਦਾ ਸਭ ਤੋਂ ਵੱਡਾ ਰੱਖਿਆ ਸੌਦਾ 2009 ਵਿਚ 2.1 ਅਰਬ ਡਾਲਰ ਦਾ ਸਮੁੰਦਰੀ ਰੱਖਿਆ ਲਈ ਅੱਠ ਪੀ.-81 ਪੈਰੀਟਾਈਮ ਸਰਵਿਜੀਲੈਂਸ ਤੇ ਪਣ-ਡੁੱਬੀ ਰੋਕੂ ਹਵਾਈ ਜਹਾਜ਼ ਖਰੀਦਣ ਲਈ ਹੋਇਆ ਸੀ।

# ਪਰਵਾਸੀ ਭਾਰਤੀ ਦੇ ਕਾਤਲ ਨੂੰ ਨਾਦਾਨ ਕਹਿ ਕੇ ਬਚਾਉਣ ਦੀ ਕੋਸ਼ਿਸ਼

**ਮੈਲਬਰਨ:** ਭਾਰਤੀ ਵਿਦਿਆਰਥੀ ਨਿਤਿਨ ਗਰਗ ਦੇ ਕਤਲ ਕੇਸ ਦੇ ਮੁਜਰਮ 16 ਸਾਲਾ ਮੁੰਡੇ ਦੇ ਵਕੀਲ ਨੇ ਅਦਾਲਤ ਅੱਗੇ ਦਾਅਵਾ ਕੀਤਾ ਹੈ ਕਿ ਇਸ ਦੇ ਮੁਵੱਕਿਲ ਵੱਲੋਂ ਕੀਤਾ ਗਿਆ ਇਹ ਜੁਰਮ ਉਸ ਦੀ ਨਾਦਾਨੀ ਦਾ ਸਿੱਟਾ ਹੈ। ਵਕੀਲ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਦਾ ਮੁਵੱਕਿਲ ਸੰਭਵ ਤੌਰ 'ਤੇ ਆਸਟਰੇਲੀਅਨ ਸੂਬੇ ਵਿਕਟੋਰੀਆ ਵਿਚ ਅਜਿਹਾ ਜੁਰਮ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਹੈ।

ਅਦਾਲਤ ਵਿਚ ਸੁਣਵਾਈ ਦੌਰਾਨ ਸਫਾਈ ਧਿਰ ਦੇ ਵਕੀਲ ਮਾਰਕਸ ਡੈਂਪਸੀ ਨੇ ਕਿਹਾ ਕਿ ਇਸ ਮੁੰਡੇ ਦੇ ਫੋਨ ਦੀ ਟੇਪ ਕੀਤੀ ਗਈ ਗੱਲਬਾਤ ਤੋਂ ਵੀ ਪਤਾ ਲੱਗਦਾ ਹੈ ਕਿ ਇਹ ਜੁਰਮ ਉਸ ਦੀ ਨਾਦਾਨੀ ਦਾ ਸਿੱਟਾ ਸੀ ਤੇ ਇਕ ਗ਼ੈਰ-ਇਰਾਦਤਨ ਕਤਲ ਸੀ। ਜੱਜ ਜਸਟਿਸ ਪਾਲ ਕੌਗਲਨ ਨੇ ਵੀ ਇਸ ਘਟਨਾ ਨੂੰ 'ਬਹੁਤ ਅਫਸੋਸਨਾਕ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਆਪਣਾ ਫੈਸਲਾ ਬਾਅਦ ਵਿਚ ਸੁਣਾਉਣਗੇ।

**Global Multi Services**

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ**

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**High Five Plaza #207**
**16925 S. Harlan Rd.**
**Lathrop CA 95330**
**Exactly on I-5 and Louise Exit**
**Opposite Dennys Restaurant**

**DMV Lic No. 62822**
**Insurance Lic No. 0G73739**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

# ਰਾਮ (ਦੇਵ) ਲੀਲ੍ਹਾ !

## ਬਾਬਾ ਸਿਆਸਤ ਦੇ ਪਹਿਲੇ ਪੌਡੇ ਤੋਂ ਹੀ ਤਿਲਕਿਆ

*ਯੋਗ ਨੂੰ ਭਾਰਤ ਵਿਚ ਹੀ ਨਹੀਂ, ਸੰਸਾਰ ਭਰ ਵਿਚ ਪਾਪੂਲਰ ਕਰਨ ਵਾਲੇ ਬਾਬਾ ਰਾਮਦੇਵ ਨੇ ਜਿਉਂ ਹੀ ਆਪਣੀ ਗੱਡੀ ਸਿਆਸਤ ਦੀ ਪਟੜੀ ਉਤੇ ਚਾੜ੍ਹੀ ਤਾਂ ਸਭ ਕੁਝ ਦਿਨਾਂ ਵਿਚ ਹੀ ਤਾਸ਼ ਦੇ ਪੱਤਿਆਂ ਵਾਂਗ ਖਿੰਡ-ਖੱਪਰ ਗਿਆ। ਉਸ ਨੇ ਯੋਗ ਸਾਧਨਾ ਦੇ ਪ੍ਰਚਾਰ ਅਤੇ ਪ੍ਰਸਾਰ ਨਾਲ ਸਮਾਜ ਵਿਚ ਵਾਹਵਾ ਆਦਰਯੋਗ ਥਾਂ ਹਾਸਲ ਕੀਤੀ ਪਰ ਉਸ ਦੀਆਂ ਮੁਢਲੀਆਂ ਸਰਗਰਮੀਆਂ ਨੂੰ ਜੇ ਰਤਾ ਕੁ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਉਸ ਦਾ ਮੁੱਖ ਏਜੰਡਾ ਸਿਰਫ ਯੋਗ ਨਹੀਂ ਸੀ। ਉਹ ਦਰਅਸਲ ਉਸ ਵਡੇਰੇ ਏਜੰਡੇ ਦਾ ਹੀ ਇਕ ਹਿੱਸਾ ਸੀ ਜਿਹੜਾ ਭਾਰਤ ਨੂੰ ਹਿੰਦੂ ਸੰਸਕ੍ਰਿਤੀ ਦੀ ਅੱਖ ਵਿਚੋਂ ਹੀ ਦੇਖਦਾ ਹੈ। ਪਿੱਛੋਂ ਆਰ.ਐਸ.ਐਸ. ਦੀ ਖੁੱਲ੍ਹੇਆਮ ਹਮਾਇਤ ਨਾਲ ਇਹ ਗੱਲ ਜੱਗ ਜ਼ਾਹਿਰ ਵੀ ਹੋ ਗਈ। ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਜੋ ਡਰਾਮਾ ਹੋਇਆ, ਉਸ ਤੋਂ ਐਨ ਸਪਸ਼ਟ ਹੋ ਗਿਆ ਕਿ ਬਾਬਾ ਰਾਮਦੇਵ ਯੋਗ ਸਾਧਨਾ ਵਾਲਾ ਪ੍ਰਚਾਰਕ ਨਹੀਂ, ਸਗੋਂ ਕਿਸੇ ਦੇ ਹੱਥਾਂ ਦੀ ਕਠਪੁਤਲੀ ਹੈ। ਰਾਮ ਲੀਲ੍ਹਾ ਮੈਦਾਨ ਵਿਚ ਇਸ ਕਠਪੁਤਲੀ ਦੇ ਦੀਦਾਰ ਸਭ ਨੇ ਕੀਤੇ।*



ਪੁਲਿਸ ਤੋਂ ਬਚਣ ਲਈ ਔਰਤਾਂ ਵਾਲੇ ਕੱਪੜੇ ਪਾਈ ਖਲੋਤਾ ਰਾਮਦੇਵ

## ਬਾਬਾ ਰਾਮਦੇਵ 'ਤੇ ਵਰ੍ਹਿਆ ਦਿੱਲੀ ਦਾ ਡੰਡਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਬਾਬਾ ਰਾਮਦੇਵ ਨੂੰ ਦਿੱਲੀ ਤੋਂ 'ਡੰਡੇ' ਦੇ ਜ਼ੋਰ ਨਾਲ ਭਜਾ ਦਿੱਤਾ ਪਰ ਉਸ ਨੇ ਹਰਿਦੁਆਰ ਜਾ ਕੇ ਮੁੜ ਸੱਤਿਆਗ੍ਰਹਿ ਸ਼ੁਰੂ ਕਰ ਦਿੱਤਾ। ਦਿੱਲੀ ਪੁਲੀਸ ਵੱਲੋਂ 4 ਮਈ ਦੀ ਅੱਧੀ ਰਾਤ ਨੂੰ ਬਾਬਾ ਰਾਮਦੇਵ ਦੇ ਕੈਂਪ ਨੂੰ ਨਾਟਕੀ ਢੰਗ ਨਾਲ ਖਦੇੜ ਦਿੱਤਾ। ਬਾਬਾ ਰਾਮਦੇਵ ਦੀ ਅੜੀ ਤੋਂ ਬਾਅਦ ਰਾਤ ਡੇਢ ਵਜੇ ਦੇ ਕਰੀਬ ਰਾਮ ਲੀਲਾ ਮੈਦਾਨ 'ਚ ਪੁਲਿਸ ਬਾਬਾ ਰਾਮਦੇਵ ਨੂੰ ਹਿਰਾਸਤ 'ਚ ਲੈਣ ਪਹੁੰਚੀ ਤਾਂ ਬਾਬਾ ਦੇ ਸਮਰਥਕਾਂ ਨੇ ਉਨ੍ਹਾਂ ਨੂੰ ਮੋਢਿਆਂ 'ਤੇ ਚੁੱਕ ਲਿਆ ਤੇ ਹੋਰ ਪਾਸੇ ਲੈ ਗਏ। ਇਸੇ ਦੌਰਾਨ ਲੋਕਾਂ ਵੱਲੋਂ ਪਥਰਾਅ ਕਰਨ ਪਿੱਛੋਂ ਉਨ੍ਹਾਂ ਦੀ ਪੁਲਿਸ ਨਾਲ ਝੜਪ ਹੋ ਗਈ ਜਿਸ ਕਾਰਨ ਪੁਲਿਸ ਨੇ ਲੋਕਾਂ 'ਤੇ ਲਾਠੀਚਾਰਜ ਤੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ। ਇਸ ਦੌਰਾਨ ਭਗਦੜ ਮੱਚਣ 23 ਪੁਲਿਸ ਵਾਲਿਆਂ ਸਮੇਤ 60 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਇਸੇ ਦੌਰਾਨ ਪ੍ਰਸ਼ਾਸਨ ਨੇ ਰਾਮ ਲੀਲਾ ਮੈਦਾਨ 'ਚ ਧਾਰਾ 144 ਲਾ ਦਿੱਤੀ ਤੇ ਯੋਗ ਕੈਂਪ ਲਾਉਣ ਦੀ ਪਹਿਲਾਂ ਦਿੱਤੀ ਗਈ ਇਜਾਜ਼ਤ ਰੱਦ ਕਰ ਦਿੱਤੀ। ਪੁਲਿਸ ਨੇ ਬਾਬਾ ਰਾਮਦੇਵ ਦਾ 'ਮਾਈਕ ਸਿਸਟਮ' ਉਖਾੜ ਸੁੱਟਿਆ। ਪੁਲਿਸ ਨੇ ਰਾਮ ਲੀਲਾ ਮੈਦਾਨ ਨੂੰ ਖਾਲੀ ਕਰਵਾ ਕੇ ਸਾਰੇ ਇਲਾਕੇ ਨੂੰ ਘੇਰ ਲਿਆ ਤੇ ਬਾਬਾ ਰਾਮਦੇਵ ਨੂੰ ਹਿਰਾਸਤ 'ਚ ਲੈ ਲਿਆ ਗਿਆ। ਭਾਜਪਾ ਤੇ ਕਈ



ਸੂਬਿਆਂ ਦੇ ਮੁੱਖ ਮੰਤਰੀਆਂ ਮਾਇਆਵਤੀ, ਨਿਤੀਸ਼ ਕੁਮਾਰ, ਪ੍ਰਕਾਸ਼ ਸਿੰਘ ਬਾਦਲ ਤੇ ਨਵੀਨ ਪਟਨਾਇਕ ਤੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਤੇ ਚੰਦਰ ਬਾਬੂ ਨਾਇਡੂ ਨੇ ਇਸ ਕਾਰਵਾਈ ਲਈ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ।

ਉਧਰ ਕਾਂਗਰਸ ਸਰਕਾਰ ਨੇ ਇਸ ਫੈਸਲੇ ਬਾਰੇ ਕਾਰਵਾਈ ਨੂੰ ਸਹੀ ਕਰਾਰ ਦਿੰਦਿਆਂ ਬਾਬੇ 'ਤੇ ਦੋਸ਼ ਲਾਇਆ ਕਿ ਵਿਦੇਸ਼ਾਂ ਵਿਚੋਂ ਕਾਲਾ ਧਨ ਲਿਆਉਣ ਦੇ ਮੁੱਦੇ 'ਤੇ ਉਪਰਾਲੇ ਕਰਨ ਬਾਰੇ ਸਹਿਮਤੀ 'ਤੇ ਪੁੱਜਣ ਮਗਰੋਂ ਉਸ ਨੇ ਆਪਣਾ ਸੱਤਿਆਗ੍ਰਹਿ ਵਾਪਸ ਲੈ ਲਿਆ ਸੀ ਪਰ ਉਹ ਵਾਅਦਿਓਂ ਮੁੱਕਰ ਗਿਆ। ਤਿੰਨ ਮੀਟਰ ਉੱਚੇ ਮੰਚ ਤੋਂ ਛਾਲ ਮਾਰਨ ਤੇ ਔਰਤ ਦੇ ਭੇਸ 'ਚ ਬਚ ਨਿਕਲਣ ਦੇ ਯਤਨ ਕਰਨ ਮਗਰੋਂ ਬਾਬਾ ਰਾਮਦੇਵ ਨੂੰ ਸਖ਼ਤ ਹੁਕਮ ਜਾਰੀ ਕਰ ਦਿੱਤੇ ਗਏ ਕਿ ਉਹ 15 ਦਿਨ ਰਾਜਧਾਨੀ 'ਚ ਦਾਖਲ ਨਹੀਂ ਹੋ ਸਕੇਗਾ। ਸਵੇਰ ਹੋਣ ਤੋਂ ਪਹਿਲਾਂ ਬਾਬੇ ਨੂੰ ਪੁਲੀਸ ਵੈਨ 'ਚ ਪਾ ਕੇ ਹਵਾਈ ਅੱਡੇ ਲਿਜਾਇਆ ਗਿਆ ਤੇ ਇਕ ਛੋਟੇ ਜਹਾਜ਼ ਰਾਹੀਂ ਹਰਿਦੁਆਰ ਲਿਜਾ ਕੇ ਛੱਡ ਦਿੱਤਾ ਗਿਆ।

## ਸਰਕਾਰ ਅਤੇ ਬਾਬੇ ਵਿਚਕਾਰ ਆਖ਼ਰ ਕਿੰਝ ਵਿਗੜੀ ਗੱਲ

**ਨਵੀਂ ਦਿੱਲੀ:** ਸਰਕਾਰ ਤੇ ਬਾਬਾ ਰਾਮਦੇਵ ਵਿਚਾਲੇ ਭੁੱਖ-ਹੜਤਾਲ ਤੋਂ ਪਹਿਲਾਂ ਸਮਝੌਤਾ ਹੋ ਜਾਣ ਬਾਰੇ 4 ਜੂਨ ਨੂੰ ਇਕ ਚਿੱਠੀ ਦੀ ਪੋਲ ਖੁੱਲ੍ਹ ਜਾਣ ਕਾਰਨ ਸਾਰੀ ਗੱਲ ਵਿਗੜ ਗਈ। ਭੁੱਖ-ਹੜਤਾਲ ਖਤਮ ਹੋਣ ਦੀ ਥਾਂ ਮਾਮਲਾ ਉਦੋਂ ਵਿਗੜ ਗਿਆ ਜਦੋਂ ਸਰਕਾਰ ਨੇ ਯੋਗ ਗੁਰੂ ਦੇ ਇਕ ਕਰੀਬੀ ਦਾ ਲਿਖਿਆ ਖ਼ਤ ਜਾਰੀ ਕਰ ਦਿੱਤਾ ਜੋ ਕਹਿੰਦਾ ਹੈ ਕਿ ਰਾਮਦੇਵ ਆਪਣੀ ਭੁੱਖ-ਹੜਤਾਲ ਵਿਚਾਲੇ ਹੀ ਖਤਮ ਕਰ ਦੇਣਗੇ। ਇਸ ਮਗਰੋਂ ਬਾਬਾ ਸਰਕਾਰ ਤੋਂ ਔਖੇ ਹੋ ਗਏ ਤੇ ਉਨ੍ਹਾਂ ਕਿਹਾ ਕਿ ਸਰਕਾਰ ਧੋਖਾ ਕਰਨ ਦੇ ਨਾਲ-ਨਾਲ ਵਿਸ਼ਵਾਸਘਾਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਹੁਣ ਸਿਰਫ ਪ੍ਰਧਾਨ ਮੰਤਰੀ ਨਾਲ ਹੀ ਗੱਲ ਕਰਨਗੇ ਜਿਨ੍ਹਾਂ ਦਾ ਸਾਰੇ ਸਨਮਾਨ ਕਰਦੇ ਹਨ।



ਉਂਝ ਇਸ ਤੋਂ ਪਹਿਲਾਂ ਬਾਬਾ ਰਾਮਦੇਵ ਨੇ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਮੰਨ ਲੈਣ ਦਾ ਐਲਾਨ ਕਰਦਿਆਂ ਕਿਹਾ ਸੀ ਸਰਕਾਰ ਵੱਲੋਂ ਲਿਖਤੀ ਭਰੋਸਾ ਮਿਲਣ ਉਪਰ ਆਪਣੀ ਭੁੱਖ ਹੜਤਾਲ ਖ਼ਤਮ ਕਰ ਦੇਣਗੇ ਪਰ ਚਿੱਠੀ ਸਾਹਮਣੇ ਆਉਂਦੇ ਹੀ ਸਭ ਕੁਝ ਉਲਟਾ ਹੋ ਗਿਆ। ਰਾਮਦੇਵ ਪੱਤਰਕਾਰਾਂ ਵੱਲੋਂ ਵਾਰ-ਵਾਰ ਕੀਤੇ ਸਵਾਲਾਂ ਦੇ ਜਵਾਬ ਨਾ ਦੇ ਸਕੇ ਕਿ ਜੇ ਉਨ੍ਹਾਂ ਦਾ ਸਰਕਾਰ ਨਾਲ ਲਿਖਤੀ ਸਮਝੌਤਾ ਹੋ ਚੁੱਕਿਆ ਹੈ ਤਾਂ ਉਨ੍ਹਾਂ ਭੁੱਖ ਹੜਤਾਲ ਦਾ ਨਾਟਕ ਕਿਉਂ ਕੀਤਾ ਤੇ ਸਮਝੌਤੇ ਦੀ ਗੱਲ ਜਨਤਾ ਤੇ ਸਮਰਥਕਾਂ ਤੋਂ ਲੁਕਾਅ ਕੇ ਕਿਉਂ ਰੱਖੀ? ਸ੍ਰੀ ਸਿੱਬਲ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਸਰਕਾਰ ਨੇ ਆਪਣੀਆਂ ਸਾਰੀਆਂ ਗੱਲਾਂ ਪੁਗਾਈਆਂ ਹਨ।

ਉਧਰ ਪੋਲ ਖੁੱਲ੍ਹਣ ਮਗਰੋਂ ਬਾਬਾ ਰਾਮਦੇਵ ਨੇ ਆਪਣਾ ਰੁਖ਼ ਸਖ਼ਤ ਕਰਦਿਆਂ ਕਿਹਾ ਕਿ ਉਹ ਜੇਲ੍ਹ ਜਾਣ ਤੋਂ ਨਹੀਂ ਡਰਦੇ। ਸਰਕਾਰ ਦੇ ਰੁਖ਼ ਤੋਂ ਰਾਮਦੇਵ ਕਸੂਤੇ ਫਸ ਗਏ ਤੇ ਉਨ੍ਹਾਂ ਨੇ ਆਪਣੀਆਂ ਮੰਗਾਂ ਪੂਰੀਆਂ ਹੋਣ ਤਕ ਸਤਿਆਗ੍ਰਹਿ ਜਾਰੀ ਰੱਖਣ ਦਾ ਮੁੜ ਐਲਾਨ ਕਰ ਦਿੱਤਾ। ਉਨ੍ਹਾਂ ਦੀਆਂ ਤਿੰਨ ਮੰਗਾਂ ਵਿਚ ਕਾਲੇ ਧਨ ਨੂੰ ਕੌਮੀ ਸੰਪਤੀ ਐਲਾਨਣਾ, ਕਾਲੇ ਧਨ ਨੂੰ ਜ਼ਬਤ ਕਰਨ ਲਈ ਕਾਨੂੰਨ ਬਣਾਉਣਾ ਤੇ ਸਖ਼ਤ ਸਜ਼ਾ ਦੇਣਾ ਤੇ ਕਰ ਚੋਰਾਂ ਦੀਆਂ ਪਨਾਹਗਾਹਾਂ ਉਪਰ ਨਜ਼ਰ ਰੱਖਣਾ ਸ਼ਾਮਲ ਹਨ।

## ਬਾਬੇ ਰਾਮਦੇਵ ਨੂੰ ਆਰ.ਐਸ.ਐਸ ਤੇ ਭਾਜਪਾ ਦੀ ਸ਼ਹਿ

**ਨਵੀਂ ਦਿੱਲੀ:** ਸਾਧਵੀ ਰਿਤੰਭਰਾ ਦੇ ਮੰਚ 'ਤੇ ਆਉਣ ਨਾਲ ਲੋਕ ਪਾਲ ਬਿੱਲ ਦੀ ਸਿਵਲ ਸੁਸਾਇਟੀ ਵਿਚ ਮਤਭੇਦ ਉੱਭਰ ਕੇ ਸਾਹਮਣੇ ਆਏ ਸਨ। ਸਿਵਲ ਸੁਸਾਇਟੀ ਦੇ ਮੈਂਬਰ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਕਿ ਫ਼ਿਰਕੂ ਤਾਕਤਾਂ ਨੂੰ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਵਿਚ ਇਸ ਮੰਚ 'ਤੇ ਨਹੀਂ ਆਉਣਾ ਚਾਹੀਦਾ।

ਭੂਸ਼ਨ ਨੇ ਕਿਹਾ ਕਿ ਉਹ ਬਾਬਾ ਵੱਲੋਂ ਸਾਧਵੀ ਰਿਤੰਭਰਾ ਨੂੰ ਮੰਚ 'ਤੇ ਜਗ੍ਹਾ ਦੇਣ ਤੋਂ ਖ਼ੁਸ਼ ਨਹੀਂ ਹਨ। ਇਸ ਨਾਲ ਇਸ ਸੰਵੇਦਨਸ਼ੀਲ ਮਸਲੇ ਦਾ ਰਾਜਸੀਕਰਨ ਹੋ ਸਕਦਾ ਹੈ। ਦੂਜੇ ਪਾਸੇ ਸਵਾਮੀ ਅਗਨੀਵੇਸ਼ ਨੇ ਕਿਹਾ ਹੈ ਕਿ ਉਹ ਬਾਬਾ ਰਾਮਦੇਵ ਨਾਲ ਮੰਚ 'ਤੇ ਸ਼ਮੂਲੀਅਤ ਨਹੀਂ ਕਰਨਗੇ। ਅਗਨੀਵੇਸ਼ ਕਿਹਾ ਕਿ ਰਾਮਦੇਵ ਦੇ ਮੰਚ 'ਤੇ ਬਾਬਰੀ ਮਸਜਿਦ ਦੇ ਦੋਸ਼ੀਆਂ ਵੱਲੋਂ ਸੰਬੋਧਨ ਕੀਤਾ ਜਾ ਰਿਹਾ ਹੈ।

ਉਧਰ ਬਾਬਾ ਰਾਮਦੇਵ ਨੇ ਕਿਹਾ ਕਿ ਉਹ ਪਿਛਲੇ 15 ਸਾਲ ਤੋਂ ਸਾਧਵੀ ਰਿਤੰਭਰਾ ਨੂੰ ਜਾਣਦੇ ਹਨ। ਬਾਬੇ ਦੇ ਮੰਚ 'ਤੇ ਸਾਧਵੀ ਰਿਤੰਭਰਾ ਦੀ ਹਾਜ਼ਰੀ ਤੋਂ ਬਾਅਦ ਉਨ੍ਹਾਂ ਦੋਸ਼ਾਂ ਬਲ ਮਿਲਿਆ ਹੈ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ (ਬਾਬਾ ਰਾਮਦੇਵ) ਨੂੰ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਦੀ ਹਮਾਇਤ ਪ੍ਰਾਪਤ ਹੈ। ਰਿਤੰਭਰਾ ਆਰ.ਐਸ.ਐਸ. ਤੇ ਵਿਸ਼ਵ ਹਿੰਦੂ ਪਰੀਸ਼ਦ ਨਾਲ ਜੁੜੀ ਹੋਈ ਹੈ ਤੇ ਬਾਬਰੀ ਮਸਜਿਦ ਢਾਹੇ ਜਾਣ ਦੇ ਮਾਮਲੇ ਵਿਚ ਦੋਸ਼ੀ ਹੈ।

## ਰਾਮਦੇਵ ਨੇ ਵੀ ਕੌਡੀਆਂ ਦੇ ਭਾਅ ਜ਼ਮੀਨ ਖਰੀਦੀ

**ਨਵੀਂ ਦਿੱਲੀ:** ਯੋਗ ਗੁਰੂ ਬਾਬਾ ਰਾਮਦੇਵ ਖ਼ੁਦ ਬਹੁਤ ਵੱਡੇ ਜ਼ਿਮੀਂਦਾਰ ਹਨ। ਸੰਤਾਲੀ ਸਾਲਾ ਬਾਬਾ ਬ੍ਰਹਮਚਾਰੀ ਬਾਬਾ ਰਾਮਦੇਵ ਦਾ ਜਨਮ ਰਾਮ ਕ੍ਰਿਸ਼ਨ ਯਾਦਵ ਵਜੋਂ ਹਰਿਆਣਾ ਦੇ ਮਹਿੰਦਰਗੜ੍ਹ ਜ਼ਿਲ੍ਹੇ ਦੇ ਅਲੀਪੁਰ ਪਿੰਡ ਵਿਚ ਹੋਇਆ ਸੀ। ਉਹ ਉੱਤਰਾਖੰਡ ਦੇ ਜ਼ਿਲ੍ਹਾ ਹਰਿਦੁਆਰ ਸਥਿਤ ਆਪਣੇ ਯੋਗ ਹੈੱਡ-ਕੁਆਰਟਰ ਦੇ ਆਲੇ-ਦੁਆਲੇ ਤਕਰੀਬਨ 261.468 ਹੈਕਟਰ ਜ਼ਮੀਨ ਦੇ ਮਾਲਕ ਹਨ। ਮੌਜੂਦਾ ਬਾਜ਼ਾਰ ਕੀਮਤਾਂ ਮੁਤਾਬਕ ਇਸ ਜ਼ਮੀਨ ਦੀ ਕੀਮਤ ਹਜ਼ਾਰਾਂ ਕਰੋੜ ਰੁਪਏ ਬਣਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਅਧਿਕਾਰੀਆਂ ਦੀ ਮਦਦ ਨਾਲ ਪਿੰਡਾਂ ਵਾਲਿਆਂ ਤੋਂ ਸਿੱਧੇ ਤੌਰ 'ਤੇ ਜ਼ਮੀਨ ਖਰੀਦੀ ਹੈ ਜਿਸ ਖ਼ਿਲਾਫ਼ ਕਿਸਾਨਾਂ ਨੇ ਇਹ ਕਹਿੰਦਿਆਂ ਅੰਦੋਲਨ ਵੀ ਕੀਤਾ ਕਿ ਉਨ੍ਹਾਂ ਤੋਂ ਇਹ ਜ਼ਮੀਨ ਜਬਰੀ ਕੌਡੀਆਂ ਦੇ ਭਾਅ ਖਰੀਦੀ ਗਈ ਹੈ।

ਜ਼ਮੀਨ ਬਾਬਾ ਰਾਮਦੇਵ ਨੂੰ ਉੱਤਰਾਖੰਡ ਵਿਚਲੀਆਂ ਭਾਜਪਾ ਸਰਕਾਰਾਂ ਨੇ ਬਹੁਤ ਘੱਟ ਕੀਮਤ 'ਤੇ ਦੋ ਵਾਰ 2008 ਵਿਚ ਤੇ ਇਕ ਘਰ 2010 ਵਿਚ ਅਲਾਟ ਕੀਤੀ ਗਈ। ਬਾਬਾ ਦੇ ਕਰੀਬੀ ਸਹਾਇਕ ਅਚਾਰੀਆ ਬਾਲ ਕ੍ਰਿਸ਼ਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਪਿੰਡਾਂ ਵਾਲਿਆਂ ਨੂੰ ਜ਼ਮੀਨ ਦੀ ਬਣਦੀ ਕੀਮਤ ਦਿੱਤੀ ਹੈ ਪਰ ਕੁਝ ਲੋਕ ਸੌੜੇ ਹਿੱਤਾਂ ਖਾਤਰ ਉਨ੍ਹਾਂ ਖ਼ਿਲਾਫ ਅੰਦੋਲਨ ਕਰ ਰਹੇ ਹਨ। ਕੁਝ ਸਮਾਂ ਪਹਿਲਾਂ ਹੀ ਜ਼ਮੀਨ ਦੀ ਅਲਾਟਮੈਂਟ ਬਾਰੇ ਇਹ ਜਾਣਕਾਰੀ ਸੂਬਾਈ ਵਿਧਾਨ ਸਭਾ ਵਿਚ ਉੱਤਰਾਖੰਡ ਦੇ ਮਾਲ ਮੰਤਰੀ ਦਿਵਾਕਰ ਭੱਟ ਨੇ ਬਹੁਜਨ ਸਮਾਜ ਪਾਰਟੀ ਦੇ ਹਰਿਦੁਆਰ ਤੋਂ ਵਿਧਾਇਕ ਸੁਰਿੰਦਰ ਰਾਕੇਸ਼ ਦੇ ਸਵਾਲ 'ਤੇ ਦਿੱਤੀ ਸੀ। ਸ੍ਰੀ ਰਾਕੇਸ਼ ਨੇ ਕਿਹਾ ਕਿ ਬਾਬਾ ਨੂੰ ਇਹ ਜ਼ਮੀਨ ਬਹੁਤ ਘੱਟ ਕੀਮਤ 'ਤੇ ਅਲਾਟ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਈ ਥਾਈਂ ਬਾਬੇ ਦੇ ਬੰਦਿਆਂ ਨੇ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਵੀ ਕੀਤੇ ਤੇ ਕਈ ਥਾਈਂ ਵਿਰੋਧ ਪਿੱਛੋਂ ਇਹ ਕਬਜ਼ੇ ਛੱਡ ਦਿੱਤੇ ਗਏ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਹਰਕ ਸਿੰਘ ਰਾਵਤ ਨੇ ਦੋਸ਼ ਲਾਇਆ ਕਿ ਹਰਿਦੁਆਰ ਤੇ ਰੁੜਕੀ ਜ਼ਿਲ੍ਹਿਆਂ ਵਿਚ ਬਾਬੇ ਨੂੰ ਕਈ ਥਾਈਂ ਖੇਤੀਬਾੜੀ ਦੀ ਜ਼ਮੀਨ ਗ਼ੈਰ ਖੇਤੀ ਵਰਤੋਂ ਲਈ ਬਹੁਤ ਹੀ ਰਿਆਇਤੀ ਕੀਮਤਾਂ 'ਤੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੇ ਅਸ਼ਟਾਮ ਫੀਸ ਚੋਰੀ ਦੇ ਘੱਟੋ-ਘੱਟ 16 ਮਾਮਲਿਆਂ 'ਚ ਬਾਬੇ ਦੀ ਪਤੰਜਲੀ ਯੋਗਪੀਠ ਨੂੰ ਜੁਰਮਾਨੇ ਕੀਤੇ ਹਨ। ਇਕ ਹੋਰ ਸਮਾਜਕ ਕਾਰਕੁਨ ਅਵਧੇਸ਼ ਕੌਸ਼ਲ ਨੇ ਕਿਹਾ ਕਿ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਭਾਜਪਾ ਸਰਕਾਰ ਵੱਲੋਂ ਇਹ ਦੱਸਿਆ ਜਾ ਰਿਹਾ ਹੈ ਕਿ ਬਾਬੇ ਨੂੰ ਜ਼ਮੀਨ ਕਿਸ ਕੀਮਤ 'ਤੇ ਅਲਾਟ ਕੀਤੀ ਗਈ।

## ਬਾਬਾ ਰਾਮਦੇਵ ਸਭ ਤੋਂ ਵੱਡਾ ਠੱਗ: ਦਿਗਵਿਜੇ ਸਿੰਘ

**ਨਵੀਂ ਦਿੱਲੀ:** ਕਾਂਗਰਸ ਦੇ ਜਨਰਲ ਸਕੱਤਰ ਦਿਗਵਿਜੇ ਸਿੰਘ ਨੇ ਯੋਗਾ ਗੁਰੂ ਬਾਬਾ ਰਾਮਦੇਵ 'ਤੇ ਧੋਖਾ ਦੇਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਵਿਰੁੱਧ ਧਰਨੇ ਦੀ ਆੜ ਵਿਚ ਲੋਕਾਂ ਨੂੰ ਭੜਕਾਉਣ ਦਾ ਕੰਮ ਕੀਤਾ ਹੈ। ਸ੍ਰੀ ਦਿਗਵਿਜੇ ਸਿੰਘ ਨੇ ਕਿਹਾ ਕਿ ਰਾਮਲੀਲਾ ਮੈਦਾਨ ਵਿਚ ਮਰਨ ਵਰਤ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਤੇ ਸਰਕਾਰ ਵਿਚਕਾਰ ਸਮਝੌਤਾ ਹੋ ਚੁੱਕਾ ਸੀ ਪਰ ਉਹ ਇਸ ਤੋਂ ਪਿੱਛੇ ਹਟ ਗਏ। ਸ੍ਰੀ ਦਿਗਵਿਜੇ ਨੇ ਕਿਹਾ ਕਿ ਬਾਬੇ ਨੇ ਲੋਕਾਂ ਨੂੰ ਧੋਖਾ ਦਿੱਤਾ ਹੈ ਤੇ ਉਹ ਇਕ ਠੱਗ ਹੈ। ਰਾਮਲੀਲਾ ਮੈਦਾਨ 'ਚ ਪੁਲਿਸ ਦੀ ਕਾਰਵਾਈ ਬਾਰੇ ਉਨ੍ਹਾਂ ਕਿਹਾ ਕਿ ਇਹ ਪੂਰੀ ਤਰ੍ਹਾਂ ਪ੍ਰਸ਼ਾਸਨਿਕ ਕਾਰਵਾਈ ਹੈ। ਇਸ ਮਾਮਲੇ ਵਿਚ ਕਾਨੂੰਨ ਤੇ ਨਿਯਮ ਦੀ ਪਾਲਣਾ ਕੀਤੀ ਗਈ ਹੈ। ਦਿਗਵਿਜੈ ਸਿੰਘ ਨੇ ਕਿਹਾ ਬਾਬਾ ਰਾਮਦੇਵ ਸੰਨਿਆਸੀ ਘੱਟ ਤੇ ਵਪਾਰੀ ਵੱਧ ਹਨ। ਉਨ੍ਹਾਂ ਕਿਹਾ ਕਿ ਯੋਗ ਸਿਖਾਉਣ ਵੇਲੇ ਬਾਬਾ ਮੂਹਰਲੀ ਸੀਟ ਲਈ 50 ਹਜ਼ਾਰ ਰੁਪਏ ਤੇ ਉਸ ਤੋਂ ਪਿਛਲੀ ਸੀਟ ਲਈ 30 ਹਜ਼ਾਰ ਰੁਪਏ ਤੇ ਆਖਰੀ ਸੀਟ ਲਈ ਇਕ ਹਜ਼ਾਰ ਰੁਪਏ ਵਸੂਲਦੇ ਹਨ। ਇਹ ਵਪਾਰ ਨਹੀਂ ਤਾਂ ਹੋਰ ਕੀ ਹੈ? ਉਨ੍ਹਾਂ ਕਿਹਾ ਕਾਂਗਰਸ ਡਰ ਕੇ ਉਸ ਨਾਲ ਗੱਲਬਾਤ ਨਹੀਂ ਕਰ ਰਹੀ ਇਹ ਤਾਂ ਪਾਰਟੀ ਦੀ ਖੁੱਲ੍ਹਦਿਲੀ ਹੈ। ਦਿਗਵਿਜੈ ਸਿੰਘ ਨੇ ਦੋਸ਼ ਲਾਇਆ ਕਿ ਰਾਮਦੇਵ ਦੀ ਭੁੱਖ ਹੜਤਾਲ ਦੇ ਅੰਦੋਲਨ ਪਿੱਛੇ ਰਾਸ਼ਟਰੀ ਸਵੈਮ ਸੰਘ (ਆਰ. ਐਸ.ਐਸ.) ਦਾ ਹੱਥ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਾਬਾ ਰਾਮਦੇਵ ਜਾਣਬੁੱਝ ਕੇ ਸਿਆਸਤ ਖੇਡ ਰਹੇ ਹਨ।

## ਬਾਬੇ ਨੇ ਇਕ ਰੁਪਏ 'ਚ ਕਰੋੜਾਂ ਦੀ ਜ਼ਮੀਨ ਹਥਿਆਈ: ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਭ੍ਰਿਸ਼ਟਾਚਾਰ ਤੇ ਕਾਲੇ ਧਨ ਖਿਲਾਫ਼ ਵਰਤ ਰੱਖਣ ਵਾਲੇ ਬਾਬਾ ਰਾਮਦੇਵ ਦੇ ਨੈਤਿਕ ਅਧਿਕਾਰ 'ਤੇ ਸਵਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਬਾ ਰਾਮਦੇਵ ਖੁਦ ਹਿਮਾਚਲ ਪ੍ਰਦੇਸ਼ ਸਰਕਾਰ ਤੋਂ ਕਰੋੜਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਪ੍ਰਾਪਤ ਕਰਨ ਦੇ ਦੋਸ਼ੀ ਹਨ ਤੇ ਇਹ ਮਿਹਰਬਾਨੀ ਉਨ੍ਹਾਂ 'ਤੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਕਰਨ ਤੋਂ ਬਾਅਦ ਕੀਤੀ ਗਈ। ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਹਿਮਾਚਲ ਦੀ ਭਾਜਪਾ ਸਰਕਾਰ ਨੇ ਕੰਡਾਘਾਟ-ਚੈਲ ਰੋਡ 'ਤੇ ਪੈਂਦੇ ਪਿੰਡ ਸਾਧੂਪੁਲ 'ਚ ਬਾਬਾ ਰਾਮਦੇਵ ਨੂੰ 127 ਬਿਘੇ ਜ਼ਮੀਨ ਸਿਰਫ਼ ਇਕ ਰੁਪਏ ਦੀ ਰਸੀਦ ਦੇ ਕਿਰਾਏ 'ਤੇ 99 ਸਾਲਾਂ ਲਈ ਲੀਜ਼ 'ਤੇ ਦੇ ਦਿੱਤੀ ਜਦੋਂਕਿ ਉਸ ਜ਼ਮੀਨ ਦਾ ਅਸਲੀ ਮੁੱਲ ਕਈ ਕਰੋੜਾਂ ਰੁਪਏ ਹੈ। ਇਥੇ ਜ਼ਮੀਨ ਦਾ ਬਾਜ਼ਾਰੀ ਮੁੱਲ ਕਰੀਬ 20 ਲੱਖ ਰੁਪਏ ਪ੍ਰਤੀ ਬਿਘਾ ਹੈ।



# ਬਾਬੇ ਵੱਲੋਂ ਹੁਣ ਹਰਿਦੁਆਰ ਤੋਂ ਮੁਹਿੰਮ ਚਲਾਉਣ ਦਾ ਐਲਾਨ

**ਨਵੀਂ ਦਿੱਲੀ:** ਰਾਜਧਾਨੀ ਦੇ ਰਾਮ ਲੀਲਾ ਮੈਦਾਨ 'ਚ ਪੁਲਿਸ ਵੱਲੋਂ ਖਦੇੜਨ ਤੋਂ ਖਫਾ ਬਾਬਾ ਰਾਮਦੇਵ ਨੇ ਹਰਿਦੁਆਰ ਦੇ ਆਪਣੇ ਪਤੰਜਲੀ ਯੋਗਾਪੀਠ 'ਚ 6 ਜੂਨ ਤੋਂ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕਿਹਾ ਕਿ ਦਿੱਲੀ ਦੇ ਲੋਕ ਜ਼ਾਲਮ ਹੋ ਗਏ ਹਨ ਤੇ ਉਸ ਨੂੰ ਉੱਥੇ ਮਰਨ ਵਰਤ ਦੀ ਆਗਿਆ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਇਰਾਦੇ ਤੋਂ ਕੋਈ ਲਾਂਭੇ ਨਹੀਂ ਕਰ ਸਕਦਾ। ਤੇ ਜੋ ਕੰਮ ਪਿਛਲੇ 20 ਸਾਲਾਂ ਵਿਚ ਨਹੀਂ ਹੋਇਆ ਉਹ ਅਗਲੇ ਦੋ ਸਾਲਾਂ 'ਚ ਹੋਵੇਗਾ।

ਆਪਣੇ ਸਹਿਯੋਗੀ ਅਚਾਰੀਆ ਬਾਲ ਕ੍ਰਿਸ਼ਨ 'ਤੇ ਲੱਗ ਰਹੇ ਦੋਸ਼ਾਂ ਬਾਰੇ ਬਾਬਾ ਰਾਮ ਦੇਵ ਨੇ ਕਿਹਾ ਕਿ ਕੁਝ ਲੋਕ ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ 'ਤੇ ਕਿਸੇ ਵਿਅਕਤੀ ਦੇ ਚਰਿੱਤਰ 'ਤੇ ਉਂਗਲੀ ਉਠਾਉਂਦੇ ਹਨ ਜਿਸ ਨੂੰ ਉਹ ਠੀਕ ਨਹੀਂ ਸਮਝਦੇ। ਬਾਬੇ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨਾਲ ਧੋਖਾ ਕੀਤਾ ਹੈ ਤੇ ਉਹ ਉਸ ਨੂੰ ਮਾਰ ਦੇਣਾ ਚਾਹੁੰਦੀ ਹੈ। ਸਪੱਸ਼ਟ ਤੌਰ 'ਤੇ ਜਜ਼ਬਾਤੀ ਨਜ਼ਰ ਆ ਰਹੇ ਬਾਬਾ ਰਾਮ ਦੇਵ ਨੇ ਕਿਹਾ ਕਿ ਉਹ ਉਸ ਨੂੰ ਅਗਵਾ ਕਰਕੇ ਮਾਰ ਦੇਣਾ ਜਾਂ ਕਿਤੇ ਹੋਰ ਭੇਜ ਦੇਣਾ ਚਾਹੁੰਦੇ ਹਨ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਜ਼ਬਾਤੀ ਹੋਏ ਬਾਬਾ ਰਾਮਦੇਵ ਦੀਆਂ ਅੱਖਾਂ ਵਿਚ ਹੰਝੂ ਆ ਗਏ। ਬਾਬਾ ਰਾਮ ਦੇਵ ਨੇ ਸਿੱਧੇ ਤੌਰ 'ਤੇ ਸਾਂਝਾ



ਪ੍ਰਗਤੀਸ਼ੀਲ ਗਠਜੋੜ ਦੀ ਮੁਖੀ ਸੋਨੀਆ ਗਾਂਧੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਜੇਕਰ ਉਸ ਨੂੰ ਕੁਝ ਹੋ ਗਿਆ ਤਾਂ ਇਸ ਲਈ ਉਹ ਜ਼ਿੰਮੇਵਾਰ ਹੋਣਗੇ।

ਉਨ੍ਹਾਂ ਐਲਾਨ ਕੀਤਾ ਕਿ ਭ੍ਰਿਸ਼ਟਾਚਾਰ ਵਿਰੁੱਧ ਉਨ੍ਹਾਂ ਦਾ ਅੰਦੋਲਨ ਜਾਰੀ ਰਹੇਗਾ। ਬਾਬੇ ਨੇ ਦੋਸ਼ ਲਾਇਆ ਕਿ ਪੁਲਿਸ ਨੇ ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਨੂੰ ਘਸੀਟ-ਘਸੀਟ ਕੇ ਕੁੱਟਿਆ। ਚਾਰੇ ਪਾਸੇ ਹੰਝੂ ਗੈਸ ਦੇ ਗੋਲੇ ਸੁੱਟੇ ਗਏ। ਬਾਬੇ ਨੇ ਇਕ ਕੰਧ ਪਿੱਛੇ ਦੋ ਘੰਟੇ ਲੁੱਕ ਕੇ ਜਾਨ ਬਚਾਈ ਤੇ ਆਖਰ ਜਦੋਂ ਉਹ ਔਰਤਾਂ ਵਾਲਾ ਪਹਿਰਾਵਾ ਪਹਿਨ ਕੇ ਕੁਝ ਔਰਤਾਂ ਦੀ ਮਦਦ ਨਾਲ ਬਾਹਰ ਨਿਕਲਿਆ ਤਾਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਰਾਮ ਦੇਵ ਨੇ ਦੋਸ਼ ਲਾਇਆ ਕਿ ਪੁਲਿਸ ਨੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਤੇ ਚੁੰਨੀ ਨਾਲ ਗਲ ਘੁੱਟਣ ਦੀ ਕੋਸ਼ਿਸ਼ ਕੀਤੀ।

# ਬਾਲੀਵੁੱਡ ਸਿਤਾਰੇ ਬਾਬੇ ਦੇ ਹੱਕ 'ਚ ਨਿੱਤਰੇ



**ਨਵੀਂ ਦਿੱਲੀ:** ਬਾਬਾ ਰਾਮਦੇਵ ਦੇ ਸੰਘਰਸ਼ 'ਤੇ ਬਾਲੀਵੁੱਡ ਸਨਅਤ ਭਾਵੇਂ ਵੰਡੀ ਹੋਈ ਹੋਵੇ ਪਰ ਬਹੁਤ ਸਾਰੇ ਸਿਤਾਰਿਆਂ ਨੇ ਯੋਗ ਗੁਰੂ ਦੀ ਭ੍ਰਿਸ਼ਟਾਚਾਰ ਵਿਰੁੱਧ ਹੜਤਾਲ ਤੋਂ ਉਸ ਨੂੰ ਪੁਲੀਸ ਵੱਲੋਂ ਜਬਰੀ ਹਟਾਉਣ ਦੀ ਕਰੜੀ ਆਲੋਚਨਾ ਕੀਤੀ ਹੈ ਤੇ ਕਿਹਾ ਹੈ ਕਿ ਰੋਸ ਪ੍ਰਗਟ ਕਰਨ ਦਾ ਅਧਿਕਾਰ ਹਰ ਕਿਸੇ ਨੂੰ ਹੁੰਦਾ ਹੈ।

ਅਦਾਕਾਰ ਰਵੀਨਾ ਟੰਡਨ ਨੇ ਟਵਿੱਟਰ 'ਤੇ ਲਿਖਿਆ ਹੈ ਕਿ "ਇਸ ਦੇਸ਼ ਵਿਚ ਹਰੇਕ ਨੂੰ ਰੋਸ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ। ਜੇਕਰ ਕਾਤਲਾਂ, ਅਤਿਵਾਦੀਆਂ ਨੂੰ ਸਿਆਸਤ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ ਤਾਂ ਬਾਬੇ ਨੂੰ ਕਿਉਂ ਨਹੀਂ। ਅਨੁਪਮ ਖੇਰ ਦਾ ਲਿਖਣਾ ਹੈ ਕਿ ਜਿਸ ਤਰ੍ਹਾਂ ਰਾਮਲੀਲਾ ਮੈਦਾਨ ਵਿਚ ਪੁਲਿਸ ਨੇ ਭੀੜ ਨਾਲ ਦੁਰਵਿਹਾਰ ਕੀਤਾ ਹੈ, ਉਹ ਹੈਰਾਨ ਕਰਨ ਵਾਲਾ ਹੈ। ਇਹ ਅਨਿਆਂਪੂਰਨ ਤੇ ਗੈਰ ਜਮਹੂਰੀ ਹੈ। ਫਿਲਮਸਾਜ਼ ਸ਼ੇਖਰ ਕਪੂਰ ਦਾ ਕਹਿਣਾ ਹੈ ਕਿ "ਇਸ ਮੂਰਖਤਾ ਭਰੇ ਇਕੋ-ਇਕ ਕਾਰੇ ਨਾਲ ਸਰਕਾਰ ਨੇ ਇਹ ਸੁਨੇਹਾ ਦਿੱਤਾ ਹੈ ਕਿ ਹੁਣ ਅਮਨਪੂਰਵਕ ਅੰਦੋਲਨਾਂ ਦਾ ਸਮਾਂ ਨਹੀਂ ਰਿਹਾ ਤੇ ਹਿੰਸਾ ਦਾ ਰਾਹ ਖੁੱਲ੍ਹ ਗਿਆ ਹੈ। ਵਿਵੇਕ ਉਬਰਾਏ ਨੇ ਟਵਿੱਟਰ 'ਤੇ ਲਿਖਿਆ ਹੈ ਕਿ "ਕੀ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਇਸ ਤਰ੍ਹਾਂ ਵਰਤਾਓ ਕਰਨਾ ਚਾਹੀਦਾ ਹੈ? ਅਦਾਕਾਰ ਰਣਵੀਰ ਸ਼ੋਰੀ ਦਾ ਮੰਨਣਾ ਹੈ ਹਾਲਾਤ ਕਿੰਨੇ ਸ਼ਰਮਨਾਕ ਹਨ।



ਬਾਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਨੇ ਕਿਹਾ ਹੈ ਕਿ ਉਹ ਰਾਮਦੇਵ ਦੀ ਹਮਾਇਤ ਨਹੀਂ ਕਰਨਗੇ ਕਿਉਂਕਿ ਬਾਬੇ ਦੀ ਮੁਹਿੰਮ ਰਾਜਨੀਤੀ ਤੋਂ ਪ੍ਰੇਰਿਤ ਹੈ ਤੇ ਉਹ ਨੇਤਾ ਨਹੀਂ ਬਣਨਾ ਚਾਹੁੰਦੇ। ਸ਼ਾਹਰੁਖ ਨੇ ਕਿਹਾ ਕਿ ਜਿਸ ਦਾ ਜੋ ਕੰਮ ਹੈ, ਉਹੀ ਕਰਨਾ ਚਾਹੀਦਾ ਹੈ। ਜੇ ਕੋਈ ਨੇਤਾ ਬਣ ਕੇ ਇਹ ਸਭ ਕਰਨਾ ਚਾਹੁੰਦਾ ਹੈ ਤਾਂ ਕੋਈ ਮੁੱਦਾ ਉਠਾਉਣ ਦਾ ਇਹ ਉਚਿਤ ਤਰੀਕਾ ਨਹੀਂ।

# ਜਨਾਰਧਨ ਦਿਵੇਦੀ 'ਤੇ ਜੁੱਤੀ ਨਾਲ ਹਮਲਾ

**ਨਵੀਂ ਦਿੱਲੀ:** ਕੁੱਲ ਹਿੰਦ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦੇ ਮੁੱਖ ਦਫਤਰ 'ਚ ਆਪਣੇ ਆਪ ਨੂੰ ਪੱਤਰਕਾਰ ਦੱਸ ਕੇ ਇਕ ਵਿਅਕਤੀ ਨੇ ਪਾਰਟੀ ਦੇ ਜਨਰਲ ਸਕੱਤਰ ਜਨਾਰਧਨ ਦਿਵੇਦੀ ਉੱਤੇ ਜੁੱਤੀ ਨਾਲ ਹਮਲਾ ਕਰ ਦਿੱਤਾ।ਉਸ ਨੇ ਰਾਜਧਾਨੀ ਵਿਚ ਬਾਬਾ ਰਾਮਦੇਵ ਨਾਲ ਸਬੰਧਤ ਵਾਪਰੀਆਂ ਘਟਨਾਵਾਂ ਤੋਂ ਗੁੱਸੇ ਹੋ ਕੇ ਅਜਿਹਾ ਕੀਤਾ।



ਹਮਲਾਵਰ ਦੀ ਪਛਾਣ ਸੁਨੀਲ ਕੁਮਾਰ ਵਜੋਂ ਹੋਈ ਹੈ ਜਿਸ ਕੋਲ ਰਾਜਸਥਾਨ ਦੇ ਅਖ਼ਬਾਰ 'ਨਵ ਸੰਚਾਰ ਪੱਤ੍ਰਿਕਾ' ਨਾਲ ਸਬੰਧਤ ਸ਼ਨਾਖਤੀ ਕਾਰਡ ਸੀ। ਅੱਧਖੜ੍ਹ ਉਮਰ ਦੇ ਇਸ ਵਿਅਕਤੀ ਸ੍ਰੀ ਦਿਵੇਦੀ ਨੂੰ ਇਹ ਕਹਿੰਦਾ ਸੁਣਾਈ ਦਿੱਤਾ ਕਿ ਤੁਸੀਂ ਸਾਨੂੰ ਸਵਾਲ ਪੁੱਛਣ ਤੋਂ ਨਹੀਂ ਰੋਕ ਸਕਦੇ। ਸ੍ਰੀ ਦਿਵੇਦੀ ਨੇ ਇਸ ਹਮਲੇ ਨੂੰ 'ਸੋਚੀ ਸਮਝੀ ਸਾਜ਼ਿਸ਼' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪ੍ਰੈਸ ਕਾਨਫਰੰਸ ਵਿਚ ਬਾਬਾ ਰਾਮਦੇਵ ਖ਼ਿਲਾਫ਼ ਬੋਲਣਾ ਸੀ ਕਿਉਂਕਿ ਉਨ੍ਹਾਂ ਮੁਤਾਬਕ ਬਾਬਾ ਰਾਮਦੇਵ ਵੱਲੋਂ ਆਪਣਾ ਅੰਦੋਲਨ ਆਰ.ਐਸ.ਐਸ. ਦੀ ਸ਼ਹਿ ਉੱਤੇ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਜੋ ਵੀ ਕਿਹਾ ਉਹ ਇਸ ਵਿਅਕਤੀ ਨੇ ਸਾਬਤ ਕਰ ਦਿੱਤਾ ਹੈ।

ਬਾਅਦ 'ਚ ਪਤਾ ਲੱਗਾ ਕਿ ਸ੍ਰੀ ਦਿਵੇਦੀ ਉੱਤੇ ਹਮਲਾ ਕਰਨ ਵਾਲਾ ਵਿਅਕਤੀ ਰਾਜਸਥਾਨ ਦੇ ਕਿਸੇ ਅਖ਼ਬਾਰ ਨਾਲ ਸਬੰਧਤ ਨਹੀਂ। ਦੱਸਿਆ ਜਾਂਦਾ ਹੈ ਕਿ ਸੁਨੀਲ ਸੀਕਰ ਤੇ ਝੁੰਜਨੂੰ ਜ਼ਿਲ੍ਹਿਆਂ ਦੇ ਕੁਝ ਸਕੂਲਾਂ ਵਿਚ ਅੰਗਰੇਜ਼ੀ ਪੜ੍ਹਾਉਂਦਾ ਰਿਹਾ ਹੈ। ਉਸ ਕੋਲੋਂ ਜਿਸ ਪਰਚੇ 'ਨਵ ਸੰਚਾਰ ਪੱਤ੍ਰਿਕਾ' ਦਾ ਸ਼ਨਾਖਤੀ ਕਾਰਡ ਮਿਲਿਆ ਹੈ, ਉਸ ਦੇ ਮਾਲਕ ਮੁਕੇਸ਼ ਮੂੰਦ ਨੇ ਕਿਹਾ ਕਿ ਉਨ੍ਹਾਂ ਦਾ ਅਦਾਰਾ ਇਕ ਕੋਚਿੰਗ ਇੰਸਟੀਚਿਊਟ ਵੀ ਚਲਾਉਂਦਾ ਹੈ ਤੇ ਸੁਨੀਲ ਕੁਮਾਰ ਜੋ ਸੀਕਰ ਜ਼ਿਲ੍ਹੇ ਨਾਲ ਸਬੰਧਤ ਹੈ, ਇਸ ਅਦਾਰੇ ਵਿਚ ਅੰਗਰੇਜ਼ੀ ਪੜ੍ਹਾਉਂਦਾ ਰਿਹਾ ਤੇ ਪੱਤਰਕਾਰੀ ਨਾਲ ਉਸ ਦਾ ਕੋਈ ਵਾਸਤਾ ਨਹੀਂ ਹੈ।

# ਪੁਲੀਸ ਤੋਂ ਬਚਣ ਲਈ ਬਾਬੇ ਨੇ ਔਰਤ ਦਾ ਭੇਸ ਵਟਾਇਆ

**ਨਵੀਂ ਦਿੱਲੀ:** ਬਾਬਾ ਰਾਮਦੇਵ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੀ ਮੁਹਿੰਮ ਨੇ ਉਸ ਵੇਲੇ ਨਾਟਕੀ ਰੂਪ ਧਾਰ ਲਿਆ ਜਦੋਂ ਰਾਮ ਲੀਲਾ ਮੈਦਾਨ 'ਚ ਪੁਲੀਸ ਤੋਂ ਬਚਣ ਲਈ ਬਾਬਾ ਰਾਮਦੇਵ ਨੂੰ ਔਰਤ ਦਾ ਭੇਸ ਧਾਰਨ ਕਰਨਾ ਪਿਆ। ਜਦੋਂ ਪੁਲਿਸ ਬਾਬਾ ਰਾਮਦੇਵ ਕੋਲ ਪੁੱਜੀ ਤਾਂ ਉਹ ਛਾਲ ਮਾਰ ਕੇ ਲੋਕਾਂ ਦੀ ਭੀੜ 'ਚ ਰਲ ਗਿਆ।

ਬਾਬਾ ਰਾਮਦੇਵ ਨੇ ਸਿਰ 'ਤੇ ਚੁੰਨੀ ਲੈ ਕੇ ਸਲਵਾਰ-ਕਮੀਜ਼ ਪਾ ਕੇ ਜ਼ਖ਼ਮੀ ਔਰਤ ਦਾ ਭੇਸ ਧਾਰ ਲਿਆ ਤੇ ਦੋ ਔਰਤਾਂ ਦੇ ਮੋਢਿਆਂ ਦਾ ਸਹਾਰਾ ਲੈ ਕੇ ਉੱਥੋਂ ਨਿਕਲਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਜਦੋਂ ਪੁਲੀਸ ਮੁਲਾਜ਼ਮਾਂ ਨੇ ਜ਼ਖ਼ਮੀ ਔਰਤ ਸਮਝ ਕੇ ਉਸ ਨੂੰ ਐਂਬੂਲੈਂਸ 'ਚ ਬੈਠਣ ਲਈ ਕਿਹਾ ਤਾਂ ਉਸ ਨੇ ਇਨਕਾਰ ਕਰ ਦਿੱਤਾ।

ਪੁਲੀਸ ਨੂੰ ਸ਼ੱਕ ਪੈ ਗਿਆ ਤੇ ਉਨ੍ਹਾਂ ਨੇ ਬਾਬੇ ਨੂੰ ਕਾਬੂ ਕਰ ਲਿਆ। ਬਾਅਦ 'ਚ ਬਾਬਾ ਰਾਮਦੇਵ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਸਿੱਧਾ ਦੇਹਰਾਦੂਨ ਭੇਜ ਕੇ ਤੇ ਉਸ ਦੀ ਭੁੱਖ ਹੜਤਾਲ ਦੀ ਯੋਜਨਾ ਨੂੰ ਸਾਬੋਤਾਜ ਕਰ ਦਿੱਤਾ।

# ਅਡਵਾਨੀ ਵੱਲੋਂ ਜਲਿਆਂਵਾਲਾ ਬਾਗ ਦੇ ਸਾਕੇ ਨਾਲ ਤੁਲਨਾ

**ਚੇਨਈ:** ਰਾਮਲੀਲਾ ਮੈਦਾਨ ਵਿਚ ਅੱਧੀ ਰਾਤ ਨੂੰ ਪੁਲਿਸ ਕਾਰਵਾਈ, ਬਾਬਾ ਰਾਮਦੇਵ ਦੀ ਗ੍ਰਿਫ਼ਤਾਰੀ ਤੇ ਲੋਕਾਂ 'ਤੇ ਲਾਠੀਚਾਰਜ ਦੀ ਤੁਲਨਾ ਜਲਿਆਂਵਾਲਾ ਬਾਗ ਦੇ ਸਾਕੇ ਤੇ 1975 ਦੀ ਐਮਰਜੈਂਸੀ ਨਾਲ ਕਰਦਿਆਂ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਸਾਂਝਾ ਪ੍ਰਗਤੀਸ਼ੀਲ ਗੱਠਜੋੜ ਦੀ ਚੇਅਰਪਰਸਨ ਸੋਨੀਆ ਗਾਂਧੀ ਤੋਂ ਮੁਆਫੀ ਮੰਗਣ ਦੀ ਮੰਗ ਕਰਦੇ ਹੋਏ



ਰਾਸ਼ਟਰਪਤੀ ਨੂੰ ਇਸ ਮੁੱਦੇ 'ਤੇ ਸੰਸਦ ਦਾ ਹੰਗਾਮੀ ਇਜਲਾਸ ਬੁਲਾਉਣ ਦੀ ਅਪੀਲ ਕੀਤੀ ਹੈ। ਸ੍ਰੀ ਅਡਵਾਨੀ ਨੇ ਕਿਹਾ ਕਿ ਰਾਮਲੀਲਾ ਮੈਦਾਨ ਵਿਚ ਪੁਲਿਸ ਦੀ ਕਾਰਵਾਈ ਨਾਲ ਐਮਰਜੈਂਸੀ ਵਾਲੇ ਹਾਲਾਤ ਦੀ ਯਾਦ ਤਾਜ਼ਾ ਹੋ ਗਈ ਹੈ।

## ਲਾਠੀਚਾਰਜ ਮੰਦਭਾਗੀ ਕਾਰਵਾਈ: ਬਾਦਲ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰਾਮਲੀਲਾ ਮੈਦਾਨ 'ਚ ਲੋਕਾਂ 'ਤੇ ਪੁਲਿਸ ਵੱਲੋਂ ਲਾਠੀਚਾਰਜ ਕੀਤੇ ਜਾਣ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਜਧਾਨੀ 'ਚ ਸਮਾਜਿਕ ਕਦਰਾਂ-ਕੀਮਤਾਂ ਤੇ ਮੌਲਿਕ ਅਧਿਕਾਰਾਂ ਦੀ ਸ਼ਰ੍ਹੇਆਮ ਉਲੰਘਣਾ ਨੇ ਦੁਨੀਆ ਭਰ 'ਚ ਦੇਸ਼ ਦੀ ਸਾਖ ਨੂੰ ਧੱਬਾ ਲਾਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿਦੇਸ਼ੀ ਬੈਂਕਾਂ ਵਿਚ ਪਏ ਕਾਲੇ ਧਨ ਨੂੰ ਦੇਸ਼ 'ਚ ਲਿਆਉਣ ਦੀ ਮੁਹਿੰਮ ਦੀ ਜ਼ੋਰਦਾਰ ਹਮਾਇਤ ਕਰਦੀ ਹੈ।

# ਬਾਬਾ ਰਾਮਦੇਵ ਵਿਰੁੱਧ ਕਾਰਵਾਈ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਯੋਗ ਗੁਰੂ ਬਾਬਾ ਰਾਮਦੇਵ ਤੇ ਉਸ ਦੇ ਸ਼ਰਧਾਲੂਆਂ ਨੂੰ ਰਾਮਲੀਲਾ ਮੈਦਾਨ 'ਚੋਂ ਅੱਧੀ ਰਾਤ ਨੂੰ ਖਦੇੜਨ ਦੀ ਘਟਨਾ ਦਾ ਆਪੇ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕੀਤੇ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਦੋ ਹਫਤਿਆਂ 'ਚ ਕੇਂਦਰ ਤੇ ਦਿੱਲੀ ਸਰਕਾਰ ਤੋਂ ਇਸ ਬਾਰੇ ਰਿਪੋਰਟ ਮੰਗੀ ਹੈ। ਜਸਟਿਸ ਬੀ.ਐਸ. ਚੌਹਾਨ ਤੇ ਸਵਤੰਤਰ ਕੁਮਾਰ ਨੇ ਕੇਂਦਰੀ ਗ੍ਰਹਿ ਸਕੱਤਰ, ਦਿੱਲੀ ਦੇ ਮੁੱਖ ਸਕੱਤਰ, ਦਿੱਲੀ ਪ੍ਰਸ਼ਾਸਨ ਤੇ ਦਿੱਲੀ ਪੁਲੀਸ ਨੂੰ ਦੋ ਹਫਤਿਆਂ ਦੇ ਅੰਦਰ-ਅੰਦਰ ਜੁਆਬ ਦੇਣ ਲਈ ਕਿਹਾ ਹੈ। ਅਦਾਲਤ ਨੇ ਉਪਰੋਕਤ ਧਿਰਾਂ ਨੂੰ ਪੁੱਛਿਆ ਹੈ ਕਿ ਉਹ ਕਿਹੜੇ ਹਾਲਾਤ ਸਨ ਜਿਨ੍ਹਾਂ ਕਾਰਨ ਅੱਧੀ ਰਾਤ ਨੂੰ ਲੋਕਾਂ ਨੂੰ ਖਦੇੜਨਾ ਪਿਆ।। ਉਜ ਅਦਾਲਤ ਨੇ ਐਡਵੋਕੇਟ ਅਜੈ ਅਗਰਵਾਲ ਵੱਲੋਂ ਦਾਇਰ ਪਟੀਸ਼ਨ ਦਾਖਲ ਕਰਨੋਂ ਇਨਕਾਰ ਕਰ ਦਿੱਤਾ। ਮਾਮਲੇ ਦੀ ਸੁਣਵਾਈ 2 ਜੁਲਾਈ 'ਤੇ ਪਾਈ ਗਈ ਹੈ।

# ਸਿਵਲ ਸੁਸਾਇਟੀ ਰਾਮਦੇਵ ਦੇ ਹੱਕ 'ਚ ਨਿੱਤਰੀ

**ਨਵੀਂ ਦਿੱਲੀ:** ਅੰਨਾ ਹਜ਼ਾਰੇ ਦੀ ਅਗਵਾਈ 'ਚ ਸਿਵਲ ਸੁਸਾਇਟੀ ਦੇ ਮੈਂਬਰਾਂ ਨੇ 6 ਮਈ ਨੂੰ ਲੋਕਪਾਲ ਬਿੱਲ ਲਈ ਕਾਇਮ ਸਾਂਝੀ ਕਮੇਟੀ (ਜੇ.ਡੀ.ਸੀ.) ਦੀ ਮੀਟਿੰਗ ਦਾ ਬਾਈਕਾਟ ਕੀਤਾ। ਕਮੇਟੀ ਨੇ ਭ੍ਰਿਸ਼ਟਾਚਾਰ ਦੇ ਵਿਰੋਧ 'ਚ ਸ਼ਕਤੀਸ਼ਾਲੀ ਕਾਨੂੰਨ ਬਣਾਉਣ ਦੇ ਸਰਕਾਰ ਦੇ ਇਰਾਦਿਆਂ 'ਤੇ ਗੰਭੀਰ ਸ਼ੰਕੇ ਪ੍ਰਗਟ ਕਰਦਿਆਂ ਤੇ ਰਾਮਦੇਵ ਦੇ ਕੈਂਪ 'ਤੇ ਅੱਧੀ ਰਾਤ ਨੂੰ ਕੀਤੀ ਗਈ ਕਾਰਵਾਈ ਵਿਰੁੱਧ ਇਹ ਬਾਈਕਾਟ ਕੀਤਾ ਹੈ। ਸੁਸਾਇਟੀ ਮੈਂਬਰਾਂ ਨੇ ਕਮੇਟੀ ਦੇ ਚੇਅਰਮੈਨ ਨੂੰ ਪੱਤਰ ਵੀ ਲਿਖਿਆ ਹੈ। ਮੈਂਬਰਾਂ ਨੇ ਸਾਂਝੀ ਕਮੇਟੀ ਦੀ 10 ਜੂਨ ਨੂੰ ਹੋਣ ਵਾਲੀ ਮੀਟਿੰਗ ਦੀ ਤਰੀਕ ਵੀ ਬਦਲਣ ਲਈ ਕਿਹਾ ਕਿਉਂਕਿ ਉਸ ਦਿਨ ਅੰਨਾ ਹਜ਼ਾਰੇ ਦਾ ਪਹਿਲਾਂ ਤੋਂ ਤੈਅ ਕੋਈ ਹੋਰ ਰੁਝੇਵਾਂ ਹੈ। ਕਾਰਕੁਨਾਂ ਦੀ ਮੀਟਿੰਗ ਮਗਰੋਂ ਪ੍ਰਸ਼ਾਂਤ ਭੂਸ਼ਨ ਨੇ ਜੇ.ਡੀ.ਸੀ. ਦੇ ਚੇਅਰਮੈਨ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੂੰ ਪੱਤਰ ਲਿਖਿਆ ਹੈ ਜਿਸ 'ਚ ਕਿਹਾ ਗਿਆ ਹੈ ਕਿ ਅਸਲੀਅਤ 'ਚ ਸਰਕਾਰ ਪ੍ਰਧਾਨ ਮੰਤਰੀ ਤੋਂ ਲੈ ਕੇ ਸੰਸਦ ਮੈਂਬਰਾਂ ਦੀ ਖਰੀਦੋ-ਫ਼ਰੋਖਤ ਕਰਨ ਮੱਧ ਤੇ ਹੇਠਲੀ ਨੌਕਰਸ਼ਾਹੀ ਤੇ ਨਿਆਂਪਾਲਿਕਾ ਤਕ ਸਭ ਨੂੰ ਲੋਕਪਾਲ ਦੇ ਘੇਰੇ ਵਿਚੋਂ ਬਾਹਰ ਰੱਖਣਾ ਚਾਹੁੰਦੀ ਹੈ।

ਉਨ੍ਹਾਂ ਲਿਖਿਆ ਹੈ ਕਿ ਲੋਕਪਾਲ ਦੇ ਨਜ਼ਰੀਏ



ਬਾਰੇ ਵੀ ਜੇ.ਡੀ.ਸੀ. ਦੇ ਸਰਕਾਰੀ ਤੇ ਗੈਰ-ਸਰਕਾਰੀ ਮੈਂਬਰਾਂ 'ਚ ਇਕੋ ਰਾਏ ਨਹੀਂ ਹੈ ਤੇ ਜੇਕਰ ਸਰਕਾਰ ਦਾ ਨਜ਼ਰੀਆ ਸਵੀਕਾਰ ਕਰ ਵੀ ਲਿਆ ਜਾਵੇ ਤਾਂ ਲੋਕਪਾਲ ਕੋਲ ਕੇਵਲ 300 ਅਧਿਕਾਰੀ ਤੇ ਮੰਤਰੀ ਹੀ ਭ੍ਰਿਸ਼ਟਾਚਾਰ ਦੀ ਜਾਂਚ ਲਈ ਬਚਣਗੇ। ਬਾਬਾ ਰਾਮਦੇਵ ਤੇ ਉਸ ਦੇ ਸਮਰਥਕਾਂ ਵਿਰੁੱਧ ਅੱਧੀ ਰਾਤ ਨੂੰ ਕੀਤੀ ਗਈ ਕਾਰਵਾਈ ਤੇ ਹੋਰ ਮੁੱਦਿਆਂ ਦਾ ਹਵਾਲਾ ਦਿੰਦਿਆਂ ਭੂਸ਼ਨ ਨੇ ਕਿਹਾ ਕਿ ਇਹ ਸਾਰੀਆਂ ਘਟਨਾਵਾਂ ਮੈਂਬਰਾਂ ਦੇ ਮਨ 'ਚ ਇਹ ਸ਼ੰਕੇ ਪੈਦਾ ਕਰਦੀਆਂ ਹਨ ਕਿ ਸਰਕਾਰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਤੇ ਜਾਨਦਾਰ ਲੋਕਪਾਲ ਬਿੱਲ ਲਿਆਉਣਾ ਚਾਹੁੰਦੀ ਵੀ ਹੈ ਜਾਂ ਨਹੀਂ। ਭੂਸ਼ਨ ਨੇ ਪੱਤਰ 'ਚ ਇਹ ਵੀ ਸਰਕਾਰ ਨੂੰ ਦੱਸਿਆ ਕਿ ਜੇ.ਡੀ.ਸੀ. ਦੀ ਅਗਲੀ ਮੀਟਿੰਗ 10 ਜੂਨ ਨੂੰ ਹੈ ਜਦਕਿ 9 ਤੋਂ 11 ਜੂਨ ਤਕ ਅੰਨਾ ਹਜ਼ਾਰੇ ਦਾ ਪਹਿਲਾਂ ਤੋਂ ਹੀ ਰੁਝੇਵਾਂ ਹੈ।

# ਪੁਲਿਸ ਵੱਲੋਂ ਬਾਬੇ ਦੀ ਜਾਨ ਨੂੰ ਖਤਰੇ ਦਾ ਦਾਅਵਾ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਰਾਮਲੀਲਾ ਮੈਦਾਨ ਵਿਚ ਕੀਤੀ ਗਈ ਕਾਰਵਾਈ ਬਾਬਾ ਰਾਮਦੇਵ ਨੂੰ ਭਜਾਉਣ ਲਈ ਨਹੀਂ ਸਗੋਂ ਉਨ੍ਹਾਂ ਨੂੰ ਬਚਾਉਣ ਲਈ ਸੀ ਕਿਉਂਕਿ ਬਾਬੇ ਨੂੰ ਮਾਰਨ ਬਾਰੇ ਉਸ ਕੋਲ ਖੁਫੀਆ ਰਿਪੋਰਟ ਪੁੱਜੀ ਸੀ।

ਦਿੱਲੀ ਪੁਲਿਸ ਦੇ ਵਿਸ਼ੇਸ਼ ਕਮਿਸ਼ਨਰ ਧਰਮਿੰਦਰ ਕੁਮਾਰ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਪੁਲਿਸ ਨੇ ਭੁੱਖ ਹੜਤਾਲੀਆਂ ਉਪਰ ਲਾਠੀਚਾਰਜ ਕੀਤਾ ਪਰ ਨਾਲ ਹੀ ਮੰਨਿਆ ਕਿ ਜਦੋਂ ਭੁੱਖ ਹੜਤਾਲੀਆਂ ਨੇ ਪੁਲਿਸ 'ਤੇ ਇੱਟਾਂ, ਗਮਲੇ ਤੇ ਲਾਠੀਆਂ ਵਰਸਾਈਆਂ ਸ਼ੁਰੂ ਕਰ ਦਿੱਤੀਆਂ ਤਾਂ ਪੁਲੀਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ। ਉਨ੍ਹਾਂ ਕਿਹਾ ਕਿ ਜਦੋਂ ਤਕ ਹਾਲਾਤ ਠੀਕ ਨਹੀਂ ਹੋ ਜਾਂਦੇ ਯੋਗ ਗੁਰੂ ਨੂੰ ਦਿੱਲੀ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਪੁਲੀਸ ਦੇ ਅਧਿਕਾਰੀ ਯੋਗ ਗੁਰੂ ਨੂੰ ਇਹ ਦੱਸਣ ਲਈ ਗਏ ਕਿ ਖੁਫੀਆ ਰਿਪੋਰਟਾਂ ਮੁਤਾਬਕ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ ਕਿਉਂਕਿ ਰਾਮਲੀਲਾ ਮੈਦਾਨ ਉਨ੍ਹਾਂ ਨੂੰ ਮਾਰਨ ਲਈ ਢੁਕਵੀਂ ਥਾਂ ਹੈ।

ਸਿਆਸਤ ਦਾ ਪਿੜ

# ਬਾਬਾ ਰਾਮਦੇਵ ਦਾ ਧਰਨਾ ਤੇ ਇਸ ਪਿੱਛੇ ਹੋ ਰਹੀ ਰਾਜਨੀਤੀ

**ਜਤਿੰਦਰ ਪਨੂੰ**

*ਇਹ ਬਾਬਾ ਰਾਮਦੇਵ ਉਹੋ ਮਹਾਂਪੁਰਸ਼ ਹੈ, ਜਿਸ ਦੀ ਦਵਾਈਆਂ ਦੀ ਫੈਕਟਰੀ ਵਿਚ ਘੱਟੋ ਘੱਟ ਮਜ਼ਦੂਰੀ ਨਾ ਦੇਣ ਕਾਰਨ ਉਸ ਦੇ ਇੱਕ ਸੌ ਚਾਰ ਮਜ਼ਦੂਰਾਂ ਵੱਲੋਂ ਹਾਈ ਕੋਰਟ ਵਿਚ ਕੇਸ ਚੱਲ ਰਿਹਾ ਹੈ। ਜੇ ਬਾਬਾ ਕਿਸਾਨਾਂ ਨੂੰ ਹੁਨਰਮੰਦ ਮਜ਼ਦੂਰ ਮੰਨ ਕੇ ਘੱਟੋ-ਘੱਟ ਮਜ਼ਦੂਰੀ ਦੇ ਬਰਾਬਰ ਆਮਦਨ ਦੇਣ ਦੀ ਮੰਗ ਕਰ ਰਿਹਾ ਹੈ ਤਾਂ ਮਜ਼ਦੂਰਾਂ ਨੂੰ ਆਪ ਘੱਟੋ-ਘੱਟ ਮਜ਼ਦੂਰੀ ਦੇਣ ਤੋਂ ਕਿਉਂ ਇਨਕਾਰੀ ਹੈ? ਇਸ ਦਾ ਜਵਾਬ ਬਾਬਾ ਨਾ ਕਦੇ ਦੇਂਦਾ ਹੈ, ਨਾ ਉਸ ਨੇ ਦੇਣਾ ਹੈ। ਧਰਨਾ ਬਾਬਾ ਰਾਮਦੇਵ ਨੇ ਲਾ ਲਿਆ ਪਰ ਇਸ ਦੀ ਸਾਰੀ ਜ਼ਿਮੇਵਾਰੀ ਉਸੇ ਦੇ ਸਿਰ ਜਾਂ ਭਾਜਪਾ ਉਤੇ ਹੀ ਨਹੀਂ ਪਾਈ ਜਾ ਸਕਦੀ, ਸਰਕਾਰ ਦਾ ਪੱਖ ਵੀ ਏਨਾ ਗੈਰ ਜ਼ਿਮੇਵਾਰਾਨਾ ਸੀ ਕਿ ਉਸ ਨੇ ਖੁਦ ਹਾਲਾਤ ਤਿਆਰ ਕੀਤੇ ਸਨ।*

ਇਹ ਸਤਰਾਂ ਅਸੀਂ ਉਦੋਂ ਲਿਖ ਰਹੇ ਹਾਂ, ਜਦੋਂ ਦਿੱਲੀ ਵਿਚ ਯੋਗੀ ਬਾਬਾ ਰਾਮਦੇਵ ਦਾ ਧਰਨਾ ਰਾਮਲੀਲਾ ਮੈਦਾਨ ਵਿਚ ਸ਼ੁਰੂ ਹੋ ਚੁੱਕਾ ਹੈ। ਸਾਰੇ ਮੀਡੀਏ ਦੀਆਂ ਰਿਪੋਰਟਾਂ ਆਖ ਰਹੀਆਂ ਹਨ ਕਿ ਇਹ ਧਰਨਾ ਉਸ ਧਰਨੇ ਨਾਲੋਂ ਮੂਲੋਂ ਹੀ ਵੱਖਰਾ ਹੈ, ਜਿਹੜਾ ਕੁਝ ਹਫਤੇ ਪਹਿਲਾਂ ਗਾਂਧੀਵਾਦੀ ਸਮਾਜ ਸੇਵੀ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਦਿੱਲੀ ਵਿਚ ਲਾਇਆ ਗਿਆ ਸੀ। ਉਪਰਲਾ ਪ੍ਰਭਾਵ ਇਹ ਹੈ ਕਿ ਭਾਰਤ ਸਰਕਾਰ ਨੇ ਜਿਵੇਂ ਅੰਨਾ ਹਜ਼ਾਰੇ ਨੂੰ ਮਨਾਉਣ ਲਈ ਕੁਝ ਕੇਂਦਰੀ ਮੰਤਰੀ ਲਾਏ ਅਤੇ ਰਾਹ ਕੱਢਣ ਦੀ ਕੋਸ਼ਿਸ਼ ਕੀਤੀ ਸੀ, ਐਨ ਉਵੇਂ ਹੀ ਇਸ ਮਾਮਲੇ ਵਿਚ ਵੀ ਆਖਰੀ ਵਕਤ ਤੱਕ ਕੋਸ਼ਿਸ਼ ਕੀਤੀ ਗਈ ਪਰ ਇਹ ਕੋਸ਼ਿਸ਼ ਉਸ ਤੋਂ ਵਾਹਵਾ ਵੱਧ ਹੋਈ ਸੀ। ਪਹਿਲਾਂ ਉਸ ਨੂੰ ਦਿੱਲੀ ਦੇ ਹਵਾਈ ਅੱਡੇ ਉਤੇ ਜਾ ਕੇ ਚਾਰ ਕੈਬਨਿਟ ਮੰਤਰੀ ਮਿਲੇ ਅਤੇ ਭਾਰਤ ਸਰਕਾਰ ਦਾ ਕੈਬਨਿਟ ਸੈਕਟਰੀ ਉਨ੍ਹਾਂ ਦੇ ਨਾਲ ਉਚੇਚਾ ਭੇਜਿਆ ਗਿਆ ਤੇ ਉਥੇ ਹੀ ਕੈਂਪ ਆਫਿਸ ਬਣਾ ਕੇ ਲੰਮੀ-ਚੌੜੀ ਮੀਟਿੰਗ ਕੀਤੀ ਗਈ ਪਰ ਬਾਬਾ ਨਹੀਂ ਸੀ ਮੰਨਿਆ। ਫਿਰ ਉਸ ਨੂੰ ਧਰਨਾ ਰੱਖਣ ਤੋਂ ਇੱਕ ਦਿਨ ਪਹਿਲਾਂ ਇੱਕ ਪੰਜ ਤਾਰਾ ਹੋਟਲ ਵਿਚ ਸੱਦ ਕੇ ਕੇਂਦਰ ਸਰਕਾਰ ਦੇ ਪ੍ਰਤੀਨਿਧ ਬੈਠੇ ਅਤੇ ਰਾਹ ਕੱਢਦੇ ਰਹੇ, ਕੋਈ ਰਾਹ ਫਿਰ ਵੀ ਨਹੀਂ ਸੀ ਨਿਕਲ ਸਕਿਆ।

ਮੀਟਿੰਗਾਂ ਮੁੱਕਣ ਮਗਰੋਂ ਕੇਂਦਰ ਸਰਕਾਰ ਦੇ ਪ੍ਰਤੀਨਿਧਾਂ ਨੇ ਵੀ ਪੱਤਰਕਾਰਾਂ ਨੂੰ ਆਪਣਾ ਪੱਖ ਦੱਸਿਆ ਤੇ ਬਾਬਾ ਰਾਮਦੇਵ ਨੇ ਵੀ। ਦੋਵਾਂ ਵਿਚ ਇੱਕ ਗੱਲ ਸਾਂਝੀ ਸੀ ਕਿ ਬਹੁਤੇ ਮਾਮਲਿਆਂ ਉਤੇ ਮੱਤਭੇਦ ਲੱਗਭਗ ਮੁੱਕ ਗਏ ਹਨ ਤੇ ਸਹਿਮਤੀ ਹੋ ਚੁੱਕੀ ਹੈ, ਪਰ ਕੁਝਨਾਂ ਬਾਰੇ ਅਜੇ ਬਾਕੀ ਹੈ। ਬਾਬਾ ਰਾਮਦੇਵ ਇਥੋਂ ਤੱਕ ਕਹਿ ਰਿਹਾ ਸੀ ਕਿ 99 ਫੀਸਦੀ ਮਾਮਲੇ ਨਿੱਬੜ ਚੁੱਕੇ ਹਨ, ਸਿਰਫ ਇੱਕ ਫੀਸਦੀ ਦੀ ਅੜਚਣ ਹੈ। ਸਰਕਾਰ ਕਹਿੰਦੀ ਹੈ ਕਿ ਉਹ ਇਸ ਬਾਰੇ ਵੀ ਗੱਲ ਕਰਨ ਨੂੰ ਤਿਆਰ ਹੈ। ਜੇ ਸਿਰਫ ਇੱਕ ਫੀਸਦੀ ਦੀ ਗੱਲ ਸੀ ਤਾਂ ਫਿਰ ਸੰਕੇਤਕ ਧਰਨਾ ਲਾ ਦੇਣਾ ਹੀ ਕਾਫੀ ਸੀ, ਕਿਸੇ ਵੱਡੇ ਸੰਘਰਸ਼ ਦੀ ਲੋੜ ਨਹੀਂ ਸੀ, ਜਿਹੜਾ ਬਾਬਾ ਵਿੱਢ ਬੈਠਾ ਹੈ। (ਬਾਅਦ ਵਿਚ ਜੋ ਭੇਦ ਖੁੱਲ੍ਹਾ, ਉਹ ਵੀ ਇਹੋ ਨਿਕਲਿਆ ਕਿ ਬਾਬਾ ਪਹਿਲਾਂ ਹੀ ਲਿਖ ਕੇ ਦੇ ਆਇਆ ਸੀ ਕਿ ਤੁਸੀਂ ਕੱਲ੍ਹ ਨੂੰ ਐਲਾਨ ਕਰ ਦਿਓ, ਮੈਂ ਦੋ ਦਿਨ ਦਾ ‘ਤਪ’ ਕਰ ਕੇ ਧਰਨਾ ਚੁੱਕ ਲਵਾਂਗਾ।)

ਬਾਬਾ ਰਾਮਦੇਵ ਨੇ ਜਿਹੜੇ ਸਵਾਲ ਉਠਾਏ, ਉਨ੍ਹਾਂ ਵਿਚ ਇਹ ਵੀ ਸੀ ਕਿ ਕਿਸਾਨਾਂ ਨੂੰ ਹੁਨਰਮੰਦ ਮਜ਼ਦੂਰ ਮੰਨ ਕੇ ਕਿਸੇ ਹੁਨਰਮੰਦ ਮਜ਼ਦੂਰ ਲਈ ਮਿਥੀ ਗਈ ਘੱਟੋ ਘੱਟ ਸਰਕਾਰੀ ਦਿਹਾੜੀ ਜਾਂ ਮਹੀਨਾਵਾਰ ਤਨਖਾਹ ਦੇ ਹਿਸਾਬ ਉਨ੍ਹਾਂ ਦੀ ਆਮਦਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਭਾਰਤ ਸਰਕਾਰ ਦੀ ਧਿਰ ਇਸ ਗੱਲ ਲਈ ਰਾਜ਼ੀ ਸੀ ਕਿ ਕਿਸਾਨ ਨੂੰ ਹੁਨਰਮੰਦ ਮਜ਼ਦੂਰ ਮੰਨ ਲਿਆ ਜਾਵੇ। ਬਾਬਾ ਰਾਮਦੇਵ ਦੀ ਮੰਗ ਇਹ ਵੀ ਸੀ ਕਿ ਉਚ ਸਿੱਖਿਆ ਦੇ ਪੱਧਰ ਤੱਕ ਮਾਂ-ਬੋਲੀ ਵਿਚ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ, ਜਿਸ ਵਿਚ ਡਾਕਟਰੀ ਅਤੇ ਇੰਜੀਨੀਅਰਿੰਗ ਵੀ ਸ਼ਾਮਲ ਹਨ ਅਤੇ ਇਹ ਗੱਲ ਠੀਕ ਵੀ ਲੱਗਦੀ ਹੈ। ਰੂਸ, ਚੀਨ, ਜਾਪਾਨ ਅਤੇ ਕਈ ਹੋਰ ਦੇਸ਼ਾਂ ਵਿਚ ਇਹ ਪ੍ਰਬੰਧ ਹੈ ਕਿ ਉਥੇ ਮਾਂ-ਬੋਲੀ ਵਿਚ ਹੀ ਉਚ ਵਿਦਿਆ ਦਿੱਤੀ ਜਾ ਸਕਦੀ ਹੈ। ਇਹ ਕੰਮ ਸਾਡੇ ਦੇਸ਼ ਵਿਚ ਵੀ ਹੋ ਸਕਦਾ ਹੈ ਅਤੇ ਇਸ ਬਾਰੇ ਭਾਰਤ ਸਰਕਾਰ ਦੇ ਮੰਤਰੀ ਮੁੱਢਲੀ ਝਿਜਕ ਤੋਂ ਬਾਅਦ ਸੋਚਣ ਲਈ ਤਿਆਰ ਹੋ ਗਏ ਸਨ।

ਫਿਰ ਕੁਝ ਹੋਰ ਅੜਿੱਕੇ ਵਾਲੇ ਮੁੱਦੇ ਸਾਹਮਣੇ ਆ ਗਏ। ਇੱਕ ਨੁਕਤਾ ਇਹ ਸੀ ਕਿ ਵਿਦੇਸ਼ਾਂ ਵਿਚ ਪਏ ਕਾਲੇ ਧਨ ਨੂੰ ਵਾਪਸ ਲਿਆਂਦਾ ਜਾਵੇ, ਜਿਸ ਬਾਰੇ ਸਾਰੇ ਕਹਿੰਦੇ ਤਾਂ ਹਨ ਪਰ ਲਿਆ ਸਕਣਾ ਏਨਾ ਸੌਖਾ ਨਹੀਂ, ਜਿੰਨਾ ਕੋਈ ਕਹਿ ਸਕਦਾ ਹੈ। ਸਰਕਾਰ ਕਹਿੰਦੀ ਹੈ ਕਿ ਉਹ ਇਸ ਬਾਰੇ ਯਤਨ ਕਰ ਰਹੀ ਹੈ, ਪਰ ਜਿਹੜੇ ਯਤਨ ਹੋ ਰਹੇ ਹਨ, ਉਨ੍ਹਾਂ ਦਾ ਸਿੱਟਾ ਕੋਈ ਨਹੀਂ ਨਿਕਲ ਰਿਹਾ। ਲੋਕਾਂ ਨੂੰ ਯਤਨ ਨਹੀਂ, ਸਾਰਥਕ ਸਿੱਟੇ ਚਾਹੀਦੇ ਹਨ। ਬਾਬਾ ਕਹਿੰਦਾ ਹੈ ਕਿ ਸਰਕਾਰ ਇਸ ਸਬੰਧ ਵਿਚ ਪਹਿਲਾ ਕਦਮ ਇਹ ਚੁੱਕੇ ਕਿ ਜਿਨ੍ਹਾਂ ਲੋਕਾਂ ਨੇ ਵਿਦੇਸ਼ ਵਿਚ ਕਾਲਾ ਧਨ ਜਮ੍ਹਾਂ ਕਰਵਾਇਆ ਹੈ, ਉਨ੍ਹਾਂ ਦੇ ਨਾਂ ਜਨਤਾ ਸਾਹਮਣੇ ਜਾਰੀ ਕਰ ਦਿੱਤੇ ਜਾਣ। ਸਰਕਾਰ ਇਹ ਗੱਲ ਕਰਨਾ ਚਾਹੁੰਦੀ ਹੈ ਜਾਂ ਨਹੀਂ, ਇਸ ਬਾਰੇ ਆਮ ਪ੍ਰਭਾਵ ਇਹੋ ਹੈ ਕਿ ਉਹ ਨਹੀਂ ਚਾਹੁੰਦੀ ਅਤੇ ਉਹ ਇਸ ਬਾਰੇ ਸੁਪਰੀਮ ਕੋਰਟ ਵਿਚ ਵੀ ਆਪਣੇ ਬਿਆਨ ਬਦਲਦੀ ਰਹੀ ਹੈ। ਇਸ ਕਰ ਕੇ ਇਸ ਬਾਰੇ ਸਹਿਮਤੀ ਨਹੀਂ ਹੋ ਸਕੀ। ਦੂਸਰਾ ਵੱਡਾ ਅੜਿੱਕਾ ਇਸ ਗੱਲ ਤੋਂ ਪੈ ਗਿਆ ਕਿ ਬਾਬਾ ਰਾਮਦੇਵ ਮੰਗ ਕਰ ਰਹੇ ਹਨ ਕਿ ਭਾਰਤ ਸਰਕਾਰ ਇੱਕ ਹਜ਼ਾਰ ਦੇ ਹੀ ਨਹੀਂ, ਪੰਜ ਸੌ ਰੁਪਏ ਦੇ ਨੋਟ ਵੀ ਬੰਦ ਕਰ ਦੇਵੇ ਅਤੇ ਸਿਰਫ ਸੌ ਰੁਪਏ ਤੱਕ ਸੀਮਤ ਹੋ ਜਾਵੇ। ਜਦੋਂ ਮੁਰਾਰਜੀ ਡਿਸਾਈ ਸਰਕਾਰ ਨੇ ਅਜਿਹਾ ਕੀਤਾ ਸੀ, ਉਦੋਂ ਵੀ ਕਾਲਾ ਧਨ ਕੁਝ ਬਾਹਰ ਆਇਆ ਸੀ, ਹੁਣ ਵੀ ਏਦਾਂ ਕਰਨ ਨਾਲ ਆ ਸਕਦਾ ਹੈ ਪਰ ਉਸ ਤੋਂ ਬਾਅਦ ਉਹੀ ਦੋਵੇਂ ਕਿਸਮ ਦੇ ਨੋਟ ਫਿਰ ਚਲਾਉਣੇ ਪਏ ਸਨ। ਜਿਵੇਂ ਪੈਸੇ ਦਾ ਪਸਾਰਾ ਵਧਦਾ ਜਾ ਰਿਹਾ ਹੈ, ਉਸ ਵਿਚ ਛੋਟੇ ਨੋਟਾਂ ਨਾਲ ਕੰਮ ਸਾਰ ਸਕਣ ਦੀ ਗੁੰਜਾਇਸ਼ ਤਾਂ ਕਿਧਰੇ ਰਹੀ, ਇਸ ਦੀ ਥਾਂ ਇਹ ਮੰਗ ਉਠਦੀ ਰਹੀ ਹੈ ਕਿ ਪੈਸੇ ਖਤਮ ਕਰ ਕੇ ਸੌ ਰੁਪਏ ਦੇ ਬਰਾਬਰ ਦਾ ਨਵਾਂ ਸਿੱਕਾ ਜਾਰੀ ਕਰ ਦਿੱਤਾ ਜਾਵੇ। ਬਾਬਾ ਰਾਮਦੇਵ ਨੇ ਇਸ ਦੀ ਸਹਿਮਤੀ ਖੜੇ ਪੈਰ ਮੰਗੀ ਤਾਂ ਭਾਰਤ ਸਰਕਾਰ ਇੰਜ ਨਹੀਂ ਸੀ ਕਰ ਸਕਦੀ, ਸਗੋਂ ਇਹ ਕਹਿੰਦੀ ਸੀ ਕਿ ਇਸ ਬਾਰੇ ਵਿਚਾਰ ਕਈ ਪੱਧਰਾਂ ਉਤੇ ਹੋਵੇਗੀ ਅਤੇ ਫਿਰ ਹੀ ਫੈਸਲਾ ਲਿਆ ਜਾ ਸਕੇਗਾ।



ਅਚਾਰੀਆ ਰਾਮਦੇਵ

ਕੁਝ ਸਹਿਮਤੀ ਅਤੇ ਕੁਝ ਅਸਹਿਮਤੀ ਵਿਚਾਲੇ ਬਾਬਾ ਰਾਮਦੇਵ ਨੇ ਧਰਨਾ ਲਾ ਲਿਆ, ਜਿਸ ਬਾਰੇ ਕਈ ਕਿਸਮ ਦੇ ਵਿਵਾਦ ਵੀ ਖੜੇ ਪੈਰ ਸਾਹਮਣੇ ਆ ਗਏ। ਇੱਕ ਮਾਮਲਾ ਤਾਂ ਸਾਰਿਆਂ ਤੋਂ ਵੱਡਾ ਇਹੋ ਸੀ ਕਿ ਜਦੋਂ ਇੱਕ ਸੰਘਰਸ਼ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਹੋ ਰਿਹਾ ਸੀ, ਦੂਜਾ ਮੋਰਚਾ ਖੋਲ੍ਹਣ ਦੀ ਕੀ ਲੋੜ ਸੀ? ਇਹ ਮੋਰਚਾ ਬਾਬਾ ਰਾਮਦੇਵ ਨੇ ਸ਼ੁਰੂ ਵੀ ਓਦੋਂ ਕੀਤਾ, ਜਦੋਂ ਕੇਂਦਰ ਸਰਕਾਰ ਤੇ ਬਾਬਾ ਅੰਨਾ ਹਜ਼ਾਰੇ ਵਿਚਾਲੇ ਲੋਕਪਾਲ ਦੇ ਸਵਾਲ ਉਤੇ ਗੱਲਬਾਤ ਇੱਕ ਨਾਜ਼ਕ ਮੋੜ ਉਤੇ ਆ ਗਈ ਤੇ ਅੜਿੱਕਾ ਇਹ ਬਣ ਗਿਆ ਸੀ ਕਿ ਪ੍ਰਧਾਨ ਮੰਤਰੀ ਅਤੇ ਭਾਰਤ ਦੇ ਮੁੱਖ ਜੱਜ ਨੂੰ ਇਸ ਦੇ ਅਧੀਨ ਲਿਆਉਣਾ ਹੈ ਕਿ ਨਹੀਂ? ਜਦੋਂ ਇਹ ਖਬਰ ਆਈ ਕਿ ਸਰਕਾਰ ਇਹ ਗੱਲ ਨਹੀਂ ਮੰਨ ਰਹੀ ਅਤੇ ਅੰਨਾ ਹਜ਼ਾਰੇ ਦੇ ਸਾਥੀ ਇਸ ਮੰਗ ਤੋਂ ਪਿੱਛੇ ਹਟਣ ਨੂੰ ਤਿਆਰ ਨਹੀਂ, ਉਦੋਂ ਬਾਬਾ ਰਾਮਦੇਵ ਨੇ ਬਿਆਨ ਦੇ ਦਿੱਤਾ ਕਿ ਪ੍ਰਧਾਨ ਮੰਤਰੀ ਤੇ ਭਾਰਤ ਦਾ ਮੁੱਖ ਜੱਜ ਕਿਸੇ ਦੇ ਅਧੀਨ ਹੋਣੇ ਹੀ ਨਹੀਂ ਚਾਹੀਦੇ। ਇਹ ਬਿਆਨ ਅੰਨਾ ਹਜ਼ਾਰੇ ਅਤੇ ਉਸ ਦੇ ਸਾਥੀਆਂ ਨਾਲੋਂ ਇਕਦਮ ਵੱਖਰੇ ਪੈਂਤੜੇ ਦਾ ਸੀ। ਵੱਖਰਾ ਪੈਂਤੜਾ ਹੋਣ ਦੀ ਗੱਲ ਸਾਹਮਣੇ ਆਉਣ ਦੇ ਬਾਵਜੂਦ ਅੰਨਾ ਹਜ਼ਾਰੇ ਨੇ ਕਿਹਾ ਕਿ ਉਹ ਇਸ ਨੂੰ ਖਾਸ ਮੁੱਦਾ ਨਹੀਂ ਮੰਨਦੇ ਅਤੇ ਬਾਬਾ ਰਾਮਦੇਵ ਦੇ ਨਾਲ ਭੁੱਖ ਹੜਤਾਲ ਉਤੇ ਬੈਠਣਗੇ ਪਰ ਉਸੇ ਸ਼ਾਮ ਰਾਮਦੇਵ ਨੇ ਇਹ ਕਹਿ ਕੇ ਗੱਲ ਹੋਰ ਅੱਗੇ ਵਧਾ ਦਿੱਤੀ ਕਿ ਲੋਕਪਾਲ ਦਾ ਮੁੱਦਾ ਅੰਨਾ ਹਜ਼ਾਰੇ ਦਾ ਹੈ, ਸਾਡਾ ਨਹੀਂ, ਸਾਡਾ ਤਾਂ ਆਪਣਾ ਏਜੰਡਾ ਹੈ।

ਅਗਲਾ ਮੁੱਦਾ ਇਹ ਚਰਚਾ ਦਾ ਵਿਸ਼ਾ ਬਣ ਗਿਆ ਕਿ ਬਾਬਾ ਰਾਮਦੇਵ ਨੇ ਜਿਹੜਾ ਧਰਨਾ ਲਾਉਣਾ ਹੈ, ਉਸ ਵਾਸਤੇ ਪੰਡਾਲ ਸ਼ਾਹੀ ਕਿਸਮ ਦਾ ਬਣਾਇਆ ਜਾ ਰਿਹਾ ਹੈ ਅਤੇ ਉਸ ਉਤੇ ਅੰਨ੍ਹਾ ਪੈਸਾ ਖਰਚਿਆ ਜਾ ਰਿਹਾ ਹੈ। ਉਸ ਪੈਸੇ ਦੀ ਚਰਚਾ ਚੱਲੀ ਤਾਂ ਕੁਝ ਟੀ ਵੀ ਚੈਨਲਾਂ ਨੇ ਇਹ ਵਿਖਾ ਦਿੱਤਾ ਕਿ ਬਾਬਾ ਰਾਮਦੇਵ ਦੇ ਪ੍ਰਬੰਧਕਾਂ ਨੂੰ ਲੱਖਾਂ ਰੁਪਏ ਦੇ ਚੈਕ ਦਿੱਤੇ ਜਾ ਰਹੇ ਹਨ, ਜਿਹੜੇ ਆਮ ਆਦਮੀ ਨਹੀਂ ਦੇ ਸਕਦਾ। ਪੰਡਾਲ ਵਿਚ ਆ ਰਹੇ ਸਮਰਥਕਾਂ ਬਾਰੇ ਵੀ ਇਹ ਚਰਚਾ ਚੱਲ ਪਈ ਕਿ ਅੰਨਾ ਹਜ਼ਾਰੇ ਦੇ ਮਗਰ ਆਮ ਆਦਮੀ ਆਪਣੇ ਆਪ ਆਏ ਸਨ ਪਰ ਰਾਮਦੇਵ ਦੇ ਧਰਨੇ ਵਿਚ ਲੋਕ ਲਿਆਉਣ ਲਈ ਬੱਸਾਂ ਲਾਈਆਂ ਗਈਆਂ ਹਨ। ਅੰਨਾ ਹਜ਼ਾਰੇ ਦਾ ਪੰਡਾਲ ਉਂਜ ਵੀ ਸਾਰਿਆਂ ਵਾਸਤੇ ਇੱਕੋ ਜਿਹਾ ਸੀ ਪਰ ਬਾਬਾ ਰਾਮਦੇਵ ਦੇ ਪੰਡਾਲ ਵਿਚ ਸਟੇਜ ਉਤੇ ਬੈਠਣ ਵਾਲਿਆਂ ਵਾਸਤੇ ਗਰਮੀ ਤੋਂ ਬਚਾਉਣ ਦੇ ਪ੍ਰਬੰਧ ਖਾਸ ਕੀਤੇ ਗਏ ਸਨ, ਜਦ ਕਿ ਆਮ ਜਨਤਾ ਵਾਸਤੇ ਏਨੇ ਪ੍ਰਬੰਧ ਨਹੀਂ ਸਨ।

ਇਨ੍ਹਾਂ ਸਾਰੀਆਂ ਤੋਂ ਵੱਡੀ ਗੱਲ ਇਹ ਚਰਚਾ ਦਾ ਵਿਸ਼ਾ ਬਣੀ ਕਿ ਬਾਬਾ ਰਾਮਦੇਵ ਦੇ ਧਰਨੇ ਨੂੰ ਕਾਮਯਾਬ ਕਰਨ ਲਈ ਆਰ ਐਸ ਐਸ ਅਤੇ ਭਾਰਤੀ ਜਨਤਾ ਪਾਰਟੀ ਨੇ ਆਪ ਇਸ ਦਾ ਬਾਕਾਇਦਾ ਸਮਰਥਨ ਕਰ ਦਿੱਤਾ ਤੇ ਆਪਣੇ ਲੋਕਾਂ ਨੂੰ ਉਥੇ ਜਾਣ ਦਾ ਸੱਦਾ ਦੇ ਦਿੱਤਾ। ਜਦੋਂ ਅੰਨਾ ਹਜ਼ਾਰੇ ਨੇ ਧਰਨਾ ਲਾਇਆ ਸੀ, ਉਸ ਵਕਤ ਭਾਜਪਾ ਦੇ ਲੀਡਰਾਂ ਨੇ ਉਸ ਦਾ ਜ਼ਬਾਨੀ ਸਮਰਥਨ ਕੀਤਾ ਸੀ, ਇਸ ਤਰ੍ਹਾਂ ਦੇ ਸੱਦੇ ਨਹੀਂ ਸੀ ਦਿੱਤੇ। ਕਾਰਨ ਸਾਫ ਸੀ ਕਿ ਅੰਨਾ ਹਜ਼ਾਰੇ ਦੇ ਧਰਨੇ ਵਿਚ ਸਾਰੇ ਰੰਗਾਂ ਵਾਲੇ ਰਾਜਸੀ ਲੀਡਰਾਂ ਦੇ ਖਿਲਾਫ ਲੋਕ ਬੋਲ ਰਹੇ ਸਨ, ਨਾਂ ਭਾਵੇਂ ਉਹ ਕਿਸੇ ਦਾ ਨਹੀਂ ਸੀ ਲੈਂਦੇ, ਜਦ ਕਿ ਬਾਬਾ ਰਾਮਦੇਵ ਦੇ ਧਰਨੇ ਵਿਚ ਸਾਰਾ ਜ਼ੋਰ ਮੌਜੂਦਾ ਸਰਕਾਰ ਦੇ ਖਿਲਾਫ ਲੱਗਣਾ ਸ਼ੁਰੂ ਹੋ ਗਿਆ, ਨਾਂ ਭਾਵੇਂ ਏਥੇ ਵੀ ਕਿਸੇ ਦਾ ਨਹੀਂ ਸੀ ਲਿਆ ਜਾ ਰਿਹਾ। ਦੋਵਾਂ ਧਰਨਿਆਂ ਵਿਚ ਇਹ ਵਖਰੇਵਾਂ ਐਨਾ ਸਾਧਾਰਨ ਨਹੀਂ, ਇਸ ਦੇ ਅੰਦਰ ਬਹੁਤ ਕੁਝ ਲੁਕਿਆ ਹੋਇਆ ਸੀ। (ਬਾਅਦ ਵਿਚ ਖੁੱਲ੍ਹੇ ਭੇਦਾਂ ਤੋਂ ਇੰਜ ਜਾਪਦਾ ਹੈ ਕਿ ਸਰਕਾਰ ਦੇ ਖਿਲਾਫ ਬੋਲਣਾ ਵੀ ਇੱਕ ਆਪਸੀ ਸੌਦੇਬਾਜ਼ੀ ਦਾ ਹੀ ਹਿੱਸਾ ਸੀ।)

ਹੁਣ ਅਸੀਂ ਥੋੜ੍ਹਾ ਪਿੱਛੇ ਚੱਲੀਏ। ਜਦੋਂ ਅੰਨਾ ਹਜ਼ਾਰੇ ਨੇ ਧਰਨਾ ਚੁੱਕਿਆ, ਉਸ ਨੇ ਦੋ ਮੁੱਖ ਮੰਤਰੀਆਂ ਬਿਹਾਰ ਦੇ ਨਿਤੀਸ਼ ਕੁਮਾਰ ਅਤੇ ਗੁਜਰਾਤ ਦੇ ਨਰਿੰਦਰ ਮੋਦੀ ਦੀ ਬੜੀ ਸਿਫਤ ਕੀਤੀ ਸੀ। ਕਿਹਾ ਉਸ ਨੇ ਸਿਰਫ ਇਹ ਸੀ ਕਿ ਪੇਂਡੂ ਵਿਕਾਸ ਦੇ ਮਾਮਲੇ ਵਿਚ ਬਾਕੀ ਰਾਜਾਂ ਦੇ ਆਗੂਆਂ ਨੂੰ ਇਨ੍ਹਾਂ ਦੋਵਾਂ ਮੁੱਖ ਮੰਤਰੀਆਂ ਤੋਂ ਸਿੱਖ ਕੇ ਚੱਲਣਾ ਚਾਹੀਦਾ ਹੈ, ਪਰ ਮਾਮਲਾ ਦੋ ਮੁੱਖ ਮੰਤਰੀਆਂ ਦਾ ਨਾ ਰਹਿ ਕੇ ਸਿਰਫ ਇੱਕ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਬਣ ਗਿਆ ਅਤੇ ਬਹਿਸ ਇਹ ਚੱਲ ਪਈ ਕਿ ਬਾਬਾ ਦੰਗਿਆਂ ਦੇ ਇੱਕ ਦਾਗੀ ਦੀ ਸਿਫਤ ਕਰ ਰਿਹਾ ਹੈ। ਭਾਜਪਾ ਅਤੇ ਨਰਿੰਦਰ ਮੋਦੀ ਨੇ ਬਾਬਾ ਅੰਨਾ ਹਜ਼ਾਰੇ ਦੇ ਪੱਖ ਵਿਚ ਬਿਆਨ ਦਾਗੇ ਅਤੇ ਨੁਕਤਾਚੀਨੀ ਕਰਨ ਵਾਲਿਆਂ ਨੂੰ ਰੱਜ ਕੇ ਭੰਡਿਆ ਪਰ ਦੋ ਹਫਤੇ ਨਾ ਬੀਤੇ ਕਿ ਸਾਰਾ ਪਾਸਾ ਹੀ ਪਲਟ ਗਿਆ। ਬਾਬਾ ਅੰਨਾ ਹਜ਼ਾਰੇ ਨੇ ਜਾ ਕੇ ਗੁਜਰਾਤ ਵਿਚ ਧਰਨਾ ਲਾਇਆ ਅਤੇ ਨਰਿੰਦਰ ਮੋਦੀ ਦੇ ਰਾਜ ਨੂੰ ‘ਗਾਂਧੀ ਦਾ ਗੁਜਰਾਤ’ ਕਹਿੰਦੇ ਹੋਏ ਇਹ ਭਾਸ਼ਣ ਕਰ ਦਿੱਤਾ ਕਿ ਇਥੇ ਇਸ ਪੱਧਰ ਦਾ ਭ੍ਰਿਸ਼ਟਾਚਾਰ ਫੈਲਿਆ ਪਿਆ ਹੈ ਕਿ ਸ਼ਰਮ ਆਉਂਦੀ ਹੈ। ਉਸ ਨੇ ਇਹ ਵੀ ਕਹਿ ਦਿੱਤਾ ਕਿ ਕਹਿਣ ਨੂੰ ਇਸ ਰਾਜ ਵਿਚ ਸ਼ਰਾਬਬੰਦੀ ਹੈ ਪਰ ਅਮਲ ਵਿਚ ਇਸ ਰਾਜ ਵਿਚ ਉਨਾ ਦੁੱਧ ਨਹੀਂ ਵਿਕਦਾ, ਜਿੰਨੀ ਰੋਜ਼ ਸ਼ਰਾਬ ਵਿਕ ਰਹੀ ਹੈ। ਸ਼ਰਾਬ ਦਾ ਕਾਰੋਬਾਰ ਕਰਦੇ ਕਿਉਂਕਿ ਭਾਰਤੀ ਜਨਤਾ ਪਾਰਟੀ ਦੇ ਆਪਣੇ ਆਗੂ ਵੀ ਕਈ ਵਾਰੀ ਫੜੇ ਜਾਂਦੇ ਰਹੇ ਸਨ, ਇਸ ਲਈ ਉਨ੍ਹਾਂ ਨੇ ਇਸ ਨੂੰ ਆਪਣੀ ਪਾਰਟੀ ਅਤੇ ਸਰਕਾਰ ਉਤੇ ਸਿੱਧਾ ਰਾਜਸੀ ਹਮਲਾ ਮੰਨ ਲਿਆ ਤੇ ਉਸੇ ਦਿਨ ਤੋਂ ਅੰਨਾ ਹਜ਼ਾਰੇ ਤੋਂ ਹੌਲੀ-ਹੌਲੀ ਵਖਰੇਵਾਂ ਪਾਉਣਾ ਸ਼ੁਰੂ ਕਰ ਦਿੱਤਾ ਗਿਆ, ਜਿਹੜਾ ਹੁਣ ਸਾਹਮਣੇ ਆਇਆ ਹੈ ਅਤੇ ਇਹ ਵੀ ਇੱਕ ਸ਼ੁਰੂਆਤ ਹੈ, ਜਿਹੜੀ ਹਾਲੇ ਹੋਰ ਅੱਗੇ ਵਧਣੀ ਹੈ।

ਭਾਰਤੀ ਜਨਤਾ ਪਾਰਟੀ ਦੀ ਬਾਬਰੀ ਮਸਜਿਦ ਢਾਹੁਣ ਵੇਲੇ ਦੀ ਇੱਕ ਸਮਰਥਕ ਸਾਧਵੀ ਰਿਤੰਬਰਾ ਸਾਰਿਆਂ ਤੋਂ ਪਹਿਲਾਂ ਰਾਮਦੇਵ ਦੇ ਧਰਨੇ ਵਿਚ ਪੁੱਜੀ ਸੀ। ਉਸ ਦੇ ਨਾਲ ਖੜੇ ਇੱਕ ਭਾਜਪਾ ਆਗੂ ਨੇ ਇਹ ਕਹਿਣ ਵਿਚ ਵੀ ਦੇਰ ਨਹੀਂ ਲਾਈ ਕਿ ਹਾਲਾਤ ਐਮਰਜੈਂਸੀ ਤੋਂ ਪਹਿਲਾਂ ਵਾਲੇ ਬਣ ਰਹੇ ਹਨ, ਜਦੋਂ ਇੰਦਰਾ ਗਾਂਧੀ ਦੇ ਰਾਜ ਵਿਰੁਧ ਇੱਕ ਆਜ਼ਾਦੀ ਘੁਲਾਟੀਏ ਜੈ ਪ੍ਰਕਾਸ਼ ਨਾਰਾਇਣ ਨੂੰ ਲੋਕਾਂ ਨੂੰ ਅਗਵਾਈ ਦੇਣ ਲਈ ਅੱਗੇ ਆਉਣਾ ਪਿਆ ਸੀ। ਅਸਲ ਖੇਡ ਵੀ ਇਹੋ ਲੱਗ ਰਹੀ ਹੈ ਕਿ ਉਦੋਂ ਵਾਲੇ ਹਾਲਾਤ ਬਣਾਏ ਜਾਣ, ਜਿਨ੍ਹਾਂ ਵਿਚ ਸਰਕਾਰ ਦੇ ਵਿਰੋਧ ਦੇ ਨਾਂ ਉਤੇ ਨਵਾਂ ਸਿਆਸੀ ਗੱਠਜੋੜ ਸਿਰਜਿਆ ਜਾਵੇ, ਜਿਸ ਵਿਚ ਉਦੋਂ ਜਨ ਸੰਘ ਨੂੰ ਅਹਿਮ ਥਾਂ ਹਾਸਲ ਸੀ, ਹੁਣ ਭਾਜਪਾ ਨੂੰ ਆਗੂ ਵਾਲੀ ਥਾਂ ਮਿਲ ਸਕੇ। ਇਸ ਦਾ ਪਤਾ ਇਸ ਗੱਲ ਤੋਂ ਵੀ ਲੱਗ ਜਾਂਦਾ ਹੈ ਕਿ ਪਿਛਲੀਆਂ ਪਾਰਲੀਮੈਂਟ ਚੋਣਾਂ ਵਿਚ ਬਾਬਾ ਰਾਮਦੇਵ ਨੇ ਭਾਜਪਾ ਨੂੰ ਗਿਆਰਾਂ ਲੱਖ ਰੁਪਏ ਦਾ ਚੋਣ ਚੰਦਾ ਦਿੱਤਾ ਸੀ, ਜਿਸ ਦਾ ਕੋਈ ਖਾਸ ਮਤਲਬ ਨਿਕਲਦਾ ਹੈ।

ਉਂਜ ਇਹ ਬਾਬਾ ਰਾਮਦੇਵ ਉਹੋ ਮਹਾਂਪੁਰਸ਼ ਹੈ, ਜਿਸ ਦੀ ਦਵਾਈਆਂ ਦੀ ਫੈਕਟਰੀ ਵਿਚ ਘੱਟੋ ਘੱਟ ਮਜ਼ਦੂਰੀ ਨਾ ਦੇਣ ਕਾਰਨ ਉਸ ਦੇ ਇੱਕ ਸੌ ਚਾਰ ਮਜ਼ਦੂਰਾਂ ਵੱਲੋਂ ਹਾਈ ਕੋਰਟ ਵਿਚ ਕੇਸ ਚੱਲ ਰਿਹਾ ਹੈ। ਜੇ ਬਾਬਾ ਕਿਸਾਨਾਂ ਨੂੰ ਹੁਨਰਮੰਦ ਮਜ਼ਦੂਰ ਮੰਨ ਕੇ ਘੱਟੋ-ਘੱਟ ਮਜ਼ਦੂਰੀ ਦੇ ਬਰਾਬਰ ਆਮਦਨ ਦੇਣ ਦੀ ਮੰਗ ਕਰ ਰਿਹਾ ਹੈ ਤਾਂ ਮਜ਼ਦੂਰਾਂ ਨੂੰ ਆਪ ਘੱਟੋ-ਘੱਟ ਮਜ਼ਦੂਰੀ ਦੇਣ ਤੋਂ ਕਿਉਂ ਇਨਕਾਰੀ ਹੈ? ਇਸ ਦਾ ਜਵਾਬ ਬਾਬਾ ਨਾ ਕਦੇ ਦੇਂਦਾ ਹੈ, ਨਾ ਉਸ ਨੇ ਦੇਣਾ ਹੈ। ਧਰਨਾ ਬਾਬਾ ਰਾਮਦੇਵ ਨੇ ਲਾ ਲਿਆ ਪਰ ਇਸ ਦੀ ਸਾਰੀ ਜ਼ਿਮੇਵਾਰੀ ਉਸੇ ਦੇ ਸਿਰ ਜਾਂ ਭਾਜਪਾ ਉਤੇ ਹੀ ਨਹੀਂ ਪਾਈ ਜਾ ਸਕਦੀ, ਸਰਕਾਰ ਦਾ ਪੱਖ ਵੀ ਏਨਾ ਗੈਰ ਜ਼ਿਮੇਵਾਰਾਨਾ ਸੀ ਕਿ ਉਸ ਨੇ ਖੁਦ ਹਾਲਾਤ ਤਿਆਰ ਕੀਤੇ ਸਨ। ਵਿਦੇਸ਼ਾਂ ਵਿਚ ਪਏ ਕਾਲੇ ਧਨ ਬਾਰੇ ਉਸ ਨੇ ਕਈ ਵਾਰੀ ਮੰਨ ਕੇ ਅਖੀਰ ਤੱਕ ਪਰਦੇ ਪਾਉਣ ਦਾ ਯਤਨ ਕੀਤਾ ਤੇ ਸੁਪਰੀਮ ਕੋਰਟ ਦੇ ਡੰਡੇ ਨਾਲ ਹੀ ਥੋੜ੍ਹਾ-ਥੋੜ੍ਹਾ ਅੱਗੇ ਖਿਸਕਦੀ ਰਹੀ ਹੈ। ਇਸ ਤੋਂ ਉਸ ਬਾਰੇ ਇਹ ਪ੍ਰਭਾਵ ਵਧਦਾ ਗਿਆ ਕਿ ਉਹ ਆਪਣੇ ਕੁਝ ਨਜ਼ਦੀਕੀਆਂ ਨੂੰ ਬਚਾਉਣਾ ਚਾਹੁੰਦੀ ਹੈ। ਲੋਕਾਂ ਵਿਚ ਜਿਹੜਾ ਰੋਹ ਪੈਦਾ ਹੁੰਦਾ ਰਿਹਾ, ਉਸ ਦਾ ਲਾਭ ਬਾਬਾ ਰਾਮਦੇਵ ਲੈ ਜਾਵੇ ਜਾਂ ਕੋਈ ਹੋਰ, ਇਹ ਕਿਸੇ ਨਾ ਕਿਸੇ ਦਿਨ ਹੋਣਾ ਹੀ ਸੀ। ਜੇ ਕਿਧਰੇ ਤੀਸਰੇ ਮੋਰਚੇ ਵਰਗੀ ਕੋਈ ਧਿਰ ਮੈਦਾਨ ਵਿਚ ਆਈ ਹੁੰਦੀ ਤਾਂ ਅਗਵਾਈ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਨਹੀਂ ਸੀ ਜਾ ਸਕਣੀ, ਜਿਨ੍ਹਾਂ ਦੇ ਹੱਥ ਜਾਣ ਦੇ ਸੰਕੇਤ ਹੁਣ ਸਾਫ ਵੇਖੇ ਜਾ ਰਹੇ ਹਨ।

## ਭਾਜਪਾ ਦੀ ਮੁੜ ਰਾਮ ਮੰਦਰ ਅਸਤਰ ਵਰਤਣ ਦੀ ਤਿਆਰੀ

**ਲਖਨਊ:** ਲੋਕ ਸਭਾ ਤੇ ਕਈ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ’ਚ ਮੂੰਹ ਦੀ ਖਾਣ ਤੋਂ ਬਾਅਦ ਭਾਜਪਾ ਵੱਲੋਂ ਮੁੜ ‘ਰਾਮ ਮੰਦਰ’ ਅਸਤਰ ਵਰਤਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉੱਤਰ ਪ੍ਰਦੇਸ਼ ਵਿਚ ਮੁੜ ਸੱਤਾ ’ਚ ਆਉਣ ਦੀ ਰਣਨੀਤੀ ਦੇ ਹਿੱਸੇ ਵਜੋਂ ਭਾਜਪਾ ਨੇ ਮੁੜ ਰਾਮ ਮੰਦਰ ਦੀ ਉਸਾਰੀ ਦਾ ਮੁੱਦਾ ਉਠਾਇਆ ਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਨਾਂ ’ਤੇ ਵੋਟਰਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉੱਚ ਪਾਰਟੀ ਪ੍ਰਧਾਨ ਨਿਤਿਨ ਗਡਕਰੀ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਕਿਸੇ ਵੀ ਪਾਰਟੀ ਨਾਲ ਗੱਠਜੋੜ ਕਰਨ ਦੀ ਸੰਭਾਵਨਾ ਰੱਦ ਕਰ ਦਿੱਤੀ।

ਭਾਜਪਾ ਦੀ 3-4 ਜੂਨ ਨੂੰ ਹੋਈ ਕੌਮੀ ਕਾਰਜਕਾਰਨੀ ਦੇ ਉਦਘਾਟਨੀ ਇਜਲਾਸ ਨੂੰ ਸੰਬੋਧਨ ਕਰਦਿਆਂ ਸ੍ਰੀ ਗਡਕਰੀ ਨੇ ਕਿਹਾ ਕਿ ਅਯੁੱਧਿਆ ਤੋਂ ਕੁਝ ਕਿਲੋਮੀਟਰ ਦੂਰ ਲਖਨਊ ਵਿਚ ਉਨ੍ਹਾਂ ਲਈ ਆਪਣੇ ਆਪ ਨੂੰ ਰਾਮ ਦੇ ਆਦਰਸ਼ਾਂ ਨੂੰ ਸਮਰਪਤਿ ਕਰਨ ਤੇ ਸਹੀ ਰਾਮ ਰਾਜ ਲਿਆਉਣ ਦਾ ਮੌਕਾ ਹੈ। ਉਹ ਅਯੁੱਧਿਆ ਵਿਖੇ ਵੱਡੇ ਰਾਮ ਮੰਦਰ ਦੀ ਉਸਾਰੀ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਉਹ ਉੱਤਰ ਪ੍ਰਦੇਸ਼ ਤੇ ਸਮੁੱਚੇ ਦੇਸ਼ ਵਿਚ ਰਾਮ ਰਾਜ ਦੀ ਸਥਾਪਨਾ ਲਈ ਆਪਣੇ ਆਪ ਨੂੰ ਸਮਰਪਨ ਕਰਦੇ ਹਨ। ਸ੍ਰੀ ਗਡਕਰੀ ਨੇ ਹਾਈ ਕੋਰਟ ਦੇ ਤਾਜ਼ਾ ਫੈਸਲੇ ਦਾ ਵੀ ਜ਼ਿਕਰ ਕੀਤਾ ਹੈ। ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਸੀ ਕਿ ਉਹ ਥਾਂ ਜਿਸ ਬਾਰੇ ਹਿੰਦੂਆਂ ਦਾ ਵਿਸ਼ਵਾਸ ਹੈ ਕਿ ਉਹ ਰਾਮ ਲੱਲਾ ਦਾ ਜਨਮ ਸਥਾਨ ਹੈ, ਹਿੰਦੂਆਂ ਦੀ ਹੈ। ਇਹ ਮਾਮਲਾ ਹੁਣ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੰਦਰ ਮੁੱਦਾ ਭਾਜਪਾ ਲਈ ਸਿਆਸੀ ਮਾਮਲਾ ਨਹੀਂ। ਸ੍ਰੀ ਗਡਕਰੀ ਨੇ ਵੱਡੇ ਰਾਮ ਮੰਦਰ ਦੀ ਉਸਾਰੀ ਲਈ ਸਮਾਜ ਦੇ ਸਾਰੇ ਵਰਗਾਂ ਤੋਂ ਹਮਾਇਤ ਦੀ ਮੰਗ ਕੀਤੀ ਹੈ।

ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

ਸ਼ਰਧਾਂਜਲੀ

# ਪ੍ਰਕਾਸ਼: ਸਿਰਫ ਚੁਪ ਹੋਇਆ ਹੈ, ਨਾ ਕਿ...

**ਪ੍ਰੋ. ਨਵਜੀਤ ਸਿੰਘ ਜੌਹਲ**

ਚਾਹੇ ਲੱਖ ਭਾਵੇਂ ਤੁਸੀਂ
ਭੁਲਣਾ ਮੁਸ਼ਕਲ ਹੈ ਮੈਨੂੰ
ਮੈਂ ਉਹ ਨਹੀਂ, ਜਿਸ ਨੂੰ ਤੁਸੀਂ ਮਿਲੋ
ਤੇ ਫਿਰ ਤੁਹਾਡੇ ਜ਼ਿਹਨ 'ਚੋਂ
ਬਰਫ ਦੀ ਤਰ੍ਹਾਂ ਪਿਘਲ ਜਾਵਾਂ।

ਪ੍ਰਕਾਸ਼ ਦੀ ਕਿਤਾਬ 'ਧੁੰਦ 'ਚ ਠਹਿਰੀ ਕਵਿਤਾ' ਵਿਚਲੀ ਕਵਿਤਾ 'ਪਤਾ ਨਹੀਂ' ਦੀਆਂ ਇਹ ਸਤਰਾਂ ਪੜ੍ਹ ਕੇ ਮੈਨੂੰ ਲੱਗਾ ਕਿ ਉਹ ਕਿੰਨਾ ਸੱਚਾ ਸੀ। ਸਚਮੁਚ ਜੇ ਤੁਸੀਂ ਪ੍ਰਕਾਸ਼ ਨੂੰ ਮਿਲੇ ਹੋਵੋ, ਤੁਸੀਂ ਉਸ ਨੂੰ ਚਾਹ ਕੇ ਵੀ ਨਹੀਂ ਭੁਲ ਸਕਦੇ।

ਪ੍ਰਕਾਸ਼ ਨਹੀਂ ਰਿਹਾ। 28 ਮਈ ਦੀ ਤਪਦੀ ਸ਼ਾਮ ਦੇ ਪੌਣੇ ਕੁ ਚਾਰ ਵਜੇ ਉਹ ਸਾਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਿਆ। 66 ਵਰ੍ਹਿਆਂ ਦੀ ਉਮਰ ਨਿਸ਼ਚਿਤ ਤੌਰ 'ਤੇ ਅਜਿਹੀ ਅਲਵਿਦਾ ਕਹਿਣ ਲਈ ਨਾਕਾਫੀ ਹੁੰਦੀ ਹੈ ਪਰ ਸ਼ਾਇਦ ਪ੍ਰਕਾਸ਼ ਵਾਂਗ ਆਪਣੀਆਂ ਸੁਰਤਾਂ ਉਪਰ ਜ਼ਿੰਦਗੀ ਜੀਉਣ ਵਾਲਿਆਂ ਦੀ ਉਮਰ ਹੁੰਦੀ ਹੀ ਏਨੀ ਕੁ ਹੈ। ਦੋ ਛੀਕਿਆਂ ਵਾਲੀ ਆਪਣੀ ਜ਼ਿੰਦਗੀ 'ਚ ਪ੍ਰਕਾਸ਼ ਨੇ ਬਹੁਤ ਉਤਰਾਅ ਚੜਾਅ ਅਤੇ ਰੰਗ ਦੇਖੇ ਅਤੇ ਜੀਵੇ। ਕਠਿਨ ਤੋਂ ਕਠਿਨ ਰਾਹ ਤੇ ਆਪਣੀ ਆਜ਼ਾਦ ਅਤੇ ਸਹਿਜ ਤੋਰ ਤੁਰਨਾ ਉਸ ਦੇ ਸੁਭਾਅ ਦਾ ਅਨਿਖੜ ਅੰਗ ਸੀ। ਆਖਰ ਉਹ ਆਪਣੇ ਸਮੇਂ ਦੇ ਪ੍ਰਸਿੱਧ ਪੰਜਾਬੀ ਕਵੀ ਅਵਤਾਰ ਸਿੰਘ 'ਆਜ਼ਾਦ' ਦਾ ਪੁੱਤਰ ਜੁ ਸੀ।

1945 'ਚ ਲਾਹੌਰ 'ਚ ਜਨਮੇ ਪ੍ਰਕਾਸ਼ ਦਾ ਪਰਿਵਾਰ ਵੰਡ ਤੋਂ ਬਾਦ ਸਰਹੱਦੀ ਜ਼ਿਲ੍ਹੇ ਤਰਨਤਾਰਨ ਵਿਚ ਖਾਲੜੇ ਨੇੜੇ ਜੱਦੀ ਪਿੰਡ ਕਲਸੀਆਂ ਆ ਵਸਿਆ। ਪ੍ਰਕਾਸ਼ ਅੱਠ ਕੁ ਸਾਲ ਦਾ ਸੀ ਤੇ ਜਦੋਂ ਉਹ ਜਲੰਧਰ ਆ ਵਸੇ ਤੇ ਉਸ ਤੋਂ ਬਾਦ ਪ੍ਰਕਾਸ਼ ਦੀ ਜ਼ਿੰਦਗੀ ਦੇ ਅਹਿਮ 25 ਸਾਲ ਇਸ ਸ਼ਹਿਰ 'ਚ ਹੀ ਗੁਜ਼ਰੇ। ਭਾਵੇਂ ਪਿੰਡ 'ਚ ਜੱਦੀ ਜ਼ਮੀਨ ਵੀ ਸੀ ਪਰ ਪ੍ਰਕਾਸ਼ ਲਈ ਆਪਣੇ ਅੰਦਰਲੇ ਕਲਾਕਾਰ ਨੂੰ ਪ੍ਰਵਾਜ਼ ਦੇਣ ਲਈ ਸ਼ਹਿਰ ਰਹਿਣਾ ਜ਼ਰੂਰੀ ਸੀ, ਤੇ ਸ਼ਹਿਰ 'ਚ ਰਹਿਣ ਲਈ ਰੁਜ਼ਗਾਰ। ਉਸ ਦੇ ਹੱਥ ਕਲਾ ਸੀ ਤੇ ਮੱਥੇ 'ਚ ਚਿੰਗਾਰੀ। ਜਲੰਧਰ 'ਚ ਰਹਿੰਦਿਆਂ ਉਸ ਨੇ ਉਥੋਂ ਨਿਕਲਦੀਆਂ ਪੰਜਾਬੀ ਅਤੇ ਹਿੰਦੀ ਦੀਆਂ ਲਗਭਗ ਸਾਰੀਆਂ ਅਖਬਾਰਾਂ ਲਈ ਚਿਤਰ ਵੀ ਬਣਾਏ ਤੇ ਲਿਖਿਆ ਵੀ। ਅਜੀਤ ਵਲੋਂ ਕੱਢੇ ਫ਼ਿਲਮੀ ਰਸਾਲੇ ਤਸਵੀਰ ਦਾ ਬਹੁਤਾ ਕੰਮ ਉਹੀ ਕਰਦਾ। ਪੰਜਾਬੀ ਦੇ ਪਹਿਲੇ ਸਚਿੱਤਰ ਸਾਹਿਤਕ ਪਰਚੇ ਦ੍ਰਿਸ਼ਟੀ ਲਈ ਬਣਾਏ ਉਹਦੇ ਚਿਤਰਾਂ ਨੂੰ ਭਲਾ ਕੌਣ ਭੁਲ ਸਕਦੈ। 1978 'ਚ ਜਦੋਂ ਪੰਜਾਬੀ ਟ੍ਰਿਬਿਊਨ ਚੰਡੀਗੜ੍ਹੋਂ ਨਿਕਲੀ ਤਾਂ ਬਰਜਿੰਦਰ ਹਮਦਰਦ ਉਸ ਨੂੰ ਆਪਣੇ ਨਾਲ ਹੀ ਲੈ ਆਏ ਤੇ 2005 'ਚ ਟ੍ਰਿਬਿਊਨ ਅਦਾਰੇ ਤੋਂ ਰਿਟਾਇਰ ਹੋਣ ਤੱਕ ਉਹ ਟ੍ਰਿਬਿਊਨ ਸਮੂਹ ਦੀਆਂ ਤਿੰਨਾਂ ਅਖ਼ਬਾਰਾਂ ਲਈ ਸਕੈਚ ਬਣਾਉਂਦਾ ਰਿਹਾ। ਭਾਵੇਂ ਉਹ ਕਿਸੇ ਪਾਰਟੀ ਨਾਲ ਨਹੀਂ ਜੁੜਿਆ ਪਰ ਖੱਬੇ ਪੱਖੀ ਸੋਚ ਦਾ ਮਾਲਕ ਹੋਣ ਦੇ ਨਾਤੇ ਉਸ ਨੇ ਰੈਲੀਆਂ ਅਤੇ



ਮੁਜ਼ਾਹਰਿਆਂ ਲਈ ਹਜ਼ਾਰਾਂ ਪੋਸਟਰ ਬਣਾਏ। ਯੂਨੀਵਰਸਿਟੀਆਂ ਅਤੇ ਭਾਸ਼ਾ ਵਿਭਾਗ ਵਲੋਂ ਛਾਪੀਆਂ ਜਾਂਦੀਆਂ ਪੁਸਤਕਾਂ ਲਈ ਵੀ ਉਹ ਨਿਰੰਤਰ ਚਿੱਤਰ ਬਣਾਉਂਦਾ ਰਿਹਾ।

1971 'ਚ ਦਿੱਲੀ ਲਲਿਤ ਕਲਾ ਅਕਾਦਮੀ 'ਚ ਲੱਗੀ ਉਸ ਦੇ ਚਿਤਰਾਂ ਦੀ ਨੁਮਾਇਸ਼ ਤੋਂ ਬਾਦ ਤਾਂ ਜਿਉਂ ਨੁਮਾਇਸ਼ਾਂ ਦਾ ਇਕ ਨਿਰੰਤਰ ਸਿਲਸਿਲਾ ਸ਼ੁਰੂ ਹੋ ਗਿਆ ਸੀ। ਚੰਡੀਗੜ੍ਹ 'ਚ ਉਸ ਦੇ ਚਿਤਰਾਂ ਦੀਆਂ ਅਨੇਕ ਨੁਮਾਇਸ਼ਾਂ ਲੱਗੀਆਂ। 1987-88 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਿਊਜ਼ੀਅਮ 'ਚ ਉਸ ਦੇ ਚਿਤਰਾਂ ਨੂੰ ਮਿਲੇ ਹੁੰਗਾਰੇ ਦਾ ਮੈਂ ਖੁਦ ਚਸ਼ਮਦੀਦ ਗਵਾਹ ਹਾਂ।

ਪ੍ਰਕਾਸ਼ ਨੇ ਭਾਵੇਂ ਲੇਖ ਵੀ ਲਿਖੇ, ਆਪਣੇ ਦੋਧੀ ਪ੍ਰੇਮ ਸਿੰਘ ਵਾਲਾ ਕਾਲਮ ਵੀ ਪਰ ਮੁਢਲੇ ਤੌਰ 'ਤੇ ਉਹ ਇਕ ਚਿੱਤਰਕਾਰ ਸੀ। ਉਸ ਦੇ ਚਿਤਰਾਂ 'ਚੋਂ ਕਲਪਨਾ ਦੀਆਂ ਪਰੀਆਂ ਦੀਆਂ ਉਡਾਰੀਆਂ, ਸੁਪਨਿਆਂ ਦੀਆਂ ਤਿਤਲੀਆਂ ਦੀਆਂ ਪ੍ਰਵਾਜ਼ਾਂ, ਮਨੁਖੀ ਸੋਚ ਦੀਆਂ ਅਸੀਮ ਉਡਾਣਾਂ ਰੰਗਾਂ ਦੇ ਐਸੇ ਮਿਸ਼ਰਣ 'ਚ ਪੇਸ਼ ਹੁੰਦੀਆਂ ਨੇ ਕਿ ਦੇਖਣ ਵਾਲੇ ਦੇ ਮੂੰਹੋਂ ਆਪਣੇ ਆਪ 'ਵਾਹ' ਨਿਕਲ ਜਾਂਦਾ ਹੈ। ਜੇ ਪ੍ਰਕਾਸ਼ ਨੂੰ ਥੋੜੀ ਜਿਹੀ ਪਬਲਿਕ ਰਿਲੇਸ਼ਨਿੰਗ ਵੀ ਕਰਨੀ ਆਉਂਦੀ ਹੁੰਦੀ ਤਾਂ ਇਕ ਚਿਤਰਕਾਰ ਦੇ ਤੌਰ 'ਤੇ ਉਸ ਦਾ ਨਾਂ ਕਿਤੇ ਵੱਡਾ ਹੋਣਾ ਸੀ। ਪਰ ਉਹ ਤਾਂ ਆਪਣੇ ਆਪ 'ਚ ਮਸਤ ਰਹਿਣ ਵਾਲਾ ਇਨਸਾਨ ਸੀ। ਆਪਣੇ ਛੋਟੇ ਪਰਿਵਾਰ 'ਚ ਖ਼ੁਸ਼। ਦੋਸਤਾਂ ਦੇ ਸੀਮਤ ਜਿਹੇ ਦਾਇਰੇ 'ਚ ਨਿਹਾਲ। ਮਜ਼ਾਕ ਕਰਨ ਤੇ ਮਜ਼ਾਕ ਸਹਿਣ-ਦੋਨਾਂ 'ਚ ਉਸ ਨੂੰ ਅਤਿ ਦਾ ਸਕੂਨ ਮਿਲਦਾ ਸੀ ਤੇ ਜਦੋਂ ਮਜ਼ਾਕ ਕਰਨ ਵਾਲੀ ਉਹ ਦੀ ਆਪਣੀ ਪਤਨੀ ਰਿਤੂ ਹੀ ਹੁੰਦੀ ਤੇ ਉਹਦੇ ਚਿਹਰੇ ਉਪਰ ਗਭਰੇਟਾਂ ਵਰਗੀ ਸ਼ਰਮ ਦੀ ਲਾਲੀ ਕਦੇ ਵੀ ਦੇਖੀ ਜਾ ਸਕਦੀ ਸੀ।

ਉਸ ਦੀ ਪਤਨੀ ਰਿਤੂ, ਧੀ ਪੁਰਬਾ, ਪੁਤਰ ਆਵੇਸ਼, ਜਵਾਈ ਸ਼ਮੀਲ ਤੇ ਹੋਰ ਸਾਰੇ ਰਿਸ਼ਤੇਦਾਰਾਂ ਅਤੇ ਸਕੇ-ਸਨੇਹੀਆਂ ਦਾ ਦੁਖ ਭਾਵੇਂ ਬਹੁਤ ਵੱਡਾ ਹੈ ਪਰ ਪ੍ਰਕਾਸ਼ ਆਪਣੇ ਨਾਮ ਵਾਂਗ ਹਮੇਸ਼ਾ ਰਹੇਗਾ। ਉਸ ਦੇ ਚਿਤਰ, ਉਸ ਦੀਆਂ ਕਵਿਤਾਵਾਂ ਤੇ ਉਸ ਦੀਆਂ ਤਸਵੀਰਾਂ ਸਾਡੇ ਨਾਲ ਹਮੇਸ਼ਾਂ ਗੱਲਾਂ ਕਰਦੇ ਰਹਿਣਗੇ। ਪ੍ਰਕਾਸ਼ ਦੀ ਇਕ ਹੋਰ ਕਵਿਤਾ ਦੀਆਂ ਕੁਝ ਲਾਈਨਾਂ ਇਸ ਤਰ੍ਹਾਂ ਨੇ, ਤੇ ਦੇਖੋ ਸਾਡੇ ਸਭਨਾਂ ਲਈ ਕਿੰਨੀਆਂ ਭਾਵਪੂਰਕ ਨੇ:

ਪਰ ਬਾਦ 'ਚ ਪਤਾ ਲੱਗਾ
ਉਸ ਦੇ ਆਪਣੇ ਘਰ 'ਚ
ਕੋਈ ਆਪਣਾ
ਉਸ ਦਾ ਇੰਤਜ਼ਾਰ ਕਰਦਾ
ਸਿਰਫ ਚੁਪ ਹੋਇਆ ਹੈ
ਨਾ ਕਿ ਮੋਇਆ ਹੈ।

ਪ੍ਰਕਾਸ਼ ਵੀ ਸਿਰਫ ਚੁਪ ਹੋਇਆ ਹੈ ਨਾ ਕਿ...।

# 'ਟ੍ਰਿਬਿਊਨ' ਦੇ ਆਂਗਣ ਵਿਚੋਂ ਪ੍ਰਕਾਸ਼ ਵੀ ਸਾਥ ਛੱਡ ਗਿਆ!

**ਐਸ. ਅਸ਼ੋਕ ਭੌਰਾ**

ਜੇ ਵਾਰੀ ਸਿਰ ਤੁਰ ਜਾਣ ਦੀ ਰਵਾਇਤ ਵਾਹਿਗੁਰੂ ਨੇ ਬਣਾਈ ਹੁੰਦੀ ਤਾਂ ਚਿੱਤਰਕਾਰ ਪ੍ਰਕਾਸ਼ ਨੇ ਹਾਲੇ ਜਾਣਾ ਨਹੀਂ ਸੀ ਪਰ ਹੋਣੀ ਨੇ ਜੱਟ-ਜੱਫਾ ਮਾਰ ਲਿਆ। ਪੰਦਰਾਂ ਅਗਸਤ 1978 ਨੂੰ 'ਪੰਜਾਬੀ ਟ੍ਰਿਬਿਊਨ' ਦੀ ਪ੍ਰਕਾਸ਼ਨਾ 'ਟ੍ਰਿਬਿਊਨ ਟਰਸਟ' ਵੱਲੋਂ ਅਰੰਭ ਕੀਤੀ ਗਈ ਸੀ ਤੇ 1979 ਤੋਂ 2007 ਤੱਕ ਮੈਂ ਬੁੱਧੀਜੀਵੀ ਵਰਗ ਵਿਚ ਪੜ੍ਹੀ ਜਾਣ ਵਾਲੀ ਇਸ ਅਖ਼ਬਾਰ ਵਿਚ ਨਿਰੰਤਰ ਲਿਖਦਾ ਰਿਹਾ। ਆਮ ਫੀਚਰਾਂ ਤੋਂ ਸਿਵਾ 'ਪਿੰਡਾਂ ਵਿਚੋਂ ਪਿੰਡ ਸੁਣੀਂਦਾ', ਖੇਡਾਂ ਦੇ ਖੇਤਰ ਵਿਚ ਸਾਡੇ ਕਾਲਜ, ਸੰਪਾਦਕ ਗੁਲਜ਼ਾਰ ਸੰਧੂ ਵੇਲੇ ਬਹੁਚਰਚਿਤ ਮੈਗਜ਼ੀਨ ਵਿਚ ਛਪਣ ਵਾਲੇ 'ਖੁੱਲ੍ਹੀਆਂ ਗੱਲਾਂ' ਤੇ ਫਿਰ 'ਗੱਲਾਂ 'ਚੋਂ ਗੱਲਾਂ', ਕਾਵਿ ਵਿਅੰਗ ਲਈ ਜੀਅ ਭਰ ਕੇ ਲਿਖਿਆ। ਜਿੰਨਾ ਚਿਰ ਮੈਂ ਇੰਗਲੈਂਡ ਰਿਹਾ, ਐਤਵਾਰ ਨੂੰ ਆਖਰੀ ਪੰਨੇ 'ਤੇ 'ਰੰਗ ਇੰਗਲੈਂਡ ਦੇ' ਮੇਰਾ ਸਥਾਈ ਕਾਲਮ ਵੀ ਬਹੁਤ ਪੜ੍ਹਿਆ ਜਾਂਦਾ ਰਿਹਾ। ਮੁਲਾਜ਼ਮ ਨਾ ਹੋ ਕੇ ਵੀ 'ਪੰਜਾਬੀ ਟ੍ਰਿਬਿਊਨ' ਦੇ ਮੁਲਾਜ਼ਮਾਂ, ਸੰਪਾਦਕੀ ਅਮਲੇ, ਖ਼ਬਰਾਂ ਵਾਲੇ ਸੈਕਸ਼ਨ ਨਾਲ ਵਾਹ ਬਹੁਤ ਗੂੜ੍ਹਾ ਰਿਹਾ। ਭਾਜੀ ਬਰਜਿੰਦਰ ਸਿੰਘ ਤੋਂ ਬਾਅਦ ਗੁਲਜ਼ਾਰ ਸੰਧੂ, ਹਰਭਜਨ ਹਲਵਾਰਵੀ, ਗੁਰਬਚਨ ਸਿੰਘ ਭੁੱਲਰ, ਸ਼ੰਗਾਰਾ ਸਿੰਘ ਭੁੱਲਰ ਨਾਲ ਨੇੜਤਾ ਵੀ ਸੀ। ਸ਼ਮਸ਼ੇਰ ਸੰਧੂ, ਅਮਰੀਕ ਬਣਵੈਤ, ਸ਼ਾਮ ਸਿੰਘ, ਸੁਰਿੰਦਰ ਸਿੰਘ ਦੋਸਤ ਵੀ ਰਹੇ, ਤੇ ਇਹ ਕੰਟੀਨ 'ਚ ਵੀ ਅਤੇ ਫਿਰ ਆਥਣੇ ਵੀ ਮਿਲਦੇ ਰਹੇ। ਅਸਲ ਵਿਚ ਟ੍ਰਿਬਿਊਨ ਦੇ ਆਂਗਣ ਵਿਚ ਸੈਂਕੜੇ ਵਾਰ ਨਹੀਂ ਹਜ਼ਾਰਾਂ ਵਾਰ ਲਿਖਣ ਦੇ ਨਾਲ-ਨਾਲ ਗਲਵੱਕੜੀ ਹੁੰਦਾ ਰਿਹਾ। ਜਿਸ ਕੈਬਿਨ ਦੇ ਟੇਬਲ 'ਤੇ 'ਜਗਤ ਤਮਾਸ਼ਾ' ਲਿਖਣ ਵਾਲੇ ਦਲਬੀਰ



ਪ੍ਰਕਾਸ਼ ਦਾ ਇਕ ਚਿੱਤਰ

ਨੇ ਸੁਆਸ ਛੱਡੇ, ਉਹਦੇ ਸਾਹਮਣੇ ਬੈਠ ਕੇ ਮੈਂ ਪੰਜ ਸੌ ਕੱਪ ਚਾਹ ਦਾ ਪੀਤਾ ਹੋਊ। ਮੰਨਣਾ ਪਵੇਗਾ ਕਿ 'ਪੰਜਾਬੀ ਟ੍ਰਿਬਿਊਨ' ਦੀ ਪੰਜਾਬੀ ਪੱਤਰਕਾਰੀ ਲਈ ਦੇਸ਼ਾਂ-ਵਿਦੇਸ਼ਾਂ ਤੱਕ ਬੜੀ ਦੇਣ ਹੈ। 'ਪੰਜਾਬ ਟਾਈਮਜ਼' ਤੇ 'ਅੰਮ੍ਰਿਤਸਰ ਟਾਈਮਜ਼' ਜੋ ਅਮਰੀਕਾ ਦੀਆਂ ਮੁੱਖ ਪੰਜਾਬੀ ਅਖ਼ਬਾਰਾਂ ਹਨ ਤਾਂ ਇਸ ਗੱਲ ਤੋਂ ਸਿਰ ਨਹੀਂ ਫੇਰ ਸਕਦੇ ਕਿ ਇਨ੍ਹਾਂ ਦੇ ਪਿੱਛੇ ਇਸੇ ਅਖ਼ਬਾਰ 'ਚੋਂ ਆਏ ਦੋ ਸਤਿਕਾਰਤ ਨਾਂਵਾਂ-ਅਮਲੋਕ ਸਿੰਘ ਜੰਮੂ ਤੇ ਦਲਜੀਤ ਸਿੰਘ ਸਰਾ, ਦੇ ਹੱਥਾਂ ਵਿਚ ਇਨ੍ਹਾਂ ਦੀ ਸੰਪਾਦਨਾ ਦਾ ਜ਼ਿੰਮਾ ਹੈ।

ਵੇਖਦਿਆਂ-ਵੇਖਦਿਆਂ ਹੋਰ ਵੀ ਬਹੁਤ ਕੁਝ ਹੋ ਗਿਆ ਹੈ। ਨਰਿੰਦਰ ਭੁੱਲਰ ਦੀ ਦੁਰਘਟਨਾ 'ਚ ਮੌਤ ਹੋ ਗਈ। ਹਲਵਾਰਵੀ ਵੀ ਚਲੇ ਗਿਆ, ਤੇ ਹੁਣ ਸਾਡਾ ਮਿੱਤਰ ਪ੍ਰਕਾਸ਼ ਵੀ। ਉਹਨੂੰ ਸੁਭਾਅ ਦੀਆਂ ਕਈ ਵੰਨਗੀਆਂ ਕਰਕੇ ਵੀ ਜਾਣਿਆ ਜਾਂਦਾ ਹੈ। ਕਈ ਵਾਰ ਉਹ ਨੱਠ ਕੇ ਪੈਣ ਵਿਚ ਵੀ ਦੇਰੀ ਨਹੀਂ ਲਾਉਂਦਾ ਸੀ। ਸੇਵਾਮੁਕਤ ਹੋ ਕੇ ਵੀ ਉਹ ਟ੍ਰਿਬਿਊਨ ਲਈ ਆਰਟ ਦਾ ਕੰਮ ਕਰਦਾ ਰਿਹਾ।

ਹਾਲ ਹੀ ਵਿਚ ਉਹਨੇ ਮੇਰੇ ਨਾਲ ਬਹੁਤ ਚੰਗਾ ਕੰਮ ਕਰਕੇ ਕਮਾਲ ਕਰ ਦਿੱਤੀ ਸੀ। ਪੁਸਤਕ 'ਗੱਲੀ-ਬਾਤੀ' ਛਪਣ ਵੇਲੇ ਲੇਖਾਂ ਨਾਲ ਰੰਗਦਾਰ ਚਿੱਤਰ ਬਣਾਉਣ ਲਈ ਮੈਂ ਸੁਖਵੰਤ ਅਤੇ ਗੁਰਦੀਸ਼ ਨਾਲ ਵੀ ਗੱਲ ਕੀਤੀ ਪਰ ਪਬਲਿਸ਼ਰ ਤਰਲੋਚਨ ਸਿੰਘ ਨੇ ਕਿਹਾ ਕਿ ਜੇ ਛੇਤੀ ਕੰਮ ਲੈਣਾ ਹੈ ਤਾਂ ਪ੍ਰਕਾਸ਼ ਹੀ ਦੇ ਸਕਦਾ ਹੈ। ਉਹਨੂੰ ਖਰੜਾ ਸੌਂਪਿਆ ਤਾਂ ਉਹ ਕਹਿਣਾ ਲੱਗਾ, "ਮਿੱਤਰਤਾ ਇਕ ਪਾਸੇ ਹੈ, ਕੰਮ ਕਰਾਉਣਾ ਹੈ ਤਾਂ ਕਰਵਾ, ਭਾਵੇਂ ਨਾ; ਪਰ ਮੈਂ ਢਾਈ ਹਜ਼ਾਰ ਫੀ ਚਿੱਤਰ ਦਾ ਲਵਾਂਗਾ, ਤੇ ਨੱਬੇ ਚਿੱਤਰਾਂ ਦੇ ਹਿਸਾਬ ਨਾਲ ਪਚੱਤਰ ਫੀਸਦੀ ਪਹਿਲਾਂ।"

ਤਰਲੋਚਨ ਸਿੰਘ ਦੇ ਅਠਾਰਾਂ ਸੈਕਟਰ ਵਿਚਲੇ ਘਰ ਵਿਚ ਉਹ ਚਿੱਤਰ ਲੈ ਕੇ ਜਦੋਂ ਆਇਆ ਤਾਂ ਮੈਂ ਕਹਿ ਬੈਠਾ ਕਿ ਸ਼ਮਸ਼ੇਰ ਸੰਧੂ ਵੀ ਪੰਜਾਂ ਕੁ ਮਿੰਟਾਂ ਤੱਕ ਆ ਰਿਹੈ। ਉਹਨੇ ਚਿੱਤਰਾਂ ਵਾਲਾ ਲਿਫ਼ਾਫ਼ਾ ਚੁੱਕਿਆ ਤੇ ਜਾਣ ਲੱਗਾ ਬੋਲਿਆ, "ਹੁਣ ਜ਼ੀਰਕਪੁਰ ਪੰਜ ਹਜ਼ਾਰ ਵਾਧੂ ਲੈ ਕੇ ਆਈਂ।"

"ਗੱਲ ਕੀ ਹੋਈ। ਬੈਠ ਤਾਂ ਸਹੀ।"

"ਫੇਰ ਦੱਸਾਂਗਾ।"

ਅਗਲੇ ਦਿਨ ਜ਼ੀਰਕਪੁਰ ਉਸ ਦੇ ਘਰ ਗਿਆ ਤਾਂ ਮੈਂ ਬਣਦੀ ਰਕਮ ਤੋਂ ਦਸ ਹਜ਼ਾਰ ਵਾਧੂ ਦਿੱਤਾ, ਉਹ ਬਾਗੋ-ਬਾਗ ਸੀ। ਬੈਡ ਤੋਂ ਉਲਰ ਕੇ ਬੋਲਿਆ, "ਕਿਤਾਬ ਪੜ੍ਹ ਕੇ ਤਾਂ ਸੁਆਦ ਆਇਆ ਈ ਸੀ, ਕੰਮ ਕਰਕੇ ਆਨੰਦ ਵੀ ਆ ਗਿਆ।"

ਸ਼ਮਸ਼ੇਰ ਵਾਲੀ ਗੱਲ ਪੁੱਛੀ ਤਾਂ ਉਹ ਹੱਸ ਪਿਆ, "ਛੱਡ ਕਦੇ ਫੇਰ ਸਹੀ।"

ਬੜਾ ਦੁੱਖ ਹੈ ਕਿ ਹੁਣ ਉਹ ਫੇਰ ਕਦੇ ਆਵੇਗੀ ਨਹੀਂ!

"ਅੱਜ ਸਿਹਤ ਠੀਕ ਨਹੀਂ। ਕੱਲ੍ਹ-ਪਰਸੋਂ ਨੂੰ ਆਈਂ, ਘੁੱਟ ਫੇਰ ਲਾਵਾਂਗੇ।"

ਹੁਣ ਉਹਦੇ ਤੁਰ ਜਾਣ ਦੀ ਖ਼ਬਰ ਆਈ ਤਾਂ ਫਿਰ ਝਾੜਿਆ-ਝੰਬਿਆ ਗਿਆ। ਇਹ 'ਫੇਰ' ਨਹੀਂ ਆਵੇਗੀ। ਡਿਊਟੀ ਸਮੇਂ 'ਚ ਵੀ ਘੁੱਟ ਕਸ਼ ਲਾਉਣ ਵਾਲਾ ਪ੍ਰਕਾਸ਼ ਹਫ਼ ਗਿਆ ਸੀ।

ਜਾਣਾ ਅਸੀਂ ਵੀ ਉਥੇ ਈ ਐ ਪਰ ਜਿਉਂਦੇ ਜੀਅ ਮੈਨੂੰ ਮਾਣ ਰਹੇਗਾ ਕਿ ਮੇਰੀ ਮਿਹਨਤ ਵਾਲੀ ਕਿਤਾਬ 'ਗੱਲੀ-ਬਾਤੀ' ਨੂੰ ਰੰਗ ਉਹਨੇ ਦਿੱਤੇ ਹਨ!!

## ਕੈਨੇਡੀਅਨ ਮੁਟਿਆਰ ਵੱਲੋਂ ਸੰਸਦ 'ਚ ਨਿਵੇਕਲਾ ਮੁਜ਼ਾਹਰਾ

**ਟੋਰਾਂਟੋ:** ਇਕ 21 ਸਾਲਾ ਕੈਨੇਡੀਅਨ ਮੁਟਿਆਰ ਉਦੋਂ ਮੁਲਕ ਵਿਚ ਮਸ਼ਹੂਰ ਹਸਤੀ ਬਣ ਗਈ ਜਦੋਂ ਉਹ ਆਪਣੀ ਸਕਰਟ ਵਿਚ ਛੁਪਾ ਕੇ ਇਕ ਪੋਸਟਰ ਕੈਨੇਡੀਅਨ ਸੰਸਦ ਦੇ ਅੰਦਰ ਲਿਜਾਣ ਵਿਚ ਕਾਮਯਾਬ ਹੋ ਗਈ ਅਤੇ ਉਥੇ ਉਹ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀਆਂ ਨੀਤੀਆਂ ਖ਼ਿਲਾਫ਼ ਖ਼ਾਮੋਸ਼ ਮੁਜ਼ਾਹਰਾ ਕਰਨ ਵਿਚ ਵੀ ਸਫਲ ਹੋ ਗਈ।

ਬ੍ਰਿਗਟੀ ਡੇਪੇਪ ਨਾਮੀ ਇਸ ਮੁਟਿਆਰ ਨੇ ਆਪਣੇ ਨਾਲ ਲਿਜਾਏ ਗਏ ਆਵਾਜਾਈ ਰੋਕਣ ਲਈ ਵਰਤੇ ਜਾਂਦੇ ਨਿਸ਼ਾਨ ਵਾਲੇ ਪੋਸਟ ਉਤੇ ਲਿਖਿਆ ਹੋਇਆ ਸੀ 'ਹਾਰਪਰ ਰੁਕੋ' ਅਤੇ ਇਸ ਨੂੰ ਉਸ ਨੇ ਸੰਸਦ ਵਿਚ ਦਿੱਤੇ ਜਾਣ ਵਾਲੇ ਸ਼ਾਹੀ ਭਾਸ਼ਣ ਦੇ ਸਮਾਗਮ ਦੌਰਾਨ ਉਸ ਵੇਲੇ ਲਹਿਰਾਇਆ ਜਦੋਂ ਗਵਰਨਰ ਜਨਰਲ ਡੇਵਿਡ ਜੋਹਨਸਨ ਭਾਸ਼ਣ ਦੇ ਰਹੇ ਸਨ। ਇਹ ਰੋਸ ਕਰੀਬ 30 ਸਕਿੰਟ ਚੱਲਿਆ।

# ਅਮਰੀਕੀ ਡਰੋਨ ਹਮਲੇ 'ਚ ਇਲਿਆਸ ਕਸ਼ਮੀਰੀ ਦੀ ਮੌਤ

**ਇਸਲਾਮਾਬਾਦ:** ਉਸਾਮਾ ਬਿਨ ਲਾਦੇਨ ਦੀ ਹੱਤਿਆ ਤੋਂ ਬਾਅਦ ਅਤਿਵਾਦੀਆਂ ਤੋਂ ਮਿਲੀਆਂ ਧਮਕੀਆਂ ਤੋਂ ਖ਼ਫਾ ਅਮਰੀਕਾ ਨੇ ਪਾਕਿਸਤਾਨ 'ਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ।

ਲਾਦੇਨ ਦੀ ਮੌਤ ਤੋਂ ਕੁਝ ਦਿਨ ਬਾਅਦ ਹੀ ਅਮਰੀਕਾ ਨੇ ਪਾਕਿਸਤਾਨ ਦੇ ਵਜ਼ੀਰਿਸਤਾਨ ਇਲਾਕੇ 'ਚ ਡਰੋਨ ਹਮਲਾ ਕਰਕੇ ਮੁੰਬਈ ਹਮਲੇ ਦੇ ਮੁੱਖ ਦੋਸ਼ੀ ਤੇ ਹਰਕਤ-ਉਲ-ਜੇਹਾਦ-ਅਲ-ਇਸਲਾਮੀ (ਹੂਜੀ) ਦੇ ਮੁਖੀ ਇਲਿਆਸ ਕਸ਼ਮੀਰੀ ਨੂੰ ਮਾਰ ਦਿੱਤਾ ਹੈ। ਇਸ ਹਮਲੇ ਵਿਚ ਅੱਠ ਹੋਰ ਅਤਿਵਾਦੀ ਵੀ ਮਾਰੇ ਗਏ। ਇਸ ਦੇ ਨਾਲ ਹੀ ਹੂਜੀ ਦੇ ਬੁਲਾਰੇ ਅਬੂ ਹੰਜ਼ਾਲਾ ਨੇ ਕਸ਼ਮੀਰੀ ਦੀ ਮੌਤ ਦੀ ਪੁਸ਼ਟੀ ਕਰਦਿਆਂ ਇਸ ਦਾ ਬਦਲਾ ਲੈਣ ਦਾ ਐਲਾਨ ਕੀਤਾ ਹੈ।

ਰਿਪੋਰਟਾਂ ਅਨੁਸਾਰ ਅਮਰੀਕੀ ਡਰੋਨ ਨੇ 3 ਜੂਨ ਦੀ ਰਾਤ ਦੱਖਣੀ ਵਜ਼ੀਰਿਸਤਾਨ ਦੇ ਵਾਨਾ ਤੋਂ 20 ਕਿਲੋਮੀਟਰ ਦੂਰ ਇਕ ਥਾਂ 'ਤੇ ਦੋ ਮਿਜ਼ਾਈਲਾਂ ਦਾਗੀਆਂ ਤੇ ਕੁਝ ਸਮੇਂ ਮਗਰੋਂ ਉਸ



ਥਾਂ ਦੋ ਹੋਰ ਮਿਜ਼ਾਈਲਾਂ ਛੱਡੀਆਂ। ਅਲਕਾਇਦਾ ਨਾਲ ਜੁੜੇ 47 ਸਾਲਾ ਕਸ਼ਮੀਰੀ ਨਾਲ ਅੱਠ ਪੰਜਾਬੀ ਤਾਲਿਬਾਨ ਵੀ ਮਾਰੇ ਗਏ। ਕਸ਼ਮੀਰੀ ਖ਼ੈਬਰ ਕਬਾਇਲੀ ਇਲਾਕੇ ਵਿਚ ਵਾਨਾ 'ਚ ਦਸ ਦਿਨ ਪਹਿਲਾਂ ਹੀ ਆਇਆ ਸੀ।

ਸਥਾਨਕ ਲੋਕਾਂ ਅਨੁਸਾਰ ਮਾਰੇ ਗਏ ਅਤਿਵਾਦੀਆਂ ਨੂੰ ਇਲਾਕੇ ਦੇ ਕਬਰਿਸਤਾਨ ਵਿਚ ਦਫ਼ਨਾ ਦਿੱਤਾ ਗਿਆ ਹੈ। ਅਮਰੀਕਾ ਨੇ ਹਾਲ ਹੀ ਦੌਰਾਨ ਪਾਕਿਸਤਾਨ ਨੂੰ ਕਿਹਾ ਸੀ ਕਿ ਉਹ ਅਲ-ਜ਼ਵਾਹਰੀ, ਮੁੱਲ੍ਹਾ ਉਮਰ, ਸਿਰਾਜੂਦੀਨ ਹੱਕਾਨੀ, ਅਤੀਆ ਅਬਦੁਰ ਰਹਿਮਾਨ ਤੇ ਕਸ਼ਮੀਰੀ ਖ਼ਿਲਾਫ਼ ਕਾਰਵਾਈ ਸ਼ੁਰੂ ਕਰੇ ਤੇ ਜੁਲਾਈ ਤੱਕ ਕੋਈ ਠੋਸ ਨਤੀਜੇ ਦੇਵੇ। ਇਨ੍ਹਾਂ ਅਤਿਵਾਦੀਆਂ ਨੂੰ ਕਾਬੂ ਕਰਨ ਜਾਂ ਮਾਰਨ ਲਈ ਪਾਕਿਸਤਾਨ ਤੇ ਅਮਰੀਕਾ ਨੇ ਸਾਂਝੀ ਖ਼ੁਫ਼ੀਆ ਟੀਮ ਬਣਾਈ ਹੈ।

ਮੁੰਬਈ ਹਮਲੇ ਤੋਂ ਇਲਾਵਾ ਕਸ਼ਮੀਰੀ ਦਾ ਨਾਂ ਕਰਾਚੀ ਸਥਿਤ ਜਲ ਸੈਨਾ ਅੱਡੇ ਉਪਰ ਹੋਏ ਤਾਲਿਬਾਨ ਹਮਲੇ ਵਿਚ ਵੀ ਬੋਲਦਾ ਸੀ। ਸਤੰਬਰ 2009 ਵਿਚ ਵੀ ਉਸ ਦੇ ਡਰੋਨ ਹਮਲੇ ਵਿਚ ਮਾਰੇ ਜਾਣ ਦੀ ਰਿਪੋਰਟ ਆਈ ਸੀ ਪਰ ਮਹੀਨੇ ਬਾਅਦ ਪੱਤਰਕਾਰ ਸਈਦ ਸਲੀਮ ਸ਼ਹਿਜ਼ਾਦ ਨੂੰ ਉਸ ਨੇ ਇੰਟਰਵਿਊ ਦਿੱਤੀ ਸੀ।

ਸ਼ਹਿਜ਼ਾਦ ਦੀ ਵੀ ਹਾਲ ਹੀ ਦੌਰਾਨ ਹੱਤਿਆ ਕਰ ਦਿੱਤੀ ਗਈ ਹੈ। ਫਰਵਰੀ 2000 ਵਿਚ ਭਾਰਤੀ ਫੌਜੀ ਚੌਕੀ ਉਪਰ ਹਮਲਾ ਕਰਨ ਮਗਰੋਂ ਉਸ ਦੀ ਖਾਸੀ ਚੜ੍ਹਾਈ ਹੋ ਗਈ। ਉਸ ਨੇ ਭਾਰਤੀ ਜਵਾਨ ਦਾ ਸਿਰ ਕਲਮ ਕਰਕੇ ਉਸ ਦੀ ਤਸਵੀਰ ਪ੍ਰੈੱਸ ਵਿਚ ਵੰਡੀ ਸੀ। ਇਸ ਮਗਰੋਂ ਰਿਪੋਰਟ ਆਈ ਸੀ ਕਿ ਜਵਾਨ ਦਾ ਸਿਰ ਜਨਰਲ ਪਰਵੇਜ਼ ਮੁਸ਼ੱਰਫ ਨੂੰ ਭੇਟ ਕਰਨ ਮਗਰੋਂ ਉਸ ਨੂੰ ਇਨਾਮ ਦਿੱਤਾ ਗਿਆ ਸੀ।

## ਕਸ਼ਮੀਰੀ ਦੀ ਮੌਤ ਨਾਲ ਭਾਰਤ ਨੂੰ ਰਾਹਤ

ਇਲਿਆਸ ਕਸ਼ਮੀਰੀ ਦੀ ਡਰੋਨ ਹਮਲੇ ਵਿਚ ਮੌਤ ਭਾਰਤ ਲਈ ਰਾਹਤ ਦੀ ਖ਼ਬਰ ਹੈ। ਕਸ਼ਮੀਰੀ 2008 ਦੇ ਮੁੰਬਈ ਹਮਲੇ ਦਾ ਮੁੱਖ ਕਰਤਾ-ਧਰਤਾ ਸੀ ਤੇ ਉਸ ਦਾ ਨਾਂ ਭਾਰਤ ਵੱਲੋਂ ਪਾਕਿਸਤਾਨ ਨੂੰ ਸੌਂਪੀ ਗਈ ਲੋੜੀਂਦੇ ਭਗੌੜਿਆਂ ਦੀ ਸੂਚੀ ਵਿਚ ਵੀ ਹੈ। ਇਸ ਤੋਂ ਇਲਾਵਾ ਅਮਰੀਕਾ ਨੇ ਵੀ ਆਪਣੀ ਪਾਕਿ ਨੂੰ ਸੌਂਪੀ ਸੂਚੀ ਵਿਚ ਉਸ ਦਾ ਨਾਂ ਮੋਹਰੀਆਂ ਵਿਚ ਰੱਖਿਆ ਸੀ। ਉਸਾਮਾ ਬਿਨ ਲਾਦੇਨ ਦੇ ਮਰਨ ਮਗਰੋਂ ਕਸ਼ਮੀਰੀ ਨੂੰ ਅਲ ਕਾਇਦਾ ਦਾ ਮੁਖੀ ਬਣਾਉਣ ਦੀ ਗੱਲ ਬੜੇ ਜ਼ੋਰ ਨਾਲ ਸਾਹਮਣੇ ਆਈ ਸੀ। 22 ਮਈ ਨੂੰ ਕਰਾਚੀ ਵਿਖੇ ਪਾਕਿ ਜਲ ਸੈਨਾ ਦੇ ਅੱਡੇ ਉਪਰ ਹਮਲੇ ਲਈ ਉਹ ਜ਼ਿੰਮੇਵਾਰ ਸੀ। ਅਫਗਾਨਿਸਤਾਨ ਵਿਚ ਸੋਵੀਅਤ ਫੌਜਾਂ ਦੇ ਦਾਖਲੇ ਮਗਰੋਂ ਇਲਿਆਸ ਕਸ਼ਮੀਰੀ ਪੜ੍ਹਾਈ ਵਿਚਾਲੇ ਛੱਡ ਕੇ ਜੇਹਾਦ ਵਿਚ ਰਲ ਗਿਆ। ਉਸ ਨੂੰ ਅਮਰੀਕਾ ਤੇ ਬਰਤਾਨੀਆ ਨੇ ਟਰੇਨਿੰਗ ਦੇ ਕੇ ਅਫਗਾਨਿਸਤਾਨ ਭੇਜਿਆ ਸੀ। ਪਾਕਿਸਤਾਨ ਫੌਜ ਦੇ ਵਿਸ਼ੇਸ਼ ਦਸਤੇ ਦੇ ਇਸ ਕਮਾਂਡੋ ਨੂੰ ਭਾਰਤੀ ਫੌਜ ਨੇ ਪੁਣਛ ਵਿਚੋਂ 1995 ਵਿਚ ਗ੍ਰਿਫਤਾਰ ਕੀਤਾ ਸੀ। ਦੋ ਸਾਲ ਜੇਲ੍ਹ ਕੱਟਣ ਮਗਰੋਂ ਉਹ ਭੱਜ ਗਿਆ ਤੇ ਪਾਕਿਸਤਾਨ ਚਲਾ ਗਿਆ। ਉਹ ਮੌਤ ਤੋਂ ਕਈ ਵਾਰ ਬਚਦਾ ਰਿਹਾ। ਅਫਗਾਨਿਸਤਾਨ ਵਿਚ ਲੜਾਈ ਵੇਲੇ ਉਸ ਦੀ ਇਕ ਅੱਖ ਚਲੀ ਗਈ ਤੇ ਉਂਗਲ ਉੱਡ ਗਈ। ਇਸ ਮਗਰੋਂ 2009 ਵਿਚ ਉਹ ਡਰੋਨ ਹਮਲੇ ਵਿਚ ਵਾਲ-ਵਾਲ ਬਚ ਗਿਆ ਸੀ।

## ਗੁਰਮਤਿ ਵਿਚਾਰਧਾਰਾ ਅਤੇ ਦਸਮ ਗ੍ਰੰਥ

# ਸਿਧਾਂਤਕ ਪ੍ਰਤੀਕੂਲਤਾ-ਚਰਿਤ੍ਰੋਪਖਿਆਨ

**ਡਾ. ਗੁਰਨਾਮ ਕੌਰ**

'ਚਰਿਤ੍ਰੋਪਖਿਆਨ' ਦੇ ਪਹਿਲੇ ਪਾਠ ਤੋਂ ਬਾਅਦ, ਜਿਸ ਦਾ ਜ਼ਿਕਰ ਅਸੀਂ ਪਿਛਲੇ ਲੇਖ ਵਿਚ ਕਰ ਚੁੱਕੇ ਹਾਂ, ਕਵੀ 'ਤ੍ਰਿਆ ਪ੍ਰਸੰਗ' ਸ਼ੁਰੂ ਕਰਦਾ ਹੈ ਜਿਸ ਦਾ ਅਰਥ ਹੈ ਇਸਤਰੀ ਦੇ ਚਰਿਤ੍ਰ ਦਾ ਵਖਿਆਨ। ਉਹ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕਰਦਾ ਹੈ ਕਿ ਸਭ ਤੋਂ ਪਹਿਲਾਂ ਉਹ ਇਸ ਰਚਨਾ ਨੂੰ ਸੁਣਾਏਗਾ, ਫਿਰ ਜੇ ਇਸ ਰਚਨਾ ਵਿਚ ਕੋਈ ਤਰੁੱਟੀਆਂ ਹੋਣ ਤਾਂ ਦੂਸਰੇ ਕਵੀ ਉਸ ਦਾ ਠੱਠਾ ਨਾ ਕਰਨ, ਭਾਵ ਉਸ ਦਾ ਮਖੌਲ ਨਾ ਉਡਾਉਣ:



**ਡਾ. ਗੁਰਨਾਮ ਕੌਰ**

ਪ੍ਰਥਮ ਮਾਨਿ ਤੁਮ ਕੋ ਕਹੋ
ਜਥਾ ਬੁਧਿ ਬਲੁ ਹੋਇ।
ਘਟਿ ਕਬਿਤਾ ਲਖਿ ਕੈ ਕਬਹਿ
ਹਾਸ ਨ ਕਰਿਯਹੁ ਕੋਇ।45।

ਇਨ੍ਹਾਂ ਪੰਕਤੀਆਂ 'ਤੇ ਵਿਚਾਰ ਕਰਦਿਆਂ ਕੀ ਗੁਰੂ ਦਾ ਕੋਈ ਸਿੱਖ ਇਹ ਵਿਸ਼ਵਾਸ ਕਰ ਸਕਦਾ ਹੈ ਕਿ ਗੁਰੂ ਦੇ ਆਸ-ਪਾਸ ਬੈਠੇ ਕਵੀ, ਜਿਹੜੇ ਗੁਰੂ ਦੇ ਬਚਨਾਂ ਨੂੰ ਇੱਕ-ਮਨ ਅਤੇ ਇੱਕ-ਚਿੱਤ ਹੋ ਕੇ ਸੁਣਨ ਲਈ ਤੱਤਪਰ ਰਹਿੰਦੇ ਸਨ, ਗੁਰੂ 'ਤੇ ਹੱਸਣਗੇ ਅਤੇ ਗੁਰੂ ਉਨ੍ਹਾਂ ਨੂੰ ਅਜਿਹੀ ਬੇਨਤੀ ਕਰਨਗੇ? ਗੁਰੂ ਦੇ ਮੁਖਾਰਬਿੰਦ ਤੋਂ ਨਿਕਲੇ ਸ਼ਬਦ ਤਾਂ ਸੰਗਤ ਜਾਂ ਕਵੀਆਂ ਲਈ ਗੁਰੂ ਦਾ 'ਹੁਕਮ' ਹਨ। ਗੁਰੂ ਸਾਹਿਬਾਨ ਤਾਂ ਇੱਕ ਕਰਤਾ ਪੁਰਖ ਵਿਚ ਵਿਸ਼ਵਾਸ ਕਰਦੇ ਹਨ, ਜਿਸ ਨੂੰ ਉਹ ਧਿਆਉਂਦੇ ਹਨ ਅਤੇ ਜਿਸ ਦੇ ਅੱਗੇ ਗੁਰੂ ਨਾਨਕ ਨੇ 'ਇੱਕ' ਖਾਸ ਤੌਰ 'ਤੇ ਲਾਇਆ ਹੈ। ਗੁਰੂ ਗੋਬਿੰਦ ਸਿੰਘ ਦੇਵੀ ਨੂੰ ਇਹ ਬੇਨਤੀ ਨਹੀਂ ਕਰ ਸਕਦੇ ਕਿ ਮੇਰੇ ਵਿਚ ਇੱਕ ਦਰਿਆ ਦੀ ਤਰ੍ਹਾਂ ਵੱਸ ਤਾਂ ਕਿ ਮੇਰੇ ਅੰਦਰੋਂ ਕਵਿਤਾ ਉਸੇ ਤਰ੍ਹਾਂ ਬਾਹਰ ਆਵੇ ਜਿਸ ਤਰ੍ਹਾਂ ਪਾਣੀ ਦੀਆਂ ਤਰੰਗਾਂ ਜਾਂ ਲਹਿਰਾਂ ਆਉਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਕਲਿਯੁਗ' ਦੇ ਸਮੇਂ ਅੰਦਰ ਮਨੁੱਖ ਦਾ ਇੱਕੋ-ਇੱਕ ਆਸਰਾ ਪਰਮਾਤਮਾ ਦੇ ਨਾਮ ਨੂੰ ਮੰਨਿਆ ਹੈ। ਗੁਰੂ ਅਮਰਦਾਸ ਫੁਰਮਾਉਂਦੇ ਹਨ:

ਕਲਿਜੁਗ ਮਹਿ ਨਾਮੁ ਨਿਧਾਨੁ
ਭਗਤੀ ਖਟਿਆ ਹਰਿ ਉਤਮ ਪਦੁ ਪਾਇਆ॥
ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ
ਅਨਦਿਨੁ ਨਾਮੁ ਧਿਆਇਆ॥(ਪੰਨਾ 513)

ਗੁਰੂ ਅਰਜਨ ਦੇਵ ਕਹਿੰਦੇ ਹਨ:

ਕਲਿਜੁਗ ਮਹਿ ਇਕ ਨਾਮਿ ਉਧਾਰੁ॥
ਨਾਨਕੁ ਬੋਲੈ ਬ੍ਰਹਮ ਬੀਚਾਰੁ॥2॥11॥
(ਪੰਨਾ 1138)

ਇਥੇ ਇਸਤਰੀ ਦੇ ਚਰਿਤ੍ਰ ਵਰਣਨ ਵਿਚ ਕਿਹਾ ਹੈ ਕਿ ਕਲਿਯੁਗ ਦੇ ਇਸ ਸਮੇਂ ਵਿਚ 'ਕਾਲੀ' ਦੀ ਕ੍ਰਿਪਾਨ ਅਤੇ ਉਸ ਦੀਆਂ ਭੁਜਾਵਾਂ ਦਾ ਹੀ ਇੱਕੋ-ਇੱਕ ਆਸਰਾ ਹੈ:

ਸੇਵ ਕਰੈ ਤੁਮਰੀ ਤਿਨ ਕੇ
ਛਿਨ ਮੈ ਧਨ ਲਾਗਤ ਧਾਮ ਭਰੋਸੋ।
ਯਾ ਕਲਿ ਮੈ ਸਭਿ ਕਲਿ ਕ੍ਰਿਪਾਨ ਕੀ
ਭਾਰੀ ਭੁਜਾਨ ਕੋ ਭਾਰੀ ਭਰੋਸੋ।(47)

ਗੁਰੂ ਨਾਨਕ ਆਗਮਨ ਤੋਂ ਪਹਿਲਾਂ ਕੁੱਲ ਸੰਸਾਰ ਤੇ ਇਸਤਰੀ ਦੀ ਹਾਲਤ ਬਹੁਤ ਮੰਦੀ ਸੀ, ਏਨੀ ਮੰਦੀ ਕਿ ਉਸ ਨੂੰ ਰੂਹਾਨੀ ਪ੍ਰਾਪਤੀਆਂ ਦੇ ਰਸਤੇ ਦਾ ਰੋੜਾ ਸਮਝਿਆ ਜਾਂਦਾ ਸੀ। ਇਸੇ ਲਈ ਅਧਿਆਤਮਿਕਤਾ ਦੇ ਰਸਤੇ 'ਤੇ ਚੱਲਣ ਵਾਲਿਆਂ ਨੂੰ ਇਸਤਰੀ ਤੋਂ ਦੂਰ ਰਹਿਣ ਦਾ ਹੀ ਉਪਦੇਸ਼ ਕੀਤਾ ਜਾਂਦਾ ਸੀ। ਸਮਾਜਿਕ ਤੌਰ 'ਤੇ ਤਾਂ ਉਸ ਨੂੰ ਪੈਰ ਦੀ ਜੁੱਤੀ ਹੀ ਸਮਝਿਆ ਜਾਂਦਾ ਸੀ। ਇਹ ਹਾਲਤ ਮਹਿਜ ਹਿੰਦੋਸਤਾਨੀ ਸਮਾਜ ਜਾਂ ਧਰਮਾਂ ਵਿਚ ਹੀ ਨਹੀਂ ਸੀ, ਸਗੋਂ ਇਹ ਇੱਕ ਤਰ੍ਹਾਂ ਨਾਲ ਵਿਸ਼ਵ-ਵਿਆਪਕ ਵਰਤਾਰਾ ਸੀ। ਗੁਰੂ ਨਾਨਕ ਸਾਹਿਬ ਨੇ ਜਿਸ ਧਰਮ ਦੀ ਨੀਂਹ ਰੱਖੀ, ਉਹ ਇੱਕ ਸਮਾਜਿਕ ਧਰਮ ਹੈ ਜੋ ਸਰਬ-ਅਲਿੰਗਨਕਾਰੀ ਹੈ। ਸਮਾਜਿਕ ਧਰਮ ਦਾ ਗ੍ਰਹਿਸਥ-ਜੀਵਨ ਨਾਲ ਸਿੱਧਾ ਸਰੋਕਾਰ ਹੈ ਜੋ ਕਿ ਇਸਤਰੀ ਤੋਂ ਬਿਨਾ ਸੰਭਵ ਨਹੀਂ ਹੈ ਅਤੇ ਗੁਰੂ ਨਾਨਕ ਦੇਵ ਨੇ ਇਸ ਸੱਚਾਈ ਨੂੰ ਸਮਝਿਆ। ਉਨ੍ਹਾਂ ਨੇ ਸਮਾਜ ਵਿਚ ਇਸਤਰੀ ਵੱਲੋਂ ਪਾਏ ਜਾਂਦੇ ਯੋਗਦਾਨ ਅਤੇ ਨਿਭਾਏ ਜਾਂਦੇ ਫਰਜਾਂ ਤੋਂ ਲੋਕਾਈ ਨੂੰ ਜਾਣੂ ਕਰਾਇਆ ਜਦੋਂ ਉਨ੍ਹਾਂ ਨੇ ਕਿਹਾ, "ਉਸ ਦਾ ਨਿਰਾਦਰ ਕਿਉਂ ਕਰਨਾ ਹੈ ਜੋ ਸਾਰੇ ਜਗਤ ਦੀ ਜਨਨੀ ਹੈ, ਜਿਸ ਤੋਂ ਵੱਡੇ ਆਦਮੀ ਅਤੇ ਰਾਜਿਆਂ ਵਰਗੇ ਪੈਦਾ ਹੁੰਦੇ ਹਨ।" ਇਹ ਕੋਈ ਸਾਧਾਰਨ ਸ਼ਬਦ ਨਹੀਂ ਹਨ ਜੋ ਗੁਰੂ ਨਾਨਕ ਦੇਵ ਨੇ ਇਸਤਰੀ ਪ੍ਰਤੀ ਕਹੇ ਹਨ:

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ
ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ
ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ
ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ
ਤਿਤੁ ਸਚੈ ਦਰਬਾਰਿ॥2॥

ਗੁਰੂ ਨਾਨਕ ਅਨੁਸਾਰ ਇਸਤਰੀ ਤੋਂ ਹੀ ਜਨਮ ਲਈਦਾ ਹੈ ਅਤੇ ਇਸਤਰੀ ਦੇ ਸਰੀਰ ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤਰੀ ਰਾਹੀਂ ਹੀ ਗ੍ਰਹਿਸਥ ਵਿਚ ਪ੍ਰਵੇਸ਼ ਹੁੰਦਾ ਹੈ ਭਾਵ ਕੁੜਮਾਈ ਅਤੇ ਵਿਆਹ ਹੁੰਦਾ ਹੈ। ਇਸਤਰੀ ਰਾਹੀਂ ਸਮਾਜਿਕ ਅਤੇ ਸੰਸਾਰਕ ਸਬੰਧ ਬਣਦੇ ਹਨ ਅਤੇ ਇਸਤਰੀ ਤੋਂ ਹੀ ਸੰਸਾਰ ਦੀ ਉਤਪਤੀ ਦਾ ਰਸਤਾ ਚਲਦਾ ਹੈ। ਜੇ ਇੱਕ ਇਸਤਰੀ ਮਰ ਜਾਵੇ ਤਾਂ ਹੋਰ ਇਸਤਰੀ ਦੀ ਭਾਲ ਕੀਤੀ ਜਾਂਦੀ ਹੈ। ਇਸਤਰੀ ਰਾਹੀਂ ਹੀ ਰਿਸ਼ਤੇਦਾਰੀਆਂ ਪੈਂਦੀਆਂ ਹਨ। ਇਸਤਰੀ ਜਿਸ ਤੋਂ ਰਾਜੇ ਵੀ ਪੈਦਾ ਹੁੰਦੇ ਹਨ ਉਸ ਦਾ ਨਿਰਾਦਰ ਕਿਉਂ ਕਰਨਾ ਹੈ ਜਾਂ ਉਸ ਨੂੰ ਬੁਰੀ ਕਿਉਂ ਕਹਿਣਾ ਹੈ। ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ ਅਤੇ ਸੰਸਾਰ ਤੇ ਕੋਈ ਵੀ ਜੀਵ ਅਜਿਹਾ ਨਹੀਂ ਜੋ ਇਸਤਰੀ ਤੋਂ ਬਿਨਾ ਪੈਦਾ ਹੋ ਸਕਦਾ ਹੋਵੇ। ਸਿਰਫ ਪਰਮਾਤਮਾ ਹੀ ਇੱਕ ਅਜਿਹੀ ਹਸਤੀ ਹੈ ਜਿਸ ਦੀ ਹੋਂਦ ਇਸਤਰੀ ਤੋਂ ਨਹੀਂ ਹੈ। ਕੋਈ ਵੀ ਮਨੁੱਖ ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼, ਜਿਹੜਾ ਹਮੇਸ਼ਾ ਪ੍ਰਭੂ ਦੇ ਗੁਣ ਗਾਉਂਦਾ ਹੈ ਉਹ ਭਾਗਾਂ ਵਾਲਾ ਹੈ। ਅਜਿਹੇ ਮੁੱਖੜੇ ਹੀ ਪ੍ਰਭੂ ਦੇ ਦਰਬਾਰ ਵਿਚ ਸੁਹਣੇ ਲਗਦੇ ਹਨ।

ਇਥੇ ਗੁਰੂ ਨਾਨਕ ਪੁਰਸ਼-ਪ੍ਰਧਾਨ ਸਮਾਜ ਨੂੰ ਸੰਬੋਧਨ ਕਰ ਰਹੇ ਹਨ ਜੋ ਇਸਤਰੀ ਦੀ ਸਮਾਜ ਵਿਚ ਗਿਰਾਵਟ ਵਾਲੀ ਹਾਲਤ ਲਈ ਜ਼ਿੰਮੇਵਾਰ ਹੈ। ਨਾਲ ਹੀ ਉਹ ਇਸਤਰੀ ਨੂੰ 'ਭੰਡਿ' ਕਹਿ ਕੇ ਸੰਬੋਧਨ ਕਰ ਰਹੇ ਹਨ। 'ਭੰਡ' ਸਾਂਚੇ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਭਾਂਡਾ ਜਾਂ ਬਰਤਨ ਘੜਿਆ ਜਾਂਦਾ ਹੈ, ਉਸ ਨੂੰ ਸ਼ਕਲ ਅਤੇ ਆਕਾਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਥੇ ਇਸਤਰੀ ਨੂੰ 'ਭੰਡਿ' ਕਹਿਣ ਦੇ ਬਹੁਤ ਭਾਵਪੂਰਤ ਅਤੇ ਡੂੰਘੇ ਅਰਥ ਹਨ। ਇਸਤਰੀ ਉਹ ਸਾਂਚਾ ਹੈ ਜਿਸ ਵਿਚ ਸਮਾਜ ਘੜਿਆ ਜਾਂਦਾ ਹੈ। ਉਹ ਕਿਸੇ ਵੀ ਸਮਾਜ ਦਾ ਆਧਾਰ ਹੈ, ਸਾਰੀਆਂ ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਕੀਮਤਾਂ ਨੂੰ ਇਸਤਰੀ ਹੀ ਅੱਗੇ ਲੈ ਕੇ ਜਾਂਦੀ ਹੈ ਅਤੇ ਸਲਾਮਤ ਰੱਖਦੀ ਹੈ। ਇਸਤਰੀ ਦੇ ਕਾਰਨ ਹੀ ਪੁਰਸ਼ ਅਤੇ ਸਮਾਜ ਸੰਤੁਲਿਤ ਰਹਿੰਦੇ ਹਨ ਅਤੇ ਸਮਾਜ ਵਿਚ ਸੰਜਮ ਰਹਿੰਦਾ ਹੈ। ਗੁਰੂ ਨਾਨਕ ਇਸ ਤੱਥ ਪ੍ਰਤੀ ਬਹੁਤ ਸਪਸ਼ਟ ਹਨ। ਉਹ ਪੁਰਸ਼ ਨੂੰ ਇਸ ਤੱਥ ਦਾ ਅਨੁਭਵ ਕਰਨ ਲਈ ਅਤੇ ਸਮਾਜ ਵਿਚ ਇਸਤਰੀ ਦਾ ਬਣਦਾ ਰੁਤਬਾ ਅਤੇ ਆਦਰ-ਸਤਿਕਾਰ ਦੇਣ ਦਾ ਆਦੇਸ਼ ਕਰਦੇ ਹਨ । ਉਸ ਨੂੰ ਬਰਾਬਰ ਦੇ ਪੱਧਰ 'ਤੇ ਇੱਕ ਇਨਸਾਨ ਸਮਝ ਕੇ ਉਸ ਨਾਲ ਪੇਸ਼ ਆਉਣ ਦੀ ਗੱਲ ਕਰਦੇ ਹਨ।

ਗੁਰੂ ਨਾਨਕ ਅਨੁਸਾਰ ਰੂਹਾਨੀ ਬੁਲੰਦੀਆਂ ਦੀ ਪ੍ਰਾਪਤੀ, ਪਰਮ ਸਤਿ ਦਾ ਅਨੁਭਵ ਪਰਿਵਾਰਕ ਜੀਵਨ ਦਾ ਨਿਰਬਾਹ ਕਰਦਿਆਂ ਹੀ ਕੀਤਾ ਜਾ ਸਕਦਾ ਹੈ। ਪਰਮਾਤਮ-ਅਨੁਭਵ ਪਰਿਵਾਰ ਅਤੇ ਸਮਾਜ ਤੋਂ ਦੂਰ ਜੰਗਲਾਂ ਵਿਚ ਜਾਂ ਪਹਾੜਾਂ ਦੀਆਂ ਕੁੰਦਰਾਂ ਵਿਚ ਜਾ ਕੇ ਨਹੀਂ ਕੀਤਾ ਜਾ ਸਕਦਾ। ਉਹੀ ਰੱਬੀ ਜੋਤਿ ਜੋ ਗੁਰੂ ਨਾਨਕ ਅੰਦਰ ਵਸਦੀ ਸੀ ਅਤੇ ਉਹੀ ਗੁਰੂ ਜੁਗਤਿ ਜਿਸ ਦੇ ਗੁਰੂ ਨਾਨਕ ਵਾਹਕ ਸਨ, ਗੁਰੂ ਨਾਨਕ ਤੋਂ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਰਾਹੀਂ ਅੱਗੇ ਚੱਲਦੀ ਹੋਈ ਗੁਰੂ ਤੇਗ ਬਹਾਦਰ ਰਾਹੀਂ ਗੁਰੂ ਗੋਬਿੰਦ ਸਿੰਘ ਪਾਸ ਪਹੁੰਚੀ। ਗੁਰੂ ਗੋਬਿੰਦ ਸਿੰਘ ਨੇ ਨਾਂਦੇੜ ਵਿਖੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਹ ਗੁਰੂ-ਪਦਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਾਕਾਇਦਾ ਗੁਰੂ-ਮਰਿਯਾਦਾ ਅਨੁਸਾਰ ਸੌਂਪੀ ਅਤੇ ਸਰਬ ਸਮਿਆਂ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ-ਗੁਰੂ ਥਾਪ ਦਿੱਤਾ ਜਿਸ ਤੋਂ ਸਿੱਖ ਨੇ ਰਹਿਨੁਮਾਈ ਪ੍ਰਾਪਤ ਕਰਨੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਵਿਚ ਰਹਿਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਗੁਰੂ ਨਾਨਕ ਦੇਵ ਦੀ ਬਾਣੀ ਸ਼ਾਮਲ ਹੈ।

ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਉਸ ਵਿਚਾਰਧਾਰਾ ਅਤੇ ਸਿਧਾਂਤ ਤੋਂ ਵਖਰੇਵਾਂ ਕਿਵੇਂ ਕਰ ਸਕਦੇ ਹਨ ਜਿਸ ਦੀ ਨੀਂਹ ਗੁਰੂ ਨਾਨਕ ਦੇਵ ਨੇ ਰੱਖੀ ਅਤੇ ਜਿਸ ਦੇ ਆਖ਼ਰੀ ਸਰੀਰਕ ਵਾਰਸ ਗੁਰੂ ਗੋਬਿੰਦ ਸਿੰਘ ਆਪ ਹਨ। ਦਸਮ ਗੁਰੂ ਕਾਮ-ਸੂਤ੍ਰ ਨਾਲ ਸਬੰਧਤ ਨੀਵੇਂ ਪੱਧਰ ਦੀਆਂ ਕਹਾਣੀਆਂ ਜਿਨ੍ਹਾਂ ਵਿਚ ਵਰਤੀ ਗਈ ਭਾਸ਼ਾ ਵੀ ਬੇਹੱਦ ਨੀਵੇਂ ਪੱਧਰ ਦੀ ਹੈ, ਕਿਉਂ ਦੁਹਰਾਉਣਗੇ? ਇਸ ਰਚਨਾ ਦੀ ਬੋਲੀ ਸੰਗਤ ਵਿਚ ਦੁਹਰਾਈ ਜਾਂ

## ਗੁਰਮਤਿ ਚਿੰਤਨ

ਉਚਾਰੀ ਨਹੀਂ ਜਾ ਸਕਦੀ। ਅਸੀਂ ਸਾਰੇ ਜਾਣਦੇ ਹਾਂ ਕਿ ਸਿੱਖ ਧਰਮ ਇੱਕ ਸੰਗਤੀ ਧਰਮ ਹੈ ਅਤੇ ਸੰਗਤ ਦੀ ਪਰਿਭਾਸ਼ਾ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦੇਸ਼ ਕੀਤਾ ਹੈ ਕਿ ਸਤਸੰਗਤਿ ਉਹ ਹੈ ਜਿਥੇ ਪਰਵਰਦਗਾਰ ਦਾ ਨਾਮ ਜਪਿਆ ਜਾਂਦਾ ਹੈ ਅਤੇ ਸਤਿਗੁਰ ਵੱਲੋਂ ਨਾਮ ਜਪਣ ਦਾ ਹੀ ਹੁਕਮ ਕੀਤਾ ਗਿਆ ਹੈ:

ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਨਾਨਕ
ਸਤਿਗੁਰਿ ਦੀਆ ਬੁਝਾਇ ਜੀਉ॥
(ਪੰਨਾ 72)

ਸਤਸੰਗਤਿ ਨੂੰ ਤਾਂ ਸਤਿਗੁਰੂ ਦਾ ਉਹ ਮਦਰੱਸਾ ਭਾਵ ਪਾਠਸ਼ਾਲਾ ਕਿਹਾ ਗਿਆ ਹੈ ਜਿਥੇ ਪਰਮਾਤਮਾ ਦੇ ਗੁਣਾਂ ਦੀ ਸਿੱਖਿਆ ਪ੍ਰਾਪਤ ਕੀਤੀ ਜਾਂਦੀ ਹੈ। ਗੁਰੂ ਨੂੰ ਉਸ ਪਾਠਸ਼ਾਲਾ ਦਾ ਪਾਂਧਾ ਕਿਹਾ ਹੈ ਜਿਸ ਰਾਹੀਂ ਪਰਮਾਤਮਾ ਨੂੰ ਮਿਲ ਕੇ ਪਰਮਾਤਮਾ ਦੇ ਗੁਣ ਗਾਇਨ ਕੀਤੇ ਜਾਂਦੇ ਹਨ:

ਸਤਸੰਗਤਿ ਸਤਿਗੁਰ ਚਾਟਸਾਲ ਹੈ
ਜਿਤੁ ਹਰਿ ਗੁਣ ਸਿਖਾ॥
ਧੰਨੁ ਧੰਨੁ ਸੁ ਰਸਨਾ ਧੰਨੁ ਕਰ
ਧੰਨੁ ਸੁ ਪਾਧਾ ਸਤਿਗੁਰੂ
ਜਿਤੁ ਮਿਲਿ ਹਰਿ ਲੇਖਾ ਲਿਖਾ॥8॥
(ਪੰਨਾ 1316)

'ਚਰਿਤ੍ਰੋਪਖਿਆਨ' ਵਰਗੀਆਂ ਰਚਨਾਵਾਂ ਨੂੰ ਗੁਰੂ ਦੇ ਨਾਮ ਨਾਲ ਜੋੜ ਕੇ ਇਨ੍ਹਾਂ ਦੀ ਪੁਸ਼ਟੀ ਕਰਨ ਵਾਲੇ ਵਿਦਵਾਨ ਆਮ ਤੌਰ 'ਤੇ ਇਹ ਦਲੀਲ ਦਿੰਦੇ ਹਨ ਕਿ ਖ਼ਾਲਸੇ ਨੂੰ ਨੈਤਿਕ ਕੀਮਤਾਂ ਸਿਖਾਉਣ ਲਈ ਇਨ੍ਹਾਂ ਦੀ ਰਚਨਾ ਕੀਤੀ ਗਈ ਪਰ ਨੈਤਿਕ ਕੀਮਤਾਂ ਸਿਖਾਉਣ ਲਈ ਅਜਿਹੀਆਂ ਕਥਾ-ਕਹਾਣੀਆਂ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਇਸ ਦਾ ਕਾਰਨ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਮਨੁੱਖ ਨੂੰ ਗੁਰਮੁਖ ਬਣਨਾ ਸਿਖਾਉਂਦੀ ਹੈ ਭਾਵ ਨੈਤਿਕ ਕੀਮਤਾਂ ਦੀ ਸਿੱਖਿਆ ਦਿੰਦੀ ਹੈ ਜਿਥੇ ਸੱਚੇ ਆਚਰਣ ਨੂੰ ਸੱਚ ਤੋਂ ਵੀ ਉਪਰ ਮੰਨਿਆ ਗਿਆ ਹੈ:

ਮਨਹਠ ਬੁਧੀ ਕੇਤੀਆ
ਕੇਤੇ ਬੇਦ ਬੀਚਾਰ॥
ਕੇਤੇ ਬੰਧਨ ਜੀਅ ਕੇ
ਗੁਰਮੁਖਿ ਮੋਖ ਦੁਆਰ॥
ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ॥ (ਪੰਨਾ 62)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਤਰੀ ਅਤੇ ਗ੍ਰਹਿਸਥੀ ਜੀਵਨ ਨੂੰ ਏਨਾ ਜ਼ਿਆਦਾ ਸਤਿਕਾਰ ਦਿੱਤਾ ਗਿਆ ਹੈ ਕਿ ਆਤਮਾ ਦੇ ਪਰਮਾਤਮਾ ਨਾਲ ਸੁਮੇਲ ਦੇ ਰਹੱਸਾਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਸਹੁ, ਕੰਤ, ਸਜਣ (ਪਤੀ, ਪਿਆਰਾ) ਅਤੇ ਧਨੁ (ਪਤਨੀ, ਇਸਤਰੀ) ਦੇ ਚਿੰਨ੍ਹ ਦੀ ਵਰਤੋਂ ਆਮ ਕੀਤੀ ਗਈ ਹੈ। ਜਗਿਆਸੂ ਦੀ ਪਰਮਾਤਮਾ ਪ੍ਰਤੀ ਅਕਾਂਖਿਆ ਨੂੰ ਇਸਤਰੀ ਰੂਪ ਵਿਚ ਹੀ ਪ੍ਰਗਟ ਕੀਤਾ ਗਿਆ ਹੈ:

ਢੂਢੇਦੀਏ ਸੁਹਾਗ ਕੂ
ਤਉ ਤਨਿ ਕਾਈ ਕੋਰ॥
ਜਿਨ੍ਹਾ ਨਾਉ ਸੁਹਾਗਣੀ
ਤਿਨ੍ਹਾ ਝਾਕ ਨ ਹੋਰ॥
(ਬਾਬਾ ਫ਼ਰੀਦ, ਪੰਨਾ 1384)
ਥਿਰੁ ਸੰਤਨ ਸੋਹਾਗੁ
ਮਰੈ ਨ ਜਾਵਏ॥
ਜਾ ਕੈ ਗ੍ਰਿਹਿ ਹਰਿ ਨਾਹੁ
ਸੁ ਸਦ ਹੀ ਰਾਵਏ॥ (ਪੰਨਾ 457)

ਇਥੇ ਜਗਿਆਸੂ ਦੀ ਪਰਮਾਤਮਾ ਪ੍ਰਤੀ ਅਕਾਂਖਿਆ ਅਤੇ ਖੋਜ ਨੂੰ ਪ੍ਰਗਟ ਕੀਤਾ ਗਿਆ ਹੈ ਪਰ ਆਮ ਅਰਥ ਕਰਨ ਵਾਲੇ ਇਸ ਨੂੰ ਇਸਤਰੀ ਨੂੰ ਕੀਤੇ ਗਏ ਉਪਦੇਸ਼ ਵਜੋਂ ਇਸ ਦੀ ਵਿਆਖਿਆ ਕਰ ਦਿੰਦੇ ਹਨ ਜੋ ਕਿ ਸਹੀ ਨਹੀਂ ਹੈ। ਬਾਬਾ ਫ਼ਰੀਦ ਨੇ ਆਪਣੀ ਬਹੁਤੀ ਬਾਣੀ ਵਿਚ ਇਨ੍ਹਾਂ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਨੇ ਫੁਰਮਾਇਆ ਹੈ ਕਿ ਸੰਤਾਂ ਦਾ ਸੁਹਾਗ ਸਦਾ ਕਾਇਮ ਰਹਿੰਦਾ ਹੈ ਕਿਉਂਕਿ ਉਨ੍ਹਾਂ ਦਾ ਪਤੀ ਨਾ ਮਰਦਾ ਹੈ ਨਾ ਗੈਰ-ਹਾਜ਼ਰ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਗਈਆਂ ਹਨ ਭਾਵੇਂ ਉਹ ਇਸਤਰੀ ਹੈ ਭਾਵੇਂ ਪੁਰਸ਼: ਗੁਰਮੁਖਿ ਅਤੇ ਮਨਮੁਖਿ। ਗੁਰਮੁਖਿ ਉਹ ਹੈ ਜਿਹੜਾ ਗੁਰੂ ਦੇ ਉਪਦੇਸ਼ ਅਨੁਸਾਰ ਚੱਲਦਾ ਹੈ, ਗੁਰੂ ਦੇ ਦੱਸੇ ਰਸਤੇ ਤੇ ਚਲਦਾ ਹੈ ਅਤੇ ਮਨਮੁਖਿ ਉਹ ਹੈ ਜੋ ਆਪਣੇ ਮਨ ਦੀ ਮੱਤ ਅਨੁਸਾਰ ਚਲਦਾ ਹੈ। ਇਸ ਤੋਂ ਬਿਨਾ ਹੋਰ ਕੋਈ ਕੋਟੀ ਪ੍ਰਵਾਨ ਨਹੀਂ ਕੀਤੀ ਗਈ। ਇਨ੍ਹਾਂ ਦੋ ਕੋਟੀਆਂ ਨੂੰ ਦੱਸਣ ਲਈ ਵੀ ਇਸਤਰੀ ਚਿੰਨ੍ਹ ਦੀ ਹੀ ਵਰਤੋਂ ਕੀਤੀ ਗਈ ਹੈ। ਗੁਰਮੁਖਿ ਲਈ 'ਸੁਹਾਗਣ' ਅਤੇ ਮਨਮੁਖਿ ਲਈ 'ਦੁਹਾਗਣ' ਸ਼ਬਦ ਦੀ ਵਰਤੋਂ ਕੀਤੀ ਹੈ। ਸਤਸੰਗੀਆਂ ਨੂੰ 'ਭੈਣੇ', 'ਸਖੀ' ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ:

ਆਉ ਸਖੀ ਸੰਤ ਪਾਸਿ
ਸੇਵਾ ਲਾਗੀਐ॥
ਪੀਸਉ ਚਰਣ ਪਖਾਰਿ
ਆਪੁ ਤਿਆਗੀਐ॥ (ਪੰਨਾ 457)

ਪਰਮ ਬਿਬੇਕੀ ਭਾਵ ਰੱਬ ਨਾਲ ਜੁੜੇ ਹੋਏ, ਸੰਤ, ਪਹੁੰਚੇ ਹੋਏ ਬੰਦੇ ਨੂੰ 'ਹੰਸ' ਕਿਹਾ ਹੈ ਅਤੇ ਪਹੁੰਚੇ ਹੋਏ ਹੋਣ ਦਾ ਪਖੰਡ ਕਰਨ ਵਾਲੇ ਢੌਂਗੀ ਨੂੰ 'ਬਗਲਾ' ਕਿਹਾ ਹੈ ਅਤੇ ਜਗਿਆਸੂ ਨੂੰ ਇਸਤਰੀ ਰੂਪ ਵਿਚ ਸੰਬੋਧਨ ਕਰਕੇ ਸਹੀ ਅਤੇ ਅਸਲੀ ਸੰਤ ਅਤੇ ਪਖੰਡੀ ਵਿਚ ਪਛਾਣ ਕਰਨ ਦਾ ਆਦੇਸ਼ ਕੀਤਾ ਹੈ:

ਮੈ ਜਾਨਿਆ ਵਡ ਹੰਸੁ ਹੈ
ਤਾ ਮੈ ਕੀਆ ਸੰਗੁ॥
ਜੇ ਜਾਣਾ ਬਗੁ ਬਪੁੜਾ
ਤਾ ਜਨਮਿ ਨ ਦੇਦੀ ਅੰਗੁ॥
(ਮਹਲਾ 3, ਪੰਨਾ 585)
ਮੈ ਜਾਣਿਆ ਵਡ ਹੰਸੁ ਹੈ
ਤਾ ਮੈ ਕੀਤਾ ਸੰਗੁ॥
ਜੇ ਜਾਣਾ ਬਗੁ ਬਪੁੜਾ
ਜਨਮੁ ਨ ਭੇੜੀ ਅੰਗੁ॥
(ਬਾਬਾ ਫ਼ਰੀਦ, ਪੰਨਾ 1384)

ਬਾਬਾ ਫ਼ਰੀਦ ਦੀ ਇਸ ਬਾਣੀ ਅਤੇ ਗੁਰੂ ਅਮਰਦਾਸ ਦੀ ਇਸ ਬਾਣੀ ਅਤੇ ਇਸੇ ਭਾਵਨਾ ਦੀ ਸਾਰੀ ਬਾਣੀ ਦਾ ਉਚਾਰਨ ਸੰਗਤ ਵਿਚ ਕੀਤਾ ਜਾਂਦਾ ਹੈ, ਕੋਈ ਦਿੱਕਤ ਵਾਲੀ ਗੱਲ ਨਹੀਂ ਹੈ ਕਿਉਂਕਿ ਇਹ 'ਧੁਰਿ ਕੀ ਬਾਣੀ' ਹੈ। 'ਚਰਿਤ੍ਰੋਪਖਿਆਨ' ਦੀ ਭਾਸ਼ਾ ਨੂੰ ਤਾਂ ਸੰਗਤ ਵਿਚ ਉਚਾਰ ਸਕਣਾ ਤਾਂ ਦੂਰ ਦੀ ਗੱਲ ਹੈ, ਉਸ ਨੂੰ ਲੇਖ ਵਿਚ ਲਿਖ ਸਕਣਾ ਵੀ ਮੁਸ਼ਕਿਲ ਹੈ। ਦਸਮ ਪਾਤਿਸ਼ਾਹ ਨੇ ਖ਼ਾਲਸਾ ਉਦੋਂ ਸਾਜਿਆ ਜਦੋਂ ਸਿੱਖ ਦੋ-ਢਾਈ ਸੌ ਸਾਲ ਦੇ ਲੰਬੇ ਅਰਸੇ ਵਿਚ ਨੌਂ ਗੁਰੂ-ਜੋਤਾਂ ਦੀ ਸੰਗਤਿ ਰਾਹੀਂ 'ਖ਼ਾਲਸਾ' ਸਜਣ ਦੇ ਯੋਗ ਹੋ ਗਿਆ। ਜੇ 'ਯੋਗਤਾ' ਨੂੰ ਕੁਠਾਲੀ ਵਿਚ ਪਾ ਕੇ ਪਰਪੱਕ ਕਰਨ ਦੀ ਜ਼ਰੂਰਤ ਨਾ ਹੁੰਦੀ, ਡਾਵਾਂ-ਡੋਲ ਮਨੁੱਖੀ ਮਾਨਸਿਕਤਾ ਨੂੰ ਅਡੋਲ ਅਤੇ ਦ੍ਰਿੜਤਾ ਵਿਚ ਤਬਦੀਲ ਕਰਨ ਦੀ ਜ਼ਰੂਰਤ ਨਾ ਹੁੰਦੀ, ਫਿਰ ਸ਼ਾਇਦ ਗੁਰੂ ਨਾਨਕ ਮਹਾਰਾਜ ਆਪ ਹੀ ਖ਼ਾਲਸਾ ਸਾਜ ਜਾਂਦੇ? ਏਨੇ ਲੰਬੇ ਅਰਸੇ ਵਿਚ ਚਰਿਤ੍ਰ ਦੀ ਜੋ ਦ੍ਰਿੜਤਾ ਸਿੱਖ ਨੇ ਗ੍ਰਹਿਣ ਕੀਤੀ ਉਸ ਚਰਿਤ੍ਰ ਨੂੰ ਖ਼ਾਲਸੇ ਨੇ ਪ੍ਰਤੱਖ ਰੂਪ ਵਿਚ ਮੁਗਲਾਂ ਨਾਲ ਜੰਗਾਂ -ਯੁੱਧਾਂ ਸਮੇਂ ਦਿਖਾਇਆ। ਖ਼ਾਲਸੇ ਨੇ ਲੜਾਈਆਂ ਲੜਦਿਆਂ ਕਿਸੇ ਵੀ ਦੁਸ਼ਮਣ ਧਿਰ ਦੀਆਂ ਇਸਤਰੀਆਂ ਨਾਲ ਗਲਤ ਵਰਤਾਉ ਨਹੀਂ ਕੀਤਾ ਸਗੋਂ ਬਾਇਜ਼ਤ ਉਨ੍ਹਾਂ ਨੂੰ ਉਨ੍ਹਾਂ ਦੇ ਸਥਾਨ 'ਤੇ ਪਹੁੰਚਾਉਂਦੇ ਰਹੇ।

*(ਚਲਦਾ....)*

## ਸਿਆਣਿਆਂ ਦਾ ਕਿਹਾ

(1) ਕਈ ਵਾਰ ਗੱਲ ਅੱਖੀਆਂ ਤੋਂ ਸ਼ੁਰੂ ਹੁੰਦੀ ਹੈ ਅਤੇ ਦਿਲ ਰਾਹੀਂ ਪ੍ਰਵਾਨ ਚੜ੍ਹਦੀ ਹੈ, ਪਰ ਕਈ ਵਾਰ ਦਿਲ ਤੋਂ ਸ਼ੁਰੂ ਹੁੰਦੀ ਹੈ ਅਤੇ ਅੱਖੀਆਂ ਰਾਹੀਂ ਪ੍ਰਵਾਨ ਚੜ੍ਹਦੀ ਹੈ।

(2) ਜਿਸਮਾਨੀ ਸੁੰਦਰਤਾ ਤਾਂ ਆਖਰਕਾਰ ਢਲਦੀ ਸ਼ਾਮ ਹੈ, ਕੇਵਲ ਕੂੜੇ ਦਾ ਢੇਰ ਹੈ ਪਰ ਰੂਹਾਨੀ ਸੁੰਦਰਤਾ ਅਮਿੱਟ ਤੇ ਅਮੁੱਕ ਸੱਜਰ ਸਵੇਰ ਹੈ, ਸਦੀਵੀ ਸੱਜਰ ਸਵੇਰ ਹੈ।

(3) ਇਸ ਸੰਸਾਰ ਵਿਚ ਜੀਊਣਾ ਝੂਠ ਹੈ ਤੇ ਮਰਨਾ ਸੱਚ ਹੈ। ਮਾਰਨਾ ਤੇ ਜੀਣਾ ਕੇਵਲ ਵਾਹਿਗੁਰੂ ਅਕਾਲ ਪੁਰਖ ਦੇ ਹੱਥ ਵਸ ਹੈ।

(4) ਨੂੰਹ, ਪੁੱਤਰ ਨੂੰ ਕਮਾਈ ਤੇ ਪੋਤਰਿਆਂ ਨੂੰ ਪੜ੍ਹਾਈ ਦੀ ਮਜ਼ਬੂਰੀ ਮਾਪਿਆਂ ਦੀ ਦੂਰੀ ਦਾ ਕਾਰਨ ਬਣ ਜਾਂਦੀ ਹੈ।

(5) ਪੇਟ ਦੀ ਭੁੱਖ ਹੀ ਸੰਤਾਨ ਤੇ ਮਾਪਿਆਂ ਦੇ ਪਿਆਰ ਵਿਚਾਲੇ ਕੰਧ ਬਣ ਕੇ ਤਣ ਜਾਂਦੀ ਹੈ।

(6) ਦਾਜ ਦੇ ਲੋਭੀਆਂ ਨੂੰ ਤਾਂ ਕੇਵਲ, ਕੋਠੀਆਂ, ਕਾਰਾਂ, ਸੋਨੇ ਦੇ ਰਾਣੀਹਾਰਾਂ, ਜੜਾਊ ਜ਼ੇਵਰਾਂ, ਸਕੂਟਰਾਂ ਅਤੇ ਟਰੈਕਟਰਾਂ ਸਹਿਤ ਉਪਜਾਊ ਜ਼ਮੀਨਾਂ ਦੀ ਲੋੜ ਹੈ, ਨਾ ਕਿ ਇੱਕ ਪੜ੍ਹੀ ਲਿਖੀ, ਚੱਜ ਅਚਾਰ ਵਾਲੀ, ਘਰ ਦੇ ਨੈਣ ਨਕਸ਼ ਸਵਾਰਨ ਵਾਲੀ, ਸੁਘੜ ਅਤੇ ਸਿਆਣੀ ਨੂੰਹ ਰਾਣੀ ਦੀ।

(7) ਲੱਖਾਂ ਦੇ ਵਪਾਰੀ ਪਰ ਦਿਲ ਦੇ ਭਿਖਾਰੀ ਪਤੀ ਕੋਲੋਂ ਬਚਣਾ ਹੀ ਚੰਗਾ ਹੈ।

(8) ਤੂੰ ਦਾਤਾ ਕਹਿਲਾਉਂਦਾ ਹੈਂ? ਵਿਧਾਤਾ ਵੀ ਅਖਵਾਉਂਦਾ ਹੈਂ? ਕਿਉਂ ਧੀਆਂ ਦੀ ਨਰਕੀ ਜੂਨ ਰਚਾਉਂਦਾ ਹੈ? ਜੇ ਕਰ ਰਚਾਉਂਦਾ ਵੀ ਹੈਂ ਤਾਂ ਇਨ੍ਹਾਂ ਦੇ ਮਸਤਕ ਤੇ ਕਾਲੇ ਅਤਿ ਕਾਲੇ ਲੇਖ ਕਿਉਂ ਲਿਖਦਾ ਤੇ ਲਿਖਾਉਂਦਾ ਹੈ?

(9) ਜਿਤਨੇ ਦੁੱਖ ਭਾਰਤ ਅੰਦਰ ਬਦਨਸੀਬ ਨਾਰੀਆਂ ਨਿਤ ਸਹਿੰਦੀਆਂ ਹਨ ਉਤਨੇ ਦੁੱਖ ਤੇ ਕਸ਼ਟ ਕੋਈ ਜਾਨਵਰ ਵੀ ਨਹੀਂ ਸਹਿੰਦਾ।

(10) ਮੇਰੇ ਧਰਮੀ ਬਾਬਲ ਆਪਣੀ ਬੇਟੀ ਲਈ ਇੱਕ ਕਰਮ ਜ਼ਰੂਰ ਕਮਾ ਦੇਣਾ, ਜੇਕਰ ਮੇਰੀ ਪਿਆਰੀ ਤੇ ਦੁਖਿਆਰੀ ਅੰਬੜੀ ਮੇਰੀ ਜੁਦਾਈ ਦਾ ਅਸਹਿ ਸਦਮਾ ਸਹਿ ਜਾਏ ਅਤੇ ਮਰਦੀ ਮਰਦੀ ਰਬ ਆਸਰੇ ਜੀਉਂਦੀ ਰਹਿ ਜਾਏ ਤਾਂ ਉਸ ਦੇ ਵਗਦੇ ਸਾਰੇ ਦੇ ਸਾਰੇ ਹੰਝੂ ਪੀ ਜਾਵੀਂ, ਉਸ ਮੇਰੀ ਪਿਆਰੀ ਅਭਾਗੀ ਅੰਬੜੀ ਨੂੰ ਕਦੀ ਕੌੜਾ ਨਾ ਬੋਲੀਂ।

(11) ਮੇਰੇ ਬਾਬਲ, ਤੈਨੂੰ ਮੇਰੇ ਪਿਆਰ ਦੀ ਕਸਮ ਹੈ, ਮੇਰੇ ਦੁਲਾਰ ਦੀ ਕਸਮ ਹੈ, ਮੈਨੂੰ ਕਦੀ ਭੁੱਲ ਕੇ ਵੀ ਯਾਦ ਨਾ ਕਰਨਾ। ਜੇ ਤੂੰ ਮੈਨੂੰ ਯਾਦ ਕਰਕੇ ਰੋਏਂਗਾ ਤਾਂ ਤੈਨੂੰ ਕਿਸੇ ਵੱਲੋਂ ਕੁੱਝ ਨੀ ਸਰਨਾ। ਤੈਨੂੰ ਦੇਖ ਕੇ ਮੇਰੀ ਮਾਂ ਨੇ ਵੀ ਰੋ ਰੋ ਮਰਨਾ।

(12) ਬੜੇ ਸੁਭਾਗੇ ਹੁੰਦੇ ਹਨ ਉਹ ਦੇਵਰ, ਜਿਨ੍ਹਾਂ ਦੇ ਸਿਰ 'ਤੇ ਮਹਾਨ ਤੇ ਮਾਤਾ ਸਮਾਨ ਭਰਜਾਈਆਂ ਦਾ ਸਾਇਆ ਹੁੰਦਾ ਹੈ ਤੇ ਇਹ ਪੂਜਨੀਕ ਹਸਤੀਆਂ ਉਨ੍ਹਾਂ ਕਰਮਾਂ ਵਾਲਿਆਂ ਨੂੰ ਹੀ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਨੇ ਪਿਛਲੇ ਜਨਮਾਂ ਵਿਚ ਕੋਈ ਵੱਡਾ ਪੁੰਨ ਕੀਤਾ ਹੁੰਦਾ ਹੈ।

(13) ਜੇ ਮਾਤਾ ਦੀ ਇਕਲੌਤੀ ਬੇਟੀ ਵੀ ਮਰ ਜਾਵੇ ਤਾਂ ਉਸ ਅਭਾਗੀ ਲਈ ਸਾਰੀ ਦੁਨੀਆਂ ਹੀ ਮਰ ਜਾਂਦੀ ਹੈ।

(14) ਧੀਆਂ-ਭੈਣਾਂ ਦਾ ਤਾਂ ਸਦਾ ਰਾਜੇ ਬਾਬਲ ਦੇ ਰਾਜ ਅਤੇ ਆਪਣੇ ਬਲਵਾਨ ਵੀਰਾਂ ਦੇ ਬਾਹੂ ਬਲ ਤੇ ਹੀ ਮਾਣ ਹੁੰਦਾ ਹੈ।

(15) ਸਿੱਖ ਕੌਮ ਨੂੰ ਆਬਾਦੀ ਦਾ ਤਾਂ ਬਹੁਤ ਫਿਕਰ ਹੈ ਪਰ ਗੁਣਾਂ ਦਾ ਕੋਈ ਫਿਕਰ ਨਹੀਂ।

(16) ਜਿਸ ਅੰਮ੍ਰਿਤਧਾਰੀ ਮਾਤਾ ਪਿਤਾ ਦੇ ਬੱਚੇ ਪਤਿਤ ਹਨ, ਉਹ ਮਾਤਾ ਪਿਤਾ ਭੇਖ ਦੇ ਹੀ ਅੰਮ੍ਰਿਤਧਾਰੀ ਹਨ, ਆਚਰਣ ਦੇ ਨਹੀਂ।

(17) ਅੰਮ੍ਰਿਤਧਾਰੀ ਬੀਬੀਆਂ ਦੀ ਦਹਾੜ ਸ਼ੇਰਾਂ ਦੀ ਵੰਗਾਰ ਹੁੰਦੀ ਹੈ।

(18) ਮਾਂ ਦੇ ਤਾਹਨੇ, ਨਸੀਅਤ ਲਗਦੇ ਹਨ ਤੇ ਸੱਸ ਦੀ ਨਸੀਅਤ ਵੀ ਤਾਹਨੇ ਲਗਦੇ ਹਨ।

(19) ਮਰਦਾਂ ਅਤੇ ਘੋੜਿਆਂ ਕੰਮ ਪੈਣ ਅਵਲੇ, ਉਹੀ ਸੂਰਮਾ ਜਿਹੜਾ ਸਿਰ ਪਈ ਝੱਲੇ।

(20) ਸਿੱਖ, ਬੱਚੇ ਘਟ ਪੈਦਾ ਕਰਕੇ, ਸਿੱਖ ਕੌਮ ਦਾ ਅੰਤ ਆਪਣੇ ਹੱਥੀਂ ਕਰ ਰਹੇ ਹਨ।

(21) ਬਾਜ ਅਸਮਾਨ ਦਾ ਸ਼ੇਰ ਹੁੰਦਾ ਹੈ।

(22) ਯੁੱਧ ਵਿਚ ਭਾਵੇਂ ਭਿੜਦੀ ਫੌਜ ਹੈ, ਪਰ ਲੜਦਾ ਕੌਮਾਂ ਦਾ ਸਿਦਕ ਹੈ।

(23) ਪ੍ਰਦੇਸੀ ਘਰ ਸਿੱਖਾਂ ਲਈ ਘੋਰ ਨਰਕ ਦੀ ਫਾਹੀ ਹੈ ਤੇ ਧਰਮ, ਕਰਮ, ਮਰਿਯਾਦਾ, ਨੂੰ ਗਰਕ ਕਰਨ ਵਾਲੀ ਘਿਨੌਣੀ ਡੂੰਘੀ ਖਾਈ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ISBN # 978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਬੜੇ ਮਾਸੂਮ ਨੇ ਸਾਜਨ ਸ਼ਰਾਰਤ ਕਰ ਹੀ ਜਾਂਦੇ ਨੇ

**ਵੱਡੇ ਕੰਮ ਛੋਟੇ ਦਿਲਾਂ ਨਾਲ ਨਹੀਂ ਕੀਤੇ ਜਾ ਸਕਦੇ। ਹਾਲਾਤ ਜਦੋਂ ਦਰੁਸਤ ਨਹੀਂ ਸਨ, ਜਲੰਧਰ ਦੇ ਇਕ ਨਾਕੇ 'ਤੇ ਹੌਲਦਾਰ ਕੁਰਸੀ 'ਤੇ ਬੈਠਾ ਊਂਘ ਰਿਹਾ ਸੀ। ਸਿਪਾਹੀ ਨੇ ਪੁੱਛਿਆ, "ਸਰ ਅੱਜ ਗੱਲ ਕੀ ਐ?"**

**"ਪਤੰਦਰਾ ਭੁੱਕੀ ਦੇ ਦੋ ਕੁ ਚਮਚੇ ਸਵੇਰੇ ਚਾਹ ਨਾਲ ਲੈਣਾ ਹੁੰਨਾਂ। ਅੱਜ ਮਿਲੇ ਨ੍ਹੀਂ।" ਤੇ ਏਨੇ ਨੂੰ ਸਵਾਰੀਆਂ ਨਾਲ ਲੱਦਿਆ ਟੈਂਪੂ ਦੇਖ ਕੇ ਰੋਕ ਲਿਆ ਦੋਹਾਂ ਨੇ। ਮਾੜੀ ਕਿਸਮਤ ਕਿ ਟੈਂਪੂ ਦੀ ਛੱਤ 'ਤੇ ਪਿਛਲੇ ਪਾਸੇ ਹਾਰਮੋਨੀਅਮ ਟਿਕਾਈ ਖੜ੍ਹੇ ਮਰਾਸੀ ਦੇ ਹੱਥੋਂ ਡਰ ਨਾਲ ਇਹ ਹੇਠਾਂ ਜਾ ਪਿਆ। ਵਿਚੋਂ ਭੁੱਕੀ ਖਿੱਲਰ ਗਈ। ਹੌਲਦਾਰ ਦਾ ਭਰ ਗਿਆ ਪਾਣੀ ਨਾਲ ਮੂੰਹ। ਵਿਚੋਂ ਅੱਧ ਕੁ ਪਾਅ ਨਸ਼ਾ ਨਿਕਲ ਹੀ ਆਇਆ। ਟੈਂਪੂ ਤੋਰ ਕੇ ਪਹਿਲਾਂ ਪੰਜ-ਸੱਤ ਚਮਚੇ ਅੰਦਰ ਸੁੱਟੇ ਤੇ ਪੈ ਗਿਆ ਮਰਾਸੀ ਨੂੰ, "ਕਿਧਰੋਂ ਆਇਆਂ ਓਏ?"**

**"ਜਨਾਬ ਪ੍ਰੋਗਰਾਮ ਕਰਕੇ ਆਇਐਂ।"**

**"ਭੁੱਕੀ ਖਾਨੈਂ?"**

**"ਜਨਾਬ ਦੋ ਦਿਨਾਂ 'ਚ ਮਸਾਂ ਛਟਾਂਕ।"**

**"ਭੱਜ ਜਾਹ, ਅਸੀਂ ਗਾਉਣ ਵਾਲਿਆਂ ਨੂੰ ਪਿਆਰ ਕਰੀਦੈ ਤਾਂ ਛੱਡ'ਤਾ।"**

**"ਜਨਾਬ ਅੱਧਾ ਕੁ ਤਾਂ ਦੇ ਦਿਓ?"**

**"ਉਰ੍ਹੇ ਆ...।" ਤੇ ਹੌਲਦਾਰ ਨੇ ਵੱਟ ਕੇ ਲੱਫੜ ਮਾਰਿਆ ਮੂੰਹ 'ਤੇ, "ਸਾਲਿਆ ਹੱਡਾਰੋੜੀ 'ਚੋਂ ਮਾਸ ਭਾਲਦੈਂ?"**

**"ਜਨਾਬ ਰੰਗ ਪੱਕਾ ਹੋਣ ਕਰਕੇ ਮੂੰਹ ਤਾਂ ਮੇਰਾ ਲਾਲ ਨ੍ਹੀਂ ਹੋਇਆ ਪਰ ਏਨੀ ਜ਼ੋਰ ਦੀ ਲੱਫੜ ਕਿਉਂ ਮਾਰਿਐ?"**

**"ਇਸ ਕਰਕੇ ਕਿ ਪਹਿਲਾਂ ਤਾਂ ਵਾਜੇ 'ਚੋਂ ਸੁਰਾਂ ਨਿਕਲਦੀਆਂ ਦੇਖੀਆਂ ਸਨ, ਭੁੱਕੀ ਪਹਿਲੀ ਵਾਰ ਨਿਕਲਦੀ ਦੇਖੀ ਐ।" ਮਰਾਸੀ ਨੇ ਤਾਂ ਉਹ ਭਾਣਾ ਮੰਨ ਲਿਆ, ਆਹ ਭਾਣਾ ਵੀ ਦੇਖੋ...**

"ਸਤਿ ਸ੍ਰੀ ਅਕਾਲ ਸਰਦਾਰਾ।" ਨਹਾ ਕੇ ਪਿੰਡੇ 'ਤੇ ਸਾਫ਼ਾ ਫੇਰਦੇ ਫਜ਼ਲਦੀਨ ਨੇ ਜਗਤ ਸਿੰਘ ਨੂੰ ਫਤਿਹ ਬੁਲਾਈ।

"ਸਤਿ ਸ੍ਰੀ ਅਕਾਲ। ਬਈ ਮਰਾਸੀਆ, ਬੜੀ ਟੌਹਰ ਕੱਢੀ ਐ, ਏਨੀ ਤਾਂ ਸ਼ਰੀਫ਼ਾਂ ਨੂੰ ਵਿਆਹੁਣ ਵੇਲੇ ਨ੍ਹੀਂ ਕੱਢੀ ਹੋਣੀ? ਕਿਵੇਂ ਆਊਣੇ ਹੋਏ?"

"ਰਾਜਸਥਾਨ ਪ੍ਰੋਗਰਾਮ 'ਤੇ ਚੱਲਿਆਂ। ਪੰਦਰਾਂ-ਵੀਹ ਦਿਨ ਲੱਗ ਜਾਣੇ ਆਂ, ਸੋਚਿਆ ਸਲਾਮ ਦੁਆ ਕਰ ਚਲੀਏ। ਪਿੱਛੋਂ ਮੀਲੇ ਨੂੰ ਮਣ ਪੱਕੇ ਦਾਣੇ ਦੇ ਦਵੀਂ, ਹਾੜ੍ਹੀ ਚੱਕਣ ਵਾਲੀ ਐ।"

"ਦਾਣੇ ਤਾਂ ਚੱਲ ਦੇ ਦਿਆਂਗੇ। ਦੇਖ ਤੇਰੇ ਤਿੰਨ ਮੁੰਡੇ ਨੇ ਮੀਲਾ, ਸ਼ੀਲਾ ਤੇ ਤੇਲੂ। ਦੋ ਬਹੂਆਂ ਨੇ, ਕੁੜੀ ਇਕ ਈ ਵਿਆਹੀ ਐ। ਦੂਜੀ ਸੁੱਖ ਨਾਲ ਤਕੜੀ ਐ। ਸ਼ਰੀਫਾਂ ਵੀ ਠੀਕ ਐ। ਵੱਢੋ ਖਾਂ ਮੇਰੇ ਨਿਆਈਂ ਵਾਲੇ ਦੋ ਕਿੱਲੇ। ਸੁੱਖ ਨਾਲ ਛੇਆਂ ਮਹੀਨਿਆਂ ਜੋਗੇ ਦਾਣੇ ਹੋ ਜਾਣੇ ਆਂ।"

ਤੇ ਗੱਲ ਫਜ਼ਲਦੀਨ ਦੇ ਮਨ ਨੂੰ ਲੱਗ'ਗੀ, ਪਈ ਸਾਲਾ ਸਾਰਾ ਟੱਬਰ ਵਿਹਲਾ ਖਾਂਦਾ। ਮੰਗਣ ਦੀ ਆਦਤ ਵੀ ਛੱਡਣੀ ਚਾਹੀਦੀ ਐ, ਤੇ ਉਨ੍ਹੇ ਹਾਂ 'ਚ ਸਿਰ ਹਿਲਾ 'ਤਾ। ਤੇ ਸਵੇਰੇ ਟੱਬਰ ਨੂੰ ਕੱਣਕ ਵੱਢਣ ਦਾ ਹੁਕਮ ਕਰਕੇ ਫਜ਼ਲਦੀਨ ਬਹਿ ਗਿਆ ਰੇਲੇ ਬੀਕਾਨੇਰ ਨੂੰ।

ਤੇ ਹੋਣ ਲੱਗ ਪਈ ਤਿਆਰੀ ਮਰਾਸੀਆਂ ਦੇ ਘਰ 'ਚ, ਲੜਾਈ ਵਾਂਙੂੰ ਹਥਿਆਰ 'ਕੱਠੇ ਕਰਨ ਦੀ। ਕੋਈ ਸ਼ਹਿਰੋਂ ਦਾਤੀਆਂ ਲੈਣ ਚਲੇ ਗਿਆ, ਕੋਈ ਬੇੜਾਂ ਦਾ ਪ੍ਰਬੰਧ ਕਰੇ, ਕੋਈ ਪਾਣੀ ਲਈ ਬਾਲਟੀ ਲੱਭੇ। ਸ਼ੀਲਾ ਕਹੇ, "ਵੱਡੀ ਭੈਣ ਫਾਤਿਮਾ ਵੀ ਆਈ ਹੋਈ ਐ ਰੁੱਸ ਕੇ, ਇਹ ਵੀ ਦੋ ਸੇਰ ਦਾਣੇ ਕਰ ਲਊ।" ਤੇ ਸਾਰਿਆਂ ਨੇ ਛਾਹ ਵੇਲਾ, ਦੁਪਹਿਰਾ ਤੇ ਆਥਣ ਦੇ ਖਾਣੇ ਦੀਆਂ ਲਿਸਟਾਂ ਵੀ ਮਾੜੇ ਹੋਟਲ ਵਾਂਗ ਤਿਆਰ ਕਰ ਲਈਆਂ।

ਮਾੜੀ ਕਿਸਮਤ ਦਿਨ ਛਿਪਦੇ ਨੂੰ ਪ੍ਰਾਹੁਣਾ ਆ ਗਿਆ, ਰੁੱਸ ਕੇ ਆਈ ਮੀਲੇ, ਸ਼ੀਲੇ ਦੀ ਭੈਣ ਨੂੰ ਲੈਣ। ਮਰਾਸੀ 'ਕੱਠੇ ਹੋ ਸੋਚਣ, ਨਾਲੇ ਸਾਡੀ ਕੁੜੀ ਕੁੱਟਦਾ, ਹੁਣ ਮਾਰੂ ਸਾਡੇ ਰਿਜਕ 'ਚ ਲੱਤ। ਸ਼ੀਲਾ ਕਹਿਣ ਲੱਗਾ, "ਦੇਖ ਭਾਈ ਪ੍ਰਾਹੁਣਿਆ, ਤੋਰਾਂਗੇ ਗੱਲ ਕਰਕੇ ਚਹੁੰ ਬੰਦਿਆਂ ਵਿਚ। ਤੂੰ ਤਾਂ ਤੀਏ ਦਿਨ ਭੈਣ ਸਾਡੀ ਨੂੰ ਕੁੱਟ ਕੇ ਤੋਰ ਦੇਨੈਂ। ਪੰਦਰਾਂ ਕੁ ਦਿਨਾਂ ਤੀਕ ਆਈਂ।"

ਤੇ ਖਾੜਕੂ ਸੁਭਾਅ ਵਾਲਾ ਪ੍ਰਾਹੁਣਾ ਪੈ ਗਿਆ ਟੁੱਟ ਕੇ, "ਸਾਲਿਓ ਮੇਰੀ ਤੀਵੀਂ ਤੋਂ ਕਣਕ ਵਢਾਂਉਂਗੇ ਏਨੀ ਗਰਮੀ 'ਚ। ਰੰਗ ਤਾਂ ਇਹਦਾ ਪਹਿਲਾਂ ਈ ਫਿੱਕਾ ਨ੍ਹੀਂ ਪੈਂਦਾ।"

ਸਾਰੀ ਰਾਤ ਕਲੇਸ਼ ਹੁੰਦਾ ਰਿਹਾ। ਗਾਲੋ-ਗਾਲੀ, ਮਿਹਣੋ-ਮਿਹਣੀ। ਮੀਲਾ ਕਹੇ, "ਕੰਜਰ ਦੇ ਦਾ ਚਾੜ੍ਹੀਏ ਕੁਟਾਪਾ ਪੁਲਿਸ ਵਾਂਗ?" ਸ਼ਰੀਫਾਂ ਮੂਹਰੇ ਹੱਥ ਜੋੜਦਿਆਂ ਕਹੇ, "ਜੁਆਈ ਭਾਈ ਐ, ਹਾਲਾਤ ਪੰਜਾਬ ਦੇ ਖਰਾਬ ਐ। ਇਹਦਾ ਖਾੜਕੂਆਂ ਨਾਲ ਉਠਣਾ-ਬਹਿਣਾ, ਟੱਬਰ ਮਾਰ ਦਊ।"

ਖਹਿਬੜਦਿਆਂ ਨੂੰ ਦਿਨ ਚੜ੍ਹ ਗਿਆ। ਭਰਾਵਾਂ ਦੇ ਸਬਰ ਦਾ ਬੰਨ੍ਹ ਉਦੋਂ ਟੁੱਟ ਪਿਆ ਜਦੋਂ ਪ੍ਰਾਹੁਣਾ ਉਨ੍ਹਾਂ ਦੀ ਭੈਣ ਨੂੰ ਗੁੱਤੋਂ ਫੜ ਕੇ ਖਿੱਚਣ ਲੱਗਾ। ਹੋ ਗਈ ਲਾ ਲਾ...ਲਾ ਲਾ...। ਮਰਾਸੀਆਂ ਨੇ ਕੱਢ ਲਏ ਪੰਜਾਬ ਦੇ ਰਵਾਇਤੀ ਹਥਿਆਰ। ਮੀਲੇ ਕੋਲ ਫੂਕਨਾ, ਸ਼ੀਲੇ ਕੋਲ ਵੇਲਣਾ ਤੇ ਤੇਲੂ ਦੇ ਹੱਥ ਢੋਲ ਵਜਾਉਣ ਵਾਲਾ ਡਗਾ।

ਪ੍ਰਾਹੁਣਾ ਕਹੇ, ਕਿਤੇ ਫੂਕਨਾ ਨਾ ਸਿਰ 'ਤੇ ਮਾਰ ਦੇਣ। ਉਹ ਭੱਜ ਪਿਆ ਮੂਹਰੇ। ਤਿੰਨ ਜਣੇ ਆਪੋ-ਆਪਣੇ ਹਥਿਆਰ ਧਰਤੀ 'ਤੇ ਮਾਰ ਕੇ ਕਹਿਣ, "ਅੱਜ ਨ੍ਹੀਂ ਛੱਡਦੇ ਪੁੱਤ ਸੁੱਕਾ।"

ਮੂਹਰੇ ਬੀਹਲਿਆਂ ਦਾ ਫੱਗੂ ਅਮਲੀ ਕੱਢੇ ਧਾਰ। ਤੇ ਜਦੋਂ ਦਗੜ-ਦਗੜ ਕਰਦੇ ਸਾਰੇ ਹਵੇਲੀ 'ਚ ਵੜੇ ਤਾਂ ਮੱਝ ਡਰ ਕੇ ਟੱਪ ਗਈ। ਮੱਝ ਨੇ ਮਾਰੀ ਲੱਤ, ਫੱਗੂ ਅਮਲੀ ਵੀ ਖਿਲਾਰਤਾ, ਤੇ ਦੁੱਧ ਦਾ ਲੱਗ ਗਿਆ ਛੱਪੜ।

ਫੱਗੂ ਕੱਢੇ ਗੁੱਸੇ 'ਚ ਗਾਲਾਂ, "ਸਾਲਿਓ ਮਰਾਸੀਓ! ਮੇਰਾ ਕਰ'ਤਾ ਸੌ ਦਾ ਨੁਕਸਾਨ। ਪ੍ਰਾਹੁਣਾ ਕੁੱਟਣ ਲੱਗੇ ਚਕਲੇ-ਵੇਲਣਿਆਂ ਨਾਲ। ਨੱਠ ਜਾਓ, ਆਪਣੇ ਘਰ ਲੜੋ ਜਾ ਕੇ।"

ਤੇ ਮੀਲੇ ਨੇ ਪੰਜਾਹ ਦਾ ਨੋਟ ਖੀਸੇ 'ਚੋਂ ਕੱਢ ਕੇ ਫੱਗੂ ਨੂੰ ਫੜਾਇਆ ਤਾਂ ਉਹਦੀ ਲਾਲੀ ਲੱਥੀ।

ਚਲੋ ਪ੍ਰਾਹੁਣਾ ਤੇ ਬਾਹਰੋ-ਬਾਹਰ ਚਲੇ ਗਿਆ। ਇਧਰ ਫਜ਼ਲਦੀਨ ਦਾ ਉਦਾਸਿਆ ਟੱਬਰ ਫਿਰ ਦਾਤੀਆਂ ਚੁੱਕ ਕੇ ਚੱਲ ਪਿਆ ਕਣਕ ਵੱਢਣ।

ਪਹਿਲਾਂ ਤਾਂ ਚਾਅ 'ਚ ਲੱਗ ਪਏ, ਪਰ ਜਦੋਂ ਛਾਹ ਵੇਲਾ ਖਾ ਕੇ ਹਟੇ ਤਾਂ ਸੂਰਜ ਵੀ ਲੱਗ ਪਿਆ ਅੱਗ ਉਗਲਣ। ਵਿਚਾਰਿਆਂ ਦੇ ਕਾਲੇ ਰੰਗਾਂ 'ਤੇ ਧੁੱਪ ਵੀ ਕਾਲੇ ਨਾਗ ਵਾਂਗ ਵਰ੍ਹੇ। ਦੋ ਕੁ ਸੱਥਰੀਆਂ ਵੱਢ ਕੇ ਖੜ੍ਹ ਕੇ ਦੇਖ ਲਿਆ ਕਰਨ ਕਿ ਕਿੰਨੀ ਕੁ ਰਹਿ ਗਈ। ਗਰਮੀ 'ਚ ਨਿਗਾਹ ਦੋ ਕਿਲਿਆਂ ਦੇ ਦੂਜੇ ਪਾਸੇ ਤੱਕ ਨਾ ਜਾਵੇ, ਹਿਮਾਲਾ ਪਰਬਤ ਜਿੱਡੀ ਦੂਰੀ ਦੇਖ ਕੇ ਫਿਰ ਭੱਜ ਕੇ ਆੜ 'ਚੋਂ ਪਾਣੀ ਦਾ ਬੁੱਕ ਪੀ ਲਿਆ ਕਰਨ।

ਮੀਲਾ ਆਖੇ, "ਉਹ ਸ਼ੀਲਿਆ, ਦੇਖ ਵਜਾਉਣਾ ਤੇ ਗਾਉਣਾ ਕਿੰਨਾ ਸੌਖਾ ਏ। ਕਿਥੇ ਬੁੜੇ ਨੇ ਪਾ'ਤਾ ਪੰਗਾ। ਆਪ ਤਾਂ ਭੱਜ ਗਿਆ ਬੀਕਾਨੇਰ ਨੂੰ, ਸਾਨੂੰ ਝੋਕ ਗਿਆ ਤਪਦੀ ਭੱਠੀ 'ਚ।"

ਤੇਲੂ ਕਹਿੰਦਾ, "ਮੇਰੇ ਮਨ 'ਚ ਇਕ ਸਕੀਮ ਆਉਂਦੀ ਐ। ਕੰਮ ਸੌਖਾ ਹੋ ਜੂ।"

"ਦੱਸ ਦੱਸ ਛੇਤੀ, ਛੁਡਾ ਹੱਡ।" ਸ਼ੀਲੇ, ਮੀਲੇ ਨੇ ਚੱਕ ਲਏ ਕੰਨ।

"ਬੇਬੇ ਆ ਗਈ ਐ ਦੁਪਹਿਰਾ ਲੈ ਕੇ। ਇਹਨੂੰ ਜਾ ਲੈਣ ਦੇ, ਫੇਰ ਦੱਸਦਾਂ।"

ਦੁਖੀ ਹੋਇਆਂ ਨੇ ਰੋਟੀ ਤਾਂ ਖਾ ਲਈ ਜਗੋਲ-ਜਗੂਲ ਕੇ। ਊਂ ਬੇਬੇ ਨੂੰ ਆਖੀ ਜਾਣ, "ਮਾਂ ਤੇਰੇ ਨਾਲ ਲੋਕਾਂ ਨੂੰ ਖੁਸ਼ ਕਰਨ ਵਾਲੇ ਅੱਜ ਰੱਜ ਕੇ ਦੁਖੀ ਐ, ਕਿਥੇ ਬੁੜੇ ਨੇ ਚਿੜੀਆਂ ਦੇ ਬੱਚੇ ਬਾਜਾਂ ਦੇ ਮੂੰਹ 'ਚ ਫਸਾ'ਤੇ।"

"ਖਾਣ ਜੋਗੇ ਦਾਣੇ ਆ ਜੂ'ਗੇ, ਭੜੋਲਾ ਭਰ ਲਾਂ'ਗੇ।"

"ਨਾ ਅੱਗੇ ਕਿਤੇ ਭੁੱਖੇ ਮਰਦੇ ਆਏ ਨੇ ਦਾਦੇ-ਪੜਦਾਦੇ।"

ਮਾਂ ਦੇ ਜਾਣ ਸਾਰ ਛੋਟੇ ਤੇਲੂ ਨੂੰ ਕਹਿਣ ਲੱਗੇ, "ਬਿੰਦ ਨਾ ਲਾ, ਦੱਸ ਦੇ ਪਈ ਖਹਿੜਾ ਕਿਵੇਂ ਛੁੱਟੂ?"

ਗੁਰਦੁਆਰਿਓਂ ਚਾਨਣੀ ਲੈ ਆਉਨੇ ਆਂ, ਬਰਾਤਾਂ ਹੇਠ ਬਿਠਾਉਣ ਵਾਲੀ।"

"ਭਾਈ ਬੜੇ ਨਾਲ ਰਾਗਾਂ 'ਚ ਫਸਿਆ ਰਹਿੰਦੈ, ਉਹਨੇ ਕਿਥੇ ਦੇਣੀ ਆ ਸਾਨੂੰ।"

"ਫੇ ਹੋਰ ਕਰਦੇ ਆਂ, ਸ਼ਹਿਰੋਂ ਲੈ ਆਉਨੇ ਆਂ। ਕਿਰਾਇਆ ਈ ਪੈ ਜੂ ਸਾਲਾ ਤੀਹ-ਚਾਲੀ ਰੁਪਏ।"

"ਆਹ ਗੱਲ ਜਚਦੀ ਐ।" ਤੇ ਮਸ਼ਵਰਾ ਇਥੇ ਈ ਬੰਦ ਕਰਕੇ ਮੀਲੇ ਨੇ ਚੁੱਕਿਆ ਸਾਇਕਲ ਤੇ ਭਜਾ ਲਿਆ ਸ਼ਹਿਰ ਵੱਲ ਨੂੰ, ਸ਼ਾਨੇ ਪੰਜਾਬ ਵਾਂਗ। ਘੰਟੇ ਕੁ ਪਿੱਛੋਂ ਲੱਦੀ ਆਵੇ ਬਾਂਸ ਤੇ ਚਾਨਣੀ ਰਿਕਸ਼ੇ 'ਤੇ।

ਪਹਿਲਾ ਦਿਨ ਤਾਂ ਆਏਂ ਲੰਘ ਗਿਆ। ਦੂਜੇ ਦਿਨ ਲੱਗ ਪਏ ਸਵੇਰੇ-ਸਵੇਰੇ ਕਣਕ 'ਚ ਡੰਡੇ ਗੱਡਣ। ਚਾਰ ਕੁ ਭਰੀਆਂ ਵੱਢਿਆ ਕਰਨ, ਪ੍ਰਛਾਵਾਂ ਫਿਰ ਢਲ ਜਾਇਆ ਕਰੇ। ਖ਼ਬਰ ਚਲੇ ਗਈ ਜਗਤ ਸਿੰਘ ਤੱਕ।

ਆਇਆ ਤਾਂ ਉਹ ਗੁੱਸੇ 'ਚ ਪਰ ਚਾਨਣੀ ਹੇਠ ਕਣਕ ਵੱਢਦੇ ਮਰਾਸੀਆਂ ਨੂੰ ਵੇਖ ਕੇ ਹਾਸਾ ਨਾ ਰੋਕ ਸਕਿਆ, "ਓਏ ਮਰਾਸੀਓ! ਮੇਰੇ ਕਣਕ ਵੱਢਣ ਆਏ ਓ ਕਿ ਅਖਾੜਾ ਲਾਉਣ?"

"ਤਾਇਆ ਬਾਪੂ ਦੇ ਬੋਲ ਪੁਗਾਉਣੇ ਆਂ, ਸਿਰ ਪਈ ਆ ਕੱਟਣ ਦੇਹ। ਸਾਡੀ ਤਾਂ ਹਾਲਤ ਇਹ ਹੈ ਕਿ ਬੁੜਾ ਬਲੂੰਗੜੇ ਬਘਿਆੜਾਂ ਮੂਹਰੇ ਸੁੱਟ ਗਿਐ।"

ਜੱਟ ਦਾ ਬਾਕੀ ਗੁੱਸਾ ਤਾਂ ਮਰ ਗਿਆ ਕਿ ਜਿਵੇਂ ਮਰਾਸੀ ਲੀੜਿਆਂ 'ਚ ਸਾਜ ਬੜਾ ਸੰਭਾਲ ਕੇ ਲਪੇਟਦੇ ਆ, ਕਣਕ ਦਾ ਤੀਲਾ ਨਾ ਖਿਲਰਨ ਦੇਣ।

ਲੰਘਦੇ-ਵੜਦੇ ਰਾਹੀਆਂ ਨੇ ਚਾਨਣੀ ਹੇਠ ਕਣਕ ਵੱਢ ਹੁੰਦੀ ਦਾ ਰੌਲਾ ਪਾ 'ਤਾ। ਜਿਹੜਾ ਲੰਘੇ, ਖੜ੍ਹ ਖੜ੍ਹ ਦੇਖੇ। ਉਧਰ, ਦੁੱਧ ਦਾ ਮਰਾਸੀਆਂ ਹੱਥੋਂ ਨੁਕਸਾਨ ਸਹਿਣ ਵਾਲਾ ਅਮਲੀ ਫੱਗੂ ਵੀ ਖੇਤ ਦੁਆਲੇ ਖੜ੍ਹੇ ਲੋਕਾਂ ਵਿਚ ਆਣ ਖਲੋਇਆ। ਮੀਲੇ, ਸ਼ੀਲੇ ਨੂੰ ਦੇਖ ਕੇ ਕਹਿਣ ਲੱਗਾ, "ਕੋਈ ਮਦਦ ਕਰਾਵਾਂ ਥੋਡੀ?"

"ਬੱਸ ਤਾਇਆ, ਕੱਲ੍ਹ ਨੂੰ ਪਿੜ ਨਿਕਲਣ ਵਾਲਾ ਈ ਐ।"

"ਖੁਸ਼ ਕਰਤਾ ਬਈ ਫਜ.ਲਦੀਨ ਦਿਓ ਮੁੰਡਿਓ। ਟੜੇ-ਟੈਲੀਵੀਜਨ ਆਲਿਆਂ ਨੂੰ ਕਹਿਣਾ ਸੀ, ਪਈ ਗਾਉਂਦੇ ਤਾਂ ਬੜਾ ਦਿਖਾਉਨੇ ਹੁੰਨੇ ਆਂ, ਆਹ ਵੀ ਜਲਵਾ ਦੇਖੋ ਸਾਡਾ।"

"ਤਾਇਆ ਇਹ ਤਾਂ ਸ਼ੁਗਲ-ਮੇਲਾ ਆ, ਪਈ ਲੋਕ ਆਏਂ ਵੀ ਖੁਸ਼ ਕੀਤੇ ਜਾ ਸਕਦੇ ਨੇ।"

"ਦਾਣਾ 'ਫੀਮ ਦਾ ਨ੍ਹੀਂ ਖਾਣਾ?"

"ਮੀਲੇ ਨੇ ਇਕ ਵਾਰ ਖਾਧਾ ਸੀ, ਹਫ਼ਤਾ ਭਰ ਨ੍ਹੀਂ ਗਿਆ ਜੰਗਲ-ਪਾਣੀ। ਭਾਖੜੇ ਵਾਂਗ ਬੰਨ੍ਹ ਪੈ ਗਿਆ ਸੀ।"

"ਮੈਂ ਚੱਲਦਾਂ ਬਈ ਮੁੰਡਿਓ, ਚੰਗਾ ਐ ਤੁਹਾਡਾ ਰੌਣਕ ਮੇਲਾ।"

ਤੇ ਆਖਰੀ ਦਿਨ ਜਦੋਂ ਦੂਜੇ ਕਿਲੇ ਦੀ ਕਣਕ ਵੱਢ ਕੇ ਝੰਡੀ ਪੁੱਟਣ ਵਾਲੇ ਸੀ ਤਾਂ ਨੇਰ੍ਹੀ ਚੜ੍ਹ ਗਈ। ਸਾਰਾ ਟੱਬਰ, ਨਿਆਣੇ ਸੱਥਰੀਆਂ ਤੇ ਕਣਕ ਉਪਰ ਲੰਮੇ ਪੈ-ਪੈ ਕੇ ਬਚਾਉਣ।

ਤੇ ਇਸ ਭੱਜ-ਨੱਸ 'ਚ ਕਣਕ ਤਾਂ ਬਚ ਗਈ ਪਰ ਬਾਸਾਂ, ਰੱਸਿਆਂ ਦੀ ਬੰਨ੍ਹ-ਬੰਨ੍ਹਾਈ, ਖੋਲ੍ਹ-ਖੁਲ੍ਹਾਈ 'ਚ ਚਾਨਣੀ ਲੀਰਾਂ ਹੋ ਗਈ।

ਮਰਾਸੀਆਂ ਦੇ ਕਣਕ ਵੱਢਣ ਦਾ ਸੀ ਤਾਂ ਇਹ ਕ੍ਰਿਸ਼ਮਾ ਈ, ਪਰ ਏਨੀ ਖੁਸ਼ੀ ਸ਼ਾਇਦ ਭਾਰਤ ਨੂੰ 'ਕਹੱਤਰ ਦੀ ਜੰਗ ਜਿੱਤ ਕੇ ਨਾ ਹੋਈ ਹੋਊ, ਜਿੰਨੀ ਉਨ੍ਹਾਂ ਨੂੰ ਕਣਕ ਵੱਢਣ ਦਾ ਕੰਮ ਮੁਕਾ ਕੇ ਹੋਈ ਸੀ।

ਜਗਤ ਸਿੰਘ ਨੇ ਸੋਚਿਆ, ਚਲੋ ਲਾਗੀ-ਚਾਗੀ ਐ, ਦੋ ਬੋਰੀਆਂ ਕਣਕ ਬਣਦੀ ਐ। ਮਿਹਨਤ ਵੀ ਪਤੰਦਰਾਂ ਨੇ ਰੰਗਾ-ਰੰਗ ਕੀਤੀ ਐ, ਪੰਜਾਹ ਕਿਲੋ ਹੋਰ ਦੇ ਦੇਨੇ ਆਂ। ਉਹ ਢਾਈ ਬੋਰੀਆਂ ਕਣਕ ਫਜ਼ਲਦੀਨ ਦੇ ਘਰੇ ਛੱਡ ਗਿਆ।

ਉਧਰ, ਸਤਾਰੀਂ-ਅਠਾਰੀਂ ਦਿਨੀਂ ਬੀਕਾਨੇਰੋਂ ਫਜ਼ਲਦੀਨ ਵੀ ਆ ਗਿਆ। ਵਿਹੜੇ 'ਚ ਕਣਕ ਦਾ

*(ਬਾਕੀ ਸਫਾ 36 'ਤੇ)*

## ਗੱਲ ਬਣੀ ਕਿ ਨਹੀਂ

### *ਜ਼ਮਾਨਾ ਹੋਰ ਹੁੰਦਾ ਸੀ*

ਅੱਖਾਂ ਵਿਚ ਸ਼ਰਮ ਬੜੀ ਸੀ
ਫਰਕ ਸੀ ਛੋਟੇ-ਵੱਡੇ ਦਾ
ਬਾਪੂ ਤੋਂ ਡਰ ਵੀ ਲੱਗਦਾ ਸੀ
ਜ਼ਮਾਨਾ ਹੋਰ ਹੁੰਦਾ ਸੀ

ਜੇ ਗਲਤੀ ਹੋ ਵੀ ਜਾਣੀ
ਪਛਤਾਵਾ ਡਰ ਨਹੀਂ ਛੱਡਦਾ ਸੀ
ਝੁਕਿਆ ਸਿਰ ਪਰ ਹੁੰਦਾ ਸੀ
ਜ਼ਮਾਨਾ ਹੋਰ ਹੁੰਦਾ ਸੀ।

ਬੜੀ ਨਿਡਰ ਜ਼ਿੰਦਗੀ ਸੀ
ਭੋਰਾ ਨਹੀਂ ਖੌਫ ਮਰਨੇ ਦਾ
ਜਦੋਂ ਡਰਦੇ-ਡਰਾਉਂਦੇ ਸਾਂ
ਜ਼ਮਾਨਾ ਹੋਰ ਹੁੰਦਾ ਸੀ।

ਚੁੰਨੀ ਸਿਰਾਂ ਤੋਂ ਲੱਥ ਗਈ ਏ
ਅੱਖਾਂ 'ਚ ਸ਼ਰਮ ਨਾ ਰਹਿ ਗਈ
ਜਦੋਂ ਬੜਾ ਸ਼ਰਮਾਉਂਦੇ ਸਾਂ
ਜ਼ਮਾਨਾ ਹੋਰ ਹੁੰਦਾ ਸੀ।

ਨਹੀਂ ਪਿਆਰ ਉਹ ਰਿਹਾ
ਤੇ ਸਤਿਕਾਰ ਵੀ ਮੁੱਕ ਚੱਲਿਆ
ਜਦੋਂ ਝੁਕ-ਝੁਕ ਕੇ ਅਸੀਂ
ਬੜਾ ਪੈਰੀਂ ਹੱਥ ਲਾਉਂਦੇ ਸੀ
ਜ਼ਮਾਨਾ ਹੋਰ ਹੁੰਦਾ ਸੀ।

# ਉਡ ਜਾਹ ਵੇ ਕਾਂਵਾਂ ਇਹੇ ਪੇਕਿਆਂ ਦਾ ਪਿੰਡ ਨਹੀਓਂ, ਜਿਥੇ ਤੈਨੂੰ ਚੂਰੀਆਂ ਸੀ ਪੈਂਦੀਆਂ...

## ਧੁੱਪੇ ਬੈਠੀਆਂ ਯਾਦਾਂ

ਕਈ ਬੰਦੇ ਮੰਦਿਰਾਂ 'ਚ ਚੜ੍ਹਨ ਵਾਲੇ ਮਾਸੂਮ ਫੁੱਲਾਂ ਵਰਗੇ ਹੀ ਹੁੰਦੇ ਹਨ। ਦੇਬੀ ਮਖਸੂਸਪੁਰੀ ਮੇਰੇ ਬੱਚਿਆਂ ਦੇ ਨਾਨਕੇ ਪਿੰਡ ਤੋਂ ਹੈ, ਪਰ ਮੇਰੀ ਪਹਿਲੀ ਨੇੜਤਾ ਉਹਦੇ ਸਮਰੱਥ ਸ਼ਾਇਰ ਹੋਣ ਕਰਕੇ ਹੈ, ਗਾਇਕ ਕਰਕੇ ਘੱਟ। ਦੂਜਾ ਕਿ ਉਹ ਸਾਡੇ ਸਤਿਕਾਰਤ ਮਿੱਤਰ ਸੁਰਜੀਤ ਪਾਤਰ ਦਾ ਸ਼ਾਗਿਰਦ ਹੈ। ਉਹਦੇ ਬੋਲ ਸੰਘਣੀਆਂ ਛਾਂਵਾਂ ਵਰਗੇ ਨੇ, ਤੇ ਸੰਘਣੀਆਂ ਛਾਂਵਾਂ ਹੇਠ ਨੀਂਦ ਸਾਰਿਆਂ ਨੂੰ ਆ ਜਾਂਦੀ ਹੈ। ਹਾਲ ਹੀ 'ਚ ਇਕ ਫੋਟੋ ਜਿਹਦੀ ਸਾਂਝ ਮੇਰੇ ਨਾਲ ਵੀ ਸਾਡੇ ਪੁਰਾਣੇ ਮਿੱਤਰ ਹਿਊਸਟਨ ਰਹਿੰਦੇ ਕੁਲਵੰਤ ਨਾਗਰਾ ਨੇ ਕੰਪਿਊਟਰ ਦੇ ਕੰਧਾੜੇ ਚੜ੍ਹਾ



ਕੇ ਪੇਸ਼ ਕੀਤੀ ਤਾਂ ਤੀਹ ਸਾਲਾਂ ਦੀ 'ਬਲੈਕ ਐਂਡ ਵਾਈਟ' ਫਿਲਮ ਬਿਨਾਂ 'ਰੁਕਾਵਟ ਦੇ ਖੇਦ' ਤੋਂ ਚੱਲ ਪਈ। ਦਿੱਲੀ ਅਕਾਦਮੀ 'ਚ ਰਵੇਲ ਸਿੰਘ ਸਾਡੇ ਲਈ ਸਤਿਕਾਰ ਭਰਿਆ ਨਾਂ ਰਿਹਾ ਹੈ। ਕੁਲਵੰਤ ਨਾਗਰਾ ਉਸ ਤੋਂ ਵੀ ਵੱਧ, ਭਾਵੇਂ ਉਹਦੇ ਚੇਤੇ 'ਚੋਂ ਕਈ ਕੁਝ ਖਿਸਕ ਗਿਆ ਹੋਵੇ। ਕੁਲਵੰਤ ਨਾਲ ਉਦੋਂ ਸਾਂਝ ਬਣੀ ਸੀ, ਜਦੋਂ ਆਲ ਇੰਡੀਆ ਰੇਡੀਓ ਦਾ ਭਾਈਆ ਜੀ ਅਤੇ ਠੰਡੂ ਰਾਮ ਵਾਲਾ ਦਿਹਾਤੀ ਪ੍ਰੋਗਰਾਮ ਅਤੇ ਵਿਵਿਧ ਭਾਰਤੀ ਅਤੇ ਪੰਜਾਬੀ ਸਾਹਿਤ ਅਕਾਡਮੀ ਦਿੱਲੀ ਦੀ ਪੰਜਾਬੀ ਪ੍ਰਸਾਰਣ ਵਾਲੇ ਰੇਡੀਓ ਤੋਂ ਬੜੇ ਪਿਆਰੇ ਪ੍ਰੋਗਰਾਮ ਪੇਸ਼ ਹੁੰਦੇ ਸਨ। ਅਕਾਦਮੀ ਦੇ ਇਸ ਪ੍ਰੋਗਰਾਮ ਵਿਚ ਕੁਲਵੰਤ ਨਾਗਰਾ ਤੇ ਰਵੇਲ ਸਿੰਘ ਕਰਕੇ ਸਰਦੂਲ ਅਤੇ ਨੂਰੀ ਨੇ ਮੇਰਾ ਇਕ ਗੀਤ ਕੱਚੀ ਉਮਰੇ ਰਿਕਾਰਡ ਕਰਵਾਇਆ ਸੀ, 'ਸੱਪ ਬਾਰੀ ਵਿਚੋਂ ਸਾਹ ਦੇਵੇ, ਜੇ ਤੈਨੂੰ ਭੁੱਲ ਜਾਵਾਂ, ਸਾਨੂੰ ਕਬਰ ਨਾ ਰਾਹ ਦੇਵੇ' ਦੀਆਂ ਆਖਰੀ ਪੰਕਤੀਆਂ ਸਨ, 'ਭੌਰੇ ਵਾਲਿਆਂ ਨਾ ਹਾਰ ਮੰਨ ਵੇ, ਤੇਰੇ ਨਾਲ ਜੱਗ ਵਸਦਾ, ਸਾਡਾ ਤੇਰੇ ਲਈ ਤਨ ਮਨ ਵੇ...।' ਉਦੋਂ ਹੀ ਚਰਨਜੀਤ ਆਹੂਜਾ ਦੀ ਪੰਜਾਬੀ ਸੰਗੀਤ ਦੇ ਖੇਤਰ ਵਿਚ ਪਹਿਲੀ ਸਫ਼ਲ ਗੇੜੀ ਸੀ। 'ਬਾਬਲ ਮਰਿਆ ਭਾਬੀਏ' ਤੋਂ ਬਾਅਦ 'ਕਹਿੰਦੇ ਭਾਗਾਂ ਵਾਲੇ ਹੁੰਦੇ ਜਿਹੜੇ ਪਾਉਣ ਚਿੱਠੀਆਂ' ਕੁਲਦੀਪ ਮਾਣਕ ਨੇ ਰਿਕਾਰਡ ਕਰਵਾਏ ਤਾਂ ਦੇਬੀ ਦੇਬੀ ਹੋ ਗਈ। ਫਿਰ ਸਰਦੂਲ ਨੇ 'ਲਵ ਮੈਰਿਜ ਕਰਾਉਣ ਦਾ ਰਿਵਾਜ਼ ਹੋ ਗਿਆ', ਹੰਸ ਨੇ 'ਆਸ਼ਕਾਂ ਦੀ ਕਾਹਦੀ ਜ਼ਿੰਦਗੀ', ਅਮਰਜੋਤ ਨੇ 'ਤਾਰੇ ਗੁੱਜਰੀ ਦੀ ਅੱਖ ਦੇ ਛੁਪਾਏ ਵੈਰਨੇ' ਤੇ ਫਿਰ ਵਾਰਿਸ ਤੱਕ ਚੱਲ ਸੋ ਚੱਲ। ਦੇਬੀ ਯਮਨਾ ਪਾਰ ਵਾਲੇ ਸਟੂਡੀਓ 'ਸੋਨੋਟੋਨ' 'ਚ ਮਿਲਦਾ ਰਿਹਾ। ਫਿਰ ਸ਼ੌਕੀ ਮੇਲੇ ਤੇ ਉਸ ਤੋਂ ਬਾਅਦ ਵੀ ਮਿਲਦਾ ਰਿਹਾ। ਕਦੇ ਪਿਆਰ ਨਾਲ, ਕਦੇ ਗਿਲੇ ਸ਼ਿਕਵੇ ਨਾਲ। ਖ਼ੈਰ! ਕੁਲਵੰਤ ਬਹੁਤ ਨਿੱਘਾ, ਪਿਆਰਾ ਤੇ ਦਿਲ ਦਰਿਆ ਬੰਦੈ। ਕਿਸੇ ਨੂੰ ਗਿਲੇ-ਸ਼ਿਕਵਿਆਂ ਰਾਹੀਂ ਸੰਬੋਧਤ ਹੋਣਾ ਯਾਦ ਕਰਨ ਦਾ ਯਤਨ ਹੀ ਹੁੰਦਾ ਹੈ। ਦੇਬੀ ਦੇ ਪ੍ਰੋਗਰਾਮਾਂ 'ਤੇ ਸ਼ਾਇਰੀ ਦੇ ਬੋਲਾਂ ਅਤੇ ਤਾਲੀਆਂ ਦਾ ਮੀਂਹ ਵਰ੍ਹੇ, ਭੱਜ ਭੱਜ ਕੇ ਸਿਆਣੇ ਬੰਦੇ ਆਉਣ, ਚੰਗੀ ਗੱਲ ਹੈ ਪਰ ਮੈਂ ਮਾਣ ਇਸ ਗੱਲ 'ਤੇ ਨਹੀਂ ਕਰਦਾ ਕਿ ਉਹ ਉਥੋਂ ਹੈ, ਜਿੱਥੇ ਮੈਂ ਵਿਆਹਿਆ ਹੋਇਐਂ। ਮਾਣ ਇਸ ਗੱਲ 'ਤੇ ਹੈ ਕਿ ਨੰਦ ਲਾਲ ਨੂਰਪੁਰੀ, ਬਾਬੂ ਸਿੰਘ ਮਾਨ, ਦੇਵ ਥਰੀਕੇ ਵਾਲਾ, ਚਰਨ ਸਿੰਘ ਸਫਰੀ ਤੋਂ ਬਾਅਦ ਗੀਤਕਾਰੀ ਵਿਚ ਨਾਂ ਬੜੇ ਆਏ ਹਨ ਪਰ ਚੇਤੇ ਅਗਲੇ ਨੰਬਰ 'ਤੇ ਦੇਬੀ ਹੀ ਆਵੇਗਾ। ਪਿਆਰ ਦਾ ਆਨੰਦ ਸਿਰਫ਼ ਜਵਾਨੀ 'ਚ ਹੀ ਆਉਂਦਾ ਹੈ, ਬਾਕੀ ਤਾਂ ਸਿਰਫ਼ ਖਿੱਚਾ-ਧੂਹੀ ਹੀ ਹੁੰਦੀ ਹੈ। ਸਹੁਰਿਆਂ ਦੇ ਪਿੰਡ ਕਾਂ ਚੂਰੀ ਲਈ ਤਰਸਦੇ ਜ਼ਰੂਰ ਰਹਿਣੇ ਹਨ।

*-ਐਸ. ਅਸ਼ੋਕ ਭੌਰਾ*

# ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਵਰ੍ਹੇ

**ਇਤਿਹਾਸ ਦਾ ਝਰੋਖਾ**

**ਹਿੰਮਤ ਸਿੰਘ ਸੋਢੀ**

ਇਕ ਬਹਾਦਰ ਯੋਧਾ ਅਤੇ ਬਚਪਨ ਤੋਂ ਹੀ ਇਕ ਜਵਾਂ ਮਰਦ ਯੁਵਕ ਹੋਣ ਸਦਕਾ ਮਹਾਰਾਜਾ ਰਣਜੀਤ ਸਿੰਘ ਨੇ ਕੇਵਲ ਬਾਰਾਂ ਸਾਲ ਦੀ ਉਮਰ ਤੋਂ ਆਪਣੀ ਮਿਸਲ (ਸ਼ੁਕਰਚਕੀਆ) ਦੀ ਅਗਵਾਈ ਸੰਭਾਲਦੇ ਹੋਏ ਗਵਾਂਢੀ ਮਿਸਲਦਾਰਾਂ, ਅਫਗਾਨਾਂ ਤੇ ਨਵਾਬਾਂ ਨਾਲ ਟੱਕਰ ਲੈ ਕੇ ਉਨ੍ਹਾਂ ਨੂੰ ਪਛਾੜਦੇ ਹੋਏ ਕੁਝ ਸਾਲਾਂ ਵਿਚ ਹੀ ਲੇਹ ਲੱਦਾਖ ਤੋਂ ਸ਼ਿਕਾਰਪੁਰ (ਸਿੰਧ) ਅਤੇ ਖੈਬਰ ਦੇ ਦੱਰੇ ਤੋਂ ਲੈ ਕੇ ਸਤਲੁਜ ਤਕ ਇਕ ਵਿਸ਼ਾਲ ਪੰਜਾਬੀ ਰਾਜ ਦੀ ਸਥਾਪਨਾ ਕੀਤੀ। ਉਸ ਨੇ ਕੋਈ ਬਹੁਤ ਲੰਮੀ ਉਮਰ ਨਹੀਂ ਭੋਗੀ ਅਤੇ ਸਿਰਫ 59 ਸਾਲ ਦੀ ਉਮਰ ਵਿਚ ਚਲਾਣਾ ਕਰ ਗਿਆ ਪਰ ਆਖਰੀ ਦਿਨਾਂ ਤਕ ਵੀ ਉਹ ਸਦਾ ਭੱਜ-ਦੌੜ (ਕੈਂਪ ਜੀਵਨ) ਦਾ ਸ਼ੌਕੀਨ ਰਿਹਾ। ਆਪਣੇ ਦਰਬਾਰੀਆਂ, ਅਹਿਲਕਾਰਾਂ ਤੇ ਫੌਜੀਆਂ ਨਾਲ ਸਵੇਰ ਦੇ ਸਮੇਂ ਉਸ ਦਾ ਦਰਬਾਰ ਕਿਤੇ ਲਗਦਾ ਸੀ ਤੇ ਸ਼ਾਮ ਵੇਲੇ ਕਿਸੇ ਹੋਰ ਥਾਂ। ਇਹ ਪ੍ਰਕਿਰਿਆ ਉਸ ਦੇ ਜੀਵਨ ਦਾ ਇਕ ਅੰਗ ਬਣ ਚੁੱਕੀ ਸੀ। ਸਵੇਰੇ ਚਾਰ ਵਜੇ ਉਠਣਾ, ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਨਾ, ਦੋਵੇਂ ਵੇਲੇ ਦਰਬਾਰ ਲਗਾਉਣਾ, ਆਏ ਗਏ ਏਲਚੀਆਂ ਤੇ ਮੁਸਾਹਿਬਾਂ ਨੂੰ ਮਿਲਣਾ, ਫੌਜੀ ਪਰੇਡ ਦੇਖਣੀ, ਨਵੇਂ ਫੌਜੀ ਭਰਤੀ ਕਰਨੇ ਆਦਿ। ਉਸ ਦੀਆਂ ਦੋ ਵੱਡੀਆਂ ਕਮਜ਼ੋਰੀਆਂ ਵੀ ਸਨ: ਸ਼ਰਾਬ ਅਤੇ ਅਫੀਮ ਜਿਸ ਨੇ ਉਸ ਦੀ ਸਿਹਤ ਤਬਾਹ ਕੀਤੀ ਅਤੇ ਸਰੀਰ ਨੂੰ ਖੋਰ ਕੇ ਰੱਖ ਦਿੱਤਾ। ਆਪਣੀ ਮੌਤ (27 ਜੂਨ 1839) ਤੋਂ ਪੰਜ ਸਾਲ ਪਹਿਲਾਂ ਹੀ ਉਸ ਨੂੰ ਲਕਵੇ ਦਾ ਪਹਿਲਾ ਹਮਲਾ ਹੋਇਆ ਅਤੇ ਫੇਰ ਪੰਜ ਸਾਲ ਉਹ ਆਪਣੇ ਹਠ ਨਾਲ ਹੀ ਸਰੀਰ ਨੂੰ ਧੂਹੀ ਫਿਰਦਾ ਰਿਹਾ ਅਤੇ ਹਕੂਮਤ ਚਲਾਉਂਦਾ ਰਿਹਾ।

ਹੋਇਆ ਇਉਂ ਕਿ 1934 ਦੀਆਂ ਗਰਮੀਆਂ ਵਿਚ ਇਕ ਦਿਨ ਉਸ ਨੇ ਲਾਹੌਰ ਤੋਂ ਪੇਸ਼ਾਵਰ ਵੱਲ ਕੂਚ ਕਰਦੇ ਹੋਏ ਰਸਤੇ ਵਿਚ ਗੁਜਰਾਂਵਾਲੇ ਪੜਾਓ ਕੀਤਾ। ਦੁਪਹਿਰ ਦੇ ਖਾਣੇ ਤੋਂ ਬਾਅਦ ਆਪਣਾ ਮਨ-ਭਾਉਂਦਾ ਫਲ (ਹਦਵਾਣਾ) ਖਾਧਾ ਤੇ ਉਸੇ ਦਿਨ ਉਸ ਨੂੰ ਅਧਰੰਗ ਦਾ ਪਹਿਲਾ ਹਮਲਾ ਹੋਇਆ। ਇਤਿਹਾਸ ਦੇ ਪ੍ਰਚੰਡ ਖੋਜੀਆਂ ਦਾ ਕਥਨ ਹੈ ਕਿ ਸਰੀਰਕ ਤੌਰ 'ਤੇ ਲਕਵਾ ਤਾਂ ਉਸ ਨੂੰ ਦੇਰ ਨਾਲ ਹੋਇਆ ਪਰ ਮਾਨਸਿਕ ਤੌਰ 'ਤੇ ਉਹ ਇਕ ਰਾਜਨੀਤਕ ਲਕਵੇ ਦਾ ਸ਼ਿਕਾਰ ਬਹੁਤ ਪਹਿਲਾਂ ਹੀ ਹੋ ਚੁੱਕਾ ਸੀ। ਉਸ ਨੂੰ ਬੜੇ ਅਰਸੇ ਤੋਂ ਇਹ ਚਿੰਤਾ ਖਾ ਰਹੀ ਸੀ ਕਿ ਉਸ ਦੀ ਮੌਤ ਦੇ ਬਾਅਦ ਉਸ ਦੇ ਵਾਰਿਸ ਉਸ ਰਾਜ ਨੂੰ ਅੰਗਰੇਜ਼ਾਂ ਤੋਂ ਸੁਰੱਖਿਅਤ ਨਹੀਂ ਰੱਖ ਸਕਣਗੇ ਜਿਸ ਨੂੰ ਏਨੀ ਘਾਲਣਾ ਤੇ ਕੁਰਬਾਨੀਆਂ ਨਾਲ ਕਾਇਮ ਕੀਤਾ ਗਿਆ ਸੀ। ਉਸ ਦਾ ਸਭ ਤੋਂ ਵੱਡਾ ਸ਼ਹਿਜ਼ਾਦਾ (ਖੜਕ ਸਿੰਘ) ਜਿਸ ਨੂੰ ਉਸ ਨੇ ਆਪਣਾ ਜਾਨਸ਼ੀਨ ਬਣਾਇਆ ਸੀ, ਕਮਜ਼ੋਰ ਦਿਲ ਹੋਣ ਕਰ ਕੇ ਸ਼ਾਸਨ ਚਲਾਉਣ ਦੇ ਯੋਗ ਨਹੀਂ ਸੀ। ਉਹ ਵੀ ਅਫੀਮ ਦਾ ਵੱਡਾ ਅਮਲੀ ਸੀ।

1808 ਵਿਚ ਮਹਾਰਾਜੇ ਨੇ ਅੰਗਰੇਜ਼ਾਂ ਨਾਲ "ਅੰਮ੍ਰਿਤਸਰ ਅਹਿਦਨਾਮਾ" ਕਰ ਲਿਆ ਸੀ ਜਿਸ ਅਨੁਸਾਰ ਮਹਾਰਾਜੇ ਨੇ ਸਤਲੁਜ ਤੋਂ ਪਾਰ ਦੇ ਪੰਜਾਬੀ ਇਲਾਕੇ ਵਿਚ ਕੋਈ ਦਖਲ ਨਾ ਦੇਣਾ ਸਵੀਕਾਰ ਕੀਤਾ ਸੀ। ਇਸ ਤੋਂ ਪਹਿਲਾਂ ਹੀ ਮਹਾਰਾਜੇ ਦੇ ਖਾਸ ਖੈਰ-ਖਾਹ, ਸਿੱਖ ਰਾਜ ਦੇ ਉਸਰਈਏ ਤੇ ਮੰਨੇ-ਪ੍ਰਮੰਨੇ ਸਿੱਖ ਆਗੂ-ਜਿਵੇਂ ਅਕਾਲੀ ਫੂਲਾ ਸਿੰਘ ਅਤੇ ਬਾਬਾ ਸਾਹਿਬ ਸਿੰਘ ਬੇਦੀ ਮਹਾਰਾਜੇ ਨੂੰ ਖਬਰਦਾਰ ਕਰਦੇ ਰਹੇ ਸਨ ਕਿ ਉਹ ਅੰਗਰੇਜ਼ ਲਾਟ ਮੈਟਕਾਫ ਨਾਲ ਅਜਿਹਾ ਜੋੜ-ਤੋੜ ਨਾ ਕਰੇ, ਸਗੋਂ ਸਤਲੁਜ ਤੋਂ ਪਾਰ ਦੇ ਪੰਜਾਬੀ ਇਲਾਕੇ ਨੂੰ ਵੀ ਵਿਸ਼ਾਲ ਪੰਜਾਬੀ ਰਾਜ ਵਿਚ ਸ਼ਾਮਲ ਕਰਨ ਦੀ ਵਿਉਂਤ ਬਣਾਏ ਪਰ ਮਹਾਰਾਜਾ ਅੰਗਰੇਜ਼ੀ ਤਾਕਤ ਦੇ ਭੈ ਕਾਰਨ ਇਸ ਪਾਸੇ ਕੰਨ ਨਹੀਂ ਸੀ ਧਰਦਾ, ਸਗੋਂ ਪੱਛਮ ਵੱਲ ਅਫਗਾਨ ਇਲਾਕੇ ਨੂੰ ਹਥਿਆਉਣ ਲਈ ਰੁਚਿਤ ਸੀ। ਇਸ ਗੱਲ ਤੋਂ ਖਫਾ ਹੋ ਕੇ ਇਕ ਵਾਰ ਤਾਂ ਅਕਾਲੀ ਫੂਲਾ ਸਿੰਘ ਮਹਾਰਾਜੇ ਨਾਲ ਰੁੱਸ ਕੇ ਬਾਬਾ ਸਾਹਿਬ ਸਿੰਘ ਬੇਦੀ ਪਾਸ ਊਨੇ ਆ ਗਿਆ ਸੀ ਪਰ ਬਾਬੇ ਬੇਦੀ ਨੇ ਉਸ ਨੂੰ ਸਮਝਾ-ਬੁਝਾ ਕੇ ਮੁੜ ਉਸ ਦਾ ਰਣਜੀਤ ਸਿੰਘ ਨਾਲ ਰਾਜ਼ੀਨਾਵਾਂ ਕਰਵਾ ਦਿੱਤਾ ਤਾਂ ਜੋ ਸਿੱਖ ਰਾਜ ਦੇ ਜਰਨੈਲ ਆਪਸੀ ਫੁੱਟ ਦਾ ਸ਼ਿਕਾਰ ਨਾ ਹੋ ਜਾਣ। ਅਕਾਲੀ ਫੂਲਾ ਸਿੰਘ, ਸਾਹਿਬ ਸਿੰਘ ਬੇਦੀ, ਹਰੀ ਸਿੰਘ ਨਲਵਾ ਉਸ ਸਮੇਂ ਪ੍ਰਮੁੱਖ ਸਿੱਖ ਹਸਤੀਆਂ ਸਨ। ਇਹ ਤਿੰਨੇ ਹੀ ਮਹਾਰਾਜੇ ਦੀ ਅੰਗਰੇਜ਼ ਨਿਵਾਜ਼ ਨੀਤੀ ਨਾਲ ਸਹਿਮਤ ਨਹੀਂ ਸਨ।

ਅੰਮ੍ਰਿਤਸਰ ਦੇ ਅਹਿਦਨਾਮੇ ਦੇ ਤੀਹ ਸਾਲ ਬਾਅਦ ਵੀ ਗੱਲ ਉਹੀ ਹੋਈ ਜਿਸ ਦਾ ਸਿੱਖ ਸਿਆਣਿਆਂ ਨੂੰ ਖਤਰਾ ਸੀ। ਇਸ ਦੌਰਾਨ ਮਹਾਰਾਜਾ ਅਫਗਾਨਾਂ ਨਾਲ ਲੜਦਾ ਘੁਲਦਾ ਹੀ ਸ਼ਕਤੀ ਦਾ ਨਾਸ਼ ਕਰਦਾ ਰਿਹਾ। ਦੂਜੇ ਪਾਸੇ ਅੰਗਰੇਜ਼ਾਂ (ਈਸਟ ਇੰਡੀਆ ਕੰਪਨੀ) ਨੇ ਸਤਲੁਜ ਤੋਂ ਉਰਾਰ ਦੇ ਪੰਜਾਬੀ ਇਲਾਕੇ ਵਿਚ ਆਪਣਾ ਪ੍ਰਭਾਵ ਵਧਾ ਲਿਆ ਤੇ 1838 ਵਿਚ ਲਾਰਡ ਆਕਲੈਂਡ ਨੇ ਕਾਬਲ ਉਤੇ ਚੜ੍ਹਾਈ ਕਰਨ ਲਈ ਮਹਾਰਾਜੇ ਦੇ ਇਲਾਕੇ ਨੂੰ ਆਪਣੇ ਲਾਂਘੇ ਦੇ ਤੌਰ 'ਤੇ ਵਰਤਣ ਦੀ ਰਿਆਇਤ ਅਤੇ ਸਹਾਇਤਾ ਲੈਣ ਦੀ ਖੁੱਲ੍ਹ ਵੀ ਹਾਸਲ ਕਰ ਲਈ। ਬਿਮਾਰੀ ਨਾਲ ਖੋਖਲੇ ਹੋ ਚੁੱਕੇ ਮਹਾਰਾਜੇ ਨੂੰ ਕਈ ਦਿਨਾਂ ਤਕ ਲਾਰਡ ਆਕਲੈਂਡ ਦੇ ਨਾਲ ਨਾਲ ਉਸ ਦੀਆਂ ਫੌਜਾਂ ਦੇ ਰਾਸ਼ਨ-ਪਾਣੀ, ਪੜਾਓ-ਠਹਿਰਾਓ, ਸ਼ਾਦੀ, ਆਓ-ਭਗਤ ਵਾਲੀ ਰੇਖ-ਦੇਖ ਤੇ ਪ੍ਰਾਹੁਣਚਾਰੀ ਦੀ ਜ਼ਿੰਮੇਵਾਰੀ ਨਿਭਾਉਣੀ ਪਈ। ਮਾਨਸਿਕ ਅਤੇ ਸਰੀਰਕ ਤੌਰ 'ਤੇ ਮਹਾਰਾਜਾ ਇਨ੍ਹਾਂ ਕਮਜ਼ੋਰ ਹੋ ਚੁੱਕਾ ਸੀ ਕਿ ਉਹ ਆਕਲੈਂਡ ਨੂੰ ਸਾਫ ਨਾਂਹ ਨਹੀਂ ਕਰ ਸਕਿਆ ਕਿ ਆਪਣੇ ਪੱਛਮੀ ਗਵਾਂਢੀ ਦੇ ਘਰ ਬਦੇਸ਼ੀ ਫੌਜ ਨੂੰ ਪਹੁੰਚਾਉਣ ਲਈ ਉਹ ਆਪਦੇ ਖੁਦ-ਮੁਖਤਿਆਰ ਰਾਜ ਦੀ ਧਰਤੀ ਵਰਤਣ ਦੀ ਆਗਿਆ ਨਹੀਂ ਦੇਵੇਗਾ। ਉਂਜ ਆਪਦੇ ਇਕੋ ਇਕ "ਸਿੱਖ" ਮਹਾਰਾਜੇ ਦੀ ਸੂਰਬੀਰਤਾ ਅਤੇ ਉਸ ਦੇ ਰਾਜ ਦੀਆਂ ਵਡਿਆਈਆਂ ਦੀਆਂ ਸਿਫਤਾਂ ਅਸੀਂ ਜਿੰਨੀਆਂ ਮਰਜ਼ੀ ਕਰਦੇ ਰਹੀਏ, ਪਰ ਹਕੀਕਤ ਇਹੀ ਹੈ। (ਵਧੇਰੇ ਵੇਰਵੇ ਲਈ ਦੇਖੋ "ਸਿੱਖ ਰੀਵਿਊ" (ਮਾਸਿਕ) ਕਲਕੱਤਾ, ਅਗਸਤ-ਸਤੰਬਰ 1980, ਵਿਚ ਪ੍ਰਕਾਸ਼ਿਤ ਇਤਿਹਾਸਕਾਰ ਐਮ.ਐਲ. ਆਹਲੂਵਾਲੀਆ ਦਾ ਲੇਖ, ਪੰਨੇ 132-33)।



*ਮਹਾਰਾਜਾ ਰਣਜੀਤ ਸਿੰਘ ਦਾ ਇਕ ਚਿੱਤਰ*

ਸੋ, ਸਰੀਰਕ ਲਕਵਾ ਅਤੇ ਰਾਜਨੀਤਕ ਲਕਵਾ ਮਹਾਰਾਜੇ ਲਈ ਜਾਨ-ਲੇਵਾ ਸਿੱਧ ਹੋਇਆ। ਉਹ ਹੋਰ ਛੇ ਮਹੀਨੇ ਨਹੀਂ ਕੱਢ ਸਕਿਆ, ਜਦ 31 ਦਸੰਬਰ 1838 ਨੂੰ ਉਸ ਨੇ ਲਾਰਡ ਆਕਲੈਂਡ ਨੂੰ ਕਾਬਲ ਵਲ ਚਾਲੇ ਪਾਉਣ ਲਈ ਅੰਤਿਮ ਵਿਦਾਇਗੀ ਦਿੱਤੀ ਅਤੇ ਉਸ ਨਾਲ ਨਵੇਂ ਸਾਲ ਦੀ ਪੂਰਵ-ਸੰਧਿਆ ਮਨਾਈ। ਇਸ ਦੇ ਪੰਜ ਦਿਨ ਬਾਅਦ ਹੀ ਅਧਰੰਗ ਦਾ ਇਕ ਹੋਰ ਹਮਲਾ ਹੋਇਆ। ਫੇਰ ਤਾਂ ਉਸ ਲਈ ਬੋਲਣਾ ਵੀ ਮੁਸ਼ਕਲ ਹੋ ਹੋਇਆ। ਹੁਣ ਉਸ ਨੇ ਦਵਾਈਆਂ ਲੈਣੀਆਂ ਛੱਡ ਦਿੱਤੀਆਂ ਅਤੇ ਆਖਰੀ ਛੇ ਮਹੀਨੇ ਯੱਗ, ਮੰਤਰ-ਜਾਪ, ਪਾਠ ਕਰਾਉਣ ਦੇ ਲੇਖੇ ਹੀ ਲਾਏ। ਰਾਜ ਵਿਚ ਸਭ ਆਸ਼ਰਮਾਂ, ਧਰਮ-ਸਥਾਨਾਂ, ਗਊਸ਼ਾਲਾਵਾਂ ਨੂੰ ਦਾਨ ਵਿਚ ਹਾਥੀ, ਘੋੜੇ, ਊਠ, ਗਊਆਂ, ਮੱਝਾਂ, ਨਕਦ ਰਕਮਾਂ ਵੰਡੀਆਂ ਗਈਆਂ। ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਕਾਂਗੜੇ ਦੇ ਜਵਾਲਾਮੁਖੀ ਮੰਦਰ ਵਿਚ ਯੱਗ ਤੇ ਜਾਪ ਲਈ ਭੇਜਿਆ ਗਿਆ। ਬਿਮਾਰੀ ਦੀ ਹਾਲਤ ਵਿਚ ਹੀ ਮਹਾਰਾਜੇ ਨੇ 'ਗੁਰੂ' ਰਾਮ ਰਾਏ ਦੇ ਧਰਮ ਸਥਾਨ, ਮੀਆਂ ਮੀਰ ਸਾਹਿਬ, ਦਾਤਾ ਗੰਜ ਬਖਸ਼ (ਲਾਹੌਰ) ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਕੀਤੀ। ਪੀਰਾਂ ਫਕੀਰਾਂ ਨੂੰ ਮੂੰਹ ਮੰਗੀਆਂ ਮੁਰਾਦਾਂ ਦਿੱਤੀਆਂ। ਯਾਤਰਾ ਦੌਰਾਨ ਹੀ ਇਕ ਪਿੰਡ (ਸਿਉਰੀਆਂ) ਉਸ ਦੀ ਇਕ ਨਾਂਗੇ ਸਾਧੂ ਨਾਲ ਭੇਟ ਹੋਈ ਜਿਸ ਨੇ ਮਹਾਰਾਜੇ ਨੂੰ ਠੀਕ ਕਰਨ ਦਾ ਲਾਰਾ ਲਾ ਕੇ ਉਸ ਦੀ ਘੋੜੀ 'ਨੀਲੀ' ਉਤੇ ਕੁਝ ਪਲਾਂ ਲਈ ਬੈਠਾ ਦਿੱਤਾ ਜਿਸ ਨਾਲ ਮਹਾਰਾਜੇ ਨੂੰ ਇਹ ਭਾਸਣ ਲੱਗਾ ਕਿ ਹੁਣ ਉਹ ਫਕੀਰ ਦੀ ਅਸੀਸ ਨਾਲ ਠੀਕ ਹੋ ਜਾਏਗਾ। ਉਹ ਉਸ ਫਕੀਰ ਉਤੇ ਇਤਨਾ ਦਿਆਲੂ ਹੋ ਗਿਆ ਕਿ ਆਪਣੀ ਮਸ਼ਹੂਰ "ਨੀਲੀ" ਘੋੜੀ ਅਤੇ ਹੋਰ ਬਹੁਤ ਸਾਰੀ ਭੇਟਾ ਉਸ ਫਕੀਰ ਨੂੰ ਦਾਨ ਵਿਚ ਦੇ ਦਿੱਤੀ। ਨਾਲ ਹੀ ਤੋਪਖਾਨੇ ਨੂੰ ਇਕ ਦਮ ਹੁਕਮ ਸਾਦਰ ਕਰ ਦਿੱਤੇ ਕਿ ਇਸ ਖੁਸ਼ੀ ਵਿਚ ਤੋਪ ਦੇ ਗੋਲੇ ਚਲਾ ਕੇ ਇਸ ਖੁਸ਼ਖਬਰੀ ਦੀ ਸਲਾਮੀ ਉਤਾਰੀ ਜਾਵੇ ਪਰ ਇਸ ਤਰ੍ਹਾਂ ਦੀਆਂ ਖੁਸ਼-ਫਹਿਮੀਆਂ ਕਿਸੇ ਡੁੱਬਦੇ ਹੋਏ ਲਈ ਤੀਲੇ ਦਾ ਸਹਾਰਾ ਮਾਤਰ ਹੀ ਸਨ। ਮਹਾਰਾਜੇ ਦੀ ਹਾਲਤ ਖਰਾਬ ਹੁੰਦੀ ਗਈ।

ਮੌਤ ਤੋਂ ਛੇ ਦਿਨ ਪਹਿਲਾਂ 21 ਜੂਨ ਵਾਲੇ ਦਿਨ ਮਹਾਰਾਜੇ ਨੇ ਆਪਣਾ ਅੰਤ ਆਉਂਦਾ ਦੇਖ ਦਰਬਾਰੀਆਂ, ਵਜ਼ੀਰਾਂ, ਫੌਜੀ ਅਫਸਰਾਂ ਦੀ ਮੌਜੂਦਗੀ ਵਿਚ ਲਾਹੌਰ ਦੇ ਰੌਸ਼ਨਾਈ ਦਰਵਾਜ਼ੇ ਵਿਚ ਆਪਣੇ ਵੱਡੇ ਪੁੱਤਰ ਸ਼ਹਿਜ਼ਾਦਾ ਖੜਕ ਸਿੰਘ ਨੂੰ ਰਾਜ ਗੱਦੀ ਦੇ ਕੇ ਡੋਗਰੇ ਰਾਜਾ ਧਿਆਨ ਸਿੰਘ ਨੂੰ ਉਸ ਦਾ ਪ੍ਰਧਾਨ ਮੰਤਰੀ (ਵਜ਼ੀਰੇ-ਆਜ਼ਮ) ਥਾਪ ਕੇ ਰਾਜ ਦੀ ਸਭ ਤੋਂ ਉਚੀ ਉਪਾਧੀ "ਨਾਇਬ-ਏ-ਸਲਤਨਤ-ਏ-ਅਜ਼ਮਤ" ਨਾਲ ਨਿਵਾਜਿਆ ਅਤੇ ਐਲਾਨ ਕੀਤਾ ਕਿ ਅੱਜ ਤੋਂ ਮੇਰੇ ਵੱਲੋਂ ਵੀ ਸਾਰੇ ਫੈਸਲੇ ਤੇ ਹੁਕਮ ਰਾਜਾ ਧਿਆਨ ਸਿੰਘ ਸਾਦਰ ਕਰੇਗਾ। ਰਾਜ ਵਿਚ ਸੁਰੱਖਿਆ ਦਾ ਪ੍ਰਬੰਧ ਵਧਾ ਦਿੱਤਾ ਗਿਆ। ਮਹਾਰਾਜੇ ਨੇ ਆਪਣੇ ਸਰੀਰ ਤੋਂ ਸਾਰੇ ਸ਼ਸਤਰ, ਹੀਰੇ-ਜਵਾਹਰਾਤ ਉਤਾਰ ਕੇ ਦਾਨ ਵਿਚ ਦੇ ਦਿੱਤੇ ਅਤੇ ਦਿਨਾਂ ਵਿਚ ਹੀ ਦੋ ਕਰੋੜ ਰੁਪਏ ਦੀ ਰਕਮ ਵੱਖ ਵੱਖ ਬਖਸ਼ਸ਼ਾਂ ਤੇ ਦਾਨਾਂ ਦੀ ਸ਼ਕਲ ਵਿਚ ਵੰਡੀ ਗਈ ਜੋ ਅੱਜ ਦੇ ਹਿਸਾਬ ਨਾਲ ਚਾਰ ਅਰਬ ਰੁਪਏ ਤੋਂ ਵੀ ਵੱਧ ਬਣਦੀ ਹੈ। ਮਹਾਰਾਜਾ ਆਪਣਾ ਕੋਹੇ-ਨੂਰ ਹੀਰਾ ਵੀ ਜਗਨ ਨਾਥ ਪੁਰੀ ਦੇ ਮੰਦਰ ਵਿਖੇ ਦਾਨ ਵਿਚ ਦੇ ਦੇਣਾ ਚਾਹੁੰਦਾ ਸੀ ਅਤੇ ਇਸ ਲਈ ਉਸ ਨੇ ਰਾਜਾ ਧਿਆਨ ਸਿੰਘ ਨੂੰ ਕਹਿ ਵੀ ਦਿੱਤਾ ਸੀ ਪਰ ਆਖਰ ਧਿਆਨ ਸਿੰਘ, ਖੜਕ ਸਿੰਘ ਅਤੇ ਤੋਸ਼ੇਖਾਨੇ ਦੇ ਪ੍ਰਬੰਧਕ ਮਿਸਰ ਬੇਲੀ ਰਾਮ ਨੇ ਅਜਿਹਾ ਨਹੀਂ ਹੋਣ ਦਿੱਤਾ, ਇਹ ਦੱਸ ਕੇ ਕਿ ਕੋਹੇ-ਨੂਰ ਮਹਾਰਾਜੇ ਦੀ ਨਹੀਂ, ਸਗੋਂ ਰਾਜ ਦੀ ਮਲਕੀਅਤ ਹੈ। ਮਹਾਰਾਜੇ ਦੀ ਆਖਰੀ ਇੱਛਾ ਪੂਰੀ ਨਾ ਹੁੰਦੀ ਦੇਖ ਕੇ ਇਕ ਦਮ ਦਰਬਾਰੀਆਂ ਨੇ ਦੋ ਲੱਖ ਰੁਪਏ ਦੇ ਹੀਰੇ ਅਤੇ ਪੰਜ ਲੱਖ ਦੀ ਨਕਦੀ ਲਿਆ ਕੇ ਮਹਾਰਾਜੇ ਅੱਗੇ ਢੇਰੀ ਕਰ ਦਿੱਤੀ ਜਿਸ ਨੂੰ ਮਹਾਰਾਜੇ ਦਾ ਹੱਥ ਛੁਹਾ ਕੇ ਦਾਨ ਕਰ ਦਿੱਤਾ ਗਿਆ। ਸੋਨੇ ਅਤੇ ਚਾਂਦੀ ਨਾਲ ਮੜੀ ਹੋਈ ਅਰਥੀ ਤਿਆਰ ਕਰਨ ਦਾ ਹੁਕਮ ਵੀ ਦੇ ਦਿੱਤਾ ਗਿਆ। ਇਸ ਦੇ ਬਾਅਦ ਮਹਾਰਾਜ ਬੇਹੋਸ਼ ਹੋ ਗਿਆ ਤੇ ਏਸੇ ਹਾਲਤ ਵਿਚ 27 ਜੂਨ 1839 ਦੀ ਦੁਪਹਿਰ ਦੇ ਬਾਅਦ ਚਲਾਣਾ ਕਰ ਗਿਆ ਪਰ ਸਸਕਾਰ ਅਗਲੇ ਦਿਨ 28 ਜੂਨ ਨੂੰ ਕੀਤਾ ਗਿਆ।

ਮਹਾਰਾਜੇ ਦੀ ਚਿਤਾ ਉਤੇ ਉਸ ਦੀਆਂ ਨੌਂ ਰਾਣੀਆਂ ਵਿਚੋਂ ਚਾਰ ਸਤੀ ਹੋ ਕੇ ਮਰੀਆਂ ਅਤੇ ਉਨ੍ਹਾਂ ਦੇ ਨਾਲ ਹੀ ਸੱਤ ਕਸ਼ਮੀਰੀ ਲੜਕੀਆਂ ਵੀ, ਜੋ ਮਹਾਰਾਜੇ ਦੇ 'ਹਰਮ' (ਜ਼ਨਾਨਾ) ਵਿਚੋਂ ਸਨ। ਮਹਾਰਾਜੇ ਦੇ ਇਸ 'ਹਰਮ' ਵਿਚ ਕੁੱਲ 46 ਔਰਤਾਂ ਸਨ, ਜਿਨ੍ਹਾਂ ਵਿਚੋਂ ਨੌਂ ਇਸਤਰੀਆਂ ਨਾਲ ਉਸ ਨੇ ਬਾਕਾਇਦਾ ਵਿਆਹ ਕਰਵਾਇਆ ਸੀ ਅਤੇ ਨੌਂ ਹੋਰ ਜੰਗਾਂ ਵਿਚ ਹਾਰੇ ਹੋਏ ਸਰਦਾਰਾਂ ਦੀਆਂ ਬੇਵਾ ਸਨ ਜਿਨ੍ਹਾਂ ਨੂੰ ਇਸ 'ਹਰਮ' ਵਿਚ ਦਾਖਲ ਕੀਤਾ ਗਿਆ ਸੀ। ਉਹ ਵਿਜੇਤਾ ਮਹਾਰਾਜੇ ਦੇ ਨਾਲ ਡੋਲੀ ਵਿਚ ਆਈਆਂ ਸਨ ਅਤੇ ਬਾਅਦ ਵਿਚ ਉਨ੍ਹਾਂ ਨਾਲ 'ਚਾਦਰ' ਪਾਈ ਗਈ ਸੀ।

ਮਹਾਰਾਜੇ ਦੀ ਚਿਤਾ ਵਿਚ ਸਭ ਤੋਂ ਪਹਿਲਾਂ ਛਾਲ ਮਾਰਨ ਵਾਲੀ ਮਹਾਰਾਣੀ ਗੁੱਡਾਂ ਸੀ ਜੋ ਕਾਂਗੜੇ ਦੇ ਰਾਜਾ ਸੰਸਾਰ ਚੰਦ ਕਟੋਚ ਦੀ ਲੜਕੀ ਸੀ। ਉਂਜ ਮਹਾਰਾਣੀ ਮਹਿਤਾਬ ਕੌਰ ਅਤੇ ਰਾਜ ਕੌਰ ਤੋਂ ਬਾਅਦ ਉਸ ਦਾ ਤੀਜਾ ਸਥਾਨ ਸੀ ਤੇ ਜਿਸ ਦਾ ਅਸਲੀ ਨਾਂ ਰਾਣੀ ਕਟੋਚਨ ਮਹਿਤਾਬ ਦੇਵੀ ਸੀ। ਉਹ ਆਮ ਲੋਕਾਂ 'ਚ 'ਗੁੱਡਾਂ' ਕਰਕੇ ਪ੍ਰਸਿੱਧ ਸੀ। 'ਗੁੱਡਾਂ' ਦੀ ਭੈਣ ਰਾਣੀ ਰਾਜ ਬੈਂਸ ਵੀ ਮਹਾਰਾਜੇ ਦੀ ਰਾਣੀ ਸੀ ਜੋ ਪਹਾੜੀ ਨ੍ਰਿਤ ਕਲਾ ਅਤੇ ਰਾਗ ਵਿਚ ਨਿਪੁੰਨ ਸੀ। ਲਾਹੌਰ ਦੇ ਨਿੱਤ ਨਵੇਂ ਫੈਸ਼ਨ 'ਬੰਸੋ' ਦੀ ਹੀ ਕਾਢ ਹੁੰਦੇ ਸਨ। ਪਰ ਬੰਸੋ ਨੇ ਇਸ ਗੱਲੋਂ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ ਸੀ ਕਿ ਮਹਾਰਾਜਾ ਮੋਹਰਾਂ (ਮੋਰਾਂ) ਨੂੰ ਉਸ ਤੋਂ ਵਧੇਰੇ ਸੁੰਦਰ ਸਮਝਣ ਲੱਗ ਪਿਆ ਸੀ। ਇਹ ਮੋਹਰਾਂ ਉਹੀ ਨਾਰੀ ਸੀ ਜਿਸ ਨਾਲ ਵਿਆਹ ਕਰਾਉਣ ਬਦਲੇ ਮਹਾਰਾਜੇ ਨੂੰ ਅਕਾਲ ਤਖਤ ਵਿਖੇ ਤਲਬ ਕੀਤਾ ਗਿਆ ਸੀ। ਮੋਹਰਾਂ ਦੀ ਮੌਤ ਦੇ ਬਾਅਦ ਇਕ ਹੋਰ ਨਾਰੀ ਗੁੱਲ ਬੇਗਮ ਨੂੰ ਮਹਾਰਾਜੇ ਨੇ ਆਪਣੇ ਹਰਮ ਵਿਚ ਸ਼ਾਮਲ ਕੀਤਾ। ਬੇਗਮ ਨੇ ਲਾਹੌਰ ਵਿਚ ਇਕ ਮਸੀਤ ਵੀ ਬਣਵਾਈ ਸੀ ਜੋ ਅਜੇ ਵੀ ਕਾਇਮ ਹੈ। ਮਹਾਰਾਜੇ ਵੱਲੋਂ ਆਪਣੀਆਂ ਰਾਣੀਆਂ ਨੂੰ ਆਪੋ-ਆਪਣੇ ਧਾਰਮਿਕ ਵਿਸ਼ਵਾਸ ਬਰਕਰਾਰ ਰੱਖਣ ਦੀ ਪੂਰੀ ਖੁੱਲ੍ਹ ਸੀ।

ਮਹਾਰਾਜੇ ਦੀ ਸਭ ਤੋਂ ਛੋਟੀ ਰਾਣੀ ਜਿੰਦਾਂ ਸੀ ਜੋ ਸਿਰਫ ਸਤਾਰਾਂ ਸਾਲ ਦੀ ਸੀ। ਪੰਜਾਹ ਸਾਲ ਤੋਂ ਵੱਧ ਉਮਰ ਦਾ ਮਹਾਰਾਜਾ ਉਦੋਂ ਉਸ ਦੀ ਸੁੰਦਰਤਾ ਉਤੇ ਫਿਦਾ ਹੋ ਗਿਆ, ਜਦੋਂ ਜਿੰਦਾਂ (ਗੁਜਰਾਂਵਾਲਾ ਦੇ ਸ੍ਰੀ ਮੰਨਾ ਸਿੰਘ ਔਲਖ ਦੀ ਲੜਕੀ) ਮਹਾਰਾਜੇ ਦੇ ਦਰਬਾਰ ਵਿਚ ਕਿਸੇ ਗਵਾਹੀ ਦੇ ਸਿਲਸਿਲੇ ਵਿਚ ਆਈ ਸੀ। ਮਹਾਰਾਜਾ ਬੜਾ ਰੰਗੀਨ-ਮਿਜ਼ਾਜ, ਚੁਸਤ, ਮਖੌਲੀਆ, ਦਲੇਰ, ਹਾਜ਼ਰ-ਜਵਾਬ, ਦਿਆਲੂ ਅਤੇ ਹੋਰ ਕਈ ਸਿਫਤਾਂ ਦਾ ਮਾਲਕ ਸੀ। ਸਿੱਖਾਂ ਦਾ ਇਕਲੌਤਾ, ਸੁਤੰਤਰ ਬਹਾਦਰ ਤੇ ਪ੍ਰਸਿੱਧ ਮਹਾਰਾਜਾ ਹੋਣ ਕਾਰਨ ਹੀ ਸਿੱਖ ਜਗਤ ਉਸ ਦੀਆਂ ਕਈ ਪ੍ਰਤੱਖ ਸਿੱਖ-ਵਿਰੋਧੀ ਮਨੌਤਾਂ ਤੇ ਕਮਜ਼ੋਰੀਆਂ ਨੂੰ ਵੀ ਨਜ਼ਰਅੰਦਾਜ਼ ਕਰਦਾ ਚਲਿਆ ਆ ਰਿਹਾ ਹੈ।

# ਏਤਰਾਂ ਨਾ ਕਰੋ ਯਾਰੋ, ਨਾ ਕਰੋ! ਨਾ ਕਰੋ!! ਨਾ ਕਰੋ ਏਤਰਾਂ!!!

**ਪ੍ਰਤੀਕਰਮ**

ਅਮੋਲਕ ਪਿਆਰੇ

ਮੈਂ ਤੈਨੂੰ ਇਕ ਵਾਰੀ ਮੁੜ ਵਧਾਈ ਦਿੰਦਾ ਹਾਂ ਕਿ ਅਤਿ ਭਿਆਨਕ ਅਤੇ ਨਾਮੁਰਾਦ ਬਿਮਾਰੀ ਦੇ ਬਾਵਜੂਦ ਤੂੰ ਪੂਰੇ ਜਜ਼ਬੇ ਅਤੇ ਜਬ੍ਹੇ ਨਾਲ 'ਪੰਜਾਬ ਟਾਈਮਜ਼' ਦੀ ਗੱਡੀ ਰੋੜ੍ਹੀ ਜਾ ਰਿਹਾ ਹੈਂ। ਵਧਾਈ ਮੇਰੀ ਇਸ ਗੱਲ ਲਈ ਵੀ ਹੈ ਕਿ ਅਜਮੇਰ ਸਿੰਘ ਦੀਆਂ ਤਿੰਨ ਅਤਿ ਤਿੱਖੀ ਅਤੇ ਖਤਰਨਾਕ ਸੁਰ ਵਾਲੀਆਂ ਪੁਸਤਕਾਂ ਨੂੰ ਲੈ ਕੇ ਸਿੱਖ ਭਾਈਚਾਰੇ ਦੀ ਹਸਤੀ-ਹੋਣੀ ਨਾਲ ਜੁੜੇ ਸਵਾਲਾਂ ਨੂੰ ਗੰਭੀਰ ਵਿਚਾਰ-ਚਰਚਾ ਦਾ ਮੁੱਦਾ ਬਣਾ ਕੇ ਤੂੰ ਤੇ ਤੇਰੇ ਸਹਿਯੋਗੀਆਂ ਨੇ ਭਾਈਚਾਰੇ ਦੀ ਬਹੁਤ ਹੀ ਵਡਮੁੱਲੀ ਸੇਵਾ ਕੀਤੀ ਹੈ।

ਤੇਰੀ ਅਖਬਾਰ ਦੇ ਕਾਲਮਾਂ ਰਾਹੀਂ ਮੈਂ ਦੱਸਣਾ ਚਾਹੁੰਨਾਂ ਕਿ ਅਜਮੇਰ ਸਿੰਘ ਦੀਆਂ '20ਵੀਂ ਸਦੀ ਦੀ ਸਿੱਖ ਰਾਜਨੀਤੀ' ਬਾਰੇ ਪੁਸਤਕਾਂ ਬਾਰੇ ਪਿਛਲੇ ਸਮੇਂ ਦੌਰਾਨ ਚਲਦੀ ਰਹੀ ਬਹਿਸ ਬਾਰੇ ਕੋਈ ਵੀ ਟਿੱਪਣੀ ਕਰਨ ਲਈ ਮੇਰਾ ਮਨ ਤਿਆਰ ਨਾ ਹੁੰਦਾ ਅਗਰ ਅਜਮੇਰ ਸਿੰਘ ਤੇ ਉਸਦੇ ਸਾਥੀਆਂ ਵਲੋਂ ਪਹਿਲਾਂ ਬਜ਼ੁਰਗ ਚਿੰਤਕ ਡਾ. ਪ੍ਰੇਮ ਸਿੰਘ ਅਤੇ ਫਿਰ ਡਾ. ਬਲਕਾਰ ਸਿੰਘ ਵਲੋਂ ਲਿਖੇ ਲੇਖਾਂ ਤੇ ਸਖਤ ਇਤਰਾਜ਼ਯੋਗ ਸੁਰ ਵਿਚ ਟਿੱਪਣੀਆਂ ਨਾ ਕੀਤੀਆਂ ਗਈਆਂ ਹੁੰਦੀਆਂ। ਪਰ ਹੁਣ ਮੈਨੂੰ ਲੱਗਦਾ ਹੈ ਕਿ ਪਰਮਾਤਮਾ ਜੋ ਕਰਦਾ ਹੈ, ਠੀਕ ਹੀ ਕਰਦਾ ਹੈ। ਜੇਕਰ ਦੂਸਰੇ ਪਾਸੇ ਖੜ੍ਹੇ ਸਾਡੇ ਆਪਣੇ ਹੀ ਭਰਾ ਉਸ ਤਰ੍ਹਾਂ ਦੀ ਕਹਿਰੀ ਸੁਰ ਨਾ ਅਖਤਿਆਰ ਕਰਦੇ ਤਾਂ ਮਸਲਾ ਨਿਖਰ ਕੇ ਸਾਹਮਣੇ ਵੀ ਨਹੀਂ ਆਉਣਾ ਸੀ। ਮੈਂ ਫਿਰ ਸਪੱਸ਼ਟ ਕਰ ਦਿਆਂ ਕਿ ਇਨ੍ਹਾਂ ਸਾਰਿਆਂ ਦੇ ਅਜਿਹੇ ਕਹਿਰੀ ਵਿਚਾਰ ਰੱਖਣ ਦੇ ਹੱਕ ਤੇ ਵੀ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਮੈਨੂੰ ਅਸਲ ਇਤਰਾਜ਼ ਤਾਂ ਉਦੋਂ ਹੋਇਆ ਜਦੋਂ ਇਹ ਸੱਜਣ ਦੂਸਰੀ ਧਿਰ ਨੂੰ ਯਰਕਾਊ ਤਰੀਕੇ ਨਾਲ ਰੋਕਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਨਾਉਂਦੇ ਨਜ਼ਰ ਆਏ।

ਮੈਨੂੰ ਯਾਦ ਹੈ ਕਿ 'ਪੰਜਾਬ ਟਾਈਮਜ਼' 31 ਮਾਰਚ ਦੇ ਅੰਕ ਵਿਚ ਇਕ ਖੁੱਲ੍ਹੀ ਚਿੱਠੀ ਲਿਖ ਕੇ ਡਾ. ਬਲਕਾਰ ਸਿੰਘ ਨੇ ਇਹ ਗੱਲ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਨੂੰ ਗੁਰਬਾਣੀ ਦੇ ਨਾਂ 'ਤੇ 'ਜ਼ਹਿਰ ਦੀ ਖੇਤੀ' ਕਰਨ ਤੋਂ ਤੋਬਾ ਚਾਹੀਦੀ ਹੈ, ਜਾਂ ਲਗਾਤਾਰ ਅਜਿਹਾ ਕਰੀ ਜਾਣ ਤੋਂ ਰੁਕਣਾ ਚਾਹੀਦਾ ਹੈ। ਪਰ ਅਜਮੇਰ ਸਿੰਘ ਦੀ ਧਿਰ ਨੇ ਇਸ ਲਿਖਤ ਦੀ ਭਾਵਨਾ ਨੂੰ ਰਤਾ ਕੁ ਜਿਤਨੇ ਵੀ ਠਰੰਮੇ ਨਾਲ ਲੈਣ ਦੀ ਖੇਚਲ ਤਾਂ ਕੀ ਕਰਨੀ ਸੀ, ਉਲਟਾ ਪਰਮਜੀਤ ਸਿੰਘ ਗਾਜ਼ੀ ਰਾਹੀਂ ਪੂਰੀ ਕਠੋਰਤਾ ਨਾਲ ਡਾ. ਬਲਕਾਰ ਸਿੰਘ ਦੀ ਹੀ ਜਵਾਬਤਲਬੀ ਕਰਵਾ ਦਿੱਤੀ। ਮੈਨੂੰ ਤਸੱਲੀ ਹੈ ਕਿ ਇਸ ਉਲਾਰ ਪ੍ਰਤੀਕਰਮ ਨੂੰ ਲੈ ਕੇ ਕਰਮ ਬਰਸਟ ਅਤੇ ਅਭੈ ਸਿੰਘ ਹੋਰਾਂ ਨੇ ਬੜੇ ਵਿਸਥਾਰ ਨਾਲ ਅਜਮੇਰ ਸਿੰਘ ਦੀਆਂ ਚੁਣੌਤੀਆਂ ਦਾ ਜਵਾਬ ਦੇ ਦਿੱਤਾ ਹੈ। ਮੈਂ ਕਰਮ ਦੀ ਲਿਖਤ ਤੋਂ ਜੇ ਪੂਰਾ ਨਹੀਂ ਤਾਂ ਵੀ ਕਾਫੀ ਹੱਦ ਤੱਕ ਸੰਤੁਸ਼ਟ ਹਾਂ। ਸ. ਅਭੈ ਸਿੰਘ ਦੀ ਸਪੱਸ਼ਟ ਬਿਆਨੀ ਦਾ ਤਾਂ ਕੋਈ ਜਵਾਬ ਹੀ ਨਹੀਂ ਹੈ।

ਹੈਰਾਨੀ ਇਸ ਗੱਲ ਦੀ ਹੈ ਕਿ ਪਰਮਜੀਤ ਸਿੰਘ ਗਾਜ਼ੀ ਦੇ ਨਾਂ ਹੇਠ ਲਿਖੀ ਉਸ ਚੁਣੌਤੀ ਨਾਲ ਵੀ ਅਜਮੇਰ ਸਿੰਘ ਦੀ ਧਿਰ ਦਾ ਮਨ ਸ਼ਾਂਤ ਨਹੀਂ ਹੋਇਆ ਅਤੇ ਅੱਗੋਂ ਉਸ ਨੇ ਕੁਝ ਗਰਮ ਭਰਾਵਾਂ ਵੱਲੋਂ ਕੱਢੇ ਜਾ ਰਹੇ ਅਖਬਾਰ 'ਅੰਮ੍ਰਿਤਸਰ ਟਾਈਮਜ਼' ਵਿਚ "ਸ਼ੇਰੇ ਪੰਜਾਬ ਦੀ ਨਿੰਦਿਆ ਪ੍ਰੋ. ਬਲਕਾਰ ਸਿੰਘ ਦੀ ਨਾਦਾਨੀ" ਸਿਰਲੇਖ ਹੇਠ ਰਾਜਿੰਦਰ ਸਿੰਘ ਰਾਹੀ ਨਾਂ ਦੇ ਆਪਣੇ ਡਬਲ ਦੇ ਨਾਂ ਹੇਠ ਨਵੀਂ ਚੁਣੌਤੀ ਸੁਟਵਾ ਦਿੱਤੀ ਹੈ। ਮੈਂ ਅਜਮੇਰ ਨੂੰ ਪੂਰੀ ਨਿਮਰਤਾ ਅਤੇ ਹਲੀਮੀ ਨਾਲ ਪੁੱਛਣਾ ਚਾਹੁੰਗਾ ਕਿ ਇਹ ਸ਼ਿਖੰਡੀ ਨੂੰ ਮੈਦਾਨ ਵਿਚ ਉਤਾਰਨ ਵਾਲੀ ਉਹੋ ਚਾਲ ਨਹੀਂ ਤਾਂ ਹੋਰ ਕੀ ਹੈ। ਅਜਮੇਰ ਸਿੰਘ ਨੇ ਪ੍ਰੋ. ਪੂਰਨ ਸਿੰਘ ਤੋਂ ਲੈ ਕੇ ਸ. ਕੁਲਵੰਤ ਸਿੰਘ ਗਰੇਵਾਲ ਤੱਕ ਵਿਦਵਾਨਾਂ ਦੇ ਹਵਾਲੇ ਦੇ ਕੇ ਮਹਾਰਾਜਾ ਸਾਹਿਬ ਦਾ ਅਜਿਹਾ ਰੰਗ ਬੰਨ੍ਹਿਆ ਹੈ ਕਿ ਕਿਸੇ ਦੀ ਵੀ ਸਥਿਤੀ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਰਗੀ ਹੋ ਸਕਦੀ ਹੈ। ਮਸਲਨ ਡਾ. ਬਲਕਾਰ ਸਿੰਘ ਜਾਂ ਕੋਈ ਹੋਰ ਵਿਦਵਾਨ ਜੇਕਰ ਮਹਾਰਾਜਾ ਸਾਹਿਬ ਦੇ ਰਾਜਤੰਤਰ 'ਚ ਨੁਕਸ ਗਿਣਾਵੇ ਤਾਂ 'ਕੋਹੜੀ' ਅਤੇ ਜੇਕਰ ਅੱਖਾਂ ਮੀਟ ਕੇ ਧੰਨ ਧੰਨ ਕਰੇ ਤਾਂ 'ਅੰਨ੍ਹਾ' ਕਹਿਲਾਵੇਗਾ ਕਿਉਂਕਿ ਉਸ ਨੇ ਬਹੁਤ ਹੀ ਚੁਸਤੀ ਨਾਲ ਨਰਦਾਂ ਵਿਛਾ ਹੀ ਇੰਜ ਦਿੱਤੀਆਂ ਹਨ। ਆਦਮੀ ਪੈਰਾਂ ਦਾ ਢੋਲ੍ਹਾ ਹੋਵੇ ਤਾਂ ਫਿਰ ਇੰਜੇ ਹੀ ਹੋਵੇ। ਪਰ ਇਥੇ ਮੈਂ ਦੋਵਾਂ ਧਿਰਾਂ ਦੇ ਸਾਂਝੇ ਪਾਠਕਾਂ ਅੱਗੇ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮਹਾਰਾਜਾ ਸਾਹਿਬ ਦੇ ਆਪਣੇ ਸਮੇਂ, ਸਥਾਨ ਦੇ ਪ੍ਰਸੰਗ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਲਾਸਾਨੀ ਸਨ, ਉਨ੍ਹਾਂ ਦਾ ਕੋਈ ਵੀ ਤੋੜ ਨਹੀਂ ਸੀ। ਇਹ ਵੀ ਮੰਨ ਲੈਂਦੇ ਹਾਂ ਕਿ ਉਸ ਦੇ ਰਾਜ ਵਿਚ ਹਿੰਦੂ ਅਤੇ ਸਿੱਖ, ਗਰੀਬ ਅਤੇ ਅਮੀਰ, ਸ਼ੇਰ ਅਤੇ ਬੱਕਰੀ-ਸਾਰੇ ਮਿਲ ਕੇ ਇਕੋ ਘਾਟ 'ਤੇ ਪਾਣੀ ਪੀਂਦੇ ਸਨ। ਫਿਰ ਵੀ ਤੱਤ ਰੂਪ ਵਿਚ ਉਹ ਰਾਜ ਜ਼ਰਾ ਵਧੇਰੇ ਸੁਚੱਜੀ ਜਗੀਰਦਾਰਾਨਾ ਰਾਜਕੀ ਸਮਾਜਕ ਪ੍ਰਣਾਲੀ ਦਾ ਹੀ ਇਕ ਨਮੂਨਾ ਸੀ। ਉਸ ਪੈਰਾਡਾਈਮ ਨੂੰ ਅੱਜ ਦੇ ਸਮਿਆਂ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਪੰਜਾਬ ਅੰਦਰ ਮਹਾਰਾਜਾ ਰਣਜੀਤ ਸਿੰਘ ਜਾਂ ਮਹਾਂਰਾਸ਼ਟਰ ਅੰਦਰ ਸ਼ਿਵਾ ਜੀ ਮਰਹੱਟਾ ਮਾਰਕਾ ਹਕੂਮਤੀ ਪ੍ਰਣਾਲੀ ਮੁੜ ਬਹਾਲ ਨਹੀਂ ਕੀਤੀ ਜਾ ਸਕਦੀ।...ਫਿਰ ਮੰਨ ਲਓ ਜੇਕਰ ਅਜਿਹਾ ਸੰਭਵ ਹੋ ਵੀ ਜਾਵੇ ਤਾਂ ਵੀ ਹਿੰਦੂ ਵਿਰੋਧ ਦੀ ਜਿਸ ਕਿਸਮ ਦੀ ਤੁਅਸਬੀ ਸੁਰ ਅਜਮੇਰ ਸਿੰਘ ਦੀਆਂ ਲਿਖਤਾਂ ਵਿਚੋਂ ਪ੍ਰਚੰਡ ਰੂਪ ਵਿਚ ਸਾਹਮਣੇ ਆਉਂਦੀ ਹੈ; ਮਹਾਰਾਜਾ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ ਦੀ ਕਿਸੇ ਵੀ ਪੜ੍ਹਤ ਵਿਚੋਂ ਤਾਂ ਅਜਿਹੀ ਸੁਰ ਸਾਹਮਣੇ ਆਉਂਦੀ ਹੀ ਨਹੀਂ ਹੈ।

ਆਪਣੀ ਚਿੱਠੀ ਵਿਚ ਡਾ. ਬਲਕਾਰ ਸਿੰਘ ਨੇ ਆਪਣਾ ਨੁਕਤਾ ਉਭਾਰਨ ਲਈ ਨਿਸ਼ਚੇ ਹੀ ਇਹ ਆਖਿਆ ਸੀ ਕਿ ਜਿਸ ਤਰੀਕੇ ਨਾਲ ਸਿੱਖਾਂ ਦੀ ਹਾਲੀਆ ਗੁਲਾਮੀ ਦੀ ਦੁਹਾਈ ਅਜਮੇਰ ਸਿੰਘ ਦੇ ਰਿਹਾ ਹੈ, ਉਸ ਤਰ੍ਹਾਂ ਦੀ ਗੁਲਾਮੀ ਵਿਚ ਤਾਂ

(ਅਗਲੇ ਸਫੇ 'ਤੇ ਜਾਰੀ)

**ਪ੍ਰਤੀਕਰਮ**

# ਏਤਰਾਂ ਨਾ ਕਰੋ...

ਆਮ ਸਿੱਖ ਅਵਾਮ ਸ਼ਾਇਦ ਮਹਾਰਾਜਾ ਰਣਜੀਤ ਸਿੰਘ ਦੇ ਅਹਿਦ ਵਿਚ ਵੀ ਰਿਹਾ ਹੋਵੇ। ਦਰਅਸਲ ਅਜਮੇਰ ਸਿੰਘ ਵੱਲੋਂ ਆਪਣੇ ਕਿਸੇ ਨੁਕਤੇ ਦੇ ਹੱਕ ਵਿਚ ਭੁਗਤਾਏ ਜਾ ਰਹੇ ਸਿੱਖ ਚਿੰਤਕ ਜੇਕਰ ਮਹਾਰਾਜੇ ਦੀ ਧੰਨ ਧੰਨ ਕਰ ਰਹੇ ਸਨ ਤਾਂ ਇਹ ਉਂਜ ਹੀ ਹੈ ਜਿਵੇਂ ਰਾਜਾ ਰਾਮ ਮੋਹਣ ਰਾਏ, ਸਵਾਮੀ ਵਿਵੇਕਾਨੰਦ, ਅਰਵਿੰਦੋ ਘੋਸ਼ ਤੋਂ ਲੈ ਕੇ ਜਗਮੋਹਣ, ਅਰੁਣ ਸ਼ੋਰੀ ਅਤੇ ਗਿਰੀ ਲਾਲ ਜੈਨ ਤੱਕ ਆਧੁਨਿਕ ਹਿੰਦੂ ਚਿੰਤਕ ਸਮਰਾਟ ਅਸ਼ੋਕ ਨੂੰ ਵਡਿਆਈ ਤੁਰੇ ਜਾਣ। ਮੈਂ ਪੱਛਮ ਬਾਰੇ ਬਾਹਲੀਆਂ ਕਿਤਾਬਾਂ ਤਾਂ ਪੜ੍ਹੀਆਂ ਨਹੀਂ ਪ੍ਰੰਤੂ ਇਤਨਾ ਕੁ ਤਾਂ ਮੈਨੂੰ ਵੀ ਪਤਾ ਹੈ ਕਿ ਅਜਿਹਾ ਚੱਕਰ ਮੁਸੋਲੀਨੀ ਨੇ ਵੀ ਚਲਾਇਆ ਸੀ। ਉਸਨੂੰ 'ਵੱਡੀ ਕਾਮਯਾਬੀ' ਵੀ ਮਿਲੀ ਪਰ ਉਸਦੇ ਸੁਪਨੇ ਦਾ ਅੰਤਿਮ ਹਸ਼ਰ ਕੀ ਹੋਇਆ?

ਸੱਚੀ ਗੱਲ ਤਾਂ ਇਹ ਹੈ ਮੈਨੂੰ ਅਜਮੇਰ ਸਿੰਘ ਦੀਆਂ ਕਿਤਾਬਾਂ ਪੜ੍ਹ ਕੇ ਡਰ ਲੱਗਦਾ ਹੈ। ਅਜਮੇਰ ਸਿੰਘ ਦੀ ਆਪਣੀ ਅਉਧ ਤਾਂ ਪੁੱਗ ਗਈ ਹੈ-ਆਪਣੀ ਨਵੀਂ ਪੀੜ੍ਹੀ ਦੇ ਮਾਸੂਮ ਬੱਚਿਆਂ ਲਈ ਅਜਿਹੀਆਂ ਲਿਖਤਾਂ ਦੇ ਅਮਲੀ ਰੂਪ ਵਿਚ ਸਾਹਮਣੇ ਆਉਣ ਵਾਲੇ ਮਾਰੂ ਸਿੱਟਿਆਂ ਨੂੰ ਕਿਆਸਦਿਆਂ ਖੌਫ ਆਉਂਦਾ ਹੈ। ਮੈਂ ਚਾਹੁੰਦਾ ਹਾਂ ਕਿ ਮੈਨੂੰ ਘੱਟੋ ਘੱਟ ਅਜਿਹਾ ਖੌਫ ਜ਼ਾਹਰ ਕਰਨ ਦਾ ਮੌਕਾ ਜ਼ਰੂਰ ਦਿੱਤਾ ਜਾਵੇ ਅਤੇ ਅਮੋਲਕ ਤੇਰੇ ਅਤੇ ਇਸ ਬਹਿਸ ਵਿਚ ਸ਼ਰੀਕ ਹੋਏ ਸਾਰੇ ਸੱਜਣਾਂ ਦੇ ਸਾਰੇ ਜ਼ੋਖਮ ਦੀ ਪ੍ਰਾਪਤੀ ਹੀ ਇਹ ਹੈ ਕਿ ਉਨ੍ਹਾਂ ਨੇ ਲਿਖਣ ਵਾਲਿਆਂ ਨੂੰ ਅਜਿਹਾ ਖੌਫ ਅਤੇ ਖਦਸ਼ੇ ਪ੍ਰਗਟ ਕਰਨ ਲਈ ਢੁਕਵਾਂ, ਖੁੱਲ੍ਹਾ ਪਲੇਟਫਾਰਮ ਦਿੱਤਾ ਹੈ। ਮੈਂ ਇਹ ਵੀ ਦੱਸ ਦੇਵਾਂ ਕਿ ਅਜਮੇਰ ਸਿੰਘ ਦੀਆਂ ਕਿਤਾਬਾਂ ਪੜ੍ਹਦਿਆਂ ਮੈਨੂੰ ਉਹ ਇਹ ਕਹਿੰਦਾ ਵੀ ਲੱਗਦਾ ਹੈ ਕਿ ਸਿੱਖ ਭਾਵੇਂ ਇਕ ਵੀ ਬਚਿਆ ਰਹੇ ਜਾਂ ਨਾ ਰਹੇ-ਖਾਲਿਸਤਾਨ ਸਿੱਖਾਂ ਦਾ ਨਿਸ਼ਾਨਾ ਹੈ-ਉਹ ਹਰ ਹਾਲ ਵਿਚ ਬਣਨਾ ਹੀ ਚਾਹੀਦਾ ਹੈ। ਬੇਸ਼ੱਕ ਸਿੱਖਾਂ ਤੋਂ ਬਿਨਾਂ ਹੀ ਬਣੇ।

ਵੇਖੋ, ਜੇਕਰ ਡਾ. ਬਲਕਾਰ ਸਿੰਘ ਨੂੰ ਨਾਦਾਨ ਕਹਿਣ ਵਾਲਾ ਸ਼ਖਸ ਸਚਮੁੱਚ ਰਜਿੰਦਰ ਰਾਹੀ ਹੀ ਹੈ ਤਾਂ ਕੋਈ ਗੱਲ ਨਹੀਂ ਹੈ। ਪਰ ਜੇਕਰ ਉਨ੍ਹਾਂ ਸਤਰਾਂ ਦਾ ਲੇਖਕ ਖੁਦ ਅਜਮੇਰ ਸਿੰਘ ਹੀ ਹੈ ਤਾਂ ਇਹ ਡਾਢੀ ਚਿੰਤਾ ਵਾਲੀ ਗੱਲ ਹੈ। ਅਜਿਹੀ ਸੂਰਤ ਵਿਚ ਅਜਮੇਰ ਸਿੰਘ ਦੀ "ਨਾਦਾਨੀ" ਤੋਂ ਹੋਰ ਵੀ ਵੱਧ ਖੌਫ ਖਾਧਾ ਜਾਣਾ ਚਾਹੀਦਾ ਹੈ। ਫਿਰ ਤਾਂ ਮੈਂ ਵੀ ਡਾ. ਬਲਕਾਰ ਸਿੰਘ ਦੇ ਇਹ ਸ਼ਬਦ ਹੀ ਦੁਹਰਾਉਣਾ ਚਾਹਾਂਗਾ ਕਿ "ਏਤਰਾਂ ਨਾ ਕਰੋ ਯਾਰੋ, ਨਾ ਕਰੋ ਏਤਰਾਂ! ਨਾ ਕਰੋ, ਨਾ ਕਰੋ!! ਨਾ ਕਰੋ ਏਤਰਾਂ!!!"

ਸ਼ੁਭ ਚਿੰਤਕ

***-ਡਾ. ਸੁਰਜੀਤ ਸਿੰਘ***

***ਲਾਸ ਏਂਜਲਸ, ਕੈਲੀਫੋਰਨੀਆ।***

# ਪਹਿਲਾਂ ਸਿੱਖਾਂ ਨਾਲ ਵਿਤਕਰੇ ਦੀ ਗੱਲ ਕਰੋ

*ਸਰਦਾਰ ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਬਹਿਸ ਜਾਰੀ ਹੈ। ਅਸੀਂ ਇਹ ਬਹਿਸ ਉਸਾਰੂ ਬਹਿਸ-ਮੁਬਹਿਸੇ ਯਾਨਿ ਵਿਚਾਰ ਚਿੰਤਨ ਲਈ ਅਰੰਭੀ ਸੀ ਅਤੇ ਲੇਖਕਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਹਮੇਸ਼ਾ ਸਾਇਸ਼ਤਗੀ ਦੇ ਦਾਇਰੇ ਵਿਚ ਰਹਿਣ। ਵਿਚਾਰ ਚਰਚਾ ਵਿਚਾਰਾਂ ਉਤੇ ਹੋਵੇ ਨਾ ਕਿ ਸ਼ਖਸੀਅਤਾਂ ਉਤੇ। ਨਿਜੀ ਹਮਲਿਆਂ ਤੋਂ ਸੰਕੋਚ ਕੀਤਾ ਜਾਵੇ। ਫਿਰ ਵੀ ਕਦੇ ਕਦੇ ਕੁਝ ਲੇਖਕ ਸਾਇਸ਼ਤਗੀ ਦੇ ਦਾਇਰੇ ਨੂੰ ਉਲੰਘਦੇ ਰਹੇ ਅਤੇ ਨਿਜੀ ਹਮਲੇ ਵੀ ਕਰਦੇ ਰਹੇ। ਅਸੀਂ ਇਸ ਨੂੰ ਵਿਚਾਰਾਂ ਦੀ ਤਲਖੀ ਵਿਚੋਂ ਪੈਦਾ ਹੋਇਆ ਗੁਬਾਰ ਮਿਥ ਕੇ ਲੇਖ ਛਾਪਦੇ ਰਹੇ ਪਰ ਇਸ ਚਿੱਠੀ ਵਿਚ ਚਿੱਠੀ-ਲੇਖਕ ਦੇਵਿੰਦਰ ਸਿੰਘ ਖਟਕੜ ਨੇ ਸਾਇਸ਼ਤਗੀ ਦੀਆਂ ਸਾਰੀਆਂ ਹੱਦਾਂ ਪਾਰ ਕੀਤੀਆਂ ਹਨ। ਵਿਚਾਰਾਂ ਦੀ ਜੰਗ ਦੀ ਥਾਂ ਸ਼ਖਸੀ ਜੰਗ ਨੂੰ ਤਰਜ਼ੀਹ ਦਿੱਤੀ ਹੈ, ਇਸੇ ਕਰਕੇ ਸਾਨੂੰ ਕਿਧਰੇ ਕਿਧਰੇ ਉਸ ਦੀਆਂ ਕੁਝ ਸਤਰਾਂ ਕੱਟਣੀਆਂ ਪਈਆਂ ਹਨ ਜੋ ਕਿਸੇ ਵੀ ਸੁਹਿਰਦ ਪਾਠਕ ਨੂੰ ਬੁਰੀਆਂ ਲੱਗਣੀਆਂ ਸਨ। ਚਿੱਠੀ-ਲੇਖਕ ਵਲੋਂ ਵਰਤੇ ਗਏ ਸੁਹਜਹੀਣ ਸ਼ਬਦ ਇਥੇ ਛਾਪੇ ਨਹੀਂ ਜਾ ਰਹੇ, ਥਾਂ ਖਾਲੀ ਛੱਡ ਦਿੱਤੀ ਗਈ ਹੈ। ਕਿਸੇ ਦੇ ਵਿਚਾਰਾਂ ਨਾਲ ਸਹਿਮਤੀ-ਅਸਹਿਮਤੀ ਸੰਭਵ ਹੈ। 'ਪੰਜਾਬ ਟਾਈਮਜ਼' ਵਿਚ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਲਗਾਤਾਰ ਥਾਂ ਦਿੱਤੀ ਜਾ ਰਹੀ ਹੈ। ਇਸ ਚਿੱਠੀ ਦੇ ਲੇਖਕ ਸਮੇਤ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਬਹਿਸ ਦੌਰਾਨ ਅਜਿਹੀ ਸ਼ਬਦਾਵਲੀ ਤੋਂ ਗੁਰੇਜ਼ ਹੀ ਰੱਖਿਆ ਜਾਵੇ। -ਸੰਪਾਦਕ*

ਸ੍ਰੀ ਕਰਮ ਬਰਸਟ ਦੀ ਸੋਚਣੀ 'ਤੇ ਜਦੋਂ ਰਸ਼ਕ ਆਉਂਦਾ ਹੈ। ਸ੍ਰੀ ਕਰਮ ... ਬਰਸਟ ਯਾਨਿ...ਸ. ਕਪੂਰ ਸਿੰਘ ਵਲੋਂ ਅੰਗਰੇਜ਼ ਤੇ ਹਿੰਦੂ ਸਟੇਟ ਦੀ ਕੀਤੀ ਚਾਕਰੀ ਦੌਰਾਨ ਉਸ ਦਾ ਕਿਰਦਾਰ ਦੱਸਦਾ ਹੈ ਕਿ ਕਪੂਰ ਸਿੰਘ ਨੂੰ ਆਮ ਬੰਦੇ ਨੂੰ ਕੁੱਟਣ ਅਤੇ ਛਿੱਲ ਲਾਹੁਣ ਦੀ ਖੁੱਲ੍ਹ ਮਿਲਦੀ ਰਹੇ। ਜਦੋਂ ਕਿ ਸਾਫ਼ ਗੱਲ ਇਹ ਹੈ ਕਿ ਸ. ਕਪੂਰ ਸਿੰਘ ਨੇ ਕਾਲੀ ਆਜ਼ਾਦੀ ਤੋਂ ਬਾਅਦ ਪਟੇਲ ਤੇ ਨਹਿਰੂ ਦੇ ਆਦੇਸ਼ 'ਤੇ ਪਾਕਿਸਤਾਨੋਂ ਉਜੜ ਕੇ ਆਏ ਬੇਵੱਸ ਸਿੱਖਾਂ 'ਤੇ ਜ਼ੁਲਮ ਕਰਨ ਤੋਂ ਨਾਂਹ ਕਰ ਦਿੱਤੀ ਸੀ। ਕਪੂਰ ਸਿੰਘ ਦੀਆਂ ਲੱਖ ਅਪੀਲਾਂ ਤੋਂ ਮਗਰੋਂ ਵੀ ਉਸ ਦੀ ਨੌਕਰੀ ਬਹਾਲ ਨਹੀਂ ਹੋਈ ਸੀ ਜਦੋਂ ਕਿ ਆਈ.ਏ.ਐਸ. ਰਘੂਪਤ ਕਪੂਰ ਦੀ ਨੌਕਰੀ ਜਦੋਂ ਪ੍ਰਤਾਪ ਸਿੰਘ ਕੈਰੋਂ ਨੇ ਬਰਖ਼ਾਸਤ ਕੀਤੀ ਤਾਂ ਲਾਲ ਬਹਾਦਰ ਸ਼ਾਸਤਰੀ ਨੇ ਬਹਾਲ ਕਰ ਦਿੱਤੀ ਸੀ। ਇਸ 'ਤੇ ਸ. ਕਪੂਰ ਸਿੰਘ ਨੇ ਕਿਹਾ ਸੀ ਕਿ ਭਾਰਤ ਵਿਚ ਸਿੱਖਾਂ ਲਈ ਕਾਨੂੰਨ ਅਲੱਗ ਹਨ, ਹਿੰਦੂਆਂ ਲਈ ਅਲੱਗ; ਭਾਵ ਦੇਸ਼ ਹਿੰਦੂ ਦਾ ਰਾਜ ਤਿੱਕੜੇ ਦਾ, ਗੁਰੂ ਰਾਖਾ ਸਿੱਖੜੇ ਦਾ। ਸ੍ਰੀ ਕਰਮ ਬਰਸਟ 'ਪੰਜਾਬ ਟਾਈਮਜ਼' ਦੇ 28 ਮਈ 2011 ਦੇ ਅੰਕ ਵਿਚ ਲਿਖਦੇ ਹਨ ਕਿ ਪਾਕਿਸਤਾਨ ਬਣਾ ਕੇ ਮੁਸਲਿਮ ਲੋਕਾਈ ਨੇ ਕੀ ਖੱਟਿਆ? ਇਹ ਮਿਸਟਰ ਜਿਨਾਹ ਨੂੰ ਦੋਸ਼ੀ ਠਹਿਰਾਉਂਦਾ ਹੈ, ਜਦੋਂ ਕਿ ਮਿਸਟਰ ਜਿਨਾਹ ਨੇ ਕਿਹਾ ਸੀ ਕਿ "ਨਾ ਅਸੀਂ ਅਲੱਗ ਹੋਣਾ ਚਾਹੁੰਦੇ ਹਾਂ, ਨਾ ਪਾਕਿਸਤਾਨ ਚਾਹੁੰਦੇ ਹਾਂ। ਸਾਨੂੰ ਇਹ ਹਿੰਦੂ ਵਪਾਰੀ, ਅਖਾਉਤੀ ਸੈਕੂਲਰ ਲੀਡਰ ਦੇਸ਼-ਬਦਰ ਕਰਨਾ ਚਾਹੁੰਦੇ ਹਨ।"

ਅੱਗੇ ਚੱਲ ਕੇ ਕਰਮ ਬਰਸਟ ਲਿਖਦਾ ਹੈ ਕਿ ਭਾਰਤ ਕੁਦਰਤ ਵੱਲੋਂ ਬਖ਼ਸ਼ੀਆਂ ਹੱਦਾਂ ਪਾਕਿਸਤਾਨ ਅਤੇ ਬੰਗਲਾਦੇਸ਼ ਨੂੰ ਮੁੜ ਆਪਣੇ ਵਿਚ ਮਿਲਾਉਣ ਦੇ ਸਮਰਥ ਹੋ ਜਾਵੇ। (ਨੇਪਾਲ ਦਾ ਨਾਂ ਨਹੀਂ ਲਿਆ ਕਿਉਂਕਿ ਹਿੰਦੂ ਸਟੇਟ ਹੈ) (ਨੇਪਾਲ ਹੁਣ ਹਿੰਦੂ ਸਟੇਟ ਨਹੀਂ, ਮਾਓਵਾਦੀਆਂ ਦੇ ਸੰਘਰਸ਼ ਤੋਂ ਬਾਅਦ ਰਿਪਬਲਿਕ ਬਣ ਚੁੱਕਾ ਹੈ-ਸੰ.) ਮੈਨੂੰ ਲਗਦਾ ਹੈ ਕਿ ਕਰਮ ... ਆਰ.ਐਸ.ਐਸ ਦਾ ਵੱਡਾ ਏਜੰਟ ਹੈ। ਇਸ ਨੂੰ ਇਤਿਹਾਸ ਦੀ ਕੋਈ ਜਾਣਕਾਰੀ ਨਹੀਂ। ਜਿੱਡਾ ਹਿੰਦੁਸਤਾਨ ਹੁਣ ਹੈ, ਉਨਾ ਨਾ ਸਮਰਾਟ ਅਸ਼ੋਕ ਵੇਲੇ ਸੀ, ਨਾ ਮੁਗਲਾਂ ਵੇਲੇ। ਔਰੰਗਜ਼ੇਬ 25 ਸਾਲ ਉਤਰੀ ਭਾਰਤ ਵਿਚ ਲੜਦਾ ਰਿਹਾ, 28 ਸਾਲ ਦੱਖਣੀ ਭਾਰਤ ਵਿਚ। ਕਦੇ ਬੰਗਾਲ ਵਿਚ ਬਗਾਵਤ, ਕਦੇ ਮਰਾਠਿਆਂ ਨਾਲ ਪੰਗਾ।

ਅੰਗਰੇਜ਼ ਨੇ ਸ਼ੁਰੂਆਤ ਬੰਗਾਲ ਤੋਂ ਕੀਤੀ ਸੀ। ਕਿੰਨਾ ਕੁ ਚਿਰ ਕੁਦਰਤੀ ਹੱਦਾਂ ਰਹੀਆਂ। ਭੂਗੋਲਿਕ ਸਰਹੱਦਾਂ ਜ਼ਿਆਦਾ ਚਿਰ ਕਾਇਮ ਰਹਿੰਦੀਆਂ ਹਨ, ਰਾਜਨੀਤਕ ਥੋੜ੍ਹਾ ਚਿਰ। ਅੱਗੇ ਅੰਗਰੇਜ਼ਾਂ ਦੇ ਰਾਜ ਵਿਚ ਸੂਰਜ ਛਿਪਦਾ ਨਹੀਂ ਸੀ, ਤੇ ਹੁਣ ਚੜ੍ਹਦਾ ਹੀ ਨਹੀਂ।

ਹਿੰਦੁਸਤਾਨ ਬਣਾ ਕੇ ਹਿੰਦੂਆਂ ਦੀ ਲੋਕਾਈ ਨੇ ਕੀ ਖੱਟਿਆ? ਆਮ ਹਿੰਦੂ ਤਾਂ ਮਹਿੰਗਾਈ ਕੁਰੱਪਸ਼ਨ ਅਤੇ ਬੇਰੁਜ਼ਗਾਰੀ ਥੱਲੇ ਹੀ ਜੀਅ ਰਿਹਾ ਹੈ। ਸਿਰਫ਼ ਨਹਿਰੂ-ਗਾਂਧੀ ਦੇ ਵਾਰਸ ਹੀ ਤਾਕਤ ਹਥਿਆਉਣ ਦੀ ਤਾਕ ਵਿਚ ਹਨ। ਭਾਜਪਾ ਅਤੇ ਕਾਂਗਰਸ ਇਕੋ ਸਿੱਕੇ ਦੇ ਦੋ ਪਾਸੇ ਹਨ। ਇਹ 1000 ਸਾਲ ਦੀ ਗੁਲਾਮੀ ਦਾ ਗੁੱਸਾ ਸਿੱਖਾਂ, ਮੁਸਲਮਾਨਾਂ, ਈਸਾਈਆਂ ਅਤੇ ਦਲਿਤਾਂ 'ਤੇ ਕੱਢ ਰਹੇ ਹਨ। ਘੱਟੋ-ਘੱਟ ਪਾਕਿਸਤਾਨ ਵਿਚ ਮੁਸਲਮਾਨ, ਹਿੰਦੂ ਗੁਲਾਮੀ ਤੋਂ ਤਾਂ ਆਜ਼ਾਦ ਹਨ।

ਜੇਕਰ ਨਹਿਰੂ ਮੰਨ ਜਾਂਦਾ ਕਿ ਕੇਂਦਰ ਪਾਸ ਸਿਰਫ ਰੇਲਵੇ, ਡਾਕ, ਫੌਜ ਹੀ ਹੋਵੇਗੀ। ਬਾਕੀ ਸਭ ਸੂਬੇ ਖੁਦਮੁਖਤਿਆਰ ਹੋਣਗੇ ਤਾਂ ਸ਼ਾਇਦ ਪਾਕਿਸਤਾਨ ਨਾ ਬਣਦਾ। ਇਹੀ ਗੱਲ ਸ. ਕਪੂਰ ਸਿੰਘ ਨੇ ਅਨੰਦਪੁਰ ਦੇ ਮਤੇ ਵਿਚ ਲਿਖੀ ਸੀ। ਜਿਨਾਹ ਨੇ ਮੌਕਾ ਸੰਭਾਲ ਲਿਆ, ਤਾਰਾ ਸਿੰਘ ਨੇ ਖੁੰਝਾ ਲਿਆ।

ਸੱਤਾਧਾਰੀ ਹਿੰਦੂ ਲੀਡਰਾਂ ਨੇ ਸਿੱਖ ਕੌਮ, ਸਿੱਖ ਧਰਮ ਨਾਲ ਨਫ਼ਰਤ ਕਰਨੀ ਹੀ ਕਰਨੀ ਹੈ। ਆਮ ਹਿੰਦੂ ਤਾਂ "ਨਰਕ ਵਾਸੀ" ਜਗਤ ਨਰਾਇਣ ਦੇ ਆਖੇ ਲੱਗ ਕੇ ਆਪਣੀ ਮਾਖਿਓਂ ਮਿੱਠੀ ਪੰਜਾਬੀ ਬੋਲੀ ਨੂੰ ਤਿਲਾਂਜਲੀ ਦਿੰਦੇ ਰਹੇ। ਸ. ਕੁਲਬੀਰ ਸਿੰਘ ਕੌੜਾ ਦੇ ਕਥਨ ਮੁਤਾਬਕ ਜਿੰਨੀ ਨਫਰਤ ਸਿੱਖਾਂ ਨੂੰ ਹਰਿਆਣਾ, ਹਿਮਾਚਲ, ਦਿੱਲੀ; ਭਾਵ ਉਤਰੀ ਭਾਰਤ ਦੇ ਹਿੰਦੂ ਕਰਦੇ ਹਨ, ਉਨੀ ਦੱਖਣੀ ਭਾਰਤ ਦੇ ਵੀ ਨਹੀਂ ਕਰਦੇ। ਹੋਰ ਤਾਂ ਹੋਰ ਸ. ਗੁਰਮੇਲ ਸਿੰਘ ਸਿੱਧੂ ਨੇ ਆਪਣੇ ਨਾਵਲ 'ਘੱਗਰ ਦੇ ਕੰਢੇ' ਵਿਚ ਵੀ ਲਿਖਿਆ ਹੈ। ਸ. ਗੁਰਮੇਲ ਸਿੰਘ ਨੇ 1962 ਦੀ ਲੜਾਈ ਵਿਚ ਭਾਗ ਲਿਆ ਸੀ। ਸ. ਗੁਰਮੇਲ ਸਿੰਘ ਦੀ ਪਲਟਣ ਨੇਫ਼ਾ ਦੇ ਬਾਰਡਰ 'ਤੇ ਸੀ। ਸ. ਗੁਰਮੇਲ ਸਿੰਘ ਸਿੱਧੂ ਨੇ ਅੱਖੀਂ ਦੇਖਿਆ ਸੀ ਕਿ ਸਾਰੀ ਦੀ ਸਾਰੀ ਸਿੱਖ ਰੈਜੀਮੈਂਟ ਸ਼ਹੀਦ ਹੋ ਗਈ ਸੀ, ਜਦੋਂ ਕਿ ਛਤਰਪਤੀ ਸ਼ਿਵਾ ਜੀ ਦੇ ਲਾਡਲੇ ਵਾਰਸ ਮਰਹੱਟੇ ਚੱਡਿਆਂ ਵਿਚ ਪੂਛ ਲੈ ਕੇ ਭੱਜ ਆਏ ਸਨ। ਜਦੋਂ 'ਹਕੀਕਤ' ਫਿਲਮ ਬਣੀ ਤਾਂ ਜਾਟਾਂ ਦੀ ਰੈਜੀਮੈਂਟ 'ਤੇ ਆਧਾਰਤ ਸੀ। ਇਸ ਗੱਲ ਦਾ ਸ. ਗੁਰਮੇਲ ਸਿੰਘ ਸਿੱਧੂ ਦੇ ਮਨ 'ਤੇ ਗਹਿਰਾ ਅਸਰ ਹੋਇਆ ਸੀ। ਇਸੇ ਡਰਪੋਕ ਮਰਹੱਟਾ ਰੈਜੀਮੈਂਟ ਨੇ 1985-1986 ਵਿਚ ਸਿੱਖ ਜੁਆਨੀ ਦਾ ਝੂਠੇ ਮੁਕਾਬਲੇ ਬਣਾ ਕੇ ਘਾਣ ਕੀਤਾ ਸੀ। ਇਸ ਅਪ੍ਰੇਸ਼ਨ ਦਾ ਨਾਂ ਸੀ ਰਕਸ਼ਕ।

ਸ਼ਾਇਦ ਕਰਮ ਬਰਸਟ ਨੂੰ ਨਾ ਪਤਾ ਹੋਵੇ ਕਿ 1761 ਅਹਿਮਦ ਸ਼ਾਹ ਅਬਦਾਲੀ ਪਾਣੀਪਤ ਦੀ ਤੀਜੀ ਲੜਾਈ ਵਿਚ ਛਤਰਪਤੀ ਸ਼ਿਵਾ ਜੀ ਦੇ ਵਾਰਸਾਂ ਦੇ ਦੰਦ ਖੱਟੇ ਕਰਕੇ ਵੱਡੀ ਗਿਣਤੀ ਵਿਚ ਮਰਹੱਟਣੀਆਂ ਨੂੰ ਜਦੋਂ ਗਜ਼ਨੀ ਲਿਜਾ ਰਿਹਾ ਸੀ ਤਾਂ ਗੁਰੂ ਦੇ ਸਿੰਘਾਂ ਨੇ ਛੁਡਵਾ ਕੇ ਘਰੋ-ਘਰੀ ਪਹੁੰਚਾਈਆਂ ਸਨ। ਹਿੰਦੂਆਂ ਦੀ ਅਹਿਸਾਨ-ਫਰਾਮੋਸ਼ੀ ਦੀ ਮਿਸਾਲ ਲੱਭਣੀ ਮੁਸ਼ਕਿਲ ਹੈ।

ਕਰਮ ਬਰਸਟ ਇਕ ਵਾਰ ਫਿਰ 'ਸਾਚੀ ਸਾਖੀ' ਪੜ੍ਹਨ। ਸ. ਕਪੂਰ ਸਿੰਘ ਨੇ ਲਿਖਿਆ ਕਿ ਜੇਕਰ ਸਿੱਖ, ਪਾਕਿਸਤਾਨ ਨਾਲ ਰਲਦੇ ਤਾਂ ਬਹੁਤ ਘੱਟ ਗਿਣਤੀ ਵਿਚ ਹੋਣਗੇ। ਮਿਸਟਰ ਜਿਨਾਹ ਨੇ ਕਿਹਾ ਕਿ ਡਰ ਤਾਂ ਸਾਨੂੰ ਸਿੱਖਾਂ ਤੋਂ ਲਗਦਾ ਹੈ ਕਿਉਂਕਿ ਪਾਕਿਸਤਾਨ ਬਣਨ ਬਾਅਦ ਹਿੰਦੂਆਂ ਨੇ ਆਪਣੇ-ਆਪ ਨੂੰ ਪਹਿਲੀ ਹੀ ਮਰਦਮਸ਼ੁਮਾਰੀ ਵੇਲੇ ਸਿੱਖ ਲਿਖਾ ਲੈਣਾ ਹੈ, ਕਿ ਅਸੀਂ ਸਿੱਖ ਧਰਮ ਧਾਰ ਲਿਆ ਹੈ। ਇਸ ਤਰ੍ਹਾਂ ਕੁਝ ਦਹਾਕਿਆਂ ਬਾਅਦ ਸਿੱਖ ਬਹੁਗਿਣਤੀ ਹੋ ਜਾਣਗੇ, ਤੇ ਮੁਸਲਿਮ ਘੱਟ। ਸ. ਕਪੂਰ ਸਿੰਘ ਨੇ...ਕਰਤਾਰ ਸਿੰਘ ਅਤੇ...ਤਾਰਾ ਸਿੰਘ ਨੂੰ ਦੱਸਿਆ ਤਾਂ ਜਵਾਬ ਮਿਲਿਆ-ਹਾ ਹਾ ਹਾ, ਹੀ ਹੀ ਹੀ। ਕਾਸ਼! ਸਿੱਖਾਂ ਨੂੰ ਕੋਈ ਦੂਰ-ਅੰਦੇਸ਼ ਲੀਡਰ ਮਿਲ ਜਾਂਦਾ। ਧੋਤੀ ਟੋਪੀ ਜਮਨਾ ਪਾਰ ਹੁੰਦੀ।

ਅੱਗੇ ਲਿਖਦਾ ਹੈ ਕਿ ਪਾਕਿਸਤਾਨ ਦੀ ਤਰਜ਼ 'ਤੇ ਖੁਦਾ ਨਾ ਖਾਸਤਾ ਜੇ ਕੋਈ ਸਿੱਖਸਤਾਨ ਬਣ ਵੀ ਜਾਂਦਾ ਹੈ ਤਾਂ ਉਸ ਦਾ ਆਮ ਗਰੀਬ ਸਿੱਖ ਸੰਗਤ ਨੂੰ ਉਕਾ ਹੀ ਕੋਈ ਲਾਭ ਨਹੀਂ ਹੋਵੇਗਾ। ਸਿੱਖ ਨਹੀਂ ਚਾਹੁੰਦੇ ਕਿ ਸਿੱਖਸਤਾਨ ਬਣੇ। ਜੇਕਰ ਹਿੰਦੂਆਂ ਨੇ ਉਨ੍ਹਾਂ ਦੇ ਮੂੰਹ ਵਿਚ ਪਾਉਣਾ ਹੀ ਹੈ ਤਾਂ ਸਿੱਖ ਕੀ ਕਰਨ। ਅੱਗੇ ਮਹਾਸ਼ਾ ਪ੍ਰੈਸ ਨੇ ਲਾਹੌਰ ਮੁਸਲਮਾਨਾਂ ਦੇ ਖ਼ਿਲਾਫ਼ ਜ਼ਹਿਰ ਉਗਲ ਕੇ ਪਾਕਿਸਤਾਨ ਬਣਵਾਇਆ ਸੀ। ਹੁਣ ਸਿੱਖਾਂ ਖ਼ਿਲਾਫ਼ ਜ਼ਹਿਰ ਉਗਲ ਕੇ ਖਾਲਿਸਤਾਨ ਬਣਾ ਰਹੇ ਹਨ। ਸ੍ਰੀ ਕਰਮ...ਨੂੰ ਦਿਖਾਈ ਨਹੀਂ ਦੇ ਰਿਹਾ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਦਗਾ ਕਮਾਉਣਾ ਮਹਾਸ਼ਿਆਂ ਜਗਤ ਨਰਾਇਣ ਟੋਲੇ ਨੇ ਹੀ ਹਿੰਦੂਆਂ ਨੂੰ ਦੱਸਿਆ ਹੈ।

ਧਰਮ ਯੁੱਧ ਮੋਰਚੇ ਦੀ ਸ਼ੁਰੂਆਤ ਸ਼ਾਂਤੀ ਪੂਰਵਕ ਮੋਰਚਾ ਸੀ। ਹਰਿਆਣਾ ਵਿਚ ਬੱਸਾਂ ਤੋਂ ਲਾਹ ਕੇ ਸਿੱਖਾਂ ਦੀ ਬੇਇਜ਼ਤੀ ਕਰਨੀ, ਦਾੜ੍ਹੀਆਂ ਕੱਟਣੀਆਂ, ਸ਼ਿਮਲੇ ਸਿੱਖਾਂ ਦੀਆਂ ਪੱਗਾਂ ਲਾਹੁਣੀਆਂ ਇਸ ਦੇ ਸਬੂਤ ਹਨ। ਦਰਬਾਰ ਸਾਹਿਬ ਵਿਚੋਂ ਖਾੜਕੂਆਂ ਨੂੰ ਕੱਢਣ ਲਈ ਘੇਰਾ ਪਾ ਕੇ ਅਥਰੂ ਗੈਸ ਵਰਤੀ ਜਾ ਸਕਦੀ ਸੀ। 1971 ਦੀ ਲੜਾਈ ਵੇਲੇ ਢਾਕੇ ਲੱਖਾਂ ਪਾਕਿਸਤਾਨੀ ਫੌਜੀ ਜਿਉਂਦੇ ਫੜੇ ਗਏ ਸਨ, ਜਦੋਂ ਕਿ ਪੰਚਮ ਨਾਨਕ ਦੇ ਸ਼ਹੀਦੀ ਪੁਰਬ ਉਤੇ ਨਿਹੱਥੇ ਸਿੱਖਾਂ ਨੂੰ ਕੋਹ-ਕੋਹ ਮਾਰਨਾ ਤੇ 22 ਹੋਰ ਇਤਿਹਾਸਕ ਗੁਰਦੁਆਰਿਆਂ ਨੂੰ ਤਬਾਹ ਕਰਨਾ ਹਿੰਦੂਆਂ ਦੀ ਸਿੱਖਾਂ ਪ੍ਰਤੀ ਨਫ਼ਰਤ ਦਾ ਸਬੂਤ ਹੈ, ਬਿਪਰਵਾਦੀਆਂ ਦੀ ਸਿੱਖਾਂ ਪ੍ਰਤੀ ਖਾਰ ਹੈ। ਅਗਰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦਾ ਸੁਨੇਹਾ ਸਾਰੀ ਲੋਕਾਈ ਨੂੰ ਪਹੁੰਚੇ ਤਾਂ ਖਾਲਿਸਤਾਨ ਦੀ ਸਥਾਪਤੀ ਜ਼ਰੂਰੀ ਹੈ। ਨਹੀਂ ਤਾਂ ਕੁਲਬੀਰ ਸਿੰਘ ਕੌੜਾ ਦੀ ਕਿਤਾਬ 'ਸਿੱਖ ਵੀ ਨਿਗਲਿਆ ਗਿਆ' (ਮੁਤਾਬਕ) ਸਿੱਖ ਪੰਜਾਬ ਤੋਂ ਲੋਪ ਹੋ ਜਾਣਗੇ। ਡਾ. ਰਾਧਾ ਕ੍ਰਿਸ਼ਨ ਸਰਵਪਲੀ ਦੇ ਕਥਨ ਅਨੁਸਾਰ ਬੁੱਧ ਧਰਮ ਆਪਣੇ ਬਾਨੀ ਦੇਸ਼ ਭਾਰਤ ਵਿਚੋਂ ਲੋਪ ਹੋ ਗਿਆ। ਕਿਤੇ ਇਹ ਹਾਲ ਸਿੱਖ ਧਰਮ ਦਾ ਨਾ ਹੋਵੇ। ਜਿਹੜੇ ਏਅਰਪੋਰਟ 'ਤੇ ਸਿੱਖਾਂ ਦੀਆਂ ਦਸਤਾਰਾਂ ਦੀ ਬੇਅਦਬੀ ਹੋਵੇ, ਉਥੇ ਦੇਸ਼ 'ਤੇ ਆਰਥਿਕ ਪਾਬੰਦੀਆਂ ਲੱਗਣ। ਸਾਰੀ ਦੁਨੀਆਂ ਨੂੰ ਪਤਾ ਲੱਗੇ ਕਿ ਸਿੱਖਾਂ ਦਾ ਵੀ ਕੋਈ ਦੇਸ਼ ਹੈ। ਉਸ ਦੇਸ਼ ਦੀਆਂ ਅੰਬੈਸੀਆਂ ਹੋਣ। ਸਿੱਖੀ ਸਰੂਪ ਦਾ ਬੁਰਕਾ ਪਾਈ ਹਿੰਦੂ ਮਨਮੋਹਨ ਸਿੰਘ ਪਰਦੇਸਾਂ ਵਿਚ ਤਾਂ ਕੀ, ਦੇਸ਼ ਵਿਚ ਵੀ ਸਿੱਖਾਂ ਦਾ ਕੁਝ ਨਹੀਂ ਸਵਾਰ ਸਕਦਾ।

ਪਹਿਲਾਂ ਵੀ ਕਰਮ...ਨੇ ਕਈ ਕਲਮੀ ਵਾਰ ਸ. ਅਜਮੇਰ ਸਿੰਘ 'ਤੇ ਕੀਤੇ ਹਨ। ਮੈਂ ਸਮਝਿਆ ਕਿ ਸ. ਤਰਲੋਚਨ ਸਿੰਘ ਦੁਪਾਲਪੁਰ ਜੋ ਹਰ ਹਫ਼ਤੇ 'ਪੰਜਾਬ ਟਾਈਮਜ਼' ਲਈ ਲਿਖਦੇ ਹਨ, ਕੁਝ ਜਵਾਬ ਦੇਣਗੇ। ਮੈਂ ਤਾਂ ਕਦੇ-ਕਦੇ 'ਅਜੀਤ' ਵਿਚ ਹੀ ਲਿਖਦਾ ਹਾਂ। ਪਹਿਲਾਂ 'ਅਜੀਤ' ਪੜ੍ਹਦਾ ਸਾਂ, ਫਿਰ 'ਪੰਜਾਬ ਟਾਈਮਜ਼'। 'ਅਜੀਤ' ਦੇ ਐਡੀਟਰ ਪ੍ਰੋ. ਦਰਸ਼ਨ ਸਿੰਘ ਅਤੇ ਜਨਾਬ ਆਸਿਫ਼ ਸ਼ਾਹਕਾਰ ਮੇਰੇ ਦੋਸਤ ਹਨ।

ਬਾਕੀ ਮੈਂ ਕਰਮ ਬਰਸਟ ਨਾਲ ਮੇਜ 'ਤੇ ਬੈਠ ਕੇ ਗੱਲਬਾਤ ਕਰਨ ਲਈ ਤਿਆਰ ਹਾਂ। ਮੇਰੇ ਵੱਲੋਂ ਸ. ਤਰਲੋਚਨ ਸਿੰਘ ਦੁਪਾਲਪੁਰ ਅਤੇ ਐਸ. ਅਸ਼ੋਕ ਭੌਰਾ ਨੂੰ ਸਤਿ ਸ੍ਰੀ ਅਕਾਲ।

***-ਦੇਵਿੰਦਰ ਸਿੰਘ ਖਟਕੜ***

***ਸਟਾਕਟਨ, ਕੈਲੀਫੋਰਨੀਆ।***

# ਅਭੈ ਸਿੰਘ ਦੀਆਂ ਸਲਾਹਾਂ ਨੇਕ ਤੇ ਵਿਚਾਰਨਯੋਗ

ਸੰਪਾਦਕ ਜੀ!

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਿਹ॥

ਸ. ਅਜਮੇਰ ਸਿੰਘ ਦੀਆਂ ਪੁਸਤਕਾਂ 'ਤੇ ਵੱਖ-ਵੱਖ ਨੁਕਤਿਆਂ ਤੋਂ ਵਿਚਾਰ-ਚਰਚਾ ਛਾਪ ਕੇ 'ਪੰਜਾਬ ਟਾਈਮਜ਼' ਨੇ ਸ਼ਲਾਘਾਯੋਗ ਉਦਮ ਕੀਤਾ ਹੈ ਕਿਉਂਕਿ ਇਸ ਵਿਚ ਦੋਵੇਂ ਤਰ੍ਹਾਂ ਦੇ ਵਿਸ਼ਲੇਸ਼ਣ ਛਾਪ ਕੇ ਤੁਸੀਂ ਆਪਣੀ ਨਿਰਪੱਖ ਪੱਤਰਕਾਰੀ ਦਾ ਸਬੂਤ ਦਿੱਤਾ ਹੈ। ਇਸ ਬਹਿਸ ਰਾਹੀਂ ਬਹੁਤ ਸਾਰੇ ਸਿਧਾਂਤਕ ਨੁਕਤੇ ਸਾਹਮਣੇ ਲਿਆਂਦੇ ਗਏ ਹਨ ਜਿਨ੍ਹਾਂ ਨੂੰ ਸਿੱਖ ਰਾਜਨੀਤੀ ਦੇ ਪ੍ਰਸੰਗ ਵਿਚ ਗੁਰਮਤਿ ਸਿਧਾਂਤਾਂ ਦੀ ਲੋਅ ਵਿਚ ਵਿਚਾਰਨ ਦੀ ਬੇਹੱਦ ਜ਼ਰੂਰਤ ਹੈ। ਸ. ਅਜਮੇਰ ਸਿੰਘ ਦੀਆਂ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਬਾਰੇ ਆਈਆਂ ਤਿੰਨ ਪੁਸਤਕਾਂ ਵਿਚ ਸਿੱਖਾਂ ਦੀ ਜਦੋਜਹਿਦ ਦੇ ਸੁਆਲਾਂ 'ਤੇ ਬਹਿਸ ਦੀ ਸ਼ੁਰੂਆਤ ਜਿਸ ਤਰ੍ਹਾਂ ਡਾ. ਪਰੇਮ ਸਿੰਘ ਨੇ ਕੀਤੀ ਸੀ, ਉਸ ਵਿਚ ਕਈ ਨੁਕਤੇ ਠੀਕ ਹੋਣ ਦੇ ਬਾਵਜੂਦ ਉਨ੍ਹਾਂ ਦਾ ਵਿਸ਼ਲੇਸ਼ਣ ਇਕਪਾਸੜ ਸੀ। ਬਾਅਦ ਵਿਚ ਡਾ. ਬਲਕਾਰ ਸਿੰਘ ਦੇ ਆਪਣੇ ਕਿਸੇ ਪੁਰਾਣੇ ਲੇਖ ਨਾਲ ਇਸ ਬਹਿਸ ਵਿਚ ਸ਼ਾਮਲ ਹੋਣ ਨਾਲ ਜਿਸ ਕਿਸਮ ਦਾ ਤਿੱਖਾ ਪ੍ਰਤੀਕਰਮ ਰਣਜੀਤ ਸਿੰਘ ਵੱਲੋਂ ਆਇਆ, ਉਸ ਨਾਲ ਮੇਰੇ ਮਨ ਵਿਚ ਇਸ ਬਹਿਸ ਅਤੇ ਇਸ ਅੰਦਰ ਦਰਸਾਏ ਨੁਕਤਿਆ ਬਾਰੇ ਜਗਿਆਸਾ ਵਧ ਗਈ। ਰਣਜੀਤ ਸਿੰਘ, ਅਜਮੇਰ ਸਿੰਘ ਦਾ ਨਜ਼ਦੀਕੀ ਸਾਥੀ ਹੈ ਅਤੇ ਰਿਸ਼ਤੇਦਾਰੀ ਕਾਰਨ ਪਿਛਲੇ 30 ਵਰ੍ਹਿਆਂ ਤੋਂ ਉਹ ਮੇਰੇ ਸੰਪਰਕ ਵਿਚ ਵੀ ਰਿਹਾ ਹੈ। ਉਹ ਬਹੁਤ ਹੀ ਸੁਹਿਰਦ, ਦਿਆਨਤਦਾਰ ਅਤੇ ਆਪਣੇ ਵਿਸ਼ਵਾਸਾਂ ਪ੍ਰਤੀ ਦ੍ਰਿੜ ਇਨਸਾਨ ਹੈ। ਉਸ ਦੇ ਪ੍ਰਤੀਕਰਮ ਵਾਲੇ ਲੇਖ ਦੀ ਸੁਰ ਇੰਨੀ ਤਿੱਖੀ ਸੀ ਕਿ ਮੈਨੂੰ ਬੇਚੈਨੀ ਮਹਿਸੂਸ ਹੋਈ ਕਿ ਗੱਡੀ ਕਿਤੇ ਲੀਹੋਂ ਨਾ ਲਹਿ ਜਾਵੇ। ਮੇਰੀ ਪ੍ਰੇਸ਼ਾਨੀ ਹੋਰ ਵੀ ਵਧ ਗਈ ਜਦੋਂ ਦੂਜੇ ਪਾਸਿਓਂ ਸਾਡੇ ਇਕ ਹੋਰ ਅਜ਼ੀਜ਼ ਕਰਮ ਬਰਸਟ ਨੇ ਇਸ ਬਹਿਸ ਵਿਚ ਸ਼ਾਮਲ ਹੁੰਦਿਆਂ ਆਪਣੇ ਸ਼ੁਰੂ ਵਾਲੇ ਲੇਖ ਵਿਚ ਉਸੇ ਤਰ੍ਹਾਂ ਦੀ ਤੇਜ਼ ਸੁਰ ਅਖਤਿਆਰ ਕਰ ਲਈ; ਪਰ ਬਹਿਸ ਜਿਉਂ-ਜਿਉਂ ਅੱਗੇ ਵਧੀ, ਕਰਮ ਬਰਸਟ ਦੇ ਪ੍ਰਤੀਕਰਮ ਵਿਚ ਮੁੱਦਿਆਂ ਬਾਰੇ ਸਪਸ਼ਟਤਾ ਵਧਦੀ ਗਈ।

ਪਿੱਛੋਂ ਜਾ ਕੇ ਸ. ਕਰਮਜੀਤ ਸਿੰਘ ਬਹਿਸ ਵਿਚ ਸ਼ਾਮਲ ਤਾਂ ਬਹੁਤ ਧੂਮ-ਧੜੱਕੇ ਨਾਲ ਹੋਏ, ਪਰ ਉਹ ਹਮੇਸ਼ਾ ਵਾਂਗ ਉਲਾਰ ਅਤੇ ਆਪਣੀਆਂ ਪਹਿਲੀਆਂ ਲਿਖਤਾਂ ਤੋਂ ਵੀ ਕਿਤੇ ਵੱਧ ਜਜ਼ਬਾਤੀ ਲੱਗੇ ਅਤੇ ਫਤਵੇ ਦੇਣ ਦੀ ਹੱਦ ਤਕ ਚਲੇ ਗਏ। ਸਮਝ ਨਹੀਂ ਆਉਂਦੀ ਕਿ ਇੰਨਾ ਪਾਣੀ ਪੁਲਾਂ ਹੇਠੋਂ ਵਗਣ ਤੋਂ ਬਾਅਦ ਅਤੇ ਮਾਂਵਾਂ ਦੇ ਇਤਨੇ ਪੁੱਤ ਕੁਰਬਾਨ ਹੋਣ ਤੋਂ ਪਿੱਛੋਂ ਵੀ ਭਾਈ ਕਰਮਜੀਤ ਸਿੰਘ ਨੇ ਕੁਝ ਵੀ ਸਿੱਖਿਆ ਕਿਉਂ ਨਹੀਂ ਹੈ?

ਸੱਚੀ ਗੱਲ ਤਾਂ ਇਹ ਹੈ ਕਿ ਇਸ ਸਾਰੀ ਬਹਿਸ ਵਿਚ ਮੈਨੂੰ ਸਭ ਤੋਂ ਚੰਗੇ ਅਤੇ ਸੰਤੁਲਿਤ ਲੇਖ ਸ. ਅਭੈ ਸਿੰਘ ਦੇ ਲੱਗੇ ਹਨ। ਜਿਤਨੇ ਸੰਤੁਲਨ ਨਾਲ ਉਨ੍ਹਾਂ ਸਵਾਲ ਉਠਾਏ ਅਤੇ ਨਿਰਣੇ ਪੇਸ਼ ਕੀਤੇ ਹਨ, ਉਹ ਸ਼ਲਾਘਾਯੋਗ ਹਨ। ਸ. ਅਭੈ ਸਿੰਘ ਨੇ ਪਹਿਲਾਂ ਵੀ ਇਸ ਸਬੰਧ ਵਿਚ ਲਿਖਿਆ ਹੈ ਜੋ 'ਪੰਜਾਬ ਟਾਈਮਜ਼' ਵਿਚ ਹੀ ਛਪਿਆ ਹੈ ਪਰ 4 ਜੂਨ ਦੇ ਅੰਕ ਵਿਚ ਉਨ੍ਹਾਂ ਦਾ ਲੇਖ 'ਸਾਕਾ ਨੀਲਾ ਤਾਰਾ ਦੀ ਜ਼ਿੰਮੇਵਾਰੀ ਕਿੰਜ ਟਿੱਕੀਏ? ਇਸ ਮਹਾਂ ਦੁਖਾਂਤ ਤੋਂ ਕਿਹੜੇ ਸਬਕ ਲਏ ਜਾਣ' ਵਿਚ ਉਨ੍ਹਾਂ ਨੇ ਜਿਸ ਜ਼ਿੰਮੇਵਾਰੀ ਦੀ ਗੱਲ ਕੀਤੀ ਹੈ, ਸਿੱਖ ਹੋਣ ਦੇ ਨਾਤੇ, ਇਹ ਸਵਾਲ ਸਾਡੇ ਕੋਲੋਂ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ ਤਾਂ ਕਿ ਇਸ ਕਿਸਮ ਦਾ ਦੁਖਾਂਤ ਦੁਬਾਰਾ ਨਾ ਵਾਪਰੇ। ਗੁਰੂ ਨਾਨਕ ਤਾਂ ਦੂਸਰੇ ਧਰਮਾਂ ਦੇ ਧੁਰ ਅੰਦਰ ਤੱਕ ਪਹੁੰਚ ਕੇ ਦੂਸਰਿਆਂ ਨਾਲ ਵਿਚਾਰ-ਚਰਚਾ (ਗੋਸ਼ਟਾਂ) ਕਰਦੇ ਰਹੇ ਪਰ ਅਸੀਂ ਬੰਦੂਕ ਦੇ ਜ਼ੋਰ ਆਪਣਿਆਂ ਕੋਲੋਂ ਬੋਲਣ ਦਾ ਹੱਕ ਵੀ ਖੋਹ ਲਿਆ ਸੀ; ਜਦ ਕਿ ਸਾਡੇ ਕੋਲ ਗੁਰੂ ਦੀ ਕਹਿਣੀ ਅਤੇ ਗੁਰੂ ਦੀ ਕਰਨੀ ਦੋਵੇਂ ਮਿਸਾਲ ਰੂਪ ਵਿਚ ਕਾਇਮ ਸਨ। ਕੀ 10-15 ਵਰ੍ਹੇ ਪੰਜਾਬ ਵਿਚ ਤਾਂ ਕੀ, ਬਾਹਰ ਵਿਦੇਸ਼ਾਂ ਵਿਚ ਜਿਥੇ-ਜਿਥੇ ਵੀ ਸਿੱਖ ਵਸਦੇ ਸਨ, ਹਰ ਕੋਈ ਆਪਣੇ ਹੀ ਪਰਛਾਵੇਂ ਤੋਂ ਸਹਿਮਿਆ, ਡਰਿਆ ਅਤੇ ਤ੍ਰਭਕਿਆ ਨਹੀਂ ਸੀ ਰਹਿ ਗਿਆ? ਬਹੁਤਾ ਵਿਸਤਾਰ ਵਿਚ ਨਾ ਜਾਂਦੇ ਹੋਏ ਮੈਂ ਸਿਰਫ ਇਕ ਗੱਲ ਕਹਿਣਾ ਚਾਹੁੰਦੀ ਹਾਂ। ਮਾਰਚ-ਅਪਰੈਲ 1984 ਤੱਕ ਪਹੁੰਚਦੇ-ਪਹੁੰਚਦੇ ਹਾਲਾਤ ਇਸ ਕਿਸਮ ਦੀ ਦਿਸ਼ਾ ਅਖ਼ਤਿਆਰ ਕਰ ਗਏ ਸਨ ਜਿਸ ਤੋਂ ਜਾਪਣ ਲੱਗ ਪਿਆ ਸੀ ਕਿ ਕੁੱਝ ਬਹੁਤ ਭਿਆਨਕ ਵਾਪਰਨ ਵਾਲਾ ਹੈ। ਮੈਂ ਆਪਣੇ ਆਸ-ਪਾਸ ਸਿੱਖ ਧਰਮ ਚਿੰਤਨ ਅਤੇ ਇਤਿਹਾਸ ਨਾਲ ਜੁੜੇ ਵਿਦਵਾਨਾਂ ਤੇ ਦਾਨਿਸ਼ਵਰਾਂ ਨੂੰ ਕਈ ਵਾਰ ਸਵਾਲ ਕੀਤਾ ਸੀ ਕਿ ਦਸਮ ਪਾਤਿਸ਼ਾਹ ਹਜ਼ੂਰ ਨੂੰ ਸਿੰਘਾਂ ਨੇ ਬੇਨਤੀ ਕੀਤੀ ਕਿ 'ਆਪ ਚਮਕੌਰ ਦੀ ਗੜ੍ਹੀ ਛੱਡ ਦਿਉ' ਤਾਂ ਪਾਤਿਸ਼ਾਹ ਹਜ਼ੂਰ ਨੇ ਨਾਂਹ ਕਰ ਦਿੱਤੀ ਪਰ ਜਦੋਂ ਪੰਜ ਪਿਆਰਿਆਂ ਦੇ ਰੂਪ ਵਿਚ ਉਨ੍ਹਾਂ ਨੇ ਕਿਹਾ ਕਿ 'ਇਹ ਖ਼ਾਲਸੇ ਦਾ ਹੁਕਮ ਹੈ ਕਿ ਤੁਸੀਂ ਗੜ੍ਹੀ ਛੱਡ ਕੇ ਚਲੇ ਜਾਉ' ਤਾਂ ਉਨ੍ਹਾਂ ਨੇ ਪ੍ਰਵਾਨ ਕਰ ਲਿਆ। ਕੀ ਅੱਜ ਸਿੱਖ ਪੰਜ ਪਿਆਰਿਆਂ ਦੇ ਰੂਪ ਵਿਚ ਇਹ ਬੇਨਤੀ ਨਹੀਂ ਕਰ ਸਕਦੇ ਕਿ ਦਰਬਾਰ ਸਾਹਿਬ ਨੂੰ ਛੱਡ ਕੇ 'ਹਥਿਆਰਬੰਦ ਸਰਗਰਮੀਆਂ' ਆਪਣੇ ਨਿਜੀ ਕੇਂਦਰ ਤੋਂ ਕੀਤੀਆਂ ਜਾਣ? ਪਰ ਕਿਸੇ ਕੋਲ ਵੀ ਇਸ ਦਾ ਕੋਈ ਉਤਰ ਨਹੀਂ ਸੀ।

ਮੈਨੂੰ ਪ੍ਰੋ. ਭੁਪਿੰਦਰ ਸਿੰਘ ਦਾ ਲੇਖ ਵੀ ਚੰਗਾ ਲੱਗਿਆ ਹੈ। ਉਨ੍ਹਾਂ ਨੇ ਵੀ ਗੁਰਬਾਣੀ ਦੀ ਆਤਮਾ ਦੇ ਨੇੜੇ ਰਹਿੰਦਿਆਂ ਆਪਣੀ ਗੱਲ ਕੀਤੀ। ਹੁਣ ਵਕਤ ਆ ਗਿਆ ਹੈ ਜਦੋਂ ਪ੍ਰੋ. ਭੁਪਿੰਦਰ ਸਿੰਘ ਅਤੇ ਅਭੈ ਸਿੰਘ ਦੇ ਵਿਸ਼ਲੇਸ਼ਣ ਨੂੰ ਆਪਣੇ ਅੰਦਰ ਵਸਾਇਆ ਜਾਵੇ। ਵਾਹਿਗੁਰੂ ਕਿਰਪਾ ਕਰਨ ਅਤੇ ਸਿੱਖ ਜਗਤ ਨੂੰ ਇਹੋ ਜਿਹੇ ਚਿੰਤਕ ਦੇਣ ਅਤੇ ਪੰਜਾਬ ਟਾਈਮਜ਼ ਉਨ੍ਹਾਂ ਦੇ ਵਿਚਾਰ ਸਿੱਖ ਜਗਤ ਦੇ ਮਨ-ਮਸਤਕ ਤੱਕ ਪਹੁੰਚਾਉਂਦੀ ਰਹੇ।

***-ਡਾ. ਗੁਰਨਾਮ ਕੌਰ***

***ਟੋਰਾਂਟੋ, ਕੈਨੇਡਾ।***

ਕਹਾਣੀ

# ਮਾੜੇ ਦਿਨ, ਚੰਗੇ ਦਿਨ

**ਅਮਰਜੀਤ ਸਿੰਘ ਹੇਅਰ***

ਜ਼ੈਲਦਾਰ ਸੱਚੀ-ਮੁੱਚੀ ਘੁਮੰਡੀ ਸੀ। ਮਾਪਿਆਂ ਨੇ ਸੁੱਖ ਨਾਲ ਉਸ ਦਾ ਨਾਂ ਹੀ ਘਮੰਡ ਸਿੰਘ ਰੱਖਿਆ ਸੀ। ਉਸ ਨੂੰ ਪੁਸ਼ਤ-ਦਰ-ਪੁਸ਼ਤ ਚੱਲੀ ਆਉਂਦੀ ਬਾਰ੍ਹਾਂ ਪਿੰਡਾਂ ਦੀ ਜ਼ੈਲਦਾਰੀ ਦਾ ਘੁਮੰਡ ਸੀ। ਉਹ 1200 ਘੁਮਾਂ ਦਾ ਮਾਲਕ ਸੀ। ਕਿੰਨੇ ਹੀ ਮੁਜ਼ਾਰੇ ਉਸ ਦੀਆਂ ਜ਼ਮੀਨਾਂ 'ਤੇ ਕੰਮ ਕਰਦੇ ਸੀ। ਇਲਾਕੇ ਵਿਚ ਉਸ ਦੀ ਚੜ੍ਹਤ ਸੀ ਤੇ ਸਰਕਾਰੇ-ਦਰਬਾਰੇ ਪੁੱਛ-ਪਰਤੀਤ। ਉਸ ਦੀਆਂ ਘੋੜੀਆਂ ਸ਼ਰ੍ਹੇਆਮ ਖੁੱਲ੍ਹੀਆਂ ਖੇਤਾਂ ਵਿਚ ਚਰਦੀਆਂ ਫਿਰਦੀਆਂ। ਕਿਸੇ ਕੀ ਮਜਾਲ ਕਿ ਉਜਰ ਕਰ ਸਕੇ। ਜ਼ੈਲਦਾਰ ਨੂੰ ਸਭ ਤੋਂ ਵੱਧ ਘੁਮੰਡ ਸੀ ਆਪਣੇ ਸਾਹਨ ਘੋੜੇ 'ਨਵਾਬ' 'ਤੇ। ਦੂਰੋਂ-ਦੂਰੋਂ ਲੋਕ ਆਪਣੀਆਂ ਘੋੜੀਆਂ ਲਵਾਉਣ ਆਉਂਦੇ ਸਨ ਤਾਂ ਕਿ ਉਨ੍ਹਾਂ ਦੇ ਵਛੇਰੇ-ਵਛੇਰੀਆਂ ਦੀ ਨਸਲ ਬਿਹਤਰ ਹੋ ਸਕੇ।

ਇੰਨੇ ਇੱਜ਼ਤ ਮਾਣ, ਧਨ ਦੌਲਤ ਤੇ ਸ਼ੁਹਰਤ ਦੇ ਬਾਵਜੂਦ ਜ਼ੈਲਦਾਰ ਦੇ ਦਿਲ ਵਿਚ ਉਦਾਸੀ ਸੀ। ਇਸ ਉਦਾਸੀ ਦਾ ਕਾਰਨ ਸੀ, ਉਸ ਦੇ ਇਕਲੌਤੇ ਪੁੱਤਰ ਕਾਕਾ ਸੂਰਬੀਰ ਸਿੰਘ ਦੇ ਘਰ ਔਲਾਦ ਦਾ ਨਾ ਹੋਣਾ। ਉਸ ਨੇ ਸੂਰਬੀਰ ਦੇ ਤਿੰਨ ਵਿਆਹ ਬੜੀ ਧੂਮਧਾਮ ਨਾਲ ਕੀਤੇ। ਰੱਬ ਦੀ ਕਰਨੀ ਕਿਸੇ ਨੂੰਹ ਦੀ ਕੁੱਖ ਹਰੀ ਨਾ ਹੋਈ। ਜ਼ੈਲਦਾਰ ਨੂੰ ਪੋਤੇ ਦੀ ਘਾਟ ਅੰਦਰੋ-ਅੰਦਰੀਂ ਘੁਣ ਵਾਂਗ ਖਾਈ ਜਾਂਦੀ। ਇਸੇ ਕਾਰਨ ਸੂਰਬੀਰ ਵੀ ਗ਼ਮ ਗਲਤ ਕਰਨ ਲਈ ਸ਼ਰਾਬ ਦਾ ਸਹਾਰਾ ਲੈਂਦਾ ਸੀ। ਅਕਸਰ ਉਹ ਦਿਨ ਵੇਲੇ ਵੀ ਸ਼ਰਾਬ ਪੀਂਦਾ, ਪਰ ਰਾਤ ਨੂੰ ਤਾਂ ਹਰ ਰੋਜ਼ ਹੀ ਸ਼ਰਾਬ ਦਾ ਰੱਜਿਆ ਘਰ ਮੁੜਦਾ।

ਸੂਰਬੀਰ ਦੀ ਤੀਜੀ ਪਤਨੀ ਨਸੀਬ ਦਾ ਲੁਧਿਆਣੇ ਕਾਲਜ ਵਿਚ ਐਫ.ਏ. ਵਿਚ ਪੜ੍ਹਦੀ ਦਾ ਹੀ ਵਿਆਹ ਉਸ ਦੇ ਬਾਪ ਨੇ ਜ਼ੈਲਦਾਰ ਦਾ ਵੱਡਾ ਘਰ ਵੇਖ ਕੇ ਸੂਰਬੀਰ ਨਾਲ ਕਰ ਦਿੱਤਾ। ਨਸੀਬ ਦਾ ਜ਼ੈਲਦਾਰਾਂ ਦੀ ਵੱਡੀ ਹਵੇਲੀ ਵਿਚ ਦਮ ਘੁੱਟਦਾ। ਉਸ ਨੂੰ ਇਸ ਤਰ੍ਹਾਂ ਲੱਗਦਾ ਜਿਵੇਂ ਉਹ ਇੱਕ ਵੱਡੇ ਪਿੰਜਰੇ ਵਿਚ ਕੈਦ ਹੋ ਗਈ ਹੋਵੇ। ਸੰਨ '47 ਦੀ ਭਾਦਰੋਂ ਕਹਿਰ ਦਾ ਮਹੀਨਾ ਸੀ। ਬਾਹਰ ਮਾਰ-ਧਾੜ ਤੇ ਉਸ ਦੇ ਘਰ ਵੀ ਰੌਲਾ ਰੱਪਾ ਰਹਿੰਦਾ। ਇੱਕ ਹੁੰਮਸ ਭਰੀ ਰਾਤ ਜਦ ਸ਼ਰਾਬ ਦੇ ਰੱਜੇ ਸੂਰਬੀਰ ਨੇ ਦੋਸ਼ ਲਾਇਆ ਕਿ "ਤੂੰ ਮੈਨੂੰ ਪੁੱਤਰ ਨਹੀਂ ਦੇ ਸਕਦੀ" ਤਾਂ, ਅੱਕੀ ਹੋਈ ਦੇ ਉਸ ਦੇ ਮੂੰਹੋਂ ਨਿਕਲ ਗਿਆ "ਭੌਂ ਤਾਂ ਤਿਆਰ ਏ ਜੇ ਬੀਜ ਪਵੇਗਾ ਫ਼ਸਲ ਤਾਂ ਹੀ ਉਗੂ।" ਸੂਰਬੀਰ ਸੁਣਦੇ ਸਾਰ ਲੋਹਾ ਲਾਖਾ ਹੋ ਗਿਆ। ਅੱਜ ਤਕ ਉਸ ਦੇ ਸਾਹਮਣੇ ਕੋਈ ਨਹੀਂ ਸੀ ਬੋਲਿਆ। ਉਹ ਕਿਵੇਂ ਜਰ ਸਕਦਾ ਸੀ ਕਿ ਉਸ ਦੀ ਘਰ ਵਾਲੀ ਉਸ ਦੇ ਅੱਗੇ ਮੂੰਹ ਖੋਲ੍ਹੇ। ਉਸ ਨੇ ਨਸੀਬ ਦੇ ਦੋ ਚਾਰ ਜੜ ਦਿੱਤੀਆਂ ਤੇ ਰੋਂਦੀ ਕੁਰਲਾਉਂਦੀ ਨੂੰ ਘੜੀਸ ਕੇ ਹਵੇਲੀ ਤੋਂ ਬਾਹਰ ਕੱਢ ਦਿੱਤਾ।

ਨਸੀਬ ਨੂੰ ਕੁਝ ਨਾ ਸੁੱਝੇ ਕਿ ਉਹ ਕੀ ਕਰੇ। ਡੁਸਕੀਆਂ ਭਰਦੀ ਪੇਕਿਆਂ ਦੇ ਰਾਹ ਪੈ ਗਈ। ਕੋਠੀਓਂ ਉਚੇ ਕਮਾਦਾਂ, ਬੰਦੇ ਤੋਂ ਉਚੇ ਬਾਜਰਿਆਂ ਤੇ ਊਠਾਂ ਜਿੰਨੀਆਂ ਉਚੀਆਂ ਕਪਾਹਾਂ ਵਿਚ ਦੀ ਹੁੰਦੀ ਹੋਈ ਉਹ ਸਿਰੜ ਨਾਲ ਤੁਰੀ ਗਈ। ਪਿੰਡਾਂ ਵਿਚੋਂ ਕੁੱਤਿਆਂ ਤੇ ਖੇਤਾਂ ਵਿਚੋਂ ਗਿੱਦੜਾਂ ਦੀਆਂ ਚੀਕਾਂ ਤੋਂ ਵੀ ਉਸ ਨੂੰ ਡਰ ਨਾ ਲੱਗਿਆ। ਉਸ ਨੂੰ ਪਤਾ ਹੀ ਨਾ ਲੱਗਿਆ ਕਿ ਉਹ ਕਦੋਂ ਅੱਠ ਕੋਹ ਦਾ ਪੈਂਡਾ ਪੂਰਾ ਕਰਕੇ ਸਰਹੰਦ ਨਹਿਰ ਦੀ ਬਠਿੰਡਾ ਬਰਾਂਚ ਦੇ ਚੱਕ ਦੇ ਘਰਾਟਾਂ ਵਾਲੇ ਪੁਲ 'ਤੇ ਅੱਪੜ ਗਈ। ਉਸ ਦੇ ਪੇਕੇ ਅਜੇ ਤਿੰਨ ਕੋਹ ਦੂਰ ਸਨ ਤੇ ਉਹ ਦਿਨ ਚੜ੍ਹਨ ਤੋਂ ਪਹਿਲਾਂ ਉਥੇ ਪਹੁੰਚਣਾ ਚਾਹੁੰਦੀ ਸੀ। ਪੁਲ 'ਤੇ ਆ ਕੇ ਉਹ ਰੁਕੀ। ਜ਼ੋਰ ਨਾਲ ਡਿੱਗਦੇ ਪਾਣੀ ਦੇ ਸ਼ੋਰ ਨੇ ਉਸ ਨੂੰ ਝੰਜੋੜਿਆ। ਉਹ ਸੋਚਣ ਲੱਗੀ, "ਮਨਾਂ ਪੇਕਿਆਂ ਤੋਂ ਮੈਨੂੰ ਕੀ ਮਦਦ ਮਿਲਣੀ ਏ। ਮੇਰਾ ਬਾਪ ਮੇਰੇ 'ਤੇ ਦਬਾਅ ਪਾਊਗਾ ਕਿ ਜਿਸ ਕੈਦ 'ਚੋਂ ਨਿਕਲੀ ਹਾਂ ਉਸ ਵਿਚ ਫੇਰ ਚਲੀ ਜਾਵਾਂ। ਇਸ ਕੈਦ 'ਚੋਂ ਰਿਹਾਈ ਦਾ ਇੱਕੋ ਰਾਹ ਹੈ 'ਮੌਤ'।" ਇਹ ਖ਼ਿਆਲ ਆਉਂਦੇ ਹੀ ਉਸ ਨੇ ਆਓ ਦੇਖਿਆ ਨਾ ਤਾਓ, ਪੁਲ ਦੀ ਮੌਣ ਤੋਂ ਖੜ੍ਹ ਕੇ ਵਿਚਕਾਰਲੀ ਧਾਰ ਵਿਚ ਛਾਲ ਮਾਰ ਦਿੱਤੀ।

ਨਹਿਰ ਕੰਢੇ ਬੈਠੇ ਹਮੀਦ ਨੇ ਦੇਖਿਆ ਕਿ ਇੱਕ ਪਰਛਾਵਾਂ ਪੁਲ ਦੇ ਪਰਲੇ ਪਾਰੋਂ ਚੱਲਿਆ, ਪਰ ਅੱਧ ਵਿਚਕਾਰ ਆ ਕੇ ਧਾਰਾਂ ਵਿਚ ਹੀ ਗਾਇਬ ਹੋ ਗਿਆ। ਮੱਝਾਂ ਚਾਰਦਾ ਉਹ ਅਕਸਰ ਹੀ ਪੁਲ ਤੋਂ ਧਾਰਾਂ ਵਿਚ ਛਾਲਾਂ ਮਾਰਦਾ ਰਹਿੰਦਾ ਸੀ। ਉਸ ਨੂੰ ਪਤਾ ਸੀ ਕਿ ਵਿਚਕਾਰਲੀ ਧਾਰ ਤੋਂ ਛਾਲ ਮਾਰਨ ਵਾਲੇ ਨੂੰ ਪਾਣੀ ਬੁੜ੍ਹਕਾ ਕੇ ਕਿਨਾਰੇ ਵੱਲ ਨੂੰ ਸੁੱਟਦਾ ਹੈ ਤੇ ਜੇ ਬੰਦਾ ਤਰਨ ਜਾਣਦਾ ਹੋਵੇ ਉਹ ਡੁੱਬਦਾ ਨਹੀਂ। ਉਸ ਨੇ ਫੌਰਨ ਹੀ ਖੁਦ ਪਾਣੀ ਵਿਚ ਛਾਲ ਮਾਰੀ ਤੇ ਉਸ ਅਣਜਾਣ ਪਰਛਾਵੇਂ ਨੂੰ ਡੁੱਬਣ ਤੋਂ ਬਚਾ ਲਿਆ।

ਜਦ ਉਸ ਨੂੰ ਖਿੱਚ ਕੇ ਨਹਿਰ ਤੋਂ ਬਾਹਰ ਕੱਢਿਆ ਤਾਂ ਉਸ ਨੂੰ ਖੁਸ਼ੀ ਹੋਈ ਕਿ ਔਰਤ ਜ਼ਿੰਦਾ ਸੀ ਪਰ ਸਦਮੇ ਵਿਚ ਸੀ। ਉਸ ਨੇ ਉਸ ਨੂੰ ਝੰਜੋੜਿਆ ਅਤੇ ਪੁੱਠਾ ਲਟਕਾ ਕੇ ਉਸ ਦੇ ਮੂੰਹ ਵਿਚੋਂ ਪਾਣੀ ਕੱਢ ਦਿੱਤਾ। ਨਸੀਬ ਨੇ ਅੱਖਾਂ ਖੋਲ੍ਹੀਆਂ ਤੇ ਡੌਰ-ਭੌਰ ਦੇਖਣ ਲੱਗੀ। ਕਹਿਣ ਲੱਗੀ, "ਮੈਨੂੰ ਨਸੀਬਾਂ ਮਾਰੀ ਨੂੰ ਮਰਨ ਤੋਂ ਕਿਉਂ ਬਚਾਇਆ? ਮੈਂ ਕਾਹਦੇ ਲਈ ਜਿਉਣਾ?"

"ਕੀ ਤੇਰੇ ਵੀ ਸਾਰਿਆਂ ਨੂੰ ਜ਼ਾਲਮਾਂ ਮਾਰ ਦਿੱਤਾ ਹੈ? ਕੀ ਤੇਰੀ ਪੱਤ ਵੀ ਕਿਸੇ ਲੁੱਟੀ ਹੈ?"

"ਨਹੀਂ ਮੇਰਾ ਕੋਈ ਨਹੀਂ ਮਰਿਆ, ਮੈਨੂੰ ਤਾਂ ਮੇਰੇ ਆਪਣਿਆਂ ਨੇ ਮਜਬੂਰ ਕੀਤਾ ਕਿ ਮੈਂ ਡੁੱਬ ਮਰਾਂ।"

"ਤੂੰ ਕਿਉਂ ਮਰੇਂ ਫਿਰ?" ਹਮੀਦ ਬੋਲਿਆ। "ਮਰਨ ਤੈਨੂੰ ਮੌਤ ਦੇ ਮੂੰਹ ਧੱਕਣ ਵਾਲੇ, ਤੂੰ ਜੀ, ਆਪਣੇ ਲਈ ਜੀ, ਮੇਰੇ ਵੱਲ ਵੇਖ, ਮੇਰੀਆਂ ਅੱਖਾਂ ਦੇ ਸਾਹਮਣੇ ਜ਼ਾਲਮਾਂ ਨੇ ਮੇਰੇ ਸਾਰੇ ਟੱਬਰ ਦੇ ਵੱਢ ਕੇ ਟੋਟੇ ਕਰ ਦਿੱਤੇ। ਸਾਡੇ ਪਿੰਡ ਦੇ ਸਾਰੇ ਮੁਸਲਮਾਨਾਂ ਨੂੰ ਮਾਰ ਦਿੱਤਾ, ਬੱਚਾ-ਬੁੱਢਾ ਕੋਈ ਨੀ ਬਖਸ਼ਿਆ। ਕੁਆਰੀਆਂ ਕੁੜੀਆਂ ਅਤੇ ਨਵੀਆਂ ਵਿਆਹੀਆਂ ਨੂੰ ਮੁਸ਼ਟੰਡੇ ਚੁੱਕ ਕੇ ਲੈ ਗਏ। ਪਾਪੀਆਂ ਨੇ ਬਾਬੇ ਮੇਹਰੂ 'ਤੇ ਵੀ ਤਰਸ ਨਹੀਂ ਕੀਤਾ। ਉਸ ਕਿਹਾ, 'ਓਏ ਮੈਂ ਸਾਰੀ ਉਮਰ ਥੋਡੇ ਵਿਚ ਕੱਟੀ ਆ, ਕਦੇ ਕਿਸੇ ਦਾ ਬੁਰਾ ਨਹੀਂ ਕੀਤਾ। ਫਾਂਸੀ ਚੜ੍ਹਾਉਣ ਵੇਲੇ ਵੀ ਬੰਦੇ ਦੀ ਇੱਛਾ ਪੂਰੀ ਕੀਤੀ ਜਾਂਦੀ ਹੈ। ਜੇ ਤੁਸੀਂ ਮੈਨੂੰ ਮਾਰਨਾ ਹੀ ਹੈ ਤਾਂ ਮੇਰਾ ਮੂੰਹ ਢਕ ਦਿਓ ਤਾਂ ਕਿ ਮੈਂ ਇਹ ਨਾ ਦੇਖ ਸਕਾਂ ਕਿ ਆਪਣੇ ਹੀ ਪਿੰਡ ਦਿਆਂ ਵਿਚੋਂ ਕਿਸ ਨੇ ਮੇਰਾ ਗਲ ਵੱਢਿਆ।' ਉਨ੍ਹਾਂ ਨੂੰ ਫੇਰ ਵੀ ਹਯਾ ਨਹੀਂ ਆਈ। ਉਸ ਬੁੱਢੇ ਦੇ ਵੀ ਢਿੱਡ ਵਿਚ ਬਰਛਾ ਖੁਭੋ ਦਿੱਤਾ। ਮੈਂ ਬਚ ਕੇ ਇਨ੍ਹਾਂ ਸਰਕੜਿਆਂ ਦੇ ਬੂਝਿਆਂ ਵਿਚ ਆ ਲੁਕਿਆ।"

ਹਮੀਦ ਦੀ ਦਰਦ ਕਹਾਣੀ ਨੇ ਨਸੀਬ ਦਾ ਦਿਲ ਟੁੰਬਿਆ। ਉਸ ਨੇ ਢਾਰਸ ਬੰਨ੍ਹੀ ਤੇ ਆਖਿਆ, "ਮੈਂ ਜੀਵਾਂਗੀ ਹੁਣ, ਤੇਰੇ ਲਈ ਜੀਵਾਂਗੀ, ਤੇਰਾ ਕੋਈ ਨਹੀਂ ਰਿਹਾ। ਮੈਂ ਤੇਰੀ ਬਣਾਂਗੀ। ਮੈਂ ਤੇਰੀ ਸੋਹਣੀ ਬਣਾਂਗੀ। ਮਹੀਂਵਾਲ ਤਾਂ ਆਪਣੀ ਸੋਹਣੀ ਨੂੰ ਝਨਾਂ 'ਚ ਡੁੱਬਣੋਂ ਨਹੀਂ ਸੀ ਬਚਾ ਸਕਿਆ ਪਰ ਤੂੰ ਮੈਨੂੰ ਬਚਾ ਲਿਆ ਹੈ। ਬਾਕੀ ਦੀ ਜ਼ਿੰਦਗੀ ਮੈਂ ਤੇਰੇ ਲੇਖੇ ਲਾ ਦਿਆਂਗੀ।"

ਕੋਲ ਹੀ ਘਰਾਟਾਂ 'ਚੋਂ ਕੁੱਕੜ ਨੇ ਪਹਿਲੀ ਬਾਂਗ ਦਿੱਤੀ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਪਹੁ ਫੁਟਾਲਾ ਨੇੜੇ ਹੈ। ਨਵਾਂ ਸੂਰਜ ਉਨ੍ਹਾਂ ਲਈ ਖ਼ਤਰਾ ਹੀ ਲਿਆਵੇਗਾ। ਇਹ ਸੋਚਦੇ ਹੋਏ ਉਹ ਨਹਿਰ ਲਾਗੇ ਪੂਲਿਆਂ ਵਿਚ ਜਾ ਲੁਕੇ। ਭਾਦੋਂ ਦਾ ਵੱਟ ਸੰਘਣੇ ਸਲਵਾੜ 'ਚੋਂ ਉਠਦਾ ਹੁੰਮਸ, ਭੁੱਖ ਤੇ ਤ੍ਰੇਹ ਦਾ ਜ਼ੋਰ, ਜ਼ਮਾਨੇ ਦਾ ਡਰ, ਇਨ੍ਹਾਂ ਸਭ ਤਕਲੀਫ਼ਾਂ ਦੇ ਬਾਵਜੂਦ ਨਸੀਬ ਦਾ ਮਨ ਸ਼ਾਂਤ ਸੀ। ਉਸ ਨੇ ਆਪਣੀ ਦਰਦ ਭਰੀ ਕਹਾਣੀ ਹਮੀਦ ਨੂੰ ਦੱਸੀ। ਉਸ ਨੂੰ ਹਮੀਦ ਦੇ ਸਾਥ ਤੋਂ ਹੌਸਲਾ ਮਿਲਿਆ। ਉਸ ਦੇ ਮੁੜ੍ਹਕੇ 'ਚੋਂ ਪਿਆਰ ਦੀ ਮਹਿਕ ਆਈ। ਉਸ ਦੀਆਂ ਗੱਲਾਂ ਵਿਚ ਹਮਦਰਦੀ ਦਿਸੀ। ਨਸੀਬ ਦੇ ਦਿਲ ਵਿਚ ਜਿਊਣ ਦੀ ਇੱਕ ਨਵੀਂ ਉਮੰਗ ਪੈਦਾ ਹੋਈ। ਦੁਪਹਿਰ ਵੇਲੇ ਉਹ ਕਹਿਣ ਲੱਗੀ, "ਨਾਲ ਦੇ ਖੇਤਾਂ ਵਿਚੋਂ ਕਪਾਹ ਚੁਗਦੀਆਂ ਦੀ ਆਵਾਜ਼ ਲੱਗਦੀ ਏ, ਔਰਤਾਂ ਬੰਦਿਆਂ ਨਾਲੋਂ ਰਹਿਮ ਦਿਲ ਹੁੰਦੀਆਂ ਨੇ, ਮੈਂ ਜਾਨੀ ਆਂ ਸ਼ਾਇਦ ਰੋਟੀ ਪਾਣੀ ਮਿਲ ਜੇ।"

ਨਸੀਬ ਦੀ ਖੁਸ਼ਕਿਸਮਤੀ ਖੇਤ ਵਿਚ ਖਾਲ ਦੀ ਵੱਟ 'ਤੇ ਇੱਕ ਅੱਧਖੜ੍ਹ ਔਰਤ ਕਪਾਹ ਦੀ ਢੇਰੀ ਕੋਲ ਬੈਠੀ ਸੀ। ਨਸੀਬ ਡਰਦੀ-ਡਰਦੀ ਉਸ ਪਾਸ ਗਈ ਤੇ ਆਖਿਆ, "ਬੇਬੇ ਮੈਂ ਕੱਲ੍ਹ ਦੀ ਭੁੱਖੀ ਤਿਹਾਈ ਹਾਂ, ਕਰਮਾਂ ਮਾਰੀ ਹਾਂ, ਮੁਸੀਬਤ ਵਿਚ ਹਾਂ, ਮੇਰੇ 'ਤੇ ਤਰਸ ਕਰਕੇ ਮੇਰੀ ਮਦਦ ਕਰ।"

ਨਿਹਾਲੋ ਨੇ ਸਮਝਿਆ ਕਿ ਬਦਕਿਸਮਤ ਔਰਤ ਸੱਦੋਵਾਲ ਦੀ ਹੋਵੇਗੀ ਜਿੱਥੋਂ ਦੇ ਸਾਰੇ ਮੁਸਲਮਾਨਾਂ ਨੂੰ ਇੱਕ ਦਿਨ ਪਹਿਲਾਂ ਨਹਿਰ ਕੰਢੇ ਮਾਰ ਦਿੱਤਾ ਸੀ। "ਆ ਜਾ ਬੀਬੀ, ਕਲਯੁੱਗ ਆ ਗਿਆ ਏ, ਭਰਾ-ਭਰਾ ਦਾ ਵੈਰੀ ਹੋ ਗਿਆ ਏ, ਸਦੀਆਂ ਤੋਂ 'ਕੱਠੇ ਰਹਿੰਦੇ ਇੱਕ-ਦੂਜੇ ਦੇ ਲਹੂ ਦੇ ਤਿਹਾਏ ਹੋ ਗਏ ਨੇ। ਭਲਾਂ ਜੇ ਪਾਕਿਸਤਾਨ ਵਿਚ ਸਿੱਖਾਂ ਨੂੰ ਮਾਰ ਵੀ ਦਿੱਤਾ ਹੈ ਫੇਰ ਇਧਰ ਦੇ ਮੁਸਲਮਾਨਾਂ ਨੂੰ ਮਾਰਨ ਨਾਲ ਕੀ ਉਹ ਫੇਰ ਜਿਊਂਦੇ ਹੋ ਜਾਣਗੇ? ਤੂੰ ਫ਼ਿਕਰ ਨਾ ਕਰ। ਆਹ ਲੈ ਰੋਟੀ ਖਾ, ਲੱਸੀ ਪੀ। ਮੇਰਾ ਦਿਓਰ ਸਰਵਣ ਹੈ ਤਾਂ ਦਸ ਨੰਬਰੀਆ ਬਦਮਾਸ਼ ਪਰ ਦਿਲ ਦਾ ਚੰਗਾ ਹੈ। ਉਸ ਪਾਸ ਭਾਈ ਬੰਦੂਕ ਵੀ ਆ। ਸਾਡੇ ਪਿੰਡ ਦੇ ਮੁਸਲਮਾਨਾਂ ਦਾ ਤਾਂ ਉਸ ਨੇ ਵਾਲ ਵਿੰਗਾ ਨਹੀਂ ਹੋਣ ਦਿੱਤਾ। ਸਾਰਿਆਂ ਨੂੰ ਇਕੱਠਾ ਕਰਕੇ ਰਾਏਕੋਟ ਕੈਂਪ 'ਚ ਛੱਡ ਆਇਆ। ਉਹ ਨੂੰ ਕਹਿ ਕੇ ਤੈਨੂੰ ਵੀ ਮੈਂ ਉਥੇ ਪਹੁੰਚਾ ਦੂੰ।"

ਉਸ ਰਾਤ ਸਰਵਣ ਹਮੀਦ ਤੇ ਨਸੀਬ ਨੂੰ ਰਾਏਕੋਟ ਕੈਂਪ ਵਿਚ ਛੱਡ ਆਇਆ ਤੇ ਜਿੰਨਾ ਚਿਰ ਉਹ ਕੈਂਪ ਵਿਚ ਰਹੇ ਨਿਹਾਲੋ ਉਨ੍ਹਾਂ ਨੂੰ



ਆਟਾ ਗੁੜ ਤੇ ਘਿਓ ਵੀ ਪਹੁੰਚਾਉਂਦੀ ਰਹੀ।

ਅੱਸੂ ਵਿਚ ਹਜ਼ਾਰਾਂ ਲੱਖਾਂ ਹਿੰਦੂ-ਸਿੱਖ ਪਾਕਿਸਤਾਨ 'ਚੋਂ ਵਾਹਗੇ ਦੀ ਹੱਦ ਪਾਰ ਕਰਕੇ ਜਦੋਂ ਹਿੰਦੁਸਤਾਨ ਆ ਰਹੇ ਸਨ, ਜ਼ੈਲਦਾਰ ਘੁਮੰਡ ਸਿੰਘ ਦੀ ਨੂੰਹ ਨਸੀਬ ਹਮੀਦ ਦੇ ਨਾਲ ਵਾਹਗੇ ਦੀ ਹੱਦ ਪਾਰ ਕਰਕੇ ਪਾਕਿਸਤਾਨ ਚਲੀ ਗਈ।

ਹਮੀਦ ਤੇ ਨਸੀਬ ਦਾ ਮੇਲ ਕੁਦਰਤ ਨੇ ਕਰਵਾਇਆ ਸੀ, ਇੱਕ ਮੁਸ਼ਕਲ ਵਕਤ ਜਦ ਹਰ ਪਾਸੇ ਮੌਤ ਦਾ ਨੰਗਾ ਨਾਚ ਹੋ ਰਿਹਾ ਸੀ ਅਤੇ ਉਨ੍ਹਾਂ ਦਾ ਮੌਤ ਨਾਲ ਨੇੜੇ ਦਾ ਵਾਹ ਪਿਆ ਸੀ। ਹੁਣ ਨਵੇਂ ਮੁਲਕ ਵਿਚ ਉਨ੍ਹਾਂ ਨੂੰ ਇੱਕ-ਦੂਜੇ ਦੇ ਆਸਰੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਮੌਕਾ ਮਿਲ ਗਿਆ। ਉਨ੍ਹਾਂ ਦਾ ਆਪਣਾ ਰਿਸ਼ਤਾ ਵੀ ਅਜੀਬ ਸੀ। ਦੁਨਿਆਵੀ ਤੌਰ 'ਤੇ ਇਸ ਰਿਸ਼ਤੇ ਦਾ ਕੋਈ ਨਾਂ ਨਹੀਂ ਸੀ ਪਰ ਰੂਹਾਨੀ ਤੌਰ 'ਤੇ ਉਹ ਇੱਕ ਹੋ ਗਏ ਸਨ। ਇਸ ਰੂਹਾਨੀ ਸਾਂਝ ਨੂੰ ਉਨ੍ਹਾਂ ਨੇ ਦੁਨਿਆਵੀ ਬੰਧਨ ਵਿਚ ਬੰਨ੍ਹਣਾ ਮੁਨਾਸਿਬ ਹੀ ਨਾ ਸਮਝਿਆ। ਜਿਨ੍ਹਾਂ ਦੀ ਜੋੜੀ ਹੀ ਰੱਬ ਨੇ ਬਣਾਈ ਉਨ੍ਹਾਂ ਨੂੰ ਸਮਾਜਿਕ ਰਸਮਾਂ ਦੀ ਕੀ ਲੋੜ? ਉਨ੍ਹਾਂ ਦੇ ਪਾਕ ਰਿਸ਼ਤੇ ਦੀ ਬੁਨਿਆਦ ਸੀ ਇੱਕ-ਦੂਜੇ ਦੀ ਡੂੰਘੀ ਪਹਿਚਾਣ ਤੇ ਸੱਚਾ ਪਿਆਰ। ਇਸ ਪਿਆਰ ਨੇ ਮਜ਼੍ਹਬ, ਮੁਲਕ ਤੇ ਮੁਆਸ਼ਰੇ ਦੇ ਸਾਰੇ ਹੱਦ ਬੰਨੇ ਇੱਕੋ ਲਾਂਘ ਵਿਚ ਪਾਰ ਕਰ ਲਏ।

ਕੁਝ ਦੇਰ ਉਹ ਲਾਹੌਰ ਕੈਂਪ ਵਿਚ ਰਹੇ, ਫਿਰ ਇਸੇ ਸ਼ਹਿਰ ਵਿਚ ਵਸ ਗਏ। ਹਮੀਦ ਦਾ ਜੱਦੀ ਪੁਸ਼ਤੀ ਕੰਮ ਲੁਹਾਰੇ-ਤਰਖਾਣੇ ਦਾ ਸੀ। ਉਸ ਨੇ ਸਰਕਾਰੀ ਮਦਦ ਨਾਲ ਇੱਕ ਛੋਟੀ ਵਰਕਸ਼ਾਪ ਖੋਲ੍ਹ ਲਈ। ਚੰਗਾ ਕਾਰੀਗਰ ਹੋਣ ਕਰਕੇ ਕਾਰੋਬਾਰ ਛੇਤੀ ਹੀ ਤਰੱਕੀ ਕਰ ਗਿਆ। ਕੁਝ ਸਾਲਾਂ ਵਿਚ ਹੀ ਉਹ ਇੱਕ ਵੱਡੇ ਕਾਰਖਾਨੇ ਦਾ ਮਾਲਕ ਹੋ ਗਿਆ। ਨਸੀਬ ਪੜ੍ਹੀ-ਲਿਖੀ ਹੋਣ ਕਰਕੇ ਉਸ ਦੇ ਕਾਰੋਬਾਰ ਵਿਚ ਪੂਰਾ ਹੱਥ ਵਟਾਉਂਦੀ ਸੀ। ਉਨ੍ਹਾਂ ਦੀ ਘਰੇਲੂ ਜ਼ਿੰਦਗੀ ਬੜੀ ਸੁਖ ਚੈਨ ਵਾਲੀ ਸੀ। ਉਨ੍ਹਾਂ ਨੂੰ ਰੱਬ ਨੇ ਇੱਕ ਸੋਹਣਾ ਪੁੱਤਰ ਬਖਸ਼ਿਆ ਜਿਸ ਦਾ ਨਾਂ ਉਨ੍ਹਾਂ ਇਕਬਾਲ ਰੱਖਿਆ। ਇਕਬਾਲ ਦਾ ਇਕਬਾਲ ਵੀ ਬੁਲੰਦ ਨਿਕਲਿਆ। ਉਹ ਬੜਾ ਹੋਣਹਾਰ ਸੀ, ਚੰਗੇ ਸਕੂਲਾਂ ਵਿਚ ਪੜ੍ਹਿਆ ਤੇ ਫੇਰ ਇੰਜੀਨੀਅਰਿੰਗ ਦੀ ਏਅਰੋਨੌਟੀਕਲ ਬਰਾਂਚ ਵਿਚ ਡਿਗਰੀ ਹਾਸਲ ਕੀਤੀ। ਪਾਕਿਸਤਾਨ ਵਿਚ ਇਸ ਲਾਈਨ ਦੀ ਸਹੂਲਤ ਨਾ ਹੋਣ ਕਰਕੇ ਉਹ ਵਜ਼ੀਫਾ ਹਾਸਲ ਕਰਕੇ ਅਮਰੀਕਾ ਚਲਿਆ ਗਿਆ। ਉਥੇ ਟੈਕਸਸ ਦੇ ਸ਼ਹਿਰ ਹਿਊਸਟਨ ਦੀ ਮਸ਼ਹੂਰ ਰਾਈਸ ਯੂਨੀਵਰਸਿਟੀ ਤੋਂ ਪੀਐਚ.ਡੀ. ਦੀ ਡਿਗਰੀ ਲਈ। ਇਸੇ ਸ਼ਹਿਰ ਵਿਚ ਉਸ ਨੂੰ ਅਮਰੀਕਾ ਦੀ ਸਪੇਸ ਆਰਗੇਨਾਈਜ਼ੇਸ਼ਨ 'ਨਾਸਾ' ਵਿਚ ਸਾਇੰਸਦਾਨ ਦੀ ਨੌਕਰੀ ਮਿਲ ਗਈ। ਫੇਰ ਉਹ ਅਮਰੀਕਾ ਵਿਚ ਹੀ ਪੱਕੇ ਤੌਰ 'ਤੇ ਵਸ ਗਿਆ। ਉਥੇ ਹੀ ਉਸ ਨੇ ਆਪਣੇ ਨਾਲ ਯੂਨੀਵਰਸਿਟੀ ਵਿਚ ਪੜ੍ਹਦੀ ਲਿੰਡਾ ਨਾਲ ਸ਼ਾਦੀ ਕਰ ਲਈ। ਲਿੰਡਾ ਟੈਕਸਸ ਸਟੇਟ ਯੂਨੀਵਰਸਿਟੀ ਵਿਚ ਮਨੋਵਿਗਿਆਨ ਦੀ ਪ੍ਰੋਫ਼ੈਸਰ ਲੱਗ ਗਈ।

ਇਕਬਾਲ ਤੇ ਲਿੰਡਾ ਇੱਕ ਦੋ ਵਾਰ ਛੁੱਟੀਆਂ ਕੱਟਣ ਪਾਕਿਸਤਾਨ ਆਏ। ਆਪਣੇ ਨਾਲ ਆਪਣੇ ਬੱਚਿਆਂ ਅਸਲਮ ਤੇ ਸੋਫ਼ੀਆ ਨੂੰ ਵੀ ਲੈ ਕੇ ਆਏ। ਜਦ ਹਮੀਦ ਤੇ ਨਸੀਬ 70ਵਿਆਂ ਵਿਚ ਪਹੁੰਚ ਗਏ ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਹੀ ਹਿਊਸਟਨ ਚਲ ਪੈਣ। ਇਸ ਤਰ੍ਹਾਂ ਉਹ ਆਪਣੇ ਪੋਤੇ-ਪੋਤੀ ਪਾਸ ਰਹਿ ਸਕਣਗੇ ਅਤੇ ਉਨ੍ਹਾਂ ਨੂੰ ਪੂਰਬੀ ਕਦਰਾਂ-ਕੀਮਤਾਂ ਦੇ ਨੇੜੇ ਰੱਖ ਸਕਣਗੇ।

ਇਹ ਖੁਸ਼ਕਿਸਮਤ ਪਰਿਵਾਰ ਅਮਲੀ ਤੌਰ 'ਤੇ ਕਾਸਮੋਪਾਲੀਟਨ ਸੀ। ਹਮੀਦ ਮੁਸਲਮਾਨ, ਨਸੀਬ ਸਿੱਖ, ਇਕਬਾਲ ਦੋਨਾਂ ਧਰਮਾਂ ਦਾ ਸੰਗਮ, ਲਿੰਡਾ ਰੋਮਨ ਕੈਥੋਲਿਕ ਅਤੇ ਅਸਲਮ ਤੇ ਸੋਫ਼ੀਆ ਵਿਚ ਇਸਲਾਮ, ਈਸਾਈ ਅਤੇ ਸਿੱਖ ਧਰਮ ਦੀ ਤ੍ਰਿਵੈਣੀ। ਧਰਮ ਇਨ੍ਹਾਂ ਦੇ ਆਪਸੀ ਪਿਆਰ ਵਿਚ ਕਦੇ ਅੜਿੱਕਾ ਨਹੀਂ ਬਣਿਆ।

ਇੱਕ ਐਤਵਾਰ ਉਹ ਪਿਕਨਿਕ ਮਨਾਉਣ ਬੀਚ 'ਤੇ ਗਏ। ਉਥੇ ਨੌਜਵਾਨ ਜੋੜੇ, ਅੱਧਖੜ ਜੋੜੇ ਤੇ ਬਜ਼ੁਰਗ ਸਾਰੇ ਹੀ ਹੱਥ ਵਿਚ ਹੱਥ ਪਾਈ ਮੌਜ ਮੇਲਾ ਮਨਾ ਰਹੇ ਸਨ। ਨੌਜਵਾਨ ਗਲਵੱਕੜੀ ਪਾਈ ਸ਼ਰ੍ਹੇਆਮ ਚੁੰਮਣ ਚੱਟਣ ਵੀ ਕਰ ਰਹੇ ਹਨ। ਸੋਫ਼ੀਆ ਨੇ ਅਚਾਨਕ ਨਸੀਬ ਨੂੰ ਪੁੱਛਿਆ, "ਗ੍ਰੈਂਡ ਮਾਂ ਪਲੀਜ਼ ਟੈਲ ਅਸ ਅਬਾਊਟ ਯੂਅਰ ਕੋਰਟਸ਼ਿਪ ਐਂਡ ਮੈਰਿਜ।" ਨਸੀਬ ਖਿੜ-ਖਿੜਾ ਕੇ ਐਨਾ ਜ਼ੋਰ ਦੀ ਹੱਸੀ ਕਿ ਉਸ ਦੀਆਂ ਅੱਖਾਂ 'ਚੋਂ ਹੰਝੂ ਨਿਕਲ ਪਏ। ਉਸ ਨੇ ਹਮੀਦ ਨਾਲ ਆਪਣੀ ਪਹਿਲੀ ਮਿਲਣੀ ਬਾਰੇ ਦੱਸਿਆ ਅਤੇ ਇਹ ਵੀ ਦੱਸਿਆ ਕਿ ਉਨ੍ਹਾਂ ਦਾ ਦੁਨਿਆਵੀ ਵਿਆਹ ਤਾਂ ਹੋਇਆ ਹੀ ਨਹੀਂ। ਉਸ ਨੇ ਹੱਸਦਿਆਂ ਕਿਹਾ, "ਜੋ ਤੁਸੀਂ ਅੱਜਕੱਲ੍ਹ ਇੱਥੇ 'ਲਿਵ ਇਨ ਕਪਲ' ਦੀ ਗੱਲ ਕਰਦੇ ਹੋ, ਮੈਂ ਤੇ ਤੇਰਾ ਦਾਦਾ ਤਾਂ ਇਹ ਤਜਰਬਾ 50 ਵਰ੍ਹੇ ਪਹਿਲਾਂ ਹੀ ਕਰ ਚੁੱਕੇ ਹਾਂ। ਇਹ ਰਿਵਾਜ ਅਸੀਂ ਹੀ ਉਥੋਂ ਅਮਰੀਕਾ ਵਿਚ ਐਕਸਪੋਰਟ ਕੀਤਾ ਹੈ।"

ਲਿੰਡਾ ਨੇ ਕਿਹਾ, "ਹਾਓ ਇਨਟਰਸਟਿੰਗ, ਪਾਕਿਸਤਾਨ ਐਂਡ ਇੰਡੀਆ ਆਰ ਸੈਲੀਬਰੇਟਿੰਗ ਦਾ ਗੋਲਡਨ ਜੁਬਲੀ ਆਫ ਦਾ ਇੰਡੀਪੈਂਡੈਂਸ ਦਿਸ ਯੀਅਰ, ਲੈਟ ਅਸ ਸੈਲੀਬਰੇਟ ਦਾ ਗੋਲਡਨ ਜੁਬਲੀ ਆਫ ਯੂਅਰ ਯੂਨੀਅਨ ਐਟ ਦਾ ਕੈਨਾਲ ਬੈਂਕ ਵੇਅਰ ਯੂ ਫਸਟ ਮੈਟ।"

ਸਤੰਬਰ 1997 ਵਿਚ ਇਹ ਖੁਸ਼ਕਿਸਮਤ ਤੇ ਅਨੋਖਾ ਪਰਿਵਾਰ ਚੱਕ ਦੇ ਘਰਾਟਾਂ ਵਾਲੇ ਪੁਲ 'ਤੇ ਆਇਆ। ਇਹ ਵੇਖ ਕੇ ਕਿ ਕਿੰਨਾ ਕੁਝ ਬਦਲ ਗਿਆ ਸੀ, ਨਸੀਬ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਫ਼ਸਲਾਂ ਵੀ ਹੋਰ ਹੀ ਸਨ, ਨਾ ਕਿਤੇ ਕਪਾਹ, ਨਾ ਮੱਕੀ, ਨਾ ਬਾਜਰਾ, ਨਾ ਕਮਾਦ। ਜਿਧਰ ਵੇਖੋ ਝੋਨਾ ਹੀ ਝੋਨਾ। ਨਹਿਰ ਕਿਨਾਰੇ ਟਾਹਲੀਆਂ ਵੀ ਨਹੀਂ ਸਨ। ਉਥੇ ਹੁਣ ਸਫੈਦਾ ਖੜ੍ਹਾ ਸੀ। ਸਰਕੰਡੇ ਦੇ ਬੂਝੇ ਵੀ ਗਾਇਬ ਸਨ, ਜਿਥੇ ਸੱਦੋਵਾਲ ਦੇ ਮਾਸੂਮ ਮੁਸਲਮਾਨਾਂ ਦਾ ਖ਼ੂਨ ਡੁੱਲ੍ਹਿਆ ਸੀ, ਉਥੇ ਗੁਲਾਬ ਤੇ ਬੋਗਨਵਿਲੀਆ ਦੇ ਫੁੱਲ ਖਿੜੇ ਹੋਏ ਸਨ। ਜਿੱਥੇ ਹਮੀਦ ਕਦੇ ਮੱਝਾਂ ਚਾਰਿਆ ਕਰਦਾ ਸੀ, ਮੂਮਾਂ ਵਾਲੇ ਸੰਤਾਂ ਦੀ ਮਿਹਰਬਾਨੀ ਸਦਕਾ ਸੰਤ ਈਸ਼ਰ ਦਾਸ ਸੀਨੀਅਰ ਸੈਕੰਡਰੀ ਸਕੂਲ ਦੀ ਆਲੀਸ਼ਾਨ ਇਮਾਰਤ ਸੀ। ਪੀਲੇ ਰੰਗ ਦੇ ਦੁਪੱਟੇ 'ਤੇ ਨਾਭੀ ਰੰਗ ਦੀਆਂ ਪੱਗਾਂ ਹਰ ਪਾਸੇ ਚਮਕ ਰਹੀਆਂ ਸਨ। ਮੁੰਡੇ ਕੁੜੀਆਂ ਹੱਸ ਖੇਡ ਰਹੇ ਸਨ। ਜੰਗਲ ਵਿਚ ਮੰਗਲ ਹੋ ਗਿਆ ਸੀ। ਜਦ ਸੋਫ਼ੀਆ ਨੇ ਉਹ ਧਾਰ ਵੇਖਣੀ ਚਾਹੀ ਜਿਸ ਵਿਚ ਨਸੀਬ ਕੁੱਦੀ ਸੀ ਤਾਂ ਨਸੀਬ ਨੇ ਦੇਖਿਆ ਉਹ ਧਾਰ ਵੀ ਉਥੇ ਨਹੀਂ ਸੀ। ਛੇ ਧਾਰਾਂ ਤੋੜ ਕੇ ਤਿੰਨ ਧਾਰਾਂ ਬਣਾ ਦਿੱਤੀਆਂ ਗਈਆਂ ਸਨ। ਜੇ ਕੋਈ ਚੀਜ਼ ਪੁਰਾਣੀ ਸੀ ਤਾਂ ਉਹ ਘਰਾਟਾਂ ਦੀ 100 ਸਾਲ ਤੋਂ ਪੁਰਾਣੀ ਇਮਾਰਤ ਸੀ। ਉਨ੍ਹਾਂ ਨੇ ਨਸੀਬ ਤੇ ਹਮੀਦ ਨੂੰ ਪੁਲ 'ਤੇ ਖੜ੍ਹਾ ਕਰਕੇ ਇੱਕ ਦੂਜੇ ਦਾ ਹੱਥ ਫੜਾ ਕੇ ਫੋਟੋਆਂ ਖਿੱਚੀਆਂ ਤੇ ਵੀਡੀਓ ਬਣਾਈ।

ਸਕੂਲ ਦੇ ਪ੍ਰਿੰਸੀਪਲ ਤੋਂ ਨਸੀਬ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਬੇਬੇ ਨਿਹਾਲੋ ਦੇ ਪਰਿਵਾਰ ਨੇ ਉਸ ਦੀ ਯਾਦ ਵਿਚ ਹੋਣਹਾਰ ਵਿਦਿਆਰਥੀਆਂ ਨੂੰ ਹਰ ਸਾਲ ਇਨਾਮ ਦੇਣ ਦੀ ਰਸਮ ਚਲਾਈ ਹੋਈ ਹੈ। ਉਹ ਨਸੀਬ ਦੇ ਸਹੁਰੇ ਪਿੰਡ ਚੰਨਣਵਾਲ ਵੀ ਗਏ। ਉਨ੍ਹਾਂ ਨੂੰ ਪਤਾ ਲੱਗਿਆ ਕਿ ਸੂਰਬੀਰ ਸਿੰਘ ਸ਼ਰਾਬੀ ਹਾਲਤ ਵਿਚ ਸਣੇ ਜੀਪ ਮੂਮਾਂ ਵਾਲੇ ਮੋੜ 'ਤੇ ਨਹਿਰ ਵਿਚ ਜਾ ਡਿੱਗਿਆ ਸੀ। ਜ਼ੈਲਦਾਰ ਘੁਮੰਡ ਸਿੰਘ ਉਸ ਦੀ ਮੌਤ ਦਾ ਸਦਮਾ ਨਾ ਸਹਿ ਸਕਿਆ। ਜ਼ਮੀਨ 'ਤੇ ਮੁਜ਼ਾਰਿਆਂ ਦਾ ਕਬਜ਼ਾ ਹੋ ਗਿਆ। ਜਿਸ ਹਵੇਲੀ 'ਤੇ ਲੱਗੀਆਂ ਛੱਤਰੀਆਂ 'ਤੇ ਚੀਨੇ ਕਬੂਤਰ ਕਲੋਲਾਂ ਕਰਦੇ ਹੁੰਦੇ ਸੀ ਉਨ੍ਹਾਂ ਢੱਠੇ ਕਮਰਿਆਂ ਵਿਚ ਹੁਣ ਗੋਲੇ ਕਬੂਤਰ ਗੁਟਕਗੂੰ ਗੁਟਕਗੂੰ ਕਰਦੇ ਸਨ। ਹਵੇਲੀਆਂ ਦੇ ਵਾਰਸਾਂ ਦੀ ਇੱਛਾ ਰੱਖਣ ਵਾਲੇ ਵਕਤ ਦੇ ਹੜ੍ਹ ਵਿਚ ਕਿਧਰੇ ਰੁੜ੍ਹ ਗਏ। ਸਮੇਂ ਦਾ ਚੱਕਰ ਚਲਦਾ ਰਹਿੰਦਾ ਹੈ। ਮਾੜੇ ਦਿਨ ਚੰਗੇ ਦਿਨ ਬਦਲਦੇ ਰਹਿੰਦੇ ਹਨ।

***ਮੋਬਾਈਲ: 94170-06625**

## ਗੀਤ

### ਮਾਪੇ

ਮਾਪੇ ਨਾ ਕਦੇ ਮਿਲਣ ਦੁਬਾਰਾ
ਨਾ ਮੁੱਲ ਮਿਲਦੇ ਵਿਚ ਬਜ਼ਾਰਾਂ।
ਜਿਨ੍ਹਾਂ ਰੱਜ ਰੱਜ ਲਾਡ ਲਡਾਇਆ ਏ
ਉਨ੍ਹਾਂ ਮਾਪਿਆਂ ਦਾ ਸਤਿਕਾਰ ਕਰੋ।
ਜਿਹੜੇ ਮਾਪਿਆਂ ਜੱਗ ਵਿਖਾਇਆ ਏ,
ਉਨ੍ਹਾਂ ਮਾਪਿਆਂ ਦਾ ਸਤਿਕਾਰ ਕਰੋ।

ਲੱਖ ਕੋਈ ਵੱਡਾ ਬਣ ਜੇ,
ਫਿਰ ਵੀ ਮਾਪੇ ਵੱਡੇ ਰਹਿਣੇ ਨੇ।
ਮਾਪੇ ਤਾਂ ਸੁਣੋ ਵੀਰ ਮੇਰਿਓ!
ਬੜੇ ਕੀਮਤੀ ਗਹਿਣੇ ਨੇ।
ਕਈਆਂ ਕੌਡੀ ਮੁੱਲ ਦਾ ਪਾਇਆ ਏ,
ਉਨ੍ਹਾਂ ਮਾਪਿਆਂ ਦਾ ਸਤਿਕਾਰ ਕਰੋ।
ਜਿਹੜੇ ਮਾਪਿਆਂ ਜੱਗ ਵਿਖਾਇਆ ਏ...।

ਜੰਮਿਆ, ਪਾਲਿਆ ਜਿਹੜੀ ਮਾਂ ਨੇ,
ਆਪਣਾ ਸੀਰ ਚੁੰਘਾਇਆ ਏ।
ਉਂਗਲੀ ਫੜ੍ਹ ਕੇ ਜਿਹੜੇ ਬਾਪ ਨੇ,
ਯਾਰੋ ਤੁਰਨ ਸਿਖਾਇਆ ਏ।
ਕਰ ਮਿਹਨਤ ਜਿਨ੍ਹਾਂ ਪੜ੍ਹਾਇਆ ਏ,
ਉਨ੍ਹਾਂ ਮਾਪਿਆਂ ਦਾ ਸਤਿਕਾਰ ਕਰੋ।
ਜਿਹੜੇ ਮਾਪਿਆਂ ਜੱਗ ਵਿਖਾਇਆ ਏ...।

ਲੱਖਾਂ ਚਾਵਾਂ, ਸੱਧਰਾਂ ਦੇ ਨਾਲ,
ਜੋ ਨੇ ਮਾਪੇ ਵਿਆਹ ਕਰਦੇ।
ਵਿਆਹ ਤੋਂ ਮਗਰੋਂ ਕਾਹਤੋਂ ਨ੍ਹੀਂ
ਤੁਸੀਂ ਉਨ੍ਹਾਂ ਦੀ ਪ੍ਰਵਾਹ ਕਰਦੇ।
ਜਿਨ੍ਹਾਂ ਹਰ ਇਕ ਸ਼ਗਨ ਮਨਾਇਆ ਏ,
ਉਨ੍ਹਾਂ ਮਾਪਿਆਂ ਦਾ ਸਤਿਕਾਰ ਕਰੋ।
ਜਿਹੜੇ ਮਾਪਿਆਂ ਜੱਗ ਵਿਖਾਇਆ ਏ...।

ਬੁੱਢੇ ਵਾਰੇ ਮਾਪਿਆਂ ਦੇ ਜੋ
ਬਣਨ ਸਹਾਰੇ ਨਾ।
ਕੱਲ੍ਹ ਬੁਢਾਪਾ ਆਉਣਾ ਉਨ੍ਹਾਂ ਦਾ
ਕਿਉਂ ਸੋਚਣ ਸਾਰੇ ਨਾ।
ਸੱਚ 'ਨਿੰਮੇ' ਆਖ ਸੁਣਾਇਆ ਏ,
ਉਨ੍ਹਾਂ ਮਾਪਿਆਂ ਦਾ ਸਤਿਕਾਰ ਕਰੋ।
ਜਿਹੜੇ ਮਾਪਿਆਂ ਜੱਗ ਵਿਖਾਇਆ ਏ,
ਉਨ੍ਹਾਂ ਮਾਪਿਆਂ ਦਾ ਸਤਿਕਾਰ ਕਰੋ।

*-ਨਿੰਮਾ ਡੱਲੇਵਾਲਾ*

# ਚਾਰ ਦਿਨਾਂ ਦੇ ਮੇਲੇ ਦੇ ਵਿਚ ਲਾਏ ਦੁੱਖਾਂ ਨੇ ਡੇਰੇ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਮੁਹੰਮਦ ਅਲੀ ਨੂੰ ਮੈਂ ਪਿਛਲੇ ਪੰਜ ਸਾਲ ਤੋਂ ਜਾਣਦਾ ਹਾਂ। ਹਾਲ-ਚਾਲ ਪੁੱਛਣ ਤੋਂ ਇਲਾਵਾ ਕਦੇ ਹੋਰ ਕੋਈ ਗੱਲ ਨਹੀਂ ਹੋਈ, ਸਾਹਿਬ-ਸਲਾਮ ਸਾਂਝੀ ਹੋਣ ਤੋਂ ਬਾਅਦ ਸਾਡੇ ਬੁੱਲ੍ਹਾਂ 'ਤੇ ਚੁੱਪ ਬੈਠ ਜਾਂਦੀ। ਕਦੇ-ਕਦਾਈਂ ਉਹ ਮੈਨੂੰ ਪੁੱਛ ਲੈਂਦਾ, "ਚੰਨ, ਕਿਵੇਂ ਨੇ ਤੇਰੇ ਮਾਪੇ?" "ਭਾਈ ਜਾਨ ਚੜ੍ਹਦੀ ਕਲਾ ਵਿਚ ਹਨ", ਮੈਂ ਜਵਾਬ ਵਿਚ ਕਹਿ ਦਿੰਦਾ। ਅਲੀ ਅੱਗਿਓਂ ਕੁਝ ਨਾ ਬੋਲਦਾ ਤੇ ਚਲਾ ਜਾਂਦਾ। ਅਲੀ ਮੇਰੇ ਕੋਲੋਂ ਹਫ਼ਤੇ ਬਾਅਦ ਗੱਡੀ ਵਿਚ ਗੈਸ ਪਵਾ ਕੇ ਲਿਜਾਂਦਾ। ਮੈਂ ਹਮੇਸ਼ਾ ਉਸ ਨੂੰ ਨੀਲੀ ਜੀਨ, ਚਿੱਟੀ ਕਮੀਜ਼ ਤੇ ਕਾਲੇ ਬੂਟਾਂ ਵਿਚ ਹੀ ਦੇਖਿਆ। ਮੈਂ ਕਈ ਵਾਰ ਉਸ ਨਾਲ ਸ਼ਬਦਾਂ ਦਾ ਵਟਾਂਦਰਾ ਕਰਨਾ ਚਾਹਿਆ ਪਰ ਗੱਲ ਨਾ ਬਣੀ। ਮੈਨੂੰ ਲੱਗਦਾ ਜਿਵੇਂ ਅਲੀ ਕੋਈ ਵੱਡਾ ਦੁੱਖ ਆਪਣੇ ਸੀਨੇ ਵਿਚ ਲਕੋਈ ਫਿਰਦਾ ਹੈ।

ਫਿਰ ਉਹ ਇਕ ਦਿਨ ਆਇਆ। ਮੀਂਹ, ਹਨੇਰੀ, ਝੱਖੜ ਜ਼ੋਰਾਂ 'ਤੇ ਚੱਲ ਰਿਹਾ ਸੀ। ਠੰਢ ਨਾਲ ਕੰਬਦੇ ਹੋਏ ਨੂੰ ਮੈਂ ਕਿਹਾ, "ਭਾਈ ਜਾਨ, ਅੱਜ ਕੌਫ਼ੀ ਪੀ ਕੇ ਜਾਇਓ, ਜੇਕਰ ਚੰਨ ਨਾਲ ਰਤਾ ਕੁ ਜਿੰਨੀ ਵੀ ਸਾਂਝ ਰੱਖਦੇ ਹੋ।" ਪਤਾ ਨਹੀਂ ਕਿਉਂ, ਉਹ ਮੇਰਾ ਨੇਮ ਟੈਗ ਦੇਖ ਕੇ ਵੀ ਮੈਨੂੰ ਚੰਨ ਕਹਿ ਕੇ ਬਲਾਉਂਦਾ ਹੈ। ਅਲੀ ਨੇ ਹਾਂ ਜਾਂ ਨਾਂਹ ਦਾ ਕੋਈ ਜਵਾਬ ਨਾ ਦਿੱਤਾ, ਪਰ ਮੈਂ ਕੌਫੀ ਦੇ ਦੋ ਕੱਪ ਬਣਾ ਲਿਆਇਆ, ਤੇ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕਰ ਦਿੱਤਾ।

"ਚੰਨ, ਜੇ ਕੋਈ ਬੰਦਾ ਆਪਣੀ ਕੌਮ ਜਾਂ ਦੇਸ਼ ਲਈ ਮਰਦਾ ਹੈ, ਅਸੀਂ ਉਸ ਨੂੰ ਸ਼ਹੀਦ ਦਾ ਰੁਤਬਾ ਦੇ ਕੇ ਅਮਰ ਬਣਾ ਦਿੰਦੇ ਹਾਂ। ਉਹ ਇਕ ਦਿਨ ਮਰ ਕੇ ਅਮਰ ਹੋ ਜਾਂਦਾ ਹੈ ਪਰ ਮੈਂ ਉਹ ਕਰਮਾਂ ਮਾਰਿਆ ਹਾਂ ਜੋ ਨਿੱਤ ਮਰਦਾ ਹਾਂ; ਸ਼ਹੀਦ ਤੇ ਅਮਰ ਨਹੀਂ ਹੁੰਦਾ।" ਅਲੀ ਨੇ ਕੁਰਸੀ 'ਤੇ ਬੈਠਦਿਆਂ ਕਿਹਾ। ਫਿਰ ਬੋਲਿਆ, "ਜੇ ਚੰਨ, ਅੱਜ ਮੇਰੀ ਦੁਖਦੀ ਰਗ ਫੜ ਲਈ ਹੈ ਤਾਂ ਫਿਰ ਧਿਆਨ ਨਾਲ ਸੁਣੀ।" ਤੇ ਫਿਰ ਉਹਦੀ ਦੁਖਦੀ ਰਗ ਵਿਚੋਂ ਦਰਦ ਸਿੰਮਣਾ ਸ਼ੁਰੂ ਹੋ ਗਿਆ।

ਮੈਂ ਲਾਹੌਰ ਦਾ ਜੰਮਿਆ-ਪਲਿਆ ਹਾਂ। ਤਿੰਨ ਸਾਲ ਦਾ ਸੀ, ਜਦੋਂ ਮੇਰੀ ਅੰਮੀ ਮੈਨੂੰ ਦਾਦੀ ਦੀ ਝੋਲੀ ਪਾ ਕੇ ਕਬਰੀਂ ਜਾ ਸੁੱਤੀ। ਅੰਮੀ ਦੀ ਮੈਂ ਇਕੋ ਹੀ ਨਿਸ਼ਾਨੀ ਸਾਂ, ਹੋਰ ਕੋਈ ਮੇਰਾ ਭੈਣ-ਭਰਾ ਨਹੀਂ ਸੀ।

ਮੇਰਾ ਅੱਬਾ ਛੋਟਾ ਜਿਹਾ ਸੀ, ਜਦੋਂ ਉਸ ਦਾ ਅੱਬਾ ਜਹਾਨੋਂ ਤੁਰ ਗਿਆ ਸੀ। ਮੇਰੀ ਦਾਦੀ ਵਿਚਾਰੀ ਨੇ ਪਹਿਲਾਂ ਸਾਰੀ ਉਮਰ ਰੰਡੇਪਾ ਕੱਟਿਆ, ਅੱਬਾ ਨੂੰ ਜੱਗ ਦੀਆਂ ਨਜ਼ਰਾਂ ਤੋਂ ਬਚਾ ਕੇ ਰੱਖਿਆ। ਜਦੋਂ ਔਰਤ ਦੇ ਸਿਰ ਤੋਂ ਸਾਈਂ ਦਾ ਸਹਾਰਾ ਉਠ ਜਾਂਦਾ ਹੈ ਤਾਂ ਘਰ ਦੀਆਂ ਕੰਧਾਂ ਵੀ ਦੁਸ਼ਮਣ ਬਣ ਜਾਂਦੀਆਂ ਹਨ। ਫਿਰ ਦੁੱਖ ਪੁੱਛ ਕੇ ਵਿਹੜੇ ਨਹੀਂ ਵੜਦੇ ਸਗੋਂ ਦੁੱਖਾਂ ਦੇ ਪਹਾੜ ਬਣ ਜਾਂਦੇ ਨੇ। ਦਾਦੀ ਨੇ ਅੱਬਾ ਨੂੰ ਪੜ੍ਹਾ ਲਿਖਾ ਕੇ ਪਟਵਾਰੀ ਬਣਾ ਦਿੱਤਾ। ਅੱਬਾ ਨੇ ਸਾਰੀ ਜ਼ਿੰਦਗੀ ਨੌਕਰੀ ਦੇ ਸਮੇਂ ਕਿਸੇ ਤੋਂ ਇਕ ਰੁਪਿਆ ਵੀ ਰਿਸ਼ਵਤ ਦਾ ਲੈ ਕੇ ਨਹੀਂ ਖਾਧਾ। ਦਾਦੀ ਦੀ ਦਿੱਤੀ ਸਿੱਖਿਆ 'ਤੇ ਸਾਰੀ ਉਮਰ ਪਹਿਰਾ ਦਿੱਤਾ।

ਮੇਰੀ ਅੰਮੀ ਪੰਜ ਭਰਾਵਾਂ ਦੀ ਇੱਕਲੀ ਭੈਣ ਸੀ। ਮਾਮਿਆਂ ਵਧੀਆ ਵਿਆਹ ਕੀਤਾ ਸੀ। ਦਾਦੀ ਵੀ ਅੰਮੀ ਨੂੰ ਦੇਖ ਕੇ ਅੱਲਾ ਦਾ ਸ਼ੁਕਰ ਮਨਾਉਂਦੀ। ਇਕ ਸਾਲ ਪਿੱਛੋਂ ਮੇਰਾ ਜਨਮ ਹੋ ਗਿਆ। ਦਾਦੀ ਨੂੰ ਲੱਗਿਆ ਕਿ ਹੁਣ ਮੇਰੇ ਵਿਹੜੇ ਬਹਾਰ ਆ ਜਾਊਗੀ। ਪੱਤਝੜ ਦੇ ਦੁੱਖਾਂ ਨੇ ਬਥੇਰਾ ਖਿਲਾਰਾ ਪਾ ਲਿਆ ਸੀ। ਅਜੇ ਅੰਮੀ ਨੇ ਲੋਰੀਆਂ ਦੀ ਸ਼ੁਰੂਆਤ ਹੀ ਕੀਤੀ ਸੀ, ਜਦੋਂ ਉਹ ਮੇਰੀਆਂ ਲੋਰੀਆਂ ਅੱਧ ਵਿਚਾਲੇ ਛੱਡ ਕੇ ਅੱਖਾਂ ਮੀਟ ਗਈ। ਮੈਂ ਸਾਰੀ ਉਮਰ ਦਾ ਉਨੀਂਦਰਾ ਝੋਲੀ ਪਾ ਲਿਆ। ਦਾਦੀ ਮਾਂ ਨੇ ਪਹਿਲਾਂ ਅੱਬਾ ਵਿਹੂਣਾ ਪੁੱਤ ਪਾਲਿਆ ਸੀ, ਤੇ ਹੁਣ ਮਾਂ ਵਿਹੂਣਾ ਪੋਤਾ ਪਾਲਣਾ ਪੈ ਗਿਆ। ਦਾਦੀ ਨੂੰ ਲੱਗਿਆ ਦੁੱਖਾਂ ਦੀ ਪਤਝੜ ਨੇ ਫਿਰ ਖਿਲਾਰਾ ਪਾ ਦਿੱਤਾ। ਸੁੱਖਾਂ ਦੀ ਬਹਾਰ ਤਾਂ ਸੁਪਨੇ ਵਾਂਗ ਬੀਤ ਗਈ। ਮੇਰੇ ਮਾਮਿਆਂ ਨੇ ਬਹੁਤ ਜ਼ੋਰ ਲਾਇਆ ਕਿ ਅਲੀ ਨੂੰ ਉਹ ਪੜ੍ਹਾ ਲੈਂਦੇ ਹਨ ਪਰ ਦਾਦੀ ਨਾ ਮੰਨੀ। ਉਹ ਮੈਨੂੰ ਅੱਖਾਂ ਉਹਲੇ ਨਹੀਂ ਸੀ ਕਰਨਾ ਚਾਹੁੰਦੀ। ਅੱਬਾ ਵੱਲ ਦੇਖ ਕੇ ਉਸ ਨੂੰ ਦੂਜਾ ਨਿਕਾਹ ਕਰਵਾਉਣ ਲਈ ਮਨਾਇਆ। ਮੇਰੇ ਮਾਮਿਆਂ ਨੇ ਹੀ ਮੇਰੇ ਅੱਬਾ ਦਾ ਨਿਕਾਹ ਕਰ ਦਿੱਤਾ। ਮੈਂ ਵੀ ਬਰਾਤੇ ਗਿਆ ਸਾਂ।

ਹੁਣ ਘਰੇ ਮਤਰੇਈ ਅੰਮੀ ਆ ਗਈ। ਮੈਨੂੰ ਬਹੁਤ ਡਰ ਲੱਗਦਾ ਪਰ ਦਾਦੀ ਨੇ ਅੰਮੀ ਨੂੰ ਸਭ ਕੁਝ ਸਮਝਾ ਦਿੱਤਾ ਸੀ। ਫਿਰ ਅੰਮੀ ਦੇ ਪਿਆਰ ਨੇ ਮੈਨੂੰ ਜਿੱਤ ਲਿਆ। ਮੈਨੂੰ ਲੱਗਣ ਲੱਗਾ ਕਿ ਅੱਲਾ ਨੇ ਮੈਨੂੰ ਅੰਮੀ ਮੋੜ ਦਿੱਤੀ ਹੈ।

ਚੰਨ, ਉਹ ਮੇਰੀ ਮਤਰੇਈ ਅੰਮੀ ਨਹੀਂ ਸੀ ਸਗੋਂ ਉਸ ਨੇ ਸਕੀਆਂ ਮਾਂਵਾਂ ਨਾਲੋਂ ਵੱਧ ਪਿਆਰ ਮੈਨੂੰ ਦਿੱਤਾ। ਪਿਆਰ ਨਾਲ ਝੋਲੀ ਅਜੇ ਭਰੀ ਵੀ ਨਹੀਂ ਸੀ ਕਿ ਦਾਦੀ ਵੀ ਅੰਮੀ ਵਾਲੇ ਰਾਹੇ ਤੁਰ ਗਈ। ਦਾਦੀ ਦੀ ਸ਼ਕਲ ਇਕ ਮਿੰਟ ਵੀ ਅੱਖਾਂ ਤੋਂ ਪਰ੍ਹੇ ਨਾ ਹੁੰਦੀ। ਸਮਾਂ ਬੀਤਿਆ। ਮੈਂ ਬਾਰਾਂ ਸਾਲਾਂ ਦਾ ਹੋ ਗਿਆ। ਅੰਮੀ ਦਾ ਪੈਰ ਭਾਰੀ ਹੋ ਗਿਆ। ਜਦੋਂ ਮੈਂ ਸਕੂਲੇ ਹੁੰਦਾ ਤਾਂ ਅੱਬਾ ਘਰ ਹੁੰਦੇ, ਜਦੋਂ ਮੈਂ ਘਰ ਹੁੰਦਾ ਤਾਂ ਅੱਬਾ ਆਪਣੇ ਕੰਮ ਕਰਦੇ। ਇਕ ਦਿਨ ਸ਼ਾਮਾਂ ਨੂੰ ਅੰਮੀ ਨੂੰ ਜਣੇਪੇ ਦੀਆਂ ਪੀੜਾਂ ਉਠ ਖੜ੍ਹੀਆਂ। ਅੱਬਾ ਮਸਜਿਦ ਗਿਆ ਸੀ, ਅੰਮੀ ਕੋਲ ਮੈਂ ਇਕੱਲਾ ਹੀ ਸਾਂ। ਅੰਮੀ ਨੇ ਕੋਲ ਸੱਦਿਆ ਤੇ ਕਿਹਾ, "ਅਲੀ, ਜਾ ਰੇਸ਼ਮਾ ਦਾਈ ਨੂੰ ਸੱਦ ਲਿਆ, ਤੇ ਆਖੀਂ, ਅੰਮੀ ਜਾਨ ਦੀ ਤਬੀਅਤ ਠੀਕ ਨਹੀਂ। ਜਲਦੀ ਆ ਜਾਵੇ।"

ਮੈਂ ਭੱਜ ਕੇ ਰੇਸ਼ਮਾ ਦਾਈ ਨੂੰ ਸੱਦ ਲਿਆਇਆ। ਅੰਮੀ ਨੂੰ ਜਦੋਂ ਜਣੇਪੇ ਦੀਆਂ ਪੀੜਾਂ ਤੋਂ ਛੁਟਕਾਰਾ ਮਿਲਿਆ ਤਾਂ ਦਾਈ ਨੇ ਮੈਨੂੰ ਕੁਝ ਫੜਾਉਂਦਿਆਂ ਆਖਿਆ, "ਅਲੀ ਲੈ ਛੋਟਾ ਭਾਈ ਜਾਨ ਫੜ ਲੈ। ਅੱਲਾ ਤਾਲਾ ਨੇ ਤੈਨੂੰ ਭਾਈ ਬਖ਼ਸ਼ਿਆ ਹੈ।" ਮੈਂ ਛੋਟੇ ਭਾਈ ਜਾਨ ਨੂੰ ਗੋਦੀ ਵਿਚ ਪਾ ਲਿਆ। ਚੌਦਾਂ ਦਿਨ ਉਸ ਦੇ ਪੋਤੜੇ ਧੋਂਦਾ ਰਿਹਾ। ਅੰਮੀ ਨਾਲ ਸਾਰਾ ਕੰਮ ਕਰਵਾਉਂਦਾ, ਅੰਮੀ ਦਾ ਖ਼ਿਆਲ ਰੱਖਦਾ। ਛੋਟਾ ਭਾਈ ਜਾਨ ਅਜੇ ਤਿੰਨ ਸਾਲ ਦਾ ਸੀ ਕਿ ਅੰਮੀ ਬਿਮਾਰ ਹੋ ਕੇ ਮੰਜੇ 'ਤੇ ਪੈ ਗਈ। ਫਿਰ ਆਖਰੀ ਦਿਨ ਅੰਮੀ ਨੇ ਕੋਲ ਸੱਦਿਆ ਤੇ ਬੋਲੀ, "ਅਲੀ ਆਪਣਾ ਹੱਥ ਫੜਾ ਮੈਨੂੰ।" ਮੇਰਾ ਹੱਥ ਅੰਮੀ ਨੇ ਦੋਵਾਂ ਹੱਥਾਂ ਵਿਚ ਲੈ ਲਿਆ ਤੇ ਆਖਿਆ, "ਅਲੀ, ਅੱਜ ਮੈਂ ਸਦਾ ਦੀ ਨੀਂਦ ਸੌਂ ਜਾਣਾ ਹੈ, ਤੇ ਮੇਰੇ ਜਾਣ ਤੋਂ ਬਾਅਦ ਛੋਟੇ ਦਾ ਖਿਆਲ ਤੈਂ ਰੱਖਣਾ ਹੈ। ਇਸ ਨੂੰ ਅੱਖੋਂ ਪਰ੍ਹੇ ਨਾ ਕਰੀਂ। ਤੇਰਾ ਅੱਬਾ ਵੀ ਸ਼ਾਇਦ ਇਸ ਨਾਲ ਜ਼ਿਆਦਾ ਸਮਾਂ ਨਾ ਬਿਤਾ ਸਕੇ। ਮੈਨੂੰ ਵਾਅਦਾ ਦੇਹ ਕਿ ਤੂੰ ਛੋਟੇ ਦਾ ਖ਼ਿਆਲ ਆਪਣੀ ਸਾਰੀ ਜ਼ਿੰਦਗੀ ਰੱਖੇਂਗਾ।" ਮੈਂ ਕਿਹਾ, "ਅੰਮੀ, ਤੁਹਾਨੂੰ ਕੁਝ ਨਹੀਂ ਹੋਵੇਗਾ" ਪਰ ਅੰਮੀ ਮੇਰੇ ਕੋਲੋਂ 'ਹਾਂ' ਕਰਵਾ ਕੇ ਉਥੇ ਚਲੀ ਗਈ ਜਿੱਥੇ ਗਿਆ ਕੋਈ ਮੁੜਦਾ ਨਹੀਂ। ਅੰਮੀ ਤੋਂ ਬਾਅਦ ਚੁੱਲ੍ਹਾ-ਚੌਂਕਾ ਵੀ ਮੈਂ ਸੰਭਾਲ ਲਿਆ। ਮੈਂ, ਅੱਬਾ ਤੇ ਛੋਟਾ। ਮੈਂ ਪੜ੍ਹਦਾ ਵੀ ਤੇ ਛੋਟੇ ਨੂੰ ਸੰਭਾਲਦਾ ਵੀ। ਜਦੋਂ ਮੈਂ ਵੀਹ ਸਾਲ ਦਾ ਹੋਇਆ ਤਾਂ ਅੱਬਾ ਨੇ ਮੇਰਾ ਵਿਆਹ ਕਰ ਦਿੱਤਾ। ਮਸਾਂ ਸੁਆਹ ਵਿਚੋਂ ਹੱਥ ਨਿਕਲੇ।

ਮੈਂ ਕੁਝ ਬਣਨਾ ਚਾਹੁੰਦਾ ਸੀ, ਪਰ ਛੋਟੇ ਨੂੰ ਇਕੱਲਾ ਵੀ ਨਹੀਂ ਛੱਡ ਸਕਦਾ ਸੀ। ਮੇਰੇ ਮਾਮਿਆਂ ਨੇ ਵੀ ਬਹੁਤ ਮਦਦ ਕੀਤੀ। ਛੋਟਾ ਪੜ੍ਹਾਈ ਘੱਟ ਕਰਦਾ ਤੇ ਗਲਤੀਆਂ ਲੋੜੋਂ ਵੱਧ ਕਰਦਾ। ਨਿੱਤ ਦਿਨ ਉਲ੍ਹਾਮੇ ਲਿਆਉਂਦਾ। ਅੱਬਾ ਕੁਝ ਕਹਿੰਦਾ ਤਾਂ ਮੈਂ ਹਟਾ ਦਿੰਦਾ। ਮੈਨੂੰ ਛੋਟੇ ਦੇ ਚਿਹਰੇ ਵਿਚੋਂ ਅੰਮੀ ਦਿਖਾਈ ਦਿੰਦੀ ਸੀ ਜੋ ਕੁਝ ਕਹਿਣ ਤੋਂ ਰੋਕ ਦਿੰਦੀ।

ਮੇਰੇ ਦੋ ਮਾਮੇ ਅਮਰੀਕਾ ਆ ਗਏ। ਉਨ੍ਹਾਂ ਨੇ ਮੈਨੂੰ ਆਪਣੇ ਕੋਲ ਆਉਣ ਲਈ ਕਿਹਾ ਪਰ ਮੈਂ ਛੋਟੇ ਕਰਕੇ ਜਵਾਬ ਦੇ ਦਿੱਤਾ। ਛੋਟੇ ਦੀਆਂ ਗਲਤੀਆਂ ਵਧਦੀਆਂ ਗਈਆਂ। ਹਾਣੀਆਂ ਨਾਲ ਰਲ ਕੇ ਚੋਰੀ ਕਰ ਬੈਠਾ। ਪੁਲਿਸ ਫੜ ਕੇ ਥਾਣੇ ਲੈ ਗਈ। ਮੈਂ ਮਸਾਂ ਅੱਬਾ ਨੂੰ ਮਨਾ ਕੇ ਉਸ ਨੂੰ ਥਾਣਿਓਂ ਛੁਡਵਾਇਆ। ਅੱਬਾ ਗੱਲ ਦਿਲ 'ਤੇ ਲਾ ਗਿਆ ਕਿ ਮੇਰੇ ਪੁੱਤ ਨੇ ਚੋਰੀ ਕੀਤੀ ਹੈ, ਤੇ ਥਾਣਿਓਂ ਲੈ ਕੇ ਆਂਦਾ ਹੈ। ਬੱਸ, ਮਹੀਨਾ ਨਹੀਂ ਲੰਘਿਆ ਜਦੋਂ ਅੱਬਾ ਵੀ ਦਾਦੀ ਤੇ ਅੰਮੀ ਹੋਰਾਂ ਕੋਲ ਜਾ ਸੁੱਤਾ। ਉਪਰੋਂ, ਛੋਟੇ ਦਾ ਸੁਭਾਅ ਦਿਨੋਂ-ਦਿਨ ਬਦਲਦਾ ਜਾ ਰਿਹਾ ਸੀ। ਕਿਸੇ ਨਾਲ ਸਿੱਧੇ ਮੂੰਹ ਗੱਲ ਨਾ ਕਰਦਾ। ਇਕ ਦਿਨ ਮੈਂ ਉਸ ਨੂੰ ਸਮਝਾਉਣ ਦੇ ਮਨਸ਼ੇ ਨਾਲ ਚਾਰ ਚਪੇੜਾਂ ਮਾਰ ਦਿੱਤੀਆਂ। ਉਹ ਭੜਕ ਪਿਆ; ਅਖੇ, "ਤੂੰ ਮਤਰੇਆ ਭਰਾ ਹੀ ਰਿਹਾ। ਜੇ ਮੇਰਾ ਸਕਾ ਭਰਾ ਹੁੰਦਾ, ਮੈਨੂੰ ਇੰਜ ਨਾ ਮਾਰਦਾ।" ਉਸ ਦੇ ਇਹ ਬੋਲ ਮੈਨੂੰ ਗੋਲੀ ਵਾਂਗ ਲੱਗੇ। ਸਾਰੀ ਰਾਤ ਅੰਮੀ ਮੈਨੂੰ ਲਾਹਣਤਾਂ ਪਾਉਂਦੀ ਦਿਖਾਈ ਦਿੰਦੀ ਰਹੀ। ਉਸ ਦਿਨ ਤੋਂ ਬਾਅਦ ਮੈਂ ਉਸ ਨੂੰ ਹੱਥ ਵੀ ਨਾ ਲਾਇਆ।

ਚੰਨ, ਮੈਂ ਛੋਟੇ ਦੀਆਂ ਕਰਤੂਤਾਂ ਮਾਮਿਆਂ ਨੂੰ ਦੱਸੀਆਂ। ਮਾਮੇ ਕਹਿੰਦੇ, ਇਸ ਨੂੰ ਅਮਰੀਕਾ ਸੱਦਦੇ ਹਾਂ। ਆਪੇ ਸਿੱਧਾ ਹੋ ਜਾਊ। ਮੈਨੂੰ ਅੱਬਾ ਵਾਲੀ ਨੌਕਰੀ ਮਿਲ ਗਈ। ਅੱਲਾ ਨੇ ਮੈਨੂੰ ਧੀ ਅਤੇ ਪੁੱਤਰ ਬਖ਼ਸ਼ਿਆ। ਸਾਰਾ ਕੁਝ ਠੀਕ-ਠਾਕ ਚੱਲਦਾ ਸੀ ਪਰ ਕੀ ਪਤਾ, ਕਿਹੜੇ ਜਨਮਾਂ ਦੀ ਸਜ਼ਾ ਮਿਲੀ। ਮੇਰੀ ਘਰ ਵਾਲੀ ਤੇ ਦੋਵੇਂ ਬੱਚੇ ਸ਼ਹਿਰ ਗਏ ਦੇਸ਼ ਦੇ ਮਾੜੇ ਹਾਲਾਤ ਦੀ ਭੇਟ ਚੜ੍ਹ ਗਏ। ਰਿਸ਼ਤੇਦਾਰ ਇਕੱਠੇ ਹੋਏ। ਧਰਵਾਸੇ ਦਿੱਤੇ। ਦੋਵੇਂ ਮਾਮੇ ਇੱਥੋਂ ਗਏ। ਮੇਰਾ ਪਾਸਪੋਰਟ ਬਣਾ ਲਿਆ। ਮੈਂ ਜ਼ਿੱਦ ਕਰਕੇ ਛੋਟੇ ਦਾ ਵੀ ਪਾਸਪੋਰਟ ਬਣਵਾਇਆ। ਇਕ ਸਾਲ ਬਾਅਦ ਮੈਂ ਆਪਣੇ ਦੇਸ਼ ਨੂੰ ਆਖਰੀ ਸਲਾਮ ਕਰ ਦਿੱਤੀ। ਕਬਰੀਂ ਜਾ ਕੇ ਰੱਜ ਕੇ ਰੋ ਕੇ ਆਇਆ।

ਅਸੀਂ ਦੋਵੇਂ ਭਰਾ ਮਾਮੇ ਘਰ ਆ ਗਏ। ਮਾਮਿਆਂ ਸਾਨੂੰ ਕੰਮ 'ਤੇ ਲਵਾਇਆ। ਮੈਂ ਤਾਂ ਕੰਮ 'ਤੇ ਟਿਕਿਆ ਰਿਹਾ ਪਰ ਛੋਟੇ ਦੀ ਰਹਿਣੀ-ਬਹਿਣੀ ਪਿੰਡ ਵਾਲੀ। ਆਦਤਾਂ ਵੀ ਉਹੀ ਰਹੀਆਂ। ਮਾਮੇ ਵੀ ਵਿਚਾਰੇ ਤੰਗ ਹੋ ਗਏ। ਆਖਰ ਮੈਨੂੰ ਅਪਾਰਟਮੈਂਟ ਵੱਖ ਲੈਣਾ ਪਿਆ। ਸਾਲ ਕੁ ਬੀਤਿਆ, ਛੋਟੇ ਨੂੰ ਅਧਰੰਗ ਹੋ ਗਿਆ। ਅੱਜ ਪੂਰੇ ਦਸ ਸਾਲ ਹੋ ਗਏ ਨੇ ਛੋਟੇ ਨੂੰ ਵੀਲ੍ਹਚੇਅਰ 'ਤੇ ਬੈਠਿਆਂ। ਉਸ ਦੀ ਦੇਖ-ਭਾਲ ਕਰਨ ਦੇ ਨਾਲ-ਨਾਲ ਪੰਜ-ਸੱਤ ਘੰਟੇ ਕੰਮ ਵੀ ਕਰਦਾ ਹਾਂ। ਬੱਸ ਕੀ ਹੈ, ਉਹ ਅੰਮੀ ਨੂੰ ਜੋ ਵਾਅਦਾ ਦਿੱਤਾ ਸੀ ਕਿ ਮੈਂ ਇਸ ਦਾ ਖਿਆਲ ਰੱਖਾਂਗਾ। ਉਨ੍ਹਾਂ ਬੋਲਾਂ 'ਤੇ ਫੁੱਲ ਚੜ੍ਹਾ ਰਿਹਾ ਹਾਂ। ਮੈਨੂੰ ਅੰਮੀ ਨੇ ਸਕੀਆਂ ਮਾਂਵਾਂ ਤੋਂ ਵੱਧ ਪਿਆਰ ਕੀਤਾ ਸੀ; ਮੈਂ ਛੋਟੇ ਨੂੰ ਸਕਿਆਂ ਭਰਾਵਾਂ ਨਾਲੋਂ ਵੱਧ ਪਿਆਰ ਕਰਦਾ ਹਾਂ।

ਅਲੀ ਦਾ ਦੁੱਖ ਸੁਣ ਕੇ ਮੈਨੂੰ ਮੇਰੇ ਨਾਨਕੇ ਪਿੰਡ ਦੀ ਵੀਹ ਸਾਲ ਪੁਰਾਣੀ ਅੱਖੀਂ ਡਿੱਠੀ ਘਟਨਾ ਯਾਦ ਆ ਗਈ, ਦੋ ਭਰਾ ਆਪਸ ਵਿਚ ਲੜਦੇ ਸਨ। ਝਗੜਾ ਸਿਰਫ਼ ਇਕ ਬਿੱਘਾ ਜ਼ਮੀਨ ਦਾ ਸੀ। ਗੱਜਣ ਅਤੇ ਸੱਜਣ-ਦੋਵੇਂ ਜੌੜੇ ਭਰਾ ਸਨ। ਆਪਸ ਵਿਚ ਪਿਆਰ ਵੀ ਬਹੁਤ ਸੀ ਪਰ ਜਦੋਂ ਦੋਵੇਂ ਵਿਆਹੇ ਗਏ ਤਾਂ ਅੱਡੋ-ਅੱਡ ਹੋ ਗਏ। ਜ਼ਮੀਨ ਦੀ ਵੰਡ ਪਿੱਛੇ ਝਗੜਾ ਸ਼ੁਰੂ ਹੋ ਗਿਆ। ਕਈ ਵਾਰ ਪੰਚਾਇਤ ਬੈਠੀ। ਜੇ ਗੱਜਣ ਮੰਨ ਜਾਂਦਾ ਤਾਂ ਸੱਜਣ ਮੁੱਕਰ ਜਾਂਦਾ। ਗੱਲ ਦੀ ਤਹਿ ਨਾ ਲੱਗਦੀ। ਫਿਰ ਹੋਣੀ ਸਿਰ ਚੜ੍ਹ ਕੇ ਬੋਲਣ ਲੱਗੀ। ਘਰੇ ਤੂੰ-ਤੂੰ, ਮੈਂ-ਮੈਂ ਹੁੰਦੀ ਬਾਹਰ ਗਲੀ ਵਿਚ ਆ ਗਈ। ਲੋਕ ਇਕੱਠੇ ਹੋ ਗਏ ਅਤੇ ਦੋਹਾਂ ਨੂੰ ਛੁਡਾਉਣਾ ਚਾਹਿਆ। ਗੱਜਣ ਭੱਜ ਕੇ ਘਰੋਂ ਗੰਡਾਸਾ ਲੈ ਆਇਆ। ਸੱਜਣ ਨੂੰ ਲੋਕਾਂ ਨੇ ਫੜਿਆ ਹੋਇਆ ਸੀ। ਗੱਜਣ ਨੇ ਮੌਕਾ ਤਕਾ ਕੇ ਗੰਡਾਸੇ ਨਾਲ ਦੋ ਵਾਰ ਸੱਜਣ ਦੇ ਸਿਰ ਉਤੇ ਕਰ ਦਿੱਤੇ। ਲਹੂ ਦੀ ਤਤੀਰੀ ਨਾਲ ਸੱਜਣ ਠੰਢਾ ਹੋ ਗਿਆ। ਪੁਲਿਸ ਆਈ, ਗੱਜਣ ਨੂੰ ਵੀਹ ਸਾਲੀ ਹੋ ਗਈ। ਦੋਵਾਂ ਦੇ ਪਰਿਵਾਰ ਰੁਲ ਗਏ। ਇਕ ਭਰਾ ਦੂਜੇ ਭਰਾ ਕੋਲ ਇਕ ਬਿੱਘਾ ਜ਼ਮੀਨ ਦਾ ਵੱਧ ਨਾ ਜ਼ਰ ਸਕਿਆ ਪਰ ਅਲੀ ਨੇ ਤਾਂ ਆਪਣੀ ਸਾਰੀ ਜ਼ਿੰਦਗੀ ਆਪਣੇ ਛੋਟੇ ਭਾਈ ਜਾਨ ਦੇ ਨਾਂ ਕਰ ਦਿੱਤੀ। ਕਈ ਵਾਰ ਬੰਦਾ ਦੇਵਤਿਆਂ ਦੇ ਬੁੱਤਾਂ ਨੂੰ ਪੂਜੀ ਜਾਂਦਾ ਹੈ ਪਰ ਦੇਵਤੇ ਸਾਡੇ ਆਸ-ਪਾਸ ਹੀ ਹੁੰਦੇ ਹਨ।

# ਕਦੇ ਖੁਰਿਆਂ ਨੂੰ ਪੁੱਛੀਂ ਕੀ ਹੁੰਦੀਆਂ ਨੇ ਛੱਲਾਂ

## ਜੀਵਨ ਜਾਚ



ਅਜੈ ਤਨਵੀਰ

ਜ਼ਖ਼ਮ ਦੀ ਪੀੜ ਕਿੰਨੀ ਹੁੰਦੀ ਹੈ, ਜ਼ਖ਼ਮ ਵਾਲਾ ਹੀ ਦੱਸ ਸਕਦਾ ਹੈ। ਆਮ ਆਦਮੀ ਨਹੀਂ ਕਹਿ ਸਕਦਾ ਕਿ ਉਸ ਦੇ ਜ਼ਖ਼ਮ ਵਿਚ ਦਰਦ ਕਿੰਨਾ ਹੈ? ਕਿਸਾਨ ਦੀ ਜ਼ਿੰਦਗੀ ਵਿਚ ਮੀਂਹ ਦੀ ਕਿੰਨੀ ਮਹੱਤਤਾ ਹੈ, ਇਹ ਸ਼ਹਿਰੀ ਲੋਕ ਨਹੀਂ ਦੱਸ ਸਕਦੇ। ਕਿਨਾਰਿਆਂ ਦੇ ਖ਼ੁਰਨ ਦੀ ਪੀੜ ਵਗਦੇ ਪਾਣੀ ਨਹੀਂ ਸਮਝ ਸਕਦੇ, ਕਿਉਂਕਿ ਉਹ ਆਪਣੀ ਮਸਤ ਚਾਲ ਵਿਚ ਵਗੀ ਜਾ ਰਹੇ ਹਨ।

ਮੰਜ਼ਲਾਂ ਕੀ, ਨੰਗੇ ਪੈਰੀਂ ਤੁਰਿਆਂ ਨੂੰ ਪੁੱਛੀਂ,
ਹੁੰਦੀਆਂ ਕੀ ਛੱਲਾਂ, ਕਦੇ ਖੁਰਿਆਂ ਨੂੰ ਪੁੱਛੀਂ।
ਮੂੰਹ ਦੇ ਸੁਆਦ ਲਈ ਜੋ ਕੀਤੇ ਸੀ ਕਤਲ,
ਮਾਰੇ ਉਨ੍ਹਾਂ ਬੇ-ਜ਼ੁਬਾਨਾਂ ਦੇ ਛੁਰਿਆਂ ਤੋਂ ਪੁੱਛੀਂ।
ਦਿਲ ਦਾ ਸਬੰਧ ਕਹਿੰਦੇ ਤਾਲ ਨਾਲ ਹੁੰਦਾ,
ਸੁਰਾਂ ਵਿਚ ਗਾਉਣਾ, ਨਾ ਬੇ-ਸੁਰਿਆਂ ਨੂੰ ਪੁੱਛੀਂ।

ਇਸ ਸੰਸਾਰ ਵਿਚ ਕਿਸੇ ਨੂੰ ਵੀ ਸਭ ਕੁਝ ਨਹੀਂ ਮਿਲਦਾ ਪਰ ਮਿਲਣ ਅਤੇ ਪਾਉਣ ਦੀ ਤਾਂਘ ਵਿਚ ਅਸੀਂ ਸਾਰੇ ਹੀ ਇਕ-ਦੂਜੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਾਂ। ਕਈ ਵਿਚਾਰਿਆਂ ਨੂੰ ਸਭ ਕੁਝ ਪਾਉਣ ਲਈ ਜਿਨ੍ਹਾਂ ਪੀੜਾਂ ਵਿਚ ਦੀ ਗੁਜ਼ਰਨਾ ਪੈਂਦਾ ਹੈ, ਉਨ੍ਹਾਂ ਦਾ ਦਰਦ ਉਹ ਹੀ ਜਾਣਦੇ ਹਨ। ਆਓ ਐਤਕੀਂ ਤੁਹਾਨੂੰ ਪੀੜਾਂ ਨਾਲ ਵਿੰਨੀ ਦਲੀਪ ਕੌਰ ਨਾਲ ਮਿਲਾਉਂਦੇ ਹਾਂ:

ਦਲੀਪ ਕੌਰ ਨੇ ਜ਼ਿੰਦਗੀ ਵਿਚ ਜਿਹੜੇ ਸੁੱਖ ਦੇ ਸਾਹ ਲਏ ਸਨ, ਉਹ ਆਪਣੇ ਮਾਪਿਆਂ ਦੇ ਘਰ ਹੀ ਲਏ ਸਨ। ਸਹੁਰੇ ਘਰ ਤਾਂ ਬੱਸ, ਜ਼ਿੰਦਗੀ ਦੀਆਂ ਕੀਮਤੀ ਰੁੱਤਾਂ ਦਾ ਪਤਾ ਹੀ ਨਾ ਲੱਗਾ, ਕਦੋਂ ਆਈਆਂ ਤੇ ਕਦੋਂ ਤੁਰ ਗਈਆਂ। ਦਲੀਪ ਕੌਰ ਦਾ ਘਰ ਵਾਲਾ ਸੂਬੇਦਾਰ ਰਤਨ ਸਿੰਘ ਸੁਭਾਅ ਦਾ ਬੜਾ ਹੀ ਮਿੱਠਾ ਅਤੇ ਮਿਲਣਸਾਰ ਸੀ। ਫੌਜ ਵਿਚ ਵੀ ਉਸ ਦੇ ਚਰਚੇ ਸਨ ਕਿ ਸੂਬੇਦਾਰ ਰਤਨ ਸਿੰਘ ਬਹੁਤ ਵਧੀਆ ਇਨਸਾਨ ਏ। ਹਰ ਦਿਨ ਤਿਉਹਾਰ 'ਤੇ ਕਦੇ ਪਿੱਛੇ ਨਾ ਰਹਿੰਦੇ। ਦਲੀਪ ਕੌਰ ਦੀ ਇਕ ਧੀ ਕਮਲਜੀਤ ਕੌਰ ਅਤੇ ਇਕ ਮੁੰਡਾ ਸੀ ਨਿਰਵੈਰ ਸਿੰਘ। ਜਦੋਂ ਵੀ ਸੂਬੇਦਾਰ ਰਤਨ ਸਿੰਘ ਛੁੱਟੀ ਆਉਂਦਾ ਤਾਂ ਘਰ ਵਿਚ ਰੌਣਕਾਂ ਹੀ ਲੱਗੀਆਂ ਰਹਿੰਦੀਆਂ, ਰਿਸ਼ਤੇਦਾਰਾਂ, ਸੱਜਣਾਂ ਮਿੱਤਰਾਂ ਦੀਆਂ, ਕਿਉਂਕਿ ਮਿੱਤਰਾਂ ਨੇ ਰੰਮ ਦਾ ਸੁਆਦ ਵੀ ਦੇਖਣਾ ਹੁੰਦਾ ਹੈ!

ਦਲੀਪ ਕੌਰ ਦੀਆਂ ਇਹ ਖੁਸ਼ੀਆਂ ਬਹੁਤਾ ਸਮਾਂ ਗਿੱਧਾ ਨਾ ਪਾ ਸਕੀਆਂ ਤੇ ਦਲੀਪ ਕੌਰ ਦੇ ਹਾਸਿਆਂ ਨੂੰ ਗ੍ਰਹਿਣ ਲੱਗ ਗਿਆ। ਇਹ ਗੱਲ 1971 ਦੀ ਹੈ, ਜਦੋਂ ਭਾਰਤ ਦੀ ਪਾਕਿਸਤਾਨ ਨਾਲ ਜੰਗ ਸ਼ੁਰੂ ਹੋ ਗਈ। ਜਿੰਨੇ ਵੀ ਫੌਜੀ ਛੁੱਟੀਆਂ 'ਤੇ ਸਨ, ਸਾਰਿਆਂ ਨੂੰ ਤਾਰ ਦੇ ਕੇ ਸੱਦ ਲਿਆ ਗਿਆ ਸੀ। ਸੂਬੇਦਾਰ ਰਤਨ ਸਿੰਘ ਨੇ ਦੁਸ਼ਮਣਾਂ ਦੇ ਉਹ ਦੰਦ ਖੱਟੇ ਕੀਤੇ ਕਿ ਕਿਸੇ ਦੀ ਜ਼ੁਰਅਤ ਨਾ ਹੋਈ ਕਿ ਅੱਗੇ ਆ ਸਕੇ। ਦੇਸ਼ ਦੀ ਖਾਤਰ ਲੜਦਾ-ਲੜਦਾ ਰਤਨ ਸਿੰਘ ਸ਼ਹੀਦ ਹੋ ਗਿਆ। ਜਦੋਂ ਕੋਈ ਵੀ ਫੌਜੀ ਦੇਸ਼ ਖਾਤਰ ਘਰੋਂ ਤੁਰਦਾ ਹੈ, ਸ਼ਹੀਦ ਤਾਂ ਉਹ ਉਸ ਵਕਤ ਹੀ ਹੋ ਜਾਂਦਾ ਹੈ।

ਦਲੀਪ ਕੌਰ ਨੂੰ ਸਰਕਾਰ ਨੇ ਬੜੇ ਸਨਮਾਨਾਂ ਨਾਲ ਨਵਾਜਿਆ ਅਤੇ ਮਾਲੀ ਮਦਦ ਕੀਤੀ, ਪੈਨਸ਼ਨ ਲੱਗ ਚੁੱਕੀ ਸੀ ਜਿਸ ਨਾਲ ਘਰ ਦਾ ਗੁਜ਼ਾਰਾ ਚਲਦਾ। ਜ਼ਮੀਨ ਦੇ ਦੋ-ਚਾਰ ਖੇਤਾਂ ਦਾ ਮਾਮਲਾ ਵੀ ਆ ਜਾਂਦਾ ਸੀ। ਦਲੀਪ ਕੌਰ ਬੜੀ ਸਿਰੜੀ ਤੇ ਮਿਹਨਤੀ ਔਰਤ ਸੀ ਜਿਸ ਨੇ ਕਦੇ ਵੀ ਹੌਸਲਾ ਨਾ ਹਾਰਿਆ। ਕਦੇ ਵੀ ਕਿਸੇ ਗੱਲੋਂ ਧੜਕੀ ਨਾ। ਮਾਪਿਆਂ ਦੀ ਵੀ ਕਾਫ਼ੀ ਮਦਦ ਸੀ। ਧੀ ਕਮਲਜੀਤ ਕੌਰ ਵੀ ਆਪਣੀ ਮਾਂ ਨਾਲ ਪੂਰਾ ਹੱਥ ਵਟਾਉਂਦੀ। ਨਿਰਵੈਰ ਸਿੰਘ ਵੀ ਆਪਣੇ ਬਾਪ ਦੀ ਤਰ੍ਹਾਂ ਪੂਰਾ ਜਵਾਨ ਨਿਕਲਿਆ ਸੀ। ਆਪਣੇ ਬਾਪ ਵਾਂਗ ਸੁਭਾਅ ਦਾ ਬੜਾ ਮਿੱਠਾ ਅਤੇ ਮਿਲਣਸਾਰ। ਸਵੇਰ-ਸ਼ਾਮ ਗੁਰੂ ਘਰ ਜਾਣਾ ਤੇ ਨਿਤਨੇਮ ਕਰਨਾ ਨਿਰਵੈਰ ਸਿੰਘ ਦਾ ਰੁਟੀਨ ਬਣ ਗਿਆ ਸੀ। ਚਲੋ, ਪਰਮਾਤਮਾ ਰਾਜ਼ੀ ਰੱਖੇ ਇਸ ਨੂੰ। ਤੱਤੀ ਵਾਹ ਨਾ ਲੱਗੇ। ਸਦਾ ਖੁਸ਼ ਰਹੇ। ਲੋਕ ਇਹੀ ਅਸੀਸਾਂ ਦਿੰਦੇ!

ਜਦ ਨਿਰਵੈਰ ਸਿੰਘ ਨੇ ਦਸਵੀਂ ਪਾਸ ਕੀਤੀ ਤਾਂ ਦਲੀਪ ਕੌਰ ਨੇ ਕਹਿ-ਸੁਣ ਕੇ ਨਿਰਵੈਰ ਸਿੰਘ ਨੂੰ ਫੌਜ ਵਿਚ ਭਰਤੀ ਕਰਵਾ ਦਿੱਤਾ। ਕੋਈ ਵੀ ਮੁਸ਼ਕਲ ਨਾ ਆਈ। ਇਕ ਤਾਂ ਭਰਪੂਰ ਜਵਾਨ ਸੀ, ਦੂਜਾ ਬਾਪ ਦੀ ਦੇਸ਼ ਲਈ ਕੀਤੀ ਕੁਰਬਾਨੀ ਹਰ ਥਾਂ ਕੰਮ ਆ ਰਹੀ ਸੀ। ਦਲੀਪ ਕੌਰ ਅੰਦਰੋਂ-ਅੰਦਰੀ ਕਈ ਵਾਰੀ ਸੋਚਦੀ-ਮੇਰਾ 'ਕੱਲਾ 'ਕੱਲਾ ਪੁੱਤ। ਉਹ ਵੀ ਮੈਂ ਫੌਜ ਵਿਚ ਭੇਜ ਦਿੱਤਾ। ਜੇ ਇਸ ਨੂੰ ਕੁਝ ਹੋ ਗਿਆ, ਤਾਂ ਮੈਂ ਕੀ ਕਰਾਂਗੀ? ਉਹ ਕਈ ਵਾਰੀ ਸੋਚਾਂ ਵਿਚ ਡੁੱਬੀ ਰਹਿੰਦੀ।

ਅਖੀਰ ਜੀ, ਦਲੀਪ ਕੌਰ ਨੇ ਨਿਰਵੈਰ ਸਿੰਘ ਨੂੰ ਡਾਕਟਰੀ ਕਰਾਉਣ ਨਾ ਜਾਣ ਦਿੱਤਾ ਅਤੇ ਆਖਦੀ-ਤੂੰ ਮੇਰਾ 'ਕੱਲਾ 'ਕੱਲਾ ਪੁੱਤ। ਮੈਂ ਤੈਨੂੰ ਫੌਜ ਵਿਚ ਨਹੀਂ ਜਾਣ ਦੇਣਾ। ਨਿਰਵੈਰ ਸਿੰਘ ਡਾਕਟਰੀ ਕਰਾਉਣ ਗਿਆ ਹੀ ਨਾ, ਤੇ ਉਸ ਨੇ ਪੜ੍ਹਾਈ ਜਾਰੀ ਰੱਖੀ। ਉਸ ਦੇ ਨਾਲ ਦੇ ਜਿੰਨੇ ਮੁੰਡੇ ਸਨ, ਉਹ ਡਾਕਟਰੀ ਵਿਚ ਵੀ ਪਾਸ ਹੋ ਗਏ। ਇਕ ਦਿਨ ਨਿਰਵੈਰ ਸਿੰਘ ਦਾ ਮਾਮਾ ਘਰ ਆਇਆ। ਜਦੋਂ ਉਸ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਦਲੀਪ ਕੌਰ ਨੂੰ ਕਿਹਾ, "ਤੂੰ ਇਹ ਕੀ ਕਰ ਰਹੀ ਏਂ। ਇਹ ਉਸ ਫੌਜੀ ਦਾ ਪੁੱਤ ਏ, ਜਿਸ ਨੇ ਦੇਸ਼ ਦੀ ਖਾਤਰ ਆਪਣੀ ਜਾਨ ਦੀ ਪ੍ਰਵਾਹ ਨਾ ਕੀਤੀ। ਫਿਰ ਤੂੰ ਕਿਉਂ ਇਸ ਦੇ ਰਾਹ ਵਿਚ ਰੋੜਾ ਬਣੀ ਜਾਂਦੀ ਏਂ ਬਿਨਾਂ ਗੱਲੋਂ।"

ਮਾਂ ਦਾ ਦਰਦ ਮਾਂ ਹੀ ਸਮਝ ਸਕਦੀ ਹੈ। ਜਿਸ ਔਰਤ ਨੇ ਪਹਿਲਾਂ ਪਤੀ ਹੱਥੀਂ ਤੋਰਿਆ ਹੋਵੇ, ਉਹ ਕਿਸ ਤਰ੍ਹਾਂ ਆਪਣੇ ਪੁੱਤ ਨੂੰ ਵੀ ਉਸੇ ਰਾਹ ਤੋਰ ਦੇਵੇ? ਪਰ ਪਤਾ ਨਹੀਂ ਦਲੀਪ ਕੌਰ ਦੇ ਮਨ ਵਿਚ ਕੀ ਆਇਆ, ਉਸ ਨੇ ਭਰਾ ਨੂੰ ਬੁਲਾ ਕੇ ਡਿਊਟੀ ਲਾ ਦਿੱਤੀ, ਜਿਸ ਤਰ੍ਹਾਂ ਵੀ ਹੋ ਸਕੇ, ਨਿਰਵੈਰ ਸਿੰਘ ਨੂੰ ਦੁਬਾਰਾ ਭਰਤੀ ਕਰਾਵੇ। ਨਿਰਵੈਰ ਸਿੰਘ ਦੇ ਮਾਮੇ ਨੇ ਜਿੱਥੇ ਵੀ ਭਰਤੀ ਬਾਰੇ ਪਤਾ ਲੱਗਾ, ਉਥੇ ਹੀ ਫਾਰਮ ਭੇਜ ਦਿੱਤਾ, ਤੇ ਹੋਰ ਸੱਜਣਾਂ-ਮਿੱਤਰਾਂ ਨੂੰ ਵੀ ਕਿਹਾ ਕਿ ਜੋ ਮਰਜ਼ੀ ਹੋ ਜਾਵੇ, ਮੁੰਡਾ ਭਰਤੀ ਕਰਾਉਣਾ ਹੈ। ਅਖੀਰ ਜਲੰਧਰ ਭਰਤੀ ਖੁੱਲ੍ਹੀ, ਜਿੱਥੇ ਨਿਰਵੈਰ ਸਿੰਘ ਭਰਤੀ ਹੋ ਗਿਆ। ਮਾਮੇ ਨੇ ਭੱਜ-ਦੌੜ ਕਰਕੇ ਡਾਕਟਰੀ ਕਰਵਾ ਕੇ ਸਾਰਾ ਕੰਮ ਨਿਬੇੜ ਦਿੱਤਾ। ਦਲੀਪ ਕੌਰ ਭਰਾ ਨਾਲ ਵਾਰ-ਵਾਰ ਇਕੋ ਹੀ ਗੱਲ ਕਰਦੀ-ਪਰਮਾਤਮਾ ਸੁੱਖ ਰੱਖੇ। ਮੇਰਾ ਇਕੋ-ਇਕ ਪੁੱਤ ਏ।

"ਦਲੀਪ ਕੁਰੇ, ਦੋਂਹ-ਚੌਂਹ ਦਿਨਾਂ ਨੂੰ ਉਸ ਨੇ ਰਾਮਗੜ੍ਹ ਟ੍ਰੇਨਿੰਗ 'ਤੇ ਜਾਣਾ ਹੈ। ਇਸ ਤਰ੍ਹਾਂ ਨਾ ਕਰ, ਸਗੋਂ ਖੁਸ਼ੀ-ਖੁਸ਼ੀ ਤੋਰੀਂ ਉਸ ਨੂੰ।" ਮਾਮੇ ਨੇ ਕਿਹਾ।

ਨਿਰਵੈਰ ਸਿੰਘ ਟ੍ਰੇਨਿੰਗ 'ਤੇ ਚਲਾ ਗਿਆ। ਬਾਕੀ ਮੁੰਡੇ ਨਾਲ ਦੇ ਪਿੰਡਾਂ ਦੇ ਸਨ। ਟ੍ਰੇਨਿੰਗ ਪੂਰੇ ਜ਼ੋਰਾਂ 'ਤੇ ਸੀ। ਨਵੇਂ ਰੰਗਰੂਟਾਂ ਨੂੰ ਉਸਤਾਦ ਪੂਰੀ ਤਰ੍ਹਾਂ ਚੰਡਦੇ ਤਾਂ ਅੱਧੇ ਤਾਂ ਟ੍ਰੇਨਿੰਗ ਵਿਚੇ ਹੀ ਛੱਡ ਦੌੜ ਜਾਂਦੇ। ਨਿਰਵੈਰ ਸਿੰਘ ਸਾਰਿਆਂ ਕੰਮਾਂ ਵਿਚ ਹੀ ਮੋਹਰੇ ਹੋ-ਹੋ ਨਿਕਲਦਾ, ਤੇ ਛੁੱਟੀ ਵਾਲੇ ਦਿਨ ਗੁਰੂ ਘਰ ਸੇਵਾ ਕਰਦਾ।

ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਹਾਲਾਤ ਜ਼ਿਆਦਾ ਹੀ ਵਿਗੜ ਰਹੇ ਸਨ। ਗੱਲ ਜੂਨ ਚੁਰਾਸੀ ਦੀ ਹੈ, ਫੌਜਾਂ ਸ੍ਰੀ ਹਰਿਮੰਦਰ ਸਾਹਿਬ 'ਤੇ ਚੜ੍ਹ ਗਈਆਂ। ਜਦੋਂ ਫੌਜਾਂ ਅੰਦਰ ਵੜੀਆਂ ਤਾਂ ਹਰ ਸਿੱਖ ਦਾ ਦਿਲ ਧਾਹਾਂ ਮਾਰਨ ਲੱਗਾ। ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਹੋ ਗਿਆ ਜਿਸ ਨਾਲ ਚਾਹੇ ਕੋਈ ਹਿੰਦੂ ਸੀ, ਚਾਹੇ ਸਿੱਖ; ਉਨ੍ਹਾਂ ਦੇ ਦਿਲਾਂ 'ਤੇ ਐਸੇ ਜ਼ਖ਼ਮ ਹੋਏ ਜੋ ਅਜੇ ਤੱਕ ਰਿਸਦੇ ਹਨ।

ਹਰਿਮੰਦਰ ਸਾਹਿਬ 'ਤੇ ਇਸ ਕਾਰਵਾਈ ਵਿਰੁਧ ਰੋਸ ਵਿਚ ਰਾਮਗੜ੍ਹ ਦੇ ਸਿੱਖ ਰੰਗਰੂਟਾਂ ਨੇ ਵੀ ਵਿਰੋਧ ਕੀਤਾ। ਜਵਾਨ ਹਥਿਆਰ ਲੈ ਕੇ ਭੱਜ ਤੁਰੇ ਜਿਨ੍ਹਾਂ ਦੀ ਅਗਵਾਈ ਨਿਰਵੈਰ ਸਿੰਘ ਕਰ ਰਿਹਾ ਸੀ। ਭਾਰਤੀ ਫੌਜ ਇਨ੍ਹਾਂ ਜਵਾਨਾਂ ਦਾ ਪਿੱਛਾ ਕਰ ਰਹੀ ਸੀ। ਨਿਰਵੈਰ ਸਿੰਘ ਆਪਣੇ ਜਵਾਨਾਂ ਨੂੰ ਲੈ ਕੇ ਅੱਗੇ ਵਧ ਰਿਹਾ ਸੀ, ਨਿਰਵੈਰ ਸਿੰਘ ਤੇ ਸਾਥੀਆਂ ਨੂੰ ਫੌਜ ਨੇ ਪੂਰੀ ਤਰ੍ਹਾਂ ਘੇਰ ਲਿਆ। ਜਦੋਂ ਦੌੜਨ ਲੱਗੇ ਤਾਂ ਫੌਜੀਆਂ ਨੇ ਗੋਲੀਆਂ ਨਾਲ ਛਲਣੀ ਕਰ ਦਿੱਤੇ। ਕਈ ਜਵਾਨ ਸ਼ਹੀਦ ਹੋ ਗਏ।

ਜਦੋਂ ਇਹ ਖ਼ਬਰਾਂ ਦਲੀਪ ਕੌਰ ਦੇ ਕੰਨੀ ਪਈਆਂ ਤਾਂ ਮਾਂ ਦਾ ਕਾਲਜਾ ਪਾਟ ਗਿਆ। ਜਿਹੜੀਆਂ ਗੱਲਾਂ ਤੋਂ ਉਹ ਡਰਦੀ ਸੀ, ਉਹ ਹੀ ਹੋ ਗਈਆਂ। ਨਿਰਵੈਰ ਸਿੰਘ ਦੀ ਦੇਹ ਪਿੰਡ ਲਿਆਂਦੀ ਗਈ। ਸਾਰਾ ਪਿੰਡ 'ਕੱਠਾ ਹੋ ਗਿਆ। ਮਾਂ ਦਲੀਪ ਕੌਰ ਨੇ ਪੁੱਤ ਦੀ ਲਾਸ਼ ਕੋਲ ਬਹਿ ਕੇ ਵੈਣ ਪਾਏ। ਜਿਸ ਦੇਸ਼ ਦੀ ਰਾਖੀ ਕਰਦਾ ਉਸ ਦੇ ਸਿਰ ਦਾ ਸਾਈਂ ਸ਼ਹੀਦ ਹੋ ਗਿਆ, ਉਸੇ ਦੇਸ਼ ਦੀਆਂ ਫੌਜਾਂ ਨੇ ਉਸ ਦੇ ਪੁੱਤ ਨੂੰ ਹੀ ਗੋਲੀਆਂ ਨਾਲ ਭੁੰਨ ਦਿੱਤਾ। ਜਿਹੜੀ ਸਰਕਾਰ ਉਸ ਵਕਤ ਉਸ ਦਾ ਸਨਮਾਨ ਕਰਦੀ ਸੀ ਕਿ ਉਹ ਸੂਬੇਦਾਰ ਰਤਨ ਸਿੰਘ ਦੀ ਘਰਵਾਲੀ ਹੈ, ਅੱਜ ਉਸ ਨੇ ਹੀ ਉਸ ਦਾ ਸਭ ਕੁਝ ਲੁੱਟ ਲਿਆ। ਉਹ ਵਿਲਕੀ, ਯਾਦ ਰੱਖੀਂ ਸਰਕਾਰੇ! ਇਹ ਉਸ ਮਾਂ ਦੀ ਬਦ-ਦੁਆ ਏ ਜਿਸ ਤੋਂ ਰੱਬ ਵੀ ਡਰਦਾ ਹੈ!! ਤੇਰਾ ਰਹੇ ਕੱਖ ਨਾ। ਤੇਰਾ ਖੁਰਾ-ਖੋਜ ਖ਼ਤਮ ਹੋ ਜਾਵੇ। ਤੇਰੀਆਂ ਕੁਲਾਂ ਦਾ ਨਾਸ ਹੋ ਜਾਵੇ।

ਉਹ 1984 ਸੀ ਮਹੀਨਾ ਕਹਿੰਦੇ ਜੂਨ,
ਜਦੋਂ ਸੂਲੀ ਟੰਗ ਦਿੱਤਾ ਇਨ੍ਹਾਂ ਹਾਕਮਾਂ ਕਾਨੂੰਨ।
ਜਦੋਂ ਸਮੇਂ ਦਿਆਂ ਸਾਜ਼ਾਂ ਬੰਦ ਕਰ ਲਈ ਆਵਾਜ਼,
ਤਾਂ ਕਾਂਵਾਂ ਦੇ ਸਿਰਾਂ 'ਤੇ ਲੋਕੋ ਬੱਝ ਗਏ ਨੇ ਤਾਜ।
ਇਨ੍ਹਾਂ ਦੀਵਿਆਂ ਦੇ ਵਿਚ ਹੁੰਦਾ ਤੇਲ ਵੀ ਬਥੇਰਾ,
ਤਾਂ ਵੀ ਮੱਧਮ ਹੀ ਰਹਿੰਦੇ ਚੌਹੀਂ ਪਾਸੀਂ ਦਿਸੇ ਨ੍ਹੇਰਾ।

# ਖਾਲਸਾ ਕਾਲਜ ਦੀ ਸ਼ਾਨ ਸਲਾਮਤ ਰਹੇ

## ਸ਼ਾਨਾਂਮੱਤੇ ਇਤਿਹਾਸ ਉਤੇ ਝਾਤ



**ਹਰਜਿੰਦਰ ਦੁਸਾਂਝ**

ਖਾਲਸਾ ਕਾਲਜ, ਅੰਮ੍ਰਿਤਸਰ ਪੂਰੇ ਦੱਖਣੀ ਏਸ਼ੀਆ 'ਚ ਅਧੁਨਿਕ ਵਿਦਿਆ ਦੀਆਂ ਜੜ੍ਹਾਂ ਲਾਉਣ ਵਾਲੀਆਂ ਵੱਕਾਰੀ ਅਤੇ ਇਤਿਹਾਸਿਕ ਸੰਸਥਾਵਾਂ 'ਚੋਂ ਇਕ ਅਹਿਮ ਸੰਸਥਾ ਹੈ। ਇਸ ਸੰਸਥਾ ਦਾ ਦਾਇਰਾ ਅਕਾਦਮਿਕ ਵਿਦਿਆ ਤੱਕ ਹੀ ਸੀਮਤ ਨਹੀਂ, ਸਗੋਂ ਮਨੁੱਖੀ ਵਿਕਾਸ ਅਤੇ ਨਰੋਈ ਸਮਾਜ ਸਿਰਜਣਾ 'ਚ ਵੀ ਇਸ ਦਾ ਅਹਿਮ ਰੋਲ ਹੈ, ਅੱਜ ਦੇ ਅੱਧੇ-ਪੌਣੇ ਪੰਜਾਬ ਦੀ ਹੀ ਨਹੀਂ ਸਗੋਂ ਵੰਡ ਤੋਂ ਪਹਿਲਾਂ ਵਾਲੇ ਸਾਬਤ-ਸਬੂਤੇ ਹਿੰਦੋਸਤਾਨ ਦੀ ਵਿਰਾਸਤ ਹੈ। ਸੰਨ 1947 'ਚ ਖਾਲਸਾ ਕਾਲਜ ਦੇ ਲਹਿੰਦੇ ਵੱਲ ਇਕ ਵੱਖਰਾ ਦੇਸ਼ ਬਣੇ ਪਾਕਿਸਤਾਨ ਦੇ ਪਹਿਲੇ ਪੂਰ ਦੇ ਵੱਡੇ ਅਫ਼ਸਰਾਂ 'ਚ ਬਹੁਤੇ ਇਸੇ ਕਾਲਜ 'ਚ ਪੜ੍ਹੇ ਸਨ।

ਅੰਗਰੇਜ਼ਾਂ ਦੀ ਆਮਦ ਨਾਲ ਜਦੋਂ ਭਾਰਤ ਵਿਚ ਪੱਛਮੀ ਤਰਜ਼ ਦੀ ਵਿਦਿਆ ਦਾ ਚਾਨਣ ਫੈਲਣ ਲੱਗਾ ਤਾਂ ਭਾਰਤ ਦੇ ਹਰ ਭਾਈਚਾਰੇ ਨੂੰ ਅਹਿਸਾਸ ਹੋਇਆ ਕਿ ਜੇ ਉਨ੍ਹਾਂ ਨੇ ਸਮੇਂ ਦੇ ਹਾਣੀ ਬਣ ਕੇ ਕੌਮਾਂਤਰੀ ਮੰਚ 'ਤੇ ਖੜ੍ਹਨ ਦੇ ਨਾਲ-ਨਾਲ ਆਪਣੇ ਅਮੀਰ ਵਿਰਸੇ ਦੀਆਂ ਸ਼ਾਨਾਂਮੱਤੀਆਂ ਰਵਾਇਤਾਂ ਸਾਂਭਣੀਆਂ ਹਨ ਤਾਂ ਆਧੁਨਿਕ ਵਿਦਿਆ ਮੰਦਰ ਦੀ ਉਸਾਰੀ ਜ਼ਰੂਰੀ ਹੈ। 19ਵੀਂ ਸਦੀ ਦੇ ਮਗਰਲੇ ਦਹਾਕਿਆਂ ਦੌਰਾਨ ਵੱਖੋ-ਵੱਖ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ ਪੱਛਮੀ ਤਹਿਜ਼ੀਬ ਦੇ ਸਕੂਲ ਕਾਲਜ ਖੋਲ੍ਹੇ ਗਏ। ਅੰਗਰੇਜ਼ਾਂ ਨੇ ਆਪਣੇ ਰਾਜ-ਭਾਗ ਨੂੰ ਪੱਕਿਆਂ ਕਰਨ ਦੇ ਮਨਸ਼ੇ ਨਾਲ ਭਾਰਤੀ ਆਵਾਮ ਦੀ ਭਾਈਚਾਰਕ ਸਾਂਝ ਵਿਚ ਤਰੇੜਾਂ ਪਾਉਣ ਲਈ ਵੀ ਇਨ੍ਹਾਂ ਨੂੰ ਵਰਤਿਆ।

ਅਜਿਹੇ ਦੌਰ 'ਚ ਵਲੈਤੋਂ ਪੜ੍ਹੇ ਕਪੂਰਥਲੇ ਦੇ ਰਾਜੇ ਜਗਤਜੀਤ ਸਿੰਘ ਨੇ ਹੋਕਾ ਦਿੱਤਾ ਕਿ ਸਿੱਖਾਂ ਨੂੰ ਸਮੇਂ ਦੇ ਹਾਣੀ ਬਣਾਉਣ ਵਾਸਤੇ ਚੰਗੇ ਸਕੂਲਾਂ-ਕਾਲਜਾਂ ਦੀ ਲੋੜ ਹੈ, ਇਕ ਉਚ ਪਾਏ ਦੀ ਵਿਦਿਅਕ ਸੰਸਥਾ ਬਣਾਈ ਜਾਵੇ। 1857 ਦੇ ਗਦਰ ਨੂੰ ਦਬਾਉਣ 'ਚ ਸਿੱਖ ਫੌਜ ਨੇ ਅਹਿਮ ਭੂਮਿਕਾ ਨਿਭਾਈ ਸੀ। ਪੰਜਾਬੀਆਂ ਦੀ ਬਹਾਦਰੀ ਤੋਂ ਪ੍ਰਭਾਵਿਤ ਅੰਗਰੇਜ਼ਾਂ ਨੇ ਇਨ੍ਹਾਂ ਦੀ ਵਫਾਦਾਰੀ ਹੋਰ ਪੱਕੀ ਕਰਨ ਅਤੇ ਸਰਕਾਰੀ ਨੌਕਰੀਆਂ 'ਚ ਇਨ੍ਹਾਂ ਦੀ ਗਿਣਤੀ ਵਧਾਉਣ ਲਈ 1865 'ਚ ਲਾਹੌਰ 'ਚ ਭਾਰਤੀ ਭਾਸ਼ਾਵਾਂ ਤੇ ਅੰਗਰੇਜ਼ੀ ਪੜ੍ਹਾਉਣ ਲਈ ਇਕ ਸਰਕਾਰੀ ਕਾਲਜ ਖੋਲ੍ਹਿਆ। ਇਸ ਕਾਲਜ ਨੇ 1882 'ਚ ਪੰਜਾਬ ਯੂਨੀਵਰਸਿਟੀ ਦਾ ਰੁਤਬਾ ਹਾਸਿਲ ਕੀਤਾ ਸੀ।

ਇਹ ਉਹ ਸਮਾਂ ਸੀ, ਜਦੋਂ ਈਸਾਈ ਧਰਮ ਦੇ ਪ੍ਰਚਾਰ ਨੂੰ ਥੰਮ੍ਹਣ ਲਈ ਬਣੀਆਂ ਆਰੀਆ ਸਮਾਜ ਲਹਿਰ ਅਤੇ ਇਸਲਾਮੀਆ ਜਮਾਤ ਨੇ ਇਕ-ਦੂਜੇ ਦੇ ਖਿਲਾਫ਼ ਹੀ ਫਿਰਕਾਪ੍ਰਸਤੀ ਦਾ ਕੂੜ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ। ਸਿੱਖ ਭਾਈਚਾਰੇ ਵਿਚ ਵੀ ਸਿੰਘ ਸਭਾ ਲਹਿਰ ਅਤੇ ਖਾਲਸਾ ਦੀਵਾਨ ਸੁਸਾਇਟੀ ਵਰਗੀਆਂ ਜਥੇਬੰਦੀਆਂ ਬਣ ਚੁੱਕੀਆਂ ਸਨ। ਜਦ ਲਾਹੌਰ ਦੇ ਸਰਕਾਰੀ ਕਾਲਜ ਵਿਚ ਪੰਜਾਬੀ ਪੜ੍ਹਾਈ ਦੀ ਗੱਲ ਚੱਲੀ ਤਾਂ ਕੱਟੜ ਆਰੀਆ ਸਮਾਜੀਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਪੰਜਾਬੀ ਪੜ੍ਹਾਈ ਲਈ ਵੱਖਰਾ ਵਿਭਾਗ ਨਾ ਬਣਾਇਆ ਜਾਵੇ ਕਿਉਂਕਿ ਪੰਜਾਬੀ ਤਾਂ ਹਿੰਦੀ ਦਾ ਹੀ ਇਕ ਵੱਖਰਾ ਲਹਿਜ਼ਾ ਹੈ। ਇਸ ਨੇ ਪੰਜਾਬੀਆਂ, ਖਾਸ ਕਰਕੇ ਸਿੱਖਾਂ ਦੇ ਚੇਤੰਨ ਵਰਗ 'ਚ ਗੁੱਸੇ ਦੀ ਭਾਵਨਾ ਪੈਦਾ ਕਰ ਦਿੱਤੀ ਅਤੇ ਉਨ੍ਹਾਂ ਆਰੀਆ ਸਮਾਜੀਆਂ ਦੀ ਇਸ ਦਲੀਲ ਦਾ ਡੱਟ ਕੇ ਵਿਰੋਧ ਕੀਤਾ। ਕਾਲਜ ਵਿਚ ਵੱਖਰਾ ਪੰਜਾਬੀ ਵਿਭਾਗ ਬਣਾਉਣ ਦੇ ਨਾਲ-ਨਾਲ ਆਧੁਨਿਕ ਪੰਜਾਬੀ ਵਿਆਕਰਣ ਤਿਆਰ ਕਰਨ ਵਰਗੇ ਕੰਮ ਆਰੰਭ ਕਰ ਦਿੱਤੇ। ਉਸ ਵਕਤ ਕੁਝ ਸਿੱਖ ਆਗੂਆਂ ਨੇ ਪੰਜਾਬੀ ਦੀ ਸਲਾਮਤੀ ਲਈ ਬੜਾ ਅਹਿਮ ਰੋਲ ਨਿਭਾਇਆ। ਅਤਰ ਸਿੰਘ ਭਦੌੜ ਨੇ ਪੰਜਾਬੀ ਦੀ ਪੜ੍ਹਾਈ ਲਈ ਨਿਰੋਲ ਗੁਰਮੁਖੀ ਲਿਪੀ 'ਚ 389 ਪੁਸਤਕਾਂ ਤਿਆਰ ਕਰਵਾਈਆਂ।

ਬਾਕੀ ਭਾਰਤੀ ਸਮਾਜ ਵਾਂਗ ਪੰਜਾਬੀ ਭਾਈਚਾਰੇ ਵਿਚ ਵੀ ਮਜ਼ਹਬੀ ਵੰਡੀਆਂ ਤਿੱਖੀਆਂ ਹੋ ਰਹੀਆਂ ਸਨ। ਪੰਜਾਬੀ ਭਾਸ਼ਾ ਵੀ ਗੁਰਮੁਖੀ, ਸ਼ਾਹਮੁਖੀ, ਦੇਵਨਾਗਰੀ ਤੇ ਰੋਮਨ ਲਿਪੀਆਂ 'ਚ ਵੰਡੀ ਗਈ ਪਰ ਭਾਸ਼ਾ ਦੀ ਸਲਾਮਤੀ ਲਈ ਪੰਜਾਬੀ ਹਿਤੈਸ਼ੀਆਂ ਨੇ ਜਿਸ ਤਰ੍ਹਾਂ ਮਜ਼ਹਬੀ ਵਿਤਕਰਿਆਂ ਤੋਂ ਉਪਰ ਉਠ ਕੇ ਏਕਾ ਕੀਤਾ, ਉਹ ਮੁੜ ਕਦੇ ਨਹੀਂ ਹੋ ਸਕਿਆ। ਲਾਹੌਰ ਦੇ ਸਰਕਾਰੀ ਕਾਲਜ 'ਚ ਪੰਜਾਬੀ ਵਿਭਾਗ ਬਣਿਆ ਅਤੇ ਇਸ ਦਾ ਪਹਿਲਾ ਪ੍ਰੋਫੈਸਰ ਲਾਇਆ ਗਿਆ ਭਾਈ ਗੁਰਮੁੱਖ ਸਿੰਘ ਨੂੰ।

ਸਰਕਾਰ ਨੇ 14 ਅਕਤੂਬਰ 1882 ਨੂੰ ਭਾਵੇਂ ਸਰਕਾਰੀ ਕਾਲਜ ਨੂੰ ਪੰਜਾਬ ਯੂਨੀਵਰਸਿਟੀ ਦਾ ਦਰਜਾ ਦੇ ਦਿੱਤਾ ਪਰ ਮਜ਼ਹਬੀ ਧੜੇ ਇਸ ਤੋਂ ਖੁਸ਼ ਨਹੀਂ ਸਨ ਕਿਉਂਕਿ ਉਥੇ ਇਹ ਮਜ਼ਹਬੀ ਪ੍ਰਚਾਰ ਉਸ ਤਰ੍ਹਾਂ ਨਹੀਂ ਕਰ ਸਕਦੇ ਸਨ ਜਿਸ ਤਰ੍ਹਾਂ ਉਹ ਚਾਹੁੰਦੇ ਸਨ। 1886 'ਚ ਆਰੀਆ ਸਮਾਜੀਆਂ ਨੇ ਲਾਹੌਰ 'ਚ 'ਆਰੀਆ ਸਮਾਜ ਓਪਨ ਯੂਨੀਵਰਸਿਟੀ ਆਫ਼ ਵੈਸਟਰਨ ਸਾਇੰਸ' ਬਣਾ ਲਈ। ਉਧਰ ਈਸਾਈ ਅਤੇ ਇਸਲਾਮਿਕ ਕਾਲਜ ਵੀ ਲਾਹੌਰ 'ਚ ਬਣਨ ਲੱਗੇ। ਦੇਸ਼ ਵਿਚ ਪਹਿਲਾਂ ਹੀ ਹਿੰਦੂ, ਇਸਲਾਮਿਕ ਤੇ ਈਸਾਈ ਸਕੂਲਾਂ ਦੀ ਬਹੁਤਾਤ ਹੋਣ ਕਰਕੇ ਇਨ੍ਹਾਂ ਮਜ਼ਹਬਾਂ ਦੇ ਗੱਭਰੂ ਵੱਡੀ ਗਿਣਤੀ 'ਚ ਸਰਕਾਰੀ ਨੌਕਰੀਆਂ ਕਰ ਰਹੇ ਸਨ। ਜ਼ਿਆਦਾਤਰ ਖੇਤੀ ਖੇਤਰ ਨਾਲ ਜੁੜੇ ਸਿੱਖ ਗੱਭਰੂਆਂ 'ਚ ਇਸ ਨਾਲ ਬੇਚੈਨੀ ਵੀ ਵਧ ਰਹੀ ਸੀ। ਅਜਿਹੇ ਹਾਲਾਤ 'ਚ ਸਿੰਘ ਸਭਾ ਲਹਿਰ ਅਤੇ ਖਾਲਸਾ ਦੀਵਾਨ ਸੁਸਾਇਟੀ ਨੇ ਖਾਲਸਾ ਕਾਲਜ ਬਣਾਉਣ ਲਈ ਪ੍ਰਚਾਰ ਤਿੱਖਾ ਕਰ ਦਿੱਤਾ, ਜੋ ਖਾਲਸਾ ਕਾਲਜ ਦੀ ਸਥਾਪਤੀ ਲਈ ਕਾਰਗਰ ਸਾਬਿਤ ਹੋਇਆ।

ਕਾਲਜ ਦੀ ਵਿਉਂਤਬੰਦੀ ਤੋਂ ਲੈ ਕੇ ਉਸਾਰੀ ਤੱਕ ਸਭ ਕੰਮ ਭਾਵੇਂ ਸਿੱਖ ਭਾਈਚਾਰੇ ਨੇ ਕੀਤਾ ਪਰ ਗੈਰ-ਸਿੱਖਾਂ ਦੇ ਯੋਗਦਾਨ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਕਾਲਜ ਦੀ ਸਥਾਪਤੀ ਖਾਤਿਰ ਕਪੂਰਥਲੇ ਵਾਲੇ ਰਾਜੇ ਜਗਤਜੀਤ ਸਿੰਘ ਦੇ ਉਦਮ ਸਦਕਾ 1890 'ਚ ਪੰਜਾਬ ਦੇ ਸਮਾਜਿਕ ਤੇ ਧਾਰਮਿਕ ਮੋਹਰੀਆਂ ਅਤੇ ਬੁੱਧੀਜੀਵੀਆਂ ਦੀਆਂ ਕਈ ਬੈਠਕਾਂ ਹੋਈਆਂ। ਦਸੰਬਰ 1890 'ਚ ਲਾਹੌਰ ਦੇ ਸਰਕਾਰੀ ਕਾਲਜ ਦੀ ਅਹਿਮ ਬੈਠਕ ਵਿਚ, ਕਾਲਜ ਦੀ ਸਥਾਪਨਾ ਲਈ 121 ਮੈਂਬਰਾਂ ਦੀ ਕਮੇਟੀ ਬਣਾਈ ਗਈ। ਪੰਜਾਬ ਸਰਕਾਰ ਦੇ ਪਬਲਿਕ ਇੰਸਟਰੱਕਟਰ ਡਾਇਰੈਕਟਰ ਆਰ.ਐਮ. ਹੋਲਯਾਡ ਨੂੰ ਇਸ ਦਾ ਪ੍ਰਧਾਨ ਅਤੇ ਗੌਰਮਿੰਟ ਕਾਲਜ ਲਾਹੌਰ ਦੇ ਪ੍ਰਿੰਸੀਪਲ ਡਾ. ਡਬਲਯੂ ਬਿੱਲ ਨੂੰ ਇਸ ਦਾ ਸਕੱਤਰ ਥਾਪਿਆ ਗਿਆ। ਸਭ ਵਿਤਕਰਿਆਂ ਤੋਂ ਉਪਰ ਉਠ ਕੇ ਗੁਰੂ ਆਸ਼ੇ ਮੁਤਾਬਿਕ ਵਿਦਿਆ ਦਾ ਚਾਨਣ ਫੈਲਾਉਣ ਅਤੇ ਪੰਜਾਬੀ ਸੱਭਿਆਚਾਰ ਦੀ ਸਲਾਮਤੀ ਲਈ ਕਾਲਜ ਦਾ ਸੰਵਿਧਾਨ ਤਿਆਰ ਕਰਨ ਵਾਸਤੇ ਇੰਗਲੈਂਡ ਦੇ ਵਿਦਿਆ ਸ਼ਾਸਤਰੀ ਡਾ. ਫੈਡਰਿਕ ਪਿੰਕੋਟ ਦੀਆਂ ਸੇਵਾਵਾਂ ਲਈਆਂ ਗਈਆਂ। ਕਮੇਟੀ ਵਿਚ ਸ਼ਾਮਲ ਸਰ ਅਤਰ ਸਿੰਘ ਅੰਮ੍ਰਿਤਸਰ, ਗੁਰਦਿਆਲ ਸਿੰਘ ਮਾਨ, ਦੀਵਾਨ ਗੁਰਮੁੱਖ ਸਿੰਘ, ਸਰਦਾਰ ਜਵਾਹਰ ਸਿੰਘ, ਰਾਜਾ ਰਜਿੰਦਰ ਸਿੰਘ ਪਟਿਆਲਾ, ਰਾਜਾ ਹੀਰਾ ਸਿੰਘ ਨਾਭਾ, ਰਾਜਾ ਜਗਤਜੀਤ ਸਿੰਘ ਕਪੂਰਥਲਾ, ਭਾਈ ਕਾਹਨ ਸਿੰਘ ਨਾਭਾ, ਪ੍ਰੋ. ਗੁਰਮੁੱਖ ਸਿੰਘ ਤੇ ਮਜੀਠੇ ਵਾਲੇ ਸੁੰਦਰ ਸਿੰਘ ਸ਼ੇਰਗਿੱਲ ਵਰਗੇ ਦੁਮਾਲੜੇ ਬੰਦਿਆਂ ਨੇ ਕਾਲਜ ਦਾ ਬਾਨ੍ਹਣੂੰ ਬੰਨ੍ਹਣ 'ਚ ਅਹਿਮ ਰੋਲ ਨਿਭਾਇਆ। ਇਸ ਦਾ ਨਾਂ 'ਖਾਲਸਾ ਕਾਲਜ' ਰੱਖਣ ਦਾ ਫੈਸਲਾ ਤਾਂ ਸਰਬਸੰਮਤੀ ਨਾਲ ਹੋ ਗਿਆ ਪਰ ਥਾਂ ਅਤੇ ਸ਼ਹਿਰ ਨੂੰ ਲੈ ਕੇ ਕਮੇਟੀ ਵੰਡੀ ਗਈ ਕਿਉਂਕਿ ਰਾਇ ਇਹ ਵੀ ਆਈ ਕਿ ਕਾਲਜ ਅੰਮ੍ਰਿਤਸਰ ਦੀ ਬਜਾਏ ਲਾਹੌਰ 'ਚ ਬਣਾਇਆ ਜਾਵੇ। ਬਹੁਤੇ ਮੈਂਬਰ ਚਾਹੁੰਦੇ ਸਨ ਕਿ ਕਾਲਜ ਅੰਮ੍ਰਿਤਸਰ ਬਣਾਇਆ ਜਾਵੇ।

ਸਰਕਾਰ ਵੀ ਇਹੋ ਚਾਹੁੰਦੀ ਸੀ ਕਿ ਕਾਲਜ, ਅੰਮ੍ਰਿਤਸਰ ਹੀ ਬਣੇ ਕਿਉਂਕਿ ਲਾਹੌਰ 'ਚ ਕਈ ਹੋਰ ਕਾਲਜ ਪਹਿਲਾਂ ਹੀ ਬਣੇ ਹੋਏ ਸਨ। ਜੋ ਲੋਕ ਕਾਲਜ ਅੰਮ੍ਰਿਤਸਰ ਬਣਾਉਣਾ ਚਾਹੁੰਦੇ ਸਨ, ਉਨ੍ਹਾਂ ਦੋ ਸੌ ਮੀਟਰ ਲੰਬੇ ਕਾਗਜ਼ 'ਤੇ ਪੰਜ ਹਜ਼ਾਰ ਦਸਤਖ਼ਤ ਕਰਕੇ ਸਰਕਾਰ ਨੂੰ ਪਟੀਸ਼ਨ ਦਿੱਤੀ ਕਿ ਖਾਲਸਾ ਕਾਲਜ ਅੰਮ੍ਰਿਤਸਰ ਹੀ ਬਣਾਇਆ ਜਾਵੇ। ਪਟੀਸ਼ਨ ਮਿਲਦਿਆਂ ਸਾਰ ਹੀ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਜੇਮਜ਼ ਲਾਇਲ ਨੇ ਕਾਲਜ ਅੰਮ੍ਰਿਤਸਰ ਹੀ ਬਣਾਉਣ ਦਾ ਐਲਾਨ ਕਰ ਦਿੱਤਾ।

ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਖਾਲਸਾ ਕਾਲਜ ਪ੍ਰਬੰਧੀ ਕਮੇਟੀ ਨੇ ਅੰਮ੍ਰਿਤਸਰ-ਲਾਹੌਰ ਮਾਰਗ 'ਤੇ ਰੇਲਵੇ ਸਟੇਸ਼ਨ ਵੱਲ ਦੇ ਪਾਸੇ ਪਿੰਡ ਕੋਟ ਸਈਅਦ ਮਹਿਮੂਦ ਵਿਖੇ 300 ਏਕੜ ਜ਼ਮੀਨ ਖਰੀਦ ਲਈ। ਪਿੰਡ ਦੇ ਜਗੀਰਦਾਰਾਂ ਨੇ ਕੁਝ ਜ਼ਮੀਨ ਬਾਅਦ ਵਿਚ ਕਾਲਜ ਨੂੰ ਦਾਨ ਵੀ ਕੀਤੀ। ਇਸ ਦੇ ਇਵਜ਼ ਵਜੋਂ ਕਮੇਟੀ ਨੇ ਫੈਸਲਾ ਕੀਤਾ ਕਿ ਇਸ ਪਿੰਡ ਦੇ ਪੜ੍ਹਾਕੂਆਂ ਨੂੰ ਕਾਲਜ ਵਿਚ ਕੁਝ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ। ਕਾਲਜ ਦੀ ਪ੍ਰਬੰਧਕ ਕਮੇਟੀ ਨੇ ਸਰਕਾਰੇ-ਦਰਬਾਰੇ ਅਸਰ-ਰਸੂਖ ਵਰਤ ਕੇ ਪਿੰਡ ਦਾ ਨਾਂ ਵੀ ਕਾਲਜ ਦੇ ਨਾਂ 'ਤੇ ਕੋਟ ਖਾਲਸਾ ਤਬਦੀਲ ਕਰਵਾ ਲਿਆ। ਮਾਇਆ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਰਿਆਸਤੀ ਰਾਜਿਆਂ ਨੇ ਸੰਭਾਲੀ। ਮਹਾਰਾਜਾ ਰਜਿੰਦਰ ਸਿੰਘ ਪਟਿਆਲਾ, ਰਾਜਾ ਹੀਰਾ ਸਿੰਘ ਨਾਭਾ ਅਤੇ ਰਾਜਾ ਜਗਤਜੀਤ ਸਿੰਘ ਕਪੂਰਥਲਾ 'ਤੇ ਆਧਾਰਤ ਫਾਇਨਾਂਸ ਕੌਰ ਕਮੇਟੀ ਬਣਾਈ ਗਈ। ਇਹ ਤਿੰਨੇ ਆਪਣੇ ਸਮੇਂ ਵਾਰੋ-ਵਾਰੀ ਕਾਲਜ ਦੇ ਪੈਟਰਨ ਵੀ ਬਣੇ ਪਰ ਫਾਇਨਾਂਸ ਕਮੇਟੀ 'ਚ ਵਾਧਾ ਕੀਤਾ ਗਿਆ। ਉਸਾਰੀ 'ਚ ਮਹਾਰਾਜਾ ਜੀਂਦ ਦਾ ਵੀ ਵੱਡਮੁੱਲਾ ਸਹਿਯੋਗ ਰਿਹਾ। ਬਿਲਡਿੰਗ ਦਾ ਡਿਜ਼ਾਇਨ ਬਣਾਉਣ ਦੀ ਜ਼ਿੰਮੇਵਾਰੀ ਮਾਇਓ ਸਕੂਲ ਆਫ਼ ਆਰਟ, ਲਾਹੌਰ (ਅੱਜ ਕੱਲ੍ਹ ਸਰਕਾਰੀ ਆਰਟ ਕਾਲਜ) ਦੇ ਪ੍ਰਿੰਸੀਪਲ ਰਾਮ ਸਿੰਘ ਨੂੰ ਸੌਂਪੀ ਗਈ। ਰਾਮ ਸਿੰਘ 'ਆਰਡਰ ਆਫ਼ ਵਿਕਟੋਰੀਆ' ਦਾ ਮੈਂਬਰ ਸੀ ਤੇ ਉਸ ਦਾ ਬਾਕਿੰਘਮ ਪੈਲਿਸ ਬਣਾਉਣ 'ਚ ਕਾਫ਼ੀ ਯੋਗਦਾਨ ਸੀ।

ਪ੍ਰਿੰ. ਰਾਮ ਸਿੰਘ ਨੇ ਆਪਣੇ ਸਾਥੀ ਇੰਜੀਨੀਅਰ ਧਰਮ ਸਿੰਘ ਘੜਚੱਕੀਏ ਦੀ ਮਦਦ ਨਾਲ ਇਮਾਰਤ ਦਾ ਨਕਸ਼ਾ ਅਤੇ ਬਾਹਰੀ ਦਿੱਖ ਭਾਰਤੀ ਮੁਗਲ ਭਵਨ ਨਿਰਮਾਣ ਕਲਾ ਦੀ ਤਰਜ਼ 'ਤੇ ਤਿਆਰ ਕੀਤੀ। ਭਾਰਤੀ ਅਤੇ ਮੁਗਲ ਕਲਾ ਦੇ ਸੁਮੇਲ ਵਾਲੀ ਕਾਲਜ ਦੀ ਇਹ ਇਮਾਰਤ ਅੱਜ ਵੀ ਭਾਰਤ ਦੀਆਂ ਨਾਮੀ ਤੇ ਇਤਿਹਾਸਕ ਇਮਾਰਤਾਂ 'ਚ ਆਉਂਦੀ ਹੈ। ਇਸ ਦੀ ਬਣਤਰ ਕਈ ਨਾਮੀ ਰਾਜਿਆਂ ਦੇ ਮਹਿਲਾਂ ਨੂੰ ਮਾਤ ਪਾਉਂਦੀ ਹੈ। ਮੁੱਖ ਇਮਾਰਤ ਤੋਂ ਬਿਨਾ ਹੋਸਟਲਾਂ, ਪ੍ਰਯੋਗਸ਼ਾਲਾਵਾਂ, ਗੁਰਦੁਆਰੇ, ਸਕੂਲ ਅਤੇ ਅਧਿਆਪਕਾਂ ਦੇ ਕੁਆਰਟਰਾਂ ਨੂੰ ਵੀ ਇਸ ਪੈਟਰਨ 'ਤੇ ਬਣਾਇਆ ਗਿਆ ਹੈ ਜੋ ਕਿਸੇ ਵੀ ਤਰ੍ਹਾਂ ਲਾਲ ਕਿਲ੍ਹੇ ਤੋਂ ਘੱਟ ਨਹੀਂ। ਕਈ ਭਾਰਤੀ ਤੇ ਵਿਦੇਸ਼ੀ ਫਿਲਮਾਂ ਦੀ ਉਥੇ ਸ਼ੂਟਿੰਗ ਕੀਤੀ ਗਈ ਹੈ।

ਇਸ ਬਹੁਪੱਖੀ ਵਿਦਿਆ ਮੰਦਰ ਦੇ ਸਾਕਾਰ ਕੰਪਲੈਕਸ ਦਾ ਨੀਂਹ ਪੱਥਰ ਪੰਜਾਬ ਦੇ ਗਵਰਨਰ ਸਰ ਜੇਮਜ਼ ਲਾਇਲ ਨੇ 5 ਮਾਰਚ 1892 ਨੂੰ ਪੰਜਾਬੀ ਰਵਾਇਤਾਂ ਮੁਤਾਬਿਕ ਅਤੇ ਸਿੱਖਾਂ ਵੱਲੋਂ ਕੁਝ ਧਾਰਮਿਕ ਰਸਮਾਂ ਪੂਰੀਆਂ ਕਰਨ ਉਪਰੰਤ ਰੱਖਿਆ। ਕਾਲਜ ਦੀ ਪਹਿਲੀ ਕਲਾਸ 22 ਅਕਤੂਬਰ 1893 ਦੇ ਦਿਨ ਅੱਠਵੀਂ ਜਮਾਤ ਤੋਂ ਸ਼ੁਰੂ ਹੋਈ। ਪਹਿਲੀਆਂ ਕਲਾਸਾਂ ਅੰਮ੍ਰਿਤਸਰ ਹਾਲ ਗੇਟ ਦੇ ਨੇੜੇ ਪੰਡਤ ਬਿਹਾਰੀ ਲਾਲ ਦੇ ਘਰ ਸ਼ੁਰੂ ਹੋਈਆਂ। ਕਲਾਸਾਂ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਅਤੇ ਕਲਾਸਾਂ ਸ਼ੁਰੂ ਹੋਣ ਵਾਲੀ ਸਵੇਰ ਹਰਿਮੰਦਰ ਸਾਹਿਬ ਦੇ ਚੋਣਵੇਂ ਕੀਰਤਨੀਆਂ ਨੇ ਆਸਾ ਦੀ ਵਾਰ ਦਾ ਪਾਠ ਕੀਤਾ ਅਤੇ ਕੜਾਹ ਪ੍ਰਸ਼ਾਦ ਵਰਤਾਉਣ ਤੋਂ ਬਾਅਦ ਖਾਲਸਾ ਕਾਲਜ ਦੀਆਂ ਕਲਾਸਾਂ ਰਸਮੀ ਤੌਰ 'ਤੇ ਸ਼ੁਰੂ ਹੋ ਗਈਆਂ।

ਕਾਲਜ ਦੇ ਅਧਿਆਪਕ ਅਤੇ ਅਮਲਾ-ਫੈਲਾ ਸਭ ਵੰਡੀਆਂ ਤੋਂ ਉਪਰ ਉਠ ਕੇ ਲਿਆਕਤ ਦੇ ਆਧਾਰ 'ਤੇ ਰੱਖੇ ਗਏ। ਸ਼ੁਰੂ 'ਚ ਕੇਵਲ ਗਿਣਤੀ ਦੇ ਹੀ ਸਿੱਖ ਅਧਿਆਪਕ ਸਨ; ਬਾਕੀ ਸਭ ਗੈਰ-ਸਿੱਖ ਹੀ ਸਨ। ਕਾਲਜ ਦੇ ਪਹਿਲੇ ਪ੍ਰਿੰਸੀਪਲ ਬਣੇ ਇੰਗਲੈਂਡ ਦੇ ਨਾਮਵਰ ਵਿਦਿਆ ਸ਼ਾਸਤਰੀ ਡਾ. ਜੌਹਨ ਕੈਂਪਬੈਲ, ਤੇ ਉਨ੍ਹਾਂ ਨਾਲ ਵਾਇਸ ਪ੍ਰਿੰਸੀਪਲ ਸਨ ਅਫ਼ਗਾਨ ਸਿੱਖ ਕਿਸ਼ਨ ਸਿੰਘ ਕਪੂਰ ਕਾਬੁਲ ਵਾਲੇ ਜੋ ਬਾਅਦ ਕਾਲਜ ਦੇ ਪਹਿਲੇ ਸਿੱਖ ਪ੍ਰਿੰਸੀਪਲ ਬਣੇ।

ਖਾਲਸਾ ਕਾਲਜ ਨੇ 'ਸਰਬੱਤ ਦੇ ਭਲੇ' ਵਾਲੀ ਸੋਚ ਨਾਲ ਸਮੁੱਚੀ ਮਨੁੱਖਤਾ ਦੀ ਸੇਵਾ ਦੇ ਨਾਲ ਗੁਰੂ ਨਾਨਕ ਦੇ ਸਰਬ ਸਾਂਝੇ ਉਦੇਸ਼ਾਂ ਦੇ ਪ੍ਰਚਾਰ ਅਤੇ ਪੰਜਾਬੀਅਤ ਨੂੰ ਉਭਾਰਨ ਦੇ ਯਤਨ ਕੀਤੇ। ਕਾਲਜ ਵਿਚ ਦਾਖਲਾ ਸਭ ਮਜ਼ਹਬਾਂ ਦੇ ਲੋਕਾਂ ਲਈ ਖੁੱਲ੍ਹਾ ਰੱਖਿਆ ਗਿਆ। ਗੁਰਬਾਣੀ ਅਤੇ ਸਿੱਖ ਧਰਮ ਨਾਲ ਸਬੰਧਤ ਕਲਾਸ ਸਿਰਫ ਉਨ੍ਹਾਂ ਲਈ ਸੀ ਜੋ ਇਸ ਨੂੰ ਪੜ੍ਹਨਾ ਚਾਹੁੰਦੇ ਸਨ। ਪਾਰਦਰਸ਼ੀ ਸੋਚ, ਧਰਮ-ਨਿਰਪੱਖ ਨੀਤੀ ਅਤੇ ਵਿਦਿਅਕ ਉਚ-ਪੱਧਰ ਨੇ ਇਸ ਨੂੰ ਨਾ ਕੇਵਲ ਪੰਜਾਬ ਦਾ, ਸਗੋਂ ਪੂਰੇ ਦੱਖਣੀ ਏਸ਼ੀਆਈ ਖਿੱਤੇ ਦਾ ਮੋਹਰੀ ਕਾਲਜ ਬਣਾ ਦਿੱਤਾ। ਇਸ ਕਾਲਜ ਵਿਚ ਪੜ੍ਹੇ ਮੁਲਖ ਰਾਜ ਅਨੰਦ (ਅੰਗਰੇਜ਼ੀ ਸਾਹਿਤਕਾਰ), ਬੀ ਆਰ ਚੋਪੜਾ (ਫਿਲਮਸਾਜ਼), ਜਰਨਲਿਸਟ ਬਹਾਦਰ, ਇਤਿਹਾਸਕਾਰ ਲਤੀਫ਼, ਜੀ.ਆਰ. ਸੇਠੀ, ਆਰ.ਸੀ. ਪਾਲ, ਬੀ. ਨੇਕੀ, ਸ਼ਹਿਜ਼ਾਦਾ ਖੁਰਮ ਤੇ ਰਾਮ ਸਰੂਪ ਪਾਸੀ ਵਰਗੇ ਸੈਂਕੜੇ ਗੈਰ-ਸਿੱਖ ਵਿਦਿਆਰਥੀਆਂ ਨੇ ਪੰਜਾਬ ਅਤੇ ਪੰਜਾਬੀਅਤ ਨੂੰ ਕੌਮਾਂਤਰੀ ਪੱਧਰ 'ਤੇ ਮਾਣ ਦਿਵਾਇਆ।

ਕਾਲਜ ਬਣਾਉਣ ਸਮੇਂ ਪ੍ਰਬੰਧਕਾਂ ਨੇ ਐਲਾਨ ਕੀਤਾ ਸੀ ਕਿ ਕਾਲਜ ਨੂੰ ਕੇਵਲ ਅਕਾਦਮਿਕ ਪੱਧਰ ਤਕ ਹੀ ਸੀਮਤ ਨਹੀਂ ਰੱਖਣਾ, ਸਗੋਂ ਸਮੁੱਚੀ ਮਨੁੱਖਤਾ ਦੇ ਬਹੁ-ਪੱਖੀ ਵਿਕਾਸ ਅਤੇ ਪੰਜਾਬੀ ਸਭਿਆਚਾਰ ਤੇ ਸਿੱਖੀ ਦੇ ਸਰਬ-ਵਿਆਪੀ ਕਲਿਆਣਕਾਰੀ ਉਪਦੇਸ਼ਾਂ ਦੇ ਪ੍ਰਚਾਰ ਕੇਂਦਰ ਵਜੋਂ ਵਿਕਸਤ ਕਰਨਾ ਹੈ; ਇਸ ਗੱਲ 'ਤੇ ਪਹਿਰਾ ਵੀ ਦਿੱਤਾ ਗਿਆ। ਮਸਲਨ, ਜਦੋਂ ਪੰਜਾਬ ਦੇ ਗੱਭਰੂਆਂ 'ਚ ਫੌਜ 'ਚ ਜਾਣ ਦਾ ਰੁਝਾਨ ਤਿੱਖਾ ਹੋਇਆ ਤਾਂ ਪ੍ਰਬੰਧਕਾਂ ਨੇ ਪੰਜਾਬੀਆਂ ਨੂੰ ਫੌਜ ਵਿਚ ਉਚ ਅਫ਼ਸਰ ਬਣਾ ਕੇ ਭੇਜਣ ਦੇ ਇਰਾਦੇ ਨਾਲ ਕਾਲਜ 'ਚ ਮਿਲਟਰੀ ਸਾਇੰਸ ਦਾ ਵਿਭਾਗ ਬਣਾਇਆ। ਸੋ, ਅੱਜ ਵੀ ਇਹ ਕਾਲਜ ਪੰਜਾਬ ਦਾ ਇਕੱਲਾ ਅਤੇ ਭਾਰਤ ਦੇ ਚੋਣਵੇਂ ਕਾਲਜਾਂ ਵਿਚੋਂ ਹੈ, ਜਿਥੇ ਮਿਲਟਰੀ ਸਾਇੰਸ ਪੜ੍ਹਾਈ ਜਾਂਦੀ ਹੈ। ਪੁਰਾਤਨ ਸੰਗੀਤ ਰਵਾਇਤਾਂ ਨੂੰ ਸਾਂਭਣ ਅਤੇ ਲੋਕ ਗੀਤਾਂ, ਲੋਕ ਸਾਜ਼ਾਂ ਨੂੰ ਉਭਾਰਨ ਲਈ ਸੰਗੀਤ ਤੇ ਡਰਾਮਾ ਵਿਭਾਗ ਬਣਾਏ। ਖਿਡਾਰੀਆਂ ਨੂੰ ਆਧੁਨਿਕ ਸਹੂਲਤਾਂ ਦਿਵਾਈਆਂ ਜਿਸ ਦੀ ਬਦੌਲਤ ਸੈਂਕੜੇ ਉਲੰਪਿਕ, ਕਾਮਨਵੈਲਥ ਅਤੇ ਏਸ਼ੀਅਨ ਚੈਂਪੀਅਨ ਪੈਦਾ ਹੋਏ। ਕਰਤਾਰ ਪਹਿਲਵਾਨ, ਏਸ਼ੀਆ ਦਾ ਨਵਾਂ ਰਿਕਾਰਡ ਸਿਰਜ ਕੇ ਉਲੰਪਿਕ 'ਚੋਂ ਪੰਜਵਾਂ ਸਥਾਨ ਹਾਸਿਲ ਕਰਨ ਵਾਲਾ ਅਥਲੀਟ ਗੁਰਬਚਨ ਰੰਧਾਵਾ, ਮਹਾਂਭਾਰਤ ਸੀਰੀਅਲ ਦਾ ਭੀਮ ਬਣਿਆ, ਕਾਮਨਵੈਲਥ ਜੇਤੂ ਪ੍ਰਵੀਨ ਕੁਮਾਰ; ਦੁਨੀਆਂ 'ਚ ਸਭ ਤੋਂ ਲੰਬਾ ਸਮਾਂ ਗੋਲਾ ਸੁੱਟਣ ਵਾਲਿਆਂ 'ਚੋਂ ਇਕ ਏਸ਼ੀਆ ਜੇਤੂ ਬਹਾਦਰ ਸਿੰਘ ਵਰਗੇ ਕਾਲਜ ਦੇ ਖਿਡਾਰੀਆਂ ਦੀ ਲੜੀ ਬਹੁਤ ਲੰਬੀ ਹੈ ਤਾਂ ਕੌਮਾਂਤਰੀ ਪਿੜ 'ਚ ਭਾਰਤ ਦਾ ਨਾਂ ਉਚਾ ਕਰਨ ਵਾਲਿਆਂ

***ਇਸ ਕਾਲਜ ਨੇ ਕਿਸੇ ਕਰਤਾਰ ਨੂੰ ਰੁਸਤਮ-ਏ-ਹਿੰਦ ਅਤੇ ਕਿਸੇ ਰਜਿੰਦਰ ਸਿੰਘ ਨੂੰ ਜਨਰਲ ਸਪੈਰੋ ਬਣਾਇਆ। ਸੰਤ ਸਿੰਘ ਸੇਖੋਂ 'ਸਾਹਿਤ ਦੇ ਬਾਬਾ ਬੋਹੜ' ਅਤੇ ਬਹਾਦਰ ਸਿੰਘ 'ਗੋਲੇ ਦਾ ਬਾਬਾ' ਵੀ ਇਥੇ ਹੀ ਬਣੇ। ਪ੍ਰਵੀਨ ਨੂੰ ਭੀਮ, ਭੀਸ਼ਮ ਸਾਹਨੀ ਨੂੰ ਤਮਸ ਤੇ ਇੰਦਰਜੀਤ ਨੂੰ ਇਮਰੋਜ਼, ਕਿਸੇ ਸੋਹਣ ਸਿੰਘ ਨੂੰ ਜੋਸ਼, ਕਿਸੇ ਧੰਨਾ ਸਿੰਘ ਨੂੰ ਗੁਲਸ਼ਨ ਅਤੇ ਕਿਸੇ ਪ੍ਰੀਤਮ ਸਿੰਘ ਨੂੰ ਸਫ਼ੀਰ, ਗੁਰਸ਼ਰਨ ਸਿੰਘ ਨੂੰ ਮੰਨਾ ਸਿੰਘ, ਬਲਵੀਰ ਨੂੰ ਹਾਕੀ ਦਾ ਬਾਦਸ਼ਾਹ ਅਤੇ ਸੁਬੇਗ ਸਿੰਘ ਨੂੰ ਮੁਕਤੀ ਦਾਤਾ ਇਸੇ ਕਾਲਜ ਨੇ ਹੀ ਬਣਾਇਆ। ਸਆਦਤ ਹਸਨ ਨੂੰ ਮੰਟੋ ਬਣਾਉਣ ਵਾਲਾ ਵੀ ਇਹੀ ਕਾਲਜ ਹੈ।***

ਖਿਡਾਰਨਾਂ ਦੀ ਲੜੀ ਵੀ ਛੋਟੀ ਨਹੀਂ।

ਸਰਕਾਰ ਨੇ ਲਾਇਲਪੁਰ 'ਚ ਸਰਕਾਰੀ ਖੇਤੀਬਾੜੀ ਕਾਲਜ ਖੋਲ੍ਹਿਆ ਤਾਂ ਕਿ ਲਾਹੌਰ ਦੇ ਲਹਿੰਦੇ ਪਾਸੇ ਦੇ ਇਲਾਕੇ ਸਾਂਦਲ ਬਾਰ ਵਿਚ ਪੈਦਾਵਾਰ ਵਧਾਈ ਜਾ ਸਕੇ। ਇਸ ਦੇ ਫਾਇਦੇ ਦੇਖ ਕੇ ਖਾਲਸਾ ਕਾਲਜ, ਅੰਮ੍ਰਿਤਸਰ 'ਚ ਖੇਤੀਬਾੜੀ ਵਿਭਾਗ ਬਣਾਇਆ ਗਿਆ। ਉਤਰੀ ਭਾਰਤ ਦੀ ਇਹ ਸਭ ਤੋਂ ਪੁਰਾਣੀ ਖੇਤੀਬਾੜੀ ਸੰਸਥਾ ਹੈ। ਖੇਤੀ ਵਿਭਾਗ ਤੇ ਵਿਦਿਆਰਥੀ ਫਾਰਮ ਅੱਜ ਵੀ ਚੱਲ ਰਹੇ ਹਨ। ਇਸੇ ਤਰ੍ਹਾਂ ਪੰਜਾਬ ਦੇ ਇਤਿਹਾਸ ਦੀ ਖੋਜ ਅਤੇ ਸਾਂਭ ਸੰਭਾਲ ਲਈ ਪੰਜਾਬ ਇਤਿਹਾਸ ਖੋਜ ਵਿਭਾਗ ਸਥਾਪਿਤ ਕੀਤਾ ਜਿਸ ਨੇ ਹਿਸਟੋਰੀਅਨ ਕਰਮ ਸਿੰਘ ਦੇ ਕਾਲ ਦੌਰਾਨ ਕੌਮਾਂਤਰੀ ਪ੍ਰਸਿਧੀ ਹਾਸਿਲ ਕੀਤੀ। ਖਾਲਸਾ ਕਾਲਜ ਬਹੁਤ ਥੋੜ੍ਹੇ ਸਮੇਂ 'ਚ ਨਾ ਕੇਵਲ ਉਚ ਪਾਏ ਦੀ ਵਿਦਿਅਕ ਸੰਸਥਾ ਵਜੋਂ ਤੇ ਨਾ ਕੇਵਲ ਪੰਜਾਬੀਆਂ ਦੇ, ਸਗੋਂ ਸਾਬਤ ਹਿੰਦੋਸਤਾਨ ਦੇ ਮਨੁੱਖੀ ਵਿਕਾਸ ਕੇਂਦਰ ਵਜੋਂ ਉਭਰਿਆ। ਕਾਲਜ ਨੇ ਸੈਂਕੜੇ ਵਿਦਿਆਰਥੀਆਂ ਨੂੰ ਯੋਗਤਾ ਦੇ ਆਧਾਰ 'ਤੇ ਵਿਸ਼ੇਸ਼ ਟਰੇਨਿੰਗ ਅਤੇ ਉਚੀ ਵਿਦਿਆ ਲਈ ਕਈ ਵਿਦੇਸ਼ੀ ਯੂਨੀਵਰਸਿਟੀਆਂ 'ਚ ਆਪਣੇ ਵੱਲੋਂ ਭੇਜਿਆ। ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਦਾ ਨਾਂ ਵੀ ਅਜਿਹੇ ਵਿਦਿਆਰਥੀਆਂ ਦੀ ਲੜੀ 'ਚ ਸ਼ਾਮਲ ਹੈ। ਆਜ਼ਾਦੀ ਦੀ ਲੜਾਈ ਤੋਂ ਲੈ ਕੇ ਸੰਤਾਲੀ ਦੀ ਵੰਡ ਅਤੇ ਇਸ ਤੋਂ ਪਿੱਛੋਂ ਪੰਜਾਬ ਵਿਚ ਚੱਲੀ ਹਰ ਲਹਿਰ ਤੇ ਕਹਿਰ ਨੂੰ ਖਾਲਸਾ ਕਾਲਜ ਨੇ ਨਾ ਕੇਵਲ ਗਵਾਹ ਬਣ ਕੇ ਦੇਖਿਆ ਸਗੋਂ ਇਨ੍ਹਾਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਹੈ। ਸੰਤਾਲੀ ਦੀ ਵੰਡ ਵੇਲੇ ਲਹਿੰਦੇ ਪੰਜਾਬ 'ਚੋਂ ਉਜੜ ਕੇ ਆਏ ਬਹੁਤੇ ਹਿੰਦੂਆਂ ਤੇ ਸਿੱਖਾਂ ਲਈ ਸਭ ਤੋਂ ਪਹਿਲੀ ਠਾਹਰ ਖਾਲਸਾ ਕਾਲਜ ਅੰਮ੍ਰਿਤਸਰ ਹੀ ਬਣਿਆ। ਉਜਾੜੇ ਦੇ ਸ਼ਿਕਾਰ ਲੋਕਾਂ ਲਈ ਸਭ ਤੋਂ ਪਹਿਲਾ ਅਤੇ ਵੱਡਾ ਪਨਾਹਗੀਰ ਕੈਂਪ ਖਾਲਸਾ ਕਾਲਜ 'ਚ ਹੀ ਲੱਗਿਆ। ਜਿਨ੍ਹਾਂ ਲੋਕਾਂ ਨੇ ਇਸ ਕੈਂਪ 'ਚ ਦਿਨ-ਕਟੀ ਕੀਤੀ, ਉਹ ਅੱਜ ਵੀ ਖਾਲਸਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਕੀਤੀ ਟਹਿਲ ਸੇਵਾ ਦੀਆਂ ਕਹਾਣੀਆਂ ਪਾਉਂਦੇ ਹਨ। ਖੁਸ਼-ਹੈਸੀਅਤ ਟੈਕਸ ਵਿਰੋਧੀ ਮੋਰਚਾ ਹੋਵੇ ਜਾਂ ਪੰਜਾਬੀ ਸੂਬੇ ਦਾ ਮੋਰਚਾ ਹੋਵੇ; ਨਕਸਲਬਾੜੀ ਲਹਿਰ ਹੋਵੇ ਜਾਂ ਖਾਲਿਸਤਾਨੀ ਲਹਿਰ; ਖਾਲਸਾ ਕਾਲਜ ਦੇ ਵਿਦਿਆਰਥੀ ਨਾ ਸਗੋਂ ਇਨ੍ਹਾਂ ਦੇ ਪ੍ਰਭਾਵ 'ਚ ਆਏ ਸਗੋਂ ਸ਼ਿੱਦਤ ਨਾਲ ਇਨ੍ਹਾਂ ਦਾ ਹਿੱਸਾ ਬਣੇ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਲਹਿਰਾਂ ਤੇ ਮੋਰਚਿਆਂ ਨੂੰ ਉਭਾਰਨ ਵਾਲੀ ਵੀ ਅਤੇ ਦਬਾਉਣ ਵਾਲੀ ਧਿਰ ਦੇ ਆਗੂ ਵੀ ਖਾਲਸਾ ਕਾਲਜ ਦੀ ਹੀ ਉਪਜ ਸਨ। ਮਸਲਨ, ਖੁਸ਼-ਹੈਸੀਅਤ ਟੈਕਸ ਵਿਰੋਧੀ ਮੋਰਚੇ ਦਾ ਆਗੂ ਅੱਛਰ ਸਿੰਘ ਛੀਨਾ ਅਤੇ ਮੋਰਚੇ ਨੂੰ ਕੁਚਲਣ ਵਾਲਾ ਪ੍ਰਤਾਪ ਸਿੰਘ ਕੈਰੋਂ ਇਕ ਸਮੇਂ ਕਾਲਜ ਦੇ ਵਿਦਿਆਰਥੀ ਰਹੇ ਸਨ; ਜਿਵੇਂ ਪੰਜਾਬ 'ਚ ਚੱਲੀ ਖਾੜਕੂ ਲਹਿਰ 'ਚ ਭਾਈ ਅਮਰੀਕ ਸਿੰਘ ਤੋਂ ਲੈ ਕੇ ਸੁੱਖਾ, ਜਿੰਦਾ ਤੱਕ; ਸਭ ਖਾਲਸਾ ਕਾਲਜ ਦੇ ਵਿਦਿਆਰਥੀ ਸਨ। ਦੂਜੇ ਪਾਸੇ, ਇਨ੍ਹਾਂ ਨੂੰ ਖਤਮ ਕਰਨ ਵਾਲੇ ਅਜੀਤ ਸਿੰਘ ਸੰਧੂ ਵਰਗੇ ਕਈ ਪੁਲਿਸ ਅਫਸਰ ਵੀ ਇਸੇ ਕਾਲਜ ਤੋਂ ਹੀ ਸਨ।

ਮਰਨ-ਮਾਰਨ ਦੇ ਦੌਰ 'ਚ ਵੀ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਨਾ ਸਭਿਆਚਾਰਕ ਸਰਗਰਮੀਆਂ ਤੇ ਨਾ ਲੋਕ ਸੇਵਾ ਦੇ ਕਾਰਜ ਮੱਠੇ ਪੈਣ ਦਿੱਤੇ। 1965 ਤੇ 1971 ਦੀਆਂ ਜੰਗਾਂ 'ਚ ਕਾਲਜ ਦੇ ਵਿਦਿਆਰਥੀਆਂ ਨੇ ਜਿਵੇਂ ਸਰਹੱਦੀ ਪਿੰਡਾਂ ਦੇ ਲੋਕਾਂ ਦੀ ਰਾਖੀ ਤੇ ਸਾਂਭ-ਸੰਭਾਲ ਕੀਤੀ, ਉਹ ਦੁਨੀਆਂ ਦੀਆਂ ਵਿਰਲੀਆਂ ਵਿਦਿਅਕ ਸੰਸਥਾਵਾਂ ਦੇ ਹਿੱਸੇ ਆਈ ਹੋਵੇਗੀ। ਕਾਲਜ ਨੇ ਸਮੇਂ ਦੀਆਂ ਲੋੜਾਂ ਮੁਤਾਬਿਕ ਕਈ ਨਵੇਂ ਵਿਸ਼ੇ ਚਾਲੂ ਕੀਤੇ। ਮਸਲਨ, ਖਾੜਕੂ ਲਹਿਰ ਦੇ ਅਖੀਰਲੇ ਵਰ੍ਹਿਆਂ 'ਚ ਕੰਪਿਊਟਰ ਸਾਇੰਸ ਦਾ ਨਵਾਂ ਵਿਸ਼ਾ ਚਾਲੂ ਕੀਤਾ ਗਿਆ। ਉਨ੍ਹਾਂ ਦਿਨਾਂ 'ਚ ਹੀ ਸਾਹਿਤਕਾਰ ਅਤੇ ਸਿਹਤ ਵਿਗਿਆਨੀ ਡਾ. ਜਸਵੰਤ ਸਿੰਘ ਨੇਕੀ ਅੰਮ੍ਰਿਤਸਰ ਆਏ। ਉਹ ਕਹਿ ਰਹੇ ਸਨ ਕਿ 'ਜਿੰਨੀਆਂ ਮਰਜ਼ੀ ਔਕੜਾਂ ਹੋਣ, ਇਸ ਕਾਲਜ ਨੇ ਕਦੇ ਆਸ ਦਾ ਪੱਲਾ ਨਹੀਂ ਛੱਡਿਆ। ਜਦ ਸਭ ਕੁਝ ਲੁੱਟ-ਲੁਟਾ ਕੇ ਉਹ ਸਰਹੱਦ ਪਾਰੋਂ ਆਏ ਸਨ ਤਾਂ ਇਸ ਕਾਲਜ ਦੇ ਪਨਾਹ ਕੈਂਪ ਨੇ ਹੀ ਉਨ੍ਹਾਂ ਦੇ ਸੁਪਨਿਆਂ 'ਚ ਮੁੜ ਰੰਗ ਭਰ ਕੇ ਭਰਪੂਰ ਜ਼ਿੰਦਗੀ ਦੀ ਆਸ ਪੈਦਾ ਕੀਤਾ ਸੀ।'

ਸੰਤਾਲੀ ਦੀ ਵੰਡ ਪਿੱਛੋਂ ਥੋੜ੍ਹੇ ਟਿਕ-ਟਿਕਾਅ ਮਗਰੋਂ ਕੱਟੇ-ਵੱਢੇ ਪੰਜਾਬ ਨੂੰ ਜਦੋਂ ਮਰਹੂਮ ਮਹਿੰਦਰ ਸਿੰਘ ਰੰਧਾਵਾ ਨੇ ਸਮੇਂ ਦੇ ਹਾਣ ਦਾ ਬਣਾਉਣ ਲਈ ਉਪਰਾਲੇ ਸ਼ੁਰੂ ਕੀਤੇ ਤਾਂ ਉਨ੍ਹਾਂ ਨੇ ਕਾਲਜ ਦੇ ਬਹੁ-ਪੱਖੀ ਹੋਣ ਕਰਕੇ ਇਸ ਨੂੰ ਜ਼ਰਾਇਤੀ ਯੂਨੀਵਰਸਿਟੀ ਬਣਾਉਣ ਬਾਰੇ ਸੋਚਿਆ। ਉਨ੍ਹਾਂ ਦਾ ਖਿਆਲ ਸੀ ਕਿ ਇਕ ਤਾਂ ਕਾਲਜ ਪਹਿਲਾਂ ਹੀ ਪੰਜਾਬ ਦੇ ਇਤਿਹਾਸ ਦੀ ਸਾਂਭ-ਸੰਭਾਲ ਅਤੇ ਸਭਿਆਚਾਰ ਲਈ ਕੰਮ ਕਰ ਰਿਹਾ ਹੈ; ਦੂਜਾ, ਇੱਥੇ ਪਹਿਲਾਂ ਹੀ ਖੇਤੀਬਾੜੀ ਵਿਭਾਗ ਹੈ। ਨਵੀਂਆਂ ਖੋਜਾਂ ਲਈ ਕਾਲਜ ਕੋਲ ਆਪਣਾ ਫਾਰਮ ਵੀ ਹੈ। ਪੰਜਾਬ ਦੇ ਉਦੋਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵੀ ਚਾਹੁੰਦੇ ਸਨ ਕਿ ਖੇਤੀਬਾੜੀ ਯੂਨੀਵਰਸਿਟੀ ਉਨ੍ਹਾਂ ਦੇ ਜ਼ਿਲ੍ਹੇ 'ਚ ਹੀ ਬਣੇ, ਪਰ ਬਾਅਦ 'ਚ ਸ੍ਰੀ ਰੰਧਾਵਾ ਨੇ ਇਹ ਵਿਚਾਰ ਇਹ ਸੋਚ ਕੇ ਖੁਦ ਹੀ ਛੱਡ ਦਿੱਤਾ ਕਿ ਇਹ ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰ ਨਾਲ ਬਹੁਤ ਵੱਡਾ ਖਿਲਵਾੜ ਹੋਵੇਗਾ। ਬਾਅਦ ਵਿਚ ਉਨ੍ਹਾਂ ਲੁਧਿਆਣਾ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 'ਚ ਬਣਾਈ ਤੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਖੇਤੀਬਾੜੀ ਵਿਭਾਗ ਉਨ੍ਹਾਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨਾਲ ਜੋੜ ਲਿਆ। ਖਾਲਸਾ ਕਾਲਜ ਦੇ ਨਾਲ ਦੇ ਵਿਹੜੇ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਨ ਮਗਰੋਂ ਵੀ ਕਾਲਜ ਦੇ ਖੇਤੀਬਾੜੀ ਵਿਭਾਗ ਦੀ ਸਾਂਝ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨਾਲ ਹੀ ਹੈ।



*ਬਿਸ਼ਨ ਸਿੰਘ ਬੇਦੀ*

ਕਾਲਜ 'ਤੇ ਸਭ ਤੋਂ ਵੱਡਾ ਹਮਲਾ ਉਸ ਵਕਤ ਹੋਇਆ, ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਦੇ ਇਕ ਧੜੇ ਨਾਲ ਜਨ ਸੰਘ (ਹੁਣ ਭਾਰਤੀ ਜਨਤਾ ਪਾਰਟੀ) ਨਾਲ ਰਲ ਕੇ ਮੁੱਖ ਮੰਤਰੀ ਦੀ ਪਹਿਲੀ ਵਾਰ ਸਹੁੰ ਚੁੱਕੀ ਸੀ। 1969 'ਚ ਗੁਰੂ ਨਾਨਕ ਦੇਵ ਦੇ 500 ਸਾਲਾ ਗੁਰਪੁਰਬ ਮੌਕੇ ਅਕਾਲੀਆਂ ਨੇ ਖਾਲਸਾ ਕਾਲਜ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦਾ ਐਲਾਨ ਕਰ ਦਿੱਤਾ। ਦੂਜੇ ਪਾਸੇ, ਸਰਕਾਰ 'ਚ ਭਾਈਵਾਲ ਜਨ ਸੰਘ ਨੇ ਆਪਣਾ ਹਿੰਦੂਵਾਦੀ ਆਧਾਰ ਖਤਮ ਹੁੰਦਾ ਦੇਖ ਕੇ ਐਲਾਨ ਕਰ ਦਿੱਤਾ ਕਿ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਥਾਂ ਜਲੰਧਰ ਦੇ ਡੀ.ਏ.ਵੀ. ਕਾਲਜ ਨੂੰ ਦਿਆਨੰਦ ਯੂਨੀਵਰਸਿਟੀ ਬਣਾਉਣਗੇ। ਇਸ ਮੁੱਦੇ ਨੂੰ ਲੈ ਕੇ ਅਕਾਲੀਆਂ ਅਤੇ ਜਨ ਸੰਘ 'ਚ ਖੜਕ ਪਈ। ਬਾਅਦ 'ਚ ਦੋਵਾਂ ਦੀ ਭਾਈਵਾਲੀ ਵੀ ਟੁੱਟ ਗਈ। ਉਸ ਵਕਤ ਪੰਜਾਬ ਦੇ ਸਮੂਹ ਬੌਧਿਕ ਹਲਕਿਆਂ ਨੇ ਡੀ.ਏ.ਵੀ. ਕਾਲਜ ਜਾਂ ਖਾਲਸਾ ਕਾਲਜ ਨੂੰ ਯੂਨੀਵਰਸਿਟੀ 'ਚ ਤਬਦੀਲ ਕਰਨ ਦਾ ਤਿੱਖਾ ਵਿਰੋਧ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਯੂਨੀਵਰਸਿਟੀ ਹੀ ਬਣਾਉਣੀ ਹੈ ਤਾਂ ਨਵੀਂ ਥਾਂ ਬਣਾਈ ਜਾਵੇ। ਇਨ੍ਹਾਂ ਦੋਵਾਂ ਸੰਸਥਾਵਾਂ ਦੀ ਪੰਜਾਬ ਦੇ ਇਤਿਹਾਸ ਤੇ ਸਭਿਆਚਾਰ 'ਚ ਵਿਲੱਖਣ ਦੇਣ ਹੈ।

ਖੈਰ! ਪੰਜਾਬ ਦੇ ਬਹੁਤੇ ਲੋਕ ਗੁਰੂ ਨਾਨਕ ਦੇ ਨਾਂ 'ਤੇ ਯੂਨੀਵਰਸਿਟੀ ਬਣਾਉਣ ਦੇ ਹੱਕ 'ਚ ਸਨ ਪਰ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦਾ ਸਭ ਨੇ ਵਿਰੋਧ ਕੀਤਾ। ਸਿੱਟੇ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਖਾਲਸਾ ਕਾਲਜ ਦੇ ਗੁਆਂਢ 'ਚ ਬਣੀ ਅਤੇ ਇਸ ਨੂੰ ਖਾਲਸਾ ਕਾਲਜ ਨੇ ਕੁਝ ਜ਼ਮੀਨ ਵੀ ਦਿੱਤੀ। ਜਦ ਯੂਨੀਵਰਸਿਟੀ ਦੀ ਚਾਰ-ਦੀਵਾਰੀ ਹੋਈ ਤਾਂ ਇਸ ਦੇ ਅਥਲੈਟਿਕਸ ਟਰੈਕ ਵੱਲ ਦੇ ਪਾਸੇ ਯੂਨੀਵਰਸਿਟੀ ਨੇ ਖਾਲਸਾ ਕਾਲਜ ਦੀ ਵਾਧੂ ਜ਼ਮੀਨ 'ਤੇ ਕੰਧ ਉਸਾਰ ਲਈ। ਬਾਅਦ 'ਚ ਕਾਲਜ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਨੇ ਇਹ ਜ਼ਮੀਨ ਕਿਸੇ ਨੂੰ ਵੇਚਣ ਦੀ ਗੱਲ ਤੋਰੀ ਪਰ ਜਦੋਂ ਇਹ ਸਭ ਮਾਮਲਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਧਿਆਨ 'ਚ ਆਇਆ ਤਾਂ ਉਨ੍ਹਾਂ ਉਸ ਦਾ ਹੱਕ ਮੁੜ ਖਾਲਸਾ ਕਾਲਜ ਨੂੰ ਦਿਵਾਇਆ। ਕਿਹਾ ਜਾਂਦਾ ਹੈ ਕਿ ਉਦੋਂ ਵੀ ਇਹ ਸਭ ਕੁਝ ਖਾਲਸਾ ਕਾਲਜ ਦੀ ਜ਼ਮੀਨ ਹੜੱਪਣ ਦੀ ਸਾਜਿਸ਼ ਤਹਿਤ ਹੋਇਆ ਸੀ ਪਰ ਲੋਕਾਂ ਦੇ ਰੋਹ ਅੱਗੇ ਉਸ ਵਕਤ ਦਾ ਭੂਮੀ ਮਾਫੀਆ ਗੋਡੇ ਟੇਕ ਗਿਆ ਸੀ। ਇਹ ਲੋਕਾਂ ਦੇ ਰੋਹ ਦਾ ਹੀ ਸਿੱਟਾ ਸੀ ਕਿ ਯੂਨੀਵਰਸਿਟੀ ਬਣਨ ਤੋਂ ਪਹਿਲਾਂ ਹੀ ਖਾਲਸਾ ਕਾਲਜ ਦੇ ਪ੍ਰਿੰਸੀਪਲ ਬਿਸ਼ਨ ਸਿੰਘ ਸਮੁੰਦਰੀ ਨੂੰ ਯੂਨੀਵਰਸਿਟੀ ਦਾ ਪਹਿਲਾ ਵਾਈਸ ਚਾਂਸਲਰ ਲਾਉਣ ਦਾ ਐਲਾਨ ਕੀਤਾ ਗਿਆ ਸੀ।

ਖਾਲਸਾ ਕਾਲਜ ਨੂੰ ਖਾਲਸਾ ਯੂਨੀਵਰਸਿਟੀ ਬਣਾਉਣ ਦਾ ਜੋ ਚੁੱਕਣ ਹੁਣ ਚੁੱਕਿਆ ਗਿਆ ਹੈ, ਇਹ ਸਿਰਫ਼ ਕਾਲਜ ਦੀ ਕਰੋੜਾਂ ਰੁਪਏ ਦੀ ਜਾਇਦਾਦ ਨੂੰ ਹੜੱਪਣ ਜਾਂ ਕੁਝ ਲੋਕਾਂ ਵੱਲੋਂ ਆਪਣੀ ਮਨਮਰਜ਼ੀ ਨਾਲ ਵਰਤਣ ਦਾ ਮੁਫਾਦ ਲਗਦਾ ਹੈ। ਖਾਲਸਾ ਕਾਲਜ ਅੰਦਰ ਪਹਿਲਾਂ ਹੀ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਚਲਦਾ ਹੈ ਪਰ 1985 'ਚ ਜਦੋਂ 'ਛੋਟੀ ਬਾਦਲ ਰਾਣੀ' ਹਰਸਿਮਰਤ ਕੌਰ ਬਾਦਲ ਦਾ ਬਾਬਾ ਕਮੇਟੀ ਦਾ ਪ੍ਰਧਾਨ ਸੀ ਤਾਂ ਉਸ ਵਕਤ ਖਾਲਸਾ ਕਾਲਜ ਦੇ ਫਾਰਮ ਵਿਚ ਯੂਨੀਵਰਸਿਟੀ ਤੇ ਕਾਲਜ ਦੇ ਵਿਚਕਾਰਲੀ ਥਾਂ 'ਤੇ ਖਾਲਸਾ ਕਾਲਜ ਮਾਡਰਨ ਪਬਲਿਕ ਸਕੂਲ ਬਣਾਇਆ ਗਿਆ। ਇਸ ਸਕੂਲ ਲਈ ਵੱਖਰੀ ਕਮੇਟੀ ਬਣਾਈ ਗਈ ਤੇ ਪ੍ਰਚਾਰ ਕੀਤਾ ਗਿਆ ਕਿ ਇਹ ਸਕੂਲ ਖਾਲਸਾ ਦੀਵਾਨ ਸੁਸਾਇਟੀ, ਅੰਮ੍ਰਿਤਸਰ ਦੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦਾ ਮੁਕਾਬਲਾ ਕਰੇਗਾ ਪਰ ਉਸ ਮੁਕਾਮ ਦਾ ਸਕੂਲ ਇਹ ਕਦੇ ਵੀ ਨਹੀਂ ਬਣ ਸਕਿਆ। ਹਾਂ! ਕਾਲਜ ਦੇ ਕੀਮਤੀ ਫਾਰਮ 'ਤੇ ਵੱਖਰੀ ਕਿਸਮ ਦਾ ਦਾਅਵਾ ਜ਼ਰੂਰ ਹੋ ਗਿਆ। ਇਸ ਨਵੇਂ ਸਕੂਲ ਨੇ ਉਸ ਇਤਿਹਾਸਕ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਨੂੰ ਜ਼ਰੂਰ ਢਾਹ ਲਾਈ।

ਪਿਛਲੇ ਦਿਨੀਂ ਮੁੱਖ ਮੰਤਰੀ ਸ. ਬਾਦਲ ਦਾ ਬਿਆਨ ਆਇਆ ਕਿ ਜੇ ਕਮੇਟੀ ਯੂਨੀਵਰਸਿਟੀ ਬਣਾਉਣਾ ਹੀ ਚਾਹੁੰਦੀ ਹੈ ਤਾਂ ਕਾਲਜ ਦੀ ਪੁਰਾਤਨ ਇਮਾਰਤ ਨੂੰ ਵਰਤੇ ਬਿਨਾ ਨਵੀਂ ਇਮਾਰਤ ਬਣਾ ਲਵੇ, ਕਾਲਜ ਕੋਲ ਬਥੇਰੀ ਜ਼ਮੀਨ ਹੈ ਪਰ ਸੋਚਣ ਵਾਲੀ ਗੱਲ ਹੈ ਕਿ ਇਹ ਕਾਲਜ ਤਾਂ ਪਹਿਲਾਂ ਹੀ ਯੂਨੀਵਰਸਿਟੀ ਤੋਂ ਘੱਟ ਨਹੀਂ। ਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚੋਂ ਖਾਲਸਾ ਕਾਲਜ ਨੂੰ ਖਾਰਜ ਕਰ ਦਿੱਤਾ ਜਾਵੇ ਤਾਂ ਉਸ ਦਾ ਹਾਲ ਅਧਰੰਗ ਦੇ ਕਿਸੇ ਰੋਗੀ ਵਰਗਾ ਹੋ ਜਾਵੇਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਭਾਰਤੀ ਯੂਨੀਵਰਸਿਟੀਆਂ ਦੀ ਕੌਮੀ ਮੌਲਾਨਾ ਆਜ਼ਾਦ ਟਰਾਫ਼ੀ ਜਿੱਤੀ ਹੈ। ਇਸ ਨੂੰ ਸਭ ਤੋਂ ਵੱਧ ਵਾਰ ਇਹ ਟਰਾਫ਼ੀ ਦਿਵਾਉਣ 'ਚ ਖਾਲਸਾ ਕਾਲਜ ਦਾ 60% ਰੋਲ ਹੈ ਤੇ ਬਾਕੀ 40% ਦੂਜੇ ਸਾਰੇ ਕਾਲਜਾਂ ਦਾ ਹੈ। ਸ. ਬਾਦਲ ਅਜੇ ਵੀ ਖਾਲਸਾ ਕਾਲਜ ਦੀ ਹਾਮੀ ਭਰ ਰਹੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਲੋੜਾਂ ਤਾਂ ਪੂਰੀਆਂ ਕਰ ਦੇਣ। ਨਾਮਧਾਰੀ ਵੋਟਾਂ ਬਟੋਰਨ ਦੇ ਮਨਸ਼ੇ ਨਾਲ ਜਿਸ ਦਿਨ ਉਨ੍ਹਾਂ ਇਸ ਯੂਨੀਵਰਸਿਟੀ 'ਚ ਬਾਬਾ ਰਾਮ ਸਿੰਘ ਚੇਅਰ ਬਣਾਉਣ ਦਾ ਐਲਾਨ ਕੀਤਾ ਸੀ ਤਾਂ ਯੂਨੀਵਰਸਿਟੀ ਦਾ ਸਟਾਫ਼ ਹੀ ਕਹਿ ਰਿਹਾ ਸੀ ਕਿ ਪਹਿਲਾਂ, ਪਹਿਲਿਆਂ ਚੇਅਰਾਂ ਨੂੰ ਤਾਂ ਪੈਸੇ ਦੇ ਦਿਓ!

ਭਾਰਤ 'ਚ ਹੁਣ ਵਿਦਿਆ ਦਾ ਵਪਾਰੀਕਰਨ ਹੋ ਗਿਆ ਹੈ। ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹਣ ਦੀ ਖੁੱਲ੍ਹ ਹੋ ਗਈ ਹੈ। ਜਲੰਧਰ ਦੀ ਨਾਮੀ 'ਲਵਲੀ ਸਵੀਟ ਸ਼ਾਪ' ਨੇ ਯੂਨੀਵਰਸਿਟੀ ਬਣਾ ਲਈ ਹੈ। ਕਈ ਹੋਰ ਨੱਥੂ-ਫੱਤੂ ਯੂਨੀਵਰਸਿਟੀਆਂ ਖੋਲ੍ਹ ਰਹੇ ਹਨ। ਹੁਣ ਕਈ ਵੱਡੇ ਸ਼ਹਿਰਾਂ ਦੇ ਕਾਫ਼ੀ ਹਾਊਸਾਂ 'ਚ ਯੂਨੀਵਰਸਿਟੀਆਂ ਬਣੀਆਂ ਹੋਈਆਂ ਹਨ। ਇਹ ਸਭ ਪੈਸਾ ਕਮਾਉਣ ਦਾ ਸਾਧਨ ਮਾਤਰ ਹਨ? ਅਜਿਹੀਆਂ ਪ੍ਰਾਈਵੇਟ ਯੂਨੀਵਰਸਟੀਆਂ ਨਾਲੋਂ ਤਾਂ ਖਾਲਸਾ ਕਾਲਜ ਨੂੰ ਕਾਲਜ ਰੱਖ ਕੇ ਕਿਧਰੇ ਜ਼ਿਆਦਾ ਕੰਮ ਕੀਤਾ ਜਾ ਸਕਦਾ ਹੈ ਅਤੇ ਇਹ ਕਰ ਵੀ ਰਿਹਾ ਹੈ। ਕਾਲਜ ਦੇ ਨਵੇਂ ਬਣੇ ਚੌਧਰੀਆਂ, ਜੋ ਕਦੇ ਖਾਲਸਾ ਕਾਲਜ ਵਿਚ ਪੜ੍ਹੇ ਵੀ ਨਹੀਂ, ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਦੀ ਸਮੁੱਚੇ ਭਾਰਤ ਨੂੰ ਵੱਡੀ ਦੇਣ ਹੈ। ਇਸੇ ਲਈ ਕਦੇ ਮਹਾਤਮਾ ਗਾਂਧੀ ਅਤੇ ਇੰਗਲੈਂਡ ਦੇ ਰਾਜੇ ਐਡਵਾਰਡ ਦੂਜੇ ਨੇ ਇਸ ਇਮਾਰਤ ਸਾਹਮਣੇ ਮੱਥਾ ਟੇਕਿਆ ਸੀ। ਸ਼੍ਰੋਮਣੀ ਕਮੇਟੀ ਦੀ ਰੂਪ-ਰੇਖਾ ਉਲੀਕਣ ਤੋਂ ਲੈ ਕੇ ਇਸ ਦਾ ਸੰਵਿਧਾਨ ਤਿਆਰ ਕਰਨ ਤੱਕ ਦਾ ਸਭ ਕੰਮ ਇਸੇ ਕਾਲਜ ਦੀ ਦੇਣ ਹੈ। ਇਥੋਂ ਤੱਕ ਕਿ ਅਕਾਲੀ ਦਲ ਨੂੰ ਰਾਜਸੀ ਪਾਰਟੀ ਬਣਾਉਣ 'ਚ ਵੀ ਇਸੇ ਕਾਲਜ ਦਾ ਅਹਿਮ ਰੋਲ ਹੈ। ਅਕਾਲੀ ਖੁਦ ਹੀ ਉਸ ਦਰਖਤ ਨੂੰ ਕੱਟਣ ਤੁਰ ਪਏ, ਜਿਸ ਦਾ ਉਹ ਲੰਬੇ ਸਮੇਂ ਤੋਂ ਫਲ ਖਾ ਰਹੇ ਹਨ। ਇਸ ਕਾਲਜ ਨੇ ਅਕਾਲੀਆਂ ਤੋਂ ਬਿਨਾਂ ਭਾਰਤ ਨੂੰ ਬਹੁਤ ਸਾਰੇ ਕੌਮੀ ਆਗੂ ਦਿੱਤੇ ਹਨ, ਜਿਨ੍ਹਾਂ ਵਿਚ ਲੋਕ ਸਭਾ ਦੇ ਦੋ ਸਪੀਕਰ ਅਤੇ ਪੰਜਾਬ ਦੇ ਦੋ ਮੁੱਖ ਮੰਤਰੀ ਵੀ ਸ਼ਾਮਿਲ ਹਨ। ਨਵੀਂ ਦਿੱਲੀ ਦੇ ਮੋਢੀ ਬਿਲਡਰ ਤੇ ਖੁਸ਼ਵੰਤ ਸਿੰਘ ਦੇ ਪਿਤਾ ਸੋਭਾ ਸਿੰਘ ਨੂੰ 'ਸਰ' ਇਸੇ ਕਾਲਜ ਨੇ ਬਣਾਇਆ ਸੀ। ਫਿਲਮਾਂ ਤੇ ਸਾਹਿਤ ਵਾਲਾ ਰਾਜਿੰਦਰ ਸਿੰਘ ਬੇਦੀ ਅਤੇ ਕ੍ਰਿਕਟ ਵਾਲਾ ਬਿਸ਼ਨ ਸਿੰਘ ਬੇਦੀ ਇਸੇ ਕਾਲਜ ਦੀ ਪੈਦਾਵਾਰ ਹਨ। ਅਜਿਹੇ ਨਾਂਵਾਂ ਦੀ ਸੂਚੀ ਬਹੁਤ ਲੰਬੀ ਹੈ ਤੇ ਹਰ ਸਾਲ ਇਹ ਹੋਰ ਲੰਬੀ ਹੋ ਰਹੀ ਹੈ। ਕਾਲਜ ਨੇ ਇਕ ਬਹੁ-ਪੱਖੀ ਕੇਂਦਰ ਵਜੋਂ ਸੈਂਕੜੇ ਗੈਰ-ਵਿਦਿਆਰਥੀਆਂ ਦਾ ਹੁਨਰ, ਕਲਾ ਤੇ ਉਨ੍ਹਾਂ ਦੀ ਸ਼ਖ਼ਸੀਅਤ ਨਿਖਾਰਨ ਦਾ ਕੰਮ ਵੀ ਕੀਤਾ ਹੈ। ਤੇ ਬਾਅਦ 'ਚ ਉਨ੍ਹਾਂ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਿਆ।



*ਮੁਲਕ ਰਾਜ ਅਨੰਦ*

ਮੈਂ ਖੁਦ ਨਾਮਵਰ ਪੰਜਾਬੀ ਮਾਸਿਕ 'ਕੌਮੀ ਸਚਿੱਤਰ ਏਕਤਾ' ਵਿਚ ਪਹਿਲੇ ਪਹਿਰ ਇਥੇ ਹੀ ਲਿਖਣਾ ਸ਼ੁਰੂ ਕੀਤਾ ਸੀ। ਪੜ੍ਹਾਈ, ਸਾਹਿਤ, ਕਲਾ, ਸੰਗੀਤ ਤੇ ਖੇਡਾਂ ਅਤੇ ਹੋਰ ਕਈ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਜਿੰਨੀਆਂ ਸਹੂਲਤਾਂ ਅਤੇ ਮਾਣ ਇਸ ਕਾਲਜ ਨੇ ਦਿੱਤਾ ਹੈ, ਸ਼ਾਇਦ ਹੀ ਕਿਸੇ ਹੋਰ ਸੰਸਥਾ ਨੇ ਦਿੱਤਾ ਹੋਵੇ। ਮੈਂ ਕਈ ਨਾਮੀ ਸੰਸਥਾਵਾਂ ਦਾ ਵਿਦਿਆਰਥੀ ਵੀ ਰਿਹਾ ਪਰ ਖਾਲਸਾ ਕਾਲਜ ਦੇ ਨਵੇਂ ਤੇ ਪੁਰਾਣੇ ਵਿਦਿਆਰਥੀਆਂ ਵਰਗੀ ਸਾਂਝ ਮੈਂ ਕਿਧਰੇ ਨਹੀਂ ਦੇਖੀ। ਮੈਂ ਖੁਦ ਖਾਲਸਾ ਕਾਲਜ ਦੇ ਖੇਡ ਵਿੰਗ ਦਾ ਵਿਦਿਆਰਥੀ ਸੀ। ਪ੍ਰੈਕਟਿਸ ਕਰਦਿਆਂ ਮੇਰੀ ਪਿੱਠ 'ਚ ਨੁਕਸ ਪੈ ਗਿਆ।



*ਰਾਜਿੰਦਰ ਸਿੰਘ ਬੇਦੀ*

ਮੈਂ ਖੇਡਾਂ 'ਚ ਉਹ ਕੁਝ ਨਹੀਂ ਕਰ ਸਕਿਆ ਜਿਸ ਦੀ ਕਾਲਜ ਮੈਥੋਂ ਆਸ ਰੱਖਦਾ ਸੀ। ਇਸ ਗੱਲ ਦਾ ਪਤਾ ਹੁੰਦਿਆਂ ਕਿ ਮੈਂ ਹੁਣ ਖੇਡ ਨਹੀਂ ਸਕਾਂਗਾ, ਕਾਲਜ ਨੇ ਮੇਰੀ ਪੂਰੀ ਦੇਖ-ਭਾਲ ਕਰਵਾਈ। ਕਾਲਜ ਵਿਚ ਇਤਿਹਾਸ ਵਿਭਾਗ ਸਥਾਪਿਤ ਕਰਨ ਵਾਲੇ ਡਾ. ਕਰਮ ਸਿੰਘ ਦੇ ਦਾਮਾਦ ਤੇ ਕੌਮਾਂਤਰੀ ਪ੍ਰਸਿੱਧੀ ਵਾਲੇ ਹੱਡੀਆਂ ਦੇ ਮਾਹਿਰ ਡਾ. ਹਰਦਾਸ ਸਿੰਘ ਸੰਧੂ ਕਾਲਜ ਦੇ ਵਿਦਿਆਰਥੀ ਹੋਣ ਕਰਕੇ ਇਸ ਦੇ ਖਿਡਾਰੀਆਂ ਦਾ ਇਲਾਜ ਆਪਣੇ ਕੋਲੋਂ ਖਰਚਾ ਕਰਕੇ ਕਰਦੇ ਸਨ। ਉਦੋਂ ਉਹ ਮੈਡੀਕਲ ਕਾਲਜ ਵਿਚ ਅਧਿਆਪਕ ਸਨ। ਉਨ੍ਹਾਂ ਦੇ ਕਹਿਣ 'ਤੇ ਕਾਲਜ ਨੇ ਮੇਰੇ ਲਈ ਸਪੈਸ਼ਲ ਹਾਰਡ ਬੈਡ ਅਤੇ ਲੇਜ਼ਰ ਨਾਲ ਪੱਠਿਆਂ (ਮਸਲ) ਨੂੰ ਸੇਕ ਦੇਣ ਲਈ ਸਪੈਸ਼ਲ ਲਾਈਟ ਲਿਆ ਕੇ ਦਿੱਤੀ ਜੋ ਉਦੋਂ ਕਈਆਂ ਦੀ ਪਹੁੰਚ ਤੋਂ ਪਰ੍ਹੇ ਸੀ। ਡਾ. ਸੰਧੂ ਨੇ ਖੇਡ ਮੈਦਾਨ 'ਚ ਜ਼ਖ਼ਮੀ ਹੋਏ ਰਸ਼ਪਾਲ ਦੀ ਸਰਜਰੀ ਕੀਤੀ ਜਿਹੜਾ ਟਾਟਾ ਕੰਪਨੀ ਦਾ ਉਚ ਅਧਿਕਾਰੀ ਬਣ ਚੁੱਕਾ ਸੀ। ਪੰਜਾਬ ਪੁਲਿਸ ਅਧਿਕਾਰੀ ਰਾਜੀਵ ਮੋਹਨ ਅਤੇ ਯੂ.ਪੀ. ਵਾਲਾ ਮਹੇਸ਼ ਫੱਟੜ ਹੋਏ ਤਾਂ ਕਾਲਜ ਨੇ ਪੂਰਾ ਸਾਥ ਦਿੱਤਾ ਤੇ ਡਾ. ਸੰਧੂ ਨੇ ਉਨ੍ਹਾਂ ਨੂੰ ਸਰਜਰੀ ਪਿੱਛੋਂ ਆਪਣੇ ਘਰ ਰੱਖਿਆ। ਅੱਖਾਂ ਦੇ ਕੌਮਾਂਤਰੀ ਮਾਹਿਰ ਡਾ. ਦਲਜੀਤ ਸਿੰਘ ਅਤੇ ਦੰਦਾਂ ਦੇ ਡਾ. ਸਿਕਰੀ, ਖਾਲਸਾ ਕਾਲਜ ਦੇ ਖਿਡਾਰੀਆਂ ਤੇ ਕਲਾਕਾਰਾਂ ਦਾ ਇਲਾਜ ਕੋਲੋਂ ਪੈਸੇ ਖਰਚ ਕੇ ਕਰਿਆ ਕਰਦੇ ਸਨ।

ਜਦੋਂ ਤੋਂ ਕਾਲਜ ਦਾ ਪ੍ਰਬੰਧ ਮੌਜੂਦਾ ਪ੍ਰਬੰਧਕਾਂ ਦੇ ਹੱਥ ਆਇਆ ਹੈ, ਉਦੋਂ ਤੋਂ ਹੀ ਕਾਲਜ ਦੇ ਵੱਕਾਰ ਨੂੰ ਖੋਰਾ ਲੱਗਾ ਹੋਇਆ ਹੈ। ਮੌਜੂਦਾ ਪ੍ਰਿੰਸੀਪਲ ਵੇਲੇ ਤਾਂ ਹੱਦ ਹੀ ਹੋ ਗਈ। ਉਨ੍ਹਾਂ ਆਉਂਦਿਆਂ ਹੀ ਕਲਾਕਾਰਾਂ, ਖਿਡਾਰੀਆਂ ਅਤੇ ਸੰਗੀਤਕਾਰਾਂ ਦੀਆਂ ਸਭ ਸਹੂਲਤਾਂ ਬੰਦ ਕਰ ਦਿੱਤੀਆਂ। ਇਕ ਪਾਸੇ ਉਹ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦੀ ਵਕਾਲਤ ਕਰ ਰਹੇ ਹਨ, ਦੂਜੇ ਪਾਸੇ ਕਹਿ ਰਹਿ ਰਹੇ ਹਨ ਕਿ ਉਹ ਕਲਾਵਾਂ ਨੂੰ ਉਤਸ਼ਾਹਿਤ ਕਰਨ ਨੂੰ ਕੋਈ ਪਹਿਲ ਨਹੀਂ ਦੇਣਗੇ ਸਗੋਂ ਵਿਦਿਆ ਦੇ ਖੇਤਰ 'ਚ ਧਿਆਨ ਕੇਂਦਰਿਤ ਕਰਨ ਵੱਲ ਉਤਸ਼ਾਹਿਤ ਕਰਨਗੇ। ਸੋਚਣ ਵਾਲੀ ਗੱਲ ਹੈ ਕਿ ਇਹ ਕਾਲਜ ਤਾਂ ਬਣਾਇਆ ਹੀ ਇਸ ਲਈ ਸੀ ਕਿ ਇੱਥੇ ਵਿਦਿਆ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਦੀਆਂ ਸਭ ਵੰਨਗੀਆਂ ਨੂੰ ਉਭਾਰਿਆ ਜਾ ਸਕੇ। ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਮੰਟੋ ਵਗੈਰਾ ਨੂੰ ਨਿਖਾਰਨ 'ਚ ਇਸ ਕਾਲਜ ਦੇ ਸਾਹਿਤਕ ਮਾਹੌਲ ਦਾ ਕਾਫ਼ੀ ਵੱਡਾ ਰੋਲ ਹੈ।

ਕਿਹਾ ਜਾਂਦਾ ਹੈ ਕਿ ਪ੍ਰਿੰਸੀਪਲ ਵੱਲੋਂ ਅਜਿਹਾ ਤਾਂ ਕੀਤਾ ਜਾ ਰਿਹਾ ਕਿਉਂਕਿ ਕਾਲਜ ਦੇ ਖਿਡਾਰੀਆਂ ਅਤੇ ਕਲਾਕਾਰਾਂ ਨੇ ਹੀ ਕਾਲਜ ਨੂੰ ਗੂੰਗੀ-ਬਹਿਰੀ ਯੂਨੀਵਰਸਿਟੀ 'ਚ ਤਬਦੀਲ ਕਰਨ ਦਾ ਵਿਰੋਧ ਕੀਤਾ ਸੀ। ਖੇਡਾਂ ਤੇ ਸਰੀਰਕ ਸਿੱਖਿਆ ਦੇ ਇਕ ਅਧਿਆਪਕ ਦੇ ਖਿਲਾਫ਼ ਅਜੇ ਵੀ ਅਨੁਸ਼ਾਸਨ ਭੰਗ ਕਰਨ ਦਾ ਕੇਸ ਦਰਜ ਹੈ ਕਿਉਂਕਿ ਇਹ ਉਸ ਨੂੰ ਹੀ ਵੱਡਾ ਰੋੜਾ ਸਮਝਦੇ ਹਨ। ਦੂਜਾ, ਮੇਰੇ ਪਿੰਡ ਨਾਲ ਦੇ ਪਿੰਡ ਦੇ ਸਾਬਕਾ ਪ੍ਰਿੰ. ਗੁਰਬਖ਼ਸ਼ ਸਿੰਘ ਸ਼ੇਰਗਿੱਲ ਵੀ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦੇ ਹੱਕ 'ਚ ਬਿਆਨ ਦੇ ਰਹੇ ਹਨ। ਪ੍ਰਿੰ. ਸ਼ੇਰਗਿੱਲ ਕਾਲਜ ਦੇ ਸਭ ਤੋਂ ਲੰਬਾ ਸਮਾਂ ਪ੍ਰਿੰਸੀਪਲ ਰਹੇ ਹਨ। ਉਹ ਵੀ ਉਦੋਂ ਜਦੋਂ ਪੰਜਾਬ 'ਚ ਸਰਕਾਰੀ ਤੇ ਗੈਰ-ਸਰਕਾਰੀ ਅਤਿਵਾਦ ਜ਼ੋਰਾਂ 'ਤੇ ਸੀ। ਕਿਹਾ ਜਾਂਦਾ ਹੈ ਕਿ ਉਹ ਆਪਣੇ ਚਾਪਲੂਸ ਸੁਭਾਅ ਤੇ ਰਾਜਨੀਤੀ ਕਰਕੇ ਹੀ ਲੰਬਾ ਸਮਾਂ ਪ੍ਰਿੰਸੀਪਲ ਰਹੇ। ਕਾਲਜ ਦੀ ਜ਼ਮੀਨ ਸਸਤੇ ਭਾਅ ਉਤੇ ਠੇਕੇ 'ਤੇ ਦੇਣ ਦਾ ਵੀ ਰੌਲਾ ਪਿਆ ਸੀ। ਮਜੀਠੀਏ ਵੀ ਅਸਲ 'ਚ ਸ਼ੇਰਗਿੱਲ ਹੀ ਹਨ। ਇਹ ਹੇਜ ਵੀ ਹੈ ਉਨ੍ਹਾਂ ਨੂੰ। ਦੂਜਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਲੱਗਣ ਦਾ ਅਧੂਰਾ ਸੁਪਨਾ ਵੀ ਉਨ੍ਹਾਂ ਦੇ ਹੁੱਝਾਂ ਮਾਰ ਰਿਹਾ ਹੈ। ਉਹ ਸੋਚਦੇ ਹਨ ਕਿ ਸ਼ਾਇਦ ਉਹ ਖਾਲਸਾ ਯੂਨੀਵਰਸਿਟੀ ਬਣਨ ਨਾਲ ਹੀ ਆਪਣੇ ਨਾਂ ਨਾਲ ਚਾਂਸਲਰ ਲਾ ਸਕਣਗੇ।

ਇਕ ਵਾਰ ਹਾਕੀ ਦੇ ਬਾਦਸ਼ਾਹ ਬਲਵੀਰ ਸਿੰਘ ਮਿਲੇ। ਜਦੋਂ ਪਤਾ ਲੱਗਾ ਕਿ ਮੈਂ ਵੀ ਖਾਲਸਾ ਕਾਲਜ ਦਾ ਵਿਦਿਆਰਥੀ ਰਿਹਾ ਹਾਂ ਤਾਂ ਕਹਿਣ ਲੱਗਾ, "ਮੈਂ ਦੁਨੀਆਂ ਘੁੰਮ ਲਈ। ਤਰ੍ਹਾਂ-ਤਰ੍ਹਾਂ ਦੇ ਸ਼ਰਬਤ-ਸੋਢੇ ਪੀ ਕੇ ਦੇਖ ਲਏ, ਪਰ ਪ੍ਰੈਕਟਿਸ ਕਰਨ ਪਿੱਛੋਂ ਕਾਲਜ ਸਾਹਮਣੇ ਲੱਗੇ ਗੁੱਲਮੋਹਰ ਦੇ ਦਰਖਤ ਥੱਲੇ ਲੱਗੇ ਨਲਕੇ ਦੇ ਪਾਣੀ ਵਰਗਾ ਸੁਆਦ ਕਿਸੇ ਸੋਢੇ-ਸ਼ਰਬਤ ਨੇ ਨਹੀਂ ਦਿੱਤਾ। ਸ਼ਾਲਾ! ਇਹ ਸੁਆਦ ਹਮੇਸ਼ਾ ਆਉਂਦਾ ਰਹੇ।"

ਚੇਤੇ ਆ ਰਿਹਾ ਹੈ ਪੰਜਾਬ ਦੇ ਸਟੇਟ ਕੋਚ ਅਜੀਤ ਸਿੰਘ ਦਾ; ਜਿਨ੍ਹਾਂ ਭਾਰਤ ਦੀ ਝੋਲੀ ਅਣਗਿਣਤ ਕੌਮਾਂਤਰੀ ਅਥਲੀਟ ਪਾਏ। ਉਹ ਪਹਿਲਾਂ ਫੌਜ ਤੇ ਫਿਰ ਪੰਜਾਬ ਖੇਡ ਵਿਭਾਗ ਦੇ ਕੋਚ ਸਨ ਪਰ ਫੁੱਟਬਾਲਰ ਜਰਨੈਲ ਸਿੰਘ ਦੇ ਡਾਇਰੈਕਟਰ ਹੋਣ ਵੇਲੇ ਉਨ੍ਹਾਂ ਦੀ ਲਗਨ ਤੇ ਮਿਹਨਤ ਨੂੰ ਦੇਖਦਿਆਂ ਉਨ੍ਹਾਂ ਨੂੰ ਪੱਕਾ ਸੈਂਟਰ ਖਾਲਸਾ ਕਾਲਜ ਹੀ ਦਿੱਤਾ ਹੋਇਆ ਸੀ। ਸੇਵਾ ਮੁਕਤ ਹੋਣ ਪਿੱਛੋਂ ਵੀ ਕਾਲਜ ਨੇ ਉਨ੍ਹਾਂ ਦੀਆਂ ਸੇਵਾਵਾਂ ਜਾਰੀ ਰੱਖੀਆਂ। ਜਦ ਕਦੇ ਕਿਸੇ ਅਥਲੀਟ ਦੀ ਪ੍ਰਫਾਰਮੈਂਸ ਮਾੜੀ ਹੋਣੀ ਜਾਂ ਕੋਈ ਗਲਤੀ ਕਰਨੀ ਤਾਂ ਉਨ੍ਹਾਂ ਕਾਲਜ ਸਾਹਮਣੇ ਟਰੈਕ 'ਚ ਖੜ੍ਹ ਕੇ ਕਾਲਜ ਦੇ ਸੁਰਖ ਗੁੰਬਦਾਂ 'ਤੇ ਝੂਲਦੇ ਸੋਨ ਰੰਗੇ ਨਿਸ਼ਾਨ ਸਾਹਿਬ ਵੱਲ ਇਸ਼ਾਰਾ ਕਰਕੇ ਕਹਿਣਾ, "ਔਹ ਦਿਸਦਾ, ਉਸ ਦੀ ਲਾਜ ਤੇ ਸ਼ਾਨ ਤੇਰੇ ਹੱਥ ਹੈ।"

ਪੜ੍ਹਾਈ, ਕਲਾ ਅਤੇ ਖੇਡਾਂ 'ਚ ਮੱਲਾਂ ਮਾਰਨ



*ਸੋਹਨ ਸਿੰਘ ਜੋਸ਼*

ਲਈ ਜਿਸ ਕੇਸਰੀ ਨਿਸ਼ਾਨ ਸਾਹਿਬ ਦੀਆਂ ਵਿਦਿਆਰਥੀ ਕਸਮਾਂ ਖਾਂਦੇ ਸਨ, ਹੁਣ ਉਸ ਦੀ ਸ਼ਾਨ ਨੂੰ ਆਂਚ ਆਉਂਦੀ ਦੇਖ ਮੁੜ ਕਸਮਾਂ ਖਾਣ ਲਈ ਇਕੱਠੇ ਹੋਣ ਦੀ ਲੋੜ ਹੈ। ਲੋਕਾਂ ਦੀ ਲਾਮਬੰਦੀ ਨੇ ਅਜੇ ਭਾਵੇਂ ਡੱਕਾ ਲਾ ਦਿੱਤਾ ਹੈ ਪਰ ਪੰਜਾਬ 'ਚ ਕਬਜ਼ਿਆਂ ਅਤੇ ਖੋਹ-ਖਿੱਚ ਦੀ ਰਾਜਨੀਤੀ ਕਰਨ ਵਾਲਿਆਂ ਦੇ ਇਰਾਦੇ ਨੇਕ ਨਹੀਂ ਹਨ। ਜਦੋਂ ਕਾਲਜ 'ਤੇ ਕਬਜ਼ਾ ਕਰਨ ਦੇ ਪਹਿਲਾਂ ਹੀਲੇ ਹੋਏ ਸਨ ਤਾਂ ਜਨਰਲ ਰਜਿੰਦਰ ਸਿੰਘ ਸਪੈਰੋ ਤੇ ਮੁੱਖ ਮੰਤਰੀ ਦਰਬਾਰਾ ਸਿੰਘ (ਦੋਵੇਂ ਕਾਂਗਰਸੀ), ਭਾਰਤ ਵਿਚ ਮਾਰਕਸੀ ਸੋਚ ਦਾ ਦੀਵਾ ਬਾਲਣ ਵਾਲੇ ਅੱਛਰ ਸਿੰਘ ਛੀਨਾ ਤੇ ਸੋਹਣ ਸਿੰਘ ਜੋਸ਼, ਹਿੰਦੂ ਪਿਛੋਕੜ ਵਾਲੇ ਮੁਲਕ ਰਾਜ ਅਨੰਦ ਤੇ ਫਿਲਮਾਂ ਵਾਲੇ ਬੀ.ਆਰ. ਚੋਪੜਾ, ਗੁਰੂ ਗ੍ਰੰਥ ਸਾਹਿਬ ਦੇ ਟੀਕਾਕਾਰ ਪ੍ਰੋ. ਸਾਹਿਬ ਸਿੰਘ-ਸਭ ਵਖਰੇਵਿਆਂ ਦੇ ਬਾਵਜੂਦ ਕਾਲਜ ਦੀ ਰਾਖੀ ਲਈ ਇਕੱਠੇ ਸਨ।

ਇੰਡੀਆ ਦੀ ਟੀਮ 'ਚ ਹਾਕੀ ਖੇਡਿਆ ਰਾਜਸਥਾਨੀ ਮੁੰਡਾ ਬੰਸੀ, ਖਾਲਸਾ ਕਾਲਜ ਦੇ ਸਾਹਮਣੇ ਬੈਠਦੇ ਉਸ ਮੋਚੀ ਦਾ ਮੁੰਡਾ ਹੈ ਜਿਸ ਤੋਂ ਕਾਲਜ ਦੇ ਮੁੰਡੇ ਜੁੱਤੀਆਂ ਪਾਲਿਸ਼ ਕਰਵਾਉਂਦੇ ਸਨ। ਬੱਚਾ ਬੰਸੀ ਆਪਣੇ ਪਿਉ ਨਾਲ ਹੀ ਉਰਲ-ਪਰਲ ਕਰਦਾ ਸੀ ਪਰ ਕਾਲਜ ਦੇ ਹਾਕੀ ਖਿਡਾਰੀਆਂ ਨੇ ਉਸ ਦੇ ਹੱਥ ਹਾਕੀ ਫੜਾ ਆਪਣੇ ਨਾਲ ਖੇਡਣ ਲਾ ਲਿਆ। ਬਾਅਦ 'ਚ ਇਹ ਬੰਸੀ ਭਾਰਤੀ ਟੀਮ ਦਾ ਸਿਤਾਰਾ ਬਣਿਆ। ਜੇਕਰ ਖਾਲਸਾ ਕਾਲਜ ਅਤੇ ਉਸ ਦੇ ਖਿਡਾਰੀ ਉਸ ਦੀ ਬਾਂਹ ਨਾ ਫੜਦੇ ਤਾਂ ਸ਼ਾਇਦ ਬੰਸੀ ਮਹਿਜ ਭੀੜ ਵਿਚਲਾ ਬੰਸੀ ਹੀ ਰਹਿ ਜਾਂਦਾ। ਸੋਚਣ ਦੀ ਘੜੀ ਹੈ, ਜੇ ਖਾਲਸਾ ਕਾਲਜ ਨੂੰ ਨਾ ਬਚਾਇਆ ਗਿਆ ਤੇ ਉਸ ਦੀਆਂ ਰਵਾਇਤਾਂ ਦੀ ਰਾਖੀ ਨਾ ਕੀਤੀ ਗਈ ਤਾਂ ਪਤਾ ਨਹੀਂ ਕਿੰਨੇ ਹੋਰ ਬੰਸੀਆਂ ਦੀ ਪ੍ਰਤਿਭਾ ਖਿੜ੍ਹੇ ਬਿਨਾ ਹੀ ਮੁਰਝਾ ਜਾਵੇਗੀ।

# ਵਿਸਮਾਦੁ ਰੂਪ ਵਿਸਮਾਦੁ ਰੰਗ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਵਿਸਮਾਦ ਸ਼ਬਦ ਦਾ ਅਰਥ ਅਸਚਰਜ ਦਾ ਅਨੁਭਵ ਹੈ। ਇਹ ਆਮ ਤੌਰ 'ਤੇ ਸਾਕਾਰਾਤਮਕ ਅਰਥਾਂ ਵਿਚ ਲਿਆ ਜਾਣ ਵਾਲਾ ਸ਼ਬਦ ਹੈ। ਕੋਈ ਅਸਾਧਾਰਣ ਘਟਨਾ, ਵਸਤੂ ਜਾਂ ਵਿਅਕਤੀ ਜੋ ਸਾਡੇ ਵਿਚ ਹੈਰਾਨੀ ਭਰੀ ਖੁਸ਼ੀ ਪੈਦਾ ਕਰਦੀ ਹੈ, ਵਿਸਮਾਦ ਦੀ ਪ੍ਰੇਰਕ ਹੈ। ਕਾਇਨਾਤ ਦੀ ਵਿਸ਼ਾਲਤਾ ਅਤੇ ਵੰਨ-ਸੁਵੰਨਤਾ ਤੋਂ ਵਿਸਮਾਦ ਵਿਚ ਆਏ ਗੁਰੂਆਂ, ਖਾਸ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਹ ਭਾਵ ਡੁਲ੍ਹ ਡੁਲ੍ਹ ਪੈਂਦਾ ਹੈ। ਕਈ ਹਲਕਿਆਂ ਵਲੋਂ ਸਿੱਖ ਧਰਮ ਵਿਚ ਵਿਸਮਾਦ ਸੰਕਲਪ ਦੀ ਬਹੁਤ ਚਰਚਾ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਵਿਚੋਂ ਉਭਰਦੇ ਹੁਕਮ, ਨਾਮ, ਗੁਰੂ ਆਦਿ ਦੇ ਨਾਲ ਵਿਸਮਾਦ ਵੀ ਇਕ ਵਿਲੱਖਣ ਸੰਕਲਪ ਸਮਝਿਆ ਜਾਂਦਾ ਹੈ। ਭਾਈ ਕਾਹਨ ਸਿੰਘ ਅਨੁਸਾਰ ਵਿਸਮਾਦ 'ਆਤਮਿਕ ਰਸ ਨੂੰ ਪ੍ਰਾਪਤ ਹੋ ਕੇ ਅੰਤਹਕਰਣ ਦੀ ਸਹਜ ਆਨੰਦ ਦਸ਼ਾ ਹੈ।' ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਨੇ 'ਵਿਸਮਾਦੀ ਪੂੰਜੀ' ਨਾਮ ਦੀ ਕਿਤਾਬ ਵਿਚ ਦੁਨੀਆਂ ਦੇ ਕਲਿਆਣ ਲਈ ਪੂੰਜੀ ਦੀ ਜਗ੍ਹਾ ਵਿਸਮਾਦੀ ਪੂੰਜੀ ਨੂੰ ਵਿਕਸਿਤ ਕਰਨ 'ਤੇ ਜ਼ੋਰ ਦਿੱਤਾ ਹੈ। ਉਸ ਅਨੁਸਾਰ ਬਾਣੀਕਾਰਾਂ ਦੀ ਮੌਲਿਕ ਦ੍ਰਿਸ਼ਟੀ ਨੂੰ ਵਿਸਮਾਦੀ ਦ੍ਰਿਸ਼ਟੀ ਕਿਹਾ ਜਾ ਸਕਦਾ ਹੈ। 'ਵਿਸਮਾਦ ਕੇਵਲ ਅੰਦਰਲਾ ਰਹੱਸਮਈ ਅਨੁਭਵ ਨਹੀਂ ਇਹ ਸਾਕਾਰ ਜਾਂ ਨਿੱਗਰ ਰੂਪ ਵਿਚ ਸਿਰਜਣਾਤਮਕ ਸ਼ਕਤੀ ਦੀ ਬਹੁਲਤਾ ਹੈ।...ਵਿਸਮਾਦ ਵਿਲੱਖਣਤਾ ਤੇ ਸਿਰਜਣਾ ਦੀ ਮਸਤੀ ਹੈ। ਸੰਗੀਤਾਤਮਕਤਾ ਹੈ, ਸ਼ਾਇਰੀ ਹੈ ਜਿਸ ਵਿਚ ਕੁਲ ਕਾਇਨਾਤ ਬੱਝੀ ਹੋਈ ਹੈ। ਇਹ ਮਸਤੀ ਸੈਭੰ ਹੈ, ਆਪਣੇ ਆਪ ਜਨਮ ਲੈਂਦੀ ਤੇ ਵਧਦੀ ਫੁਲਦੀ ਹੈ। ਇਸ ਮਸਤੀ ਦਾ ਸੈਭੰ ਪ੍ਰਤੀਕ ਵਾਹਿਗੁਰੂ ਹੈ ਜਿਸ ਦਾ ਅਰਥ ਵਿਸਮਾਦ ਦਾ ਗੁਰੂ ਹੈ।'

ਡਾ. ਗੁਰਭਗਤ ਸਿੰਘ ਨੇ ਵਿਸਮਾਦ ਸੰਕਲਪ ਦੀ ਕਾਫੀ ਵਿਸਮਾਦਮਈ ਵਿਆਖਿਆ ਕੀਤੀ ਹੈ। ਉਨ੍ਹਾਂ ਦਾ ਕੇਂਦਰੀ ਨੁਕਤਾ ਹੈ ਕਿ ਇਹ ਸੰਸਾਰ ਬਹੁਰੰਗੀ ਹੈ, ਇਸ ਵਿਚ ਵਿਭਿੰਨ ਸਭਿਆਚਾਰ ਤੇ ਦਰਸ਼ਨ ਹਨ ਤੇ ਅੱਜ ਦੇ ਯੁੱਗ ਵਿਚ ਇਨ੍ਹਾਂ ਨਾਲ ਸੰਵਾਦ ਪੈਦਾ ਕਰਕੇ ਹੀ ਦੁਨੀਆਂ ਲਈ ਕਿਸੇ ਨਵੇਂ ਸੁਪਨੇ ਦੀ ਤਲਾਸ਼ ਕੀਤੀ ਜਾ ਸਕਦੀ ਹੈ। ਗੁਰਬਾਣੀ ਵਿਚੋਂ ਉਭਰਦੀ ਵਿਸਮਾਦੀ ਦ੍ਰਿਸ਼ਟੀ ਪੰਜਾਬੀਆਂ ਵਲੋਂ ਸੰਸਾਰ ਲਈ ਇਕ ਅਦੁੱਤੀ ਦੇਣ ਹੈ। ਇਹ ਦ੍ਰਿਸ਼ਟੀ ਬਹੁਲਤਾ ਨੂੰ ਪ੍ਰਵਾਨ ਕਰਦੀ ਹੈ। ਡਾ. ਗੁਰਭਗਤ ਸਿੰਘ ਵਲੋਂ ਪੂੰਜੀਵਾਦੀ ਅਤੇ ਸਮਾਜਵਾਦੀ ਮਾਡਲ ਫੇਲ੍ਹ ਹੋ ਜਾਣ ਪਿਛੋਂ ਦੁਨੀਆਂ ਦੀਆਂ ਸਮੱਸਿਆਵਾਂ ਲਈ ਪਦਾਰਥਕ ਪੂੰਜੀ ਦੀ ਥਾਂ ਵਿਸਮਾਦੀ ਪੂੰਜੀ ਨੂੰ ਮੁਤਬਾਦਲ ਪੇਸ਼ ਕਰਨ ਵਾਲੀ ਗੱਲ 'ਤੇ ਮਤਭੇਦ ਹੋ ਸਕਦਾ ਹੈ ਪਰ ਇਸ ਤੱਥ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਵਿਸਮਾਦ ਰਸ ਨੱਕੋ ਨੱਕ ਭਰਿਆ ਪਿਆ ਹੈ।

ਗੁਰੂ ਨਾਨਕ ਦੇਵ ਦੇ ਅੱਠ ਸਲੋਕਾਂ ਵਿਚ ਕੋਈ ਦੋ ਦਰਜਨ ਵਾਰ ਵਿਸਮਾਦ ਸ਼ਬਦ ਆਇਆ ਹੈ ਤੇ ਜੇ ਕਵਿਤਾ ਦੇ ਰਸ ਸਿਧਾਂਤ ਅਨੁਸਾਰ ਇਸ ਨੂੰ ਵਾਚਿਆ ਜਾਵੇ ਤਾਂ ਨਿਸਚੇ ਹੀ ਇਸ ਵਿਚੋਂ ਅਦਭੁਤਤਾ, ਵਿਸਮੈ ਜਾਂ ਅਸਚਰਜਤਾ ਹੀ ਇਕ ਸਥਾਈ ਭਾਵ ਉਭਰਦਾ ਪ੍ਰਤੀਤ ਹੁੰਦਾ ਹੈ:

ਵਿਸਮਾਦੁ ਨਾਦ ਵਿਸਮਾਦੁ ਵੇਦ
ਵਿਸਮਾਦੁ ਜੀਅ ਵਿਸਮਾਦੁ ਭੇਦ...
ਵੇਖ ਵਿਡਾਣ ਰਹਿਆ ਵਿਸਮਾਦੁ
ਨਾਨਕ ਬੁਝਣੁ ਪੂਰੈ ਭਾਗਿ

ਗੁਰੂ ਸਾਹਿਬ ਨੇ ਇਨ੍ਹਾਂ ਦੋਹਿਆਂ ਵਿਚ ਖਾਸ ਤੌਰ 'ਤੇ ਅਤੇ ਹੋਰ ਸਾਰੀ ਬਾਣੀ ਵਿਚ ਆਮ ਤੌਰ 'ਤੇ ਬ੍ਰਹਿਮੰਡੀ ਪਰਪੰਚ ਦੀ ਅਨੇਕਤਾ ਦਾ ਬਾਖੂਬੀ ਗਾਇਨ ਕੀਤਾ ਹੈ। ਇਨ੍ਹਾਂ ਦੋਹਿਆਂ ਤੋਂ ਇਲਾਵਾ ਇਕ ਦੋ ਹੋਰ ਜਗ੍ਹਾ ਇਹ ਸ਼ਬਦ 'ਵਿਸਮਾਦ' ਦੇ ਸ਼ਬਦ-ਜੋੜ ਵਜੋਂ ਆਇਆ ਹੈ ਵਰਨਾ ਬਾਕੀ ਜਗ੍ਹਾ ਇਹ 'ਬਿਸਮਾਦ' ਹੀ ਹੈ ਪਰ ਇਸ ਦੇ ਅਰਥਾਂ ਵਿਚ ਕੋਈ ਫਰਕ ਨਹੀਂ ਹੈ:

ਗੁਣ ਗੋਬਿੰਦ ਨ ਜਾਣੀਐ



ਨਾਨਕ ਸਭੁ ਬਿਸਮਾਦੁ
...
ਜਾਂਦੇ ਬਿਲਮ ਨਾ ਹੋਵਈ
ਵਿਣੁ ਨਾਵੈ ਬਿਸਮਾਦੁ
...
ਬਿਸਮਨ ਬਿਸਮ ਭਏ ਬਿਸਮਾਦੁ
ਜਿਉ ਗੂੰਗਾ ਮਨ ਮਹਿ ਬਿਸਮਾਦੁ

-ਗੁਰੂ ਅਰਜਨ ਦੇਵ

ਧਿਆਨ ਨਾਲ ਸਮਝੀਏ ਤਾਂ ਸਭ ਤੋਂ ਵਧ ਵਿਸਮਾਦ ਭਾਵ ਉਦੋਂ ਉਪਜਦਾ ਹੈ ਜਦ ਮਨੁਖ ਨੂੰ ਆਪਣੇ ਅਗਿਆਨ ਦਾ ਪਤਾ ਚਲਦਾ ਹੈ। ਮਨੁਖ ਨੂੰ ਕੋਈ ਅਸਾਧਾਰਨ ਬਾਹਰੀ ਅਨੁਭਵ ਹੁੰਦਾ ਹੈ ਤਾਂ ਹੀਂ ਤਾਂ ਵਿਸਮਾਦ ਉਪਜਦਾ ਹੈ।

ਵਿਸਮਾਦ ਸ਼ਬਦ ਦਾ ਪੂਰਵਵਰਤੀ ਸੰਸਕ੍ਰਿਤ ਰੂਪ 'ਵਿਸਮਿਤਿ' ਹੈ ਜਿਸ ਦਾ ਮਤਲਬ ਹੈ ਅਸਚਰਜ, ਅਦਭੁਤਤਾ, ਹੈਰਾਨੀ। ਇਹ ਪੰਜਾਬੀ ਦਾ ਇਕ ਖੂਬਸੂਰਤ ਤੇ ਨਿਵੇਕਲਾ ਸ਼ਬਦ ਹੈ ਜੋ ਹੋਰ ਭਾਸ਼ਾਵਾਂ ਵਿਚ ਨਹੀਂ ਮਿਲਦਾ ਤੇ ਲਗਦਾ ਹੈ ਗੁਰੂ ਨਾਨਕ ਦੇਵ ਜੀ ਨੇ ਹੀ ਪਹਿਲਾਂ ਪਹਿਲ ਵਰਤਿਆ ਹੋਵੇਗਾ। ਸੰਸਕ੍ਰਿਤ ਵਿਚ ਇਸ ਨਾਲ ਸੰਬੰਧਤ ਕਈ ਸ਼ਬਦ ਮਿਲਦੇ ਹਨ ਜਿਵੇਂ ਵਿਸਮਯ, ਵਿਸਿਮ, ਵਿਸਮਯਨ ਆਦਿ। ਪੰਜਾਬੀ ਸ਼ਬਦ ਵਿਸਮਣਾ (ਹੈਰਾਨ ਹੋਣਾ), ਵਿਸਮਕ (ਚਿੰਨ) ਆਦਿ ਇਸੇ ਤੋਂ ਵਿਉਤਪਤ ਹੋਏ ਹਨ। ਇਹ ਸ਼ਬਦ ਸੰਸਕ੍ਰਿਤ ਦੇ ਦੋ ਅੰਸ਼ਾਂ ਵਿ+ਸਿਮਤਿ ਤੋਂ ਬਣਿਆ ਹੈ। ਕਿਸੇ ਸ਼ਬਦ ਜਾਂ ਧਾਤੂ ਦੇ ਅੱਗੇ ਲਗਦਾ 'ਵਿ' ਅਗੇਤਰ ਦੋ ਤਰ੍ਹਾਂ ਨਾਲ ਸ਼ਬਦ ਵਿਚ ਤਬਦੀਲੀ ਲਿਆਉਂਦਾ ਹੈ:1. ਅਰਥ ਨੂੰ ਉਲਟਾ ਦੇਣਾ ਜਿਵੇਂ 'ਵਿਦੇਸ਼' ਦਾ ਮਤਲਬ ਆਪਣਾ ਨਾ ਹੋ ਕੇ ਪਰਾਇਆ ਦੇਸ਼ ਹੈ, 2. ਅਰਥ ਨੂੰ ਹੋਰ ਤੀਖਣ ਕਰ ਦੇਣਾ। ਹਥਲੇ ਸ਼ਬਦ ਵਿਚ 'ਵਿ' ਏਹੀ ਕਰ ਰਿਹਾ ਹੈ। ਸਿਮਤਿ ਸ਼ਬਦ ਦਾ ਸਬੰਧ 'ਸਿਮ' ਧਾਤੂ ਨਾਲ ਹੈ ਜਿਸ ਦਾ ਅਰਥ ਹੁੰਦਾ ਹੈ ਮੁਸਕਰਾਉਣਾ, ਲਾਲ ਹੋਣਾ, ਚਮਕਣਾ, ਖਿੜਨਾ ਤੇ ਹੋਰ ਵਿਕਸਿਤ ਅਰਥ ਹੈ ਅਭਿਮਾਨੀ ਹੋਣਾ; ਹੱਸਣਾ, ਖਿੱਲੀ ਉਡਾਉਣਾ ਆਦਿ।

ਸਪਸ਼ਟ ਹੈ ਕਿ ਜਦ ਮਨੁਖ ਅਸਚਰਜ ਪ੍ਰਗਟ ਕਰਦਾ ਹੈ ਤਾਂ ਉਸ ਦੇ ਬੁੱਲ੍ਹਾਂ 'ਤੇ ਹਲਕੀ ਮੁਸਕਰਾਹਟ ਆ ਜਾਂਦੀ ਹੈ, ਚਿਹਰਾ ਖਿੜ ਜਾਂਦਾ ਹੈ ਤੇ ਇਸ ਉਤੇ ਲਾਲੀ ਆ ਜਾਂਦੀ ਹੈ। ਨ੍ਰਿਤ ਵਿਚ ਵਿਸਮਾਦੀ ਮੂਡ ਦਰਸਾਉਣ ਲਈ ਇਹੋ ਜਿਹੇ ਹਾਵ ਭਾਵ ਹੀ ਵਿਅਕਤ ਕੀਤੇ ਜਾਂਦੇ ਹਨ। ਅਸਚਰਜ ਦੇ ਭਾਵਾਂ ਵਿਚ ਖੁਲ੍ਹ ਕੇ ਨਹੀਂ ਹੱਸੀਦਾ, ਇਹ ਇੱਕ ਅਤਿਸ਼ ਪ੍ਰਤਿਕ੍ਰਿਆ ਹੋਵੇਗੀ। ਵਿਸਮਾਦ ਵਿਚ ਗੰਭੀਰਤਾ ਰਹਿੰਦੀ ਹੈ ਤੇ ਏਹੀ ਗੰਭੀਰਤਾ ਦਾ ਅੰਸ਼ ਇਸ ਸ਼ਬਦ ਨੂੰ ਦਾਰਸ਼ਨਿਕਤਾ ਦੀ ਰੰਗਣ ਵਿਚ ਰੰਗਦਾ ਹੈ।

ਅਸਲ ਵਿਚ ਸੰਸਕ੍ਰਿਤ ਵਿਚ ਤਾਂ ਸਿਮ ਧਾਤੂ ਦੇ ਅਗੜ-ਪਿਛੜ ਕਿੰਨੇ ਸਾਰੇ ਸ਼ਬਦ ਜਾਂ ਵਧੇਤਰ ਲੱਗ ਕੇ ਕਈ ਸ਼ਬਦ ਬਣੇ ਹਨ ਜਿਵੇਂ ਅਭਿਸਿਮ, ਅਭਿਯੁਤਸਿਮ, ਉਤਸਿਮ, ਸੰਸਿਮ, ਸਿਮਤਪੂਰਵ, ਸਿਮਤਵਾਚ, ਸਮੇਰ, ਵਿਸਮ ਆਦਿ ਅਤੇ ਇਹ ਸਾਰੇ ਮੁਸਕਰਾਹਟ ਦੇ ਪ੍ਰਕਾਰ ਹੀ ਦਰਸਾਉਂਦੇ ਹਨ ਪਰ ਪੰਜਾਬੀ ਤੱਕ ਸਿਰਫ ਵਿਸਮ ਨਾਲ ਮਿਲਦੇ-ਜੁਲਦੇ ਸ਼ਬਦ ਹੀ ਅੱਪੜੇ ਹਨ ਅਤੇ ਉਹ ਵੀ ਵਧੇਰੇ ਧਾਰਮਿਕ ਸਾਹਿਤ ਵਿਚ:

ਹਉ ਬਿਸਮ ਭਈ ਜੀ
ਹਰਿ ਦਰਸਨ ਦੇਖ ਅਪਾਰਾ
....
ਬਿਸਮ ਬਿਸਮ ਬਿਸਮ ਹੀ ਭਈ ਹੈ
ਲਾਲ ਗੁਲਾਲ ਰੰਗਾਰੈ
ਕਹੁ ਨਾਨਕ ਸੰਤਨ ਰਸੁ ਆਈ ਹੈ
ਜਿਉ ਚਾਖਿ ਗੂੰਗਾ ਮੁਸਕਾਰੈ

ਉਪਰੋਕਤ ਵਿਚ 'ਮੁਸਕਾਰੈ' ਸ਼ਬਦ ਗੌਰਤਲਬ ਹੈ। ਦਰਅਸਲ ਬੋਲਚਾਲ ਦੀ ਪੰਜਾਬੀ ਵਿਚ 'ਮੰਦ ਹਾਸੇ' ਦੇ ਅਰਥਾਂ ਵਿਚ ਸਿਮ ਧਾਤੂ ਤੋਂ ਬਣੇ ਸ਼ਬਦਾਂ ਦੀ ਜਗ੍ਹਾ ਮੁਸਕਰਾਉਣਾ ਸ਼ਬਦ ਦਾ ਹੀ ਬੋਲਬਾਲਾ ਰਿਹਾ ਹੈ।

ਐਪਰ ਵਿਸਮਾਦੀ ਗੱਲ ਇਹ ਹੈ ਕਿ ਹੋਰ ਬੋਲੀਆਂ ਜਿਵੇਂ ਗਰੀਕ, ਲਾਤੀਨੀ, ਸਲਾਵਿਕ ਤੇ ਅੰਗਰੇਜ਼ੀ ਵਿਚ ਵਿਸਮਾਦ ਦੇ ਢੇਰ ਸਾਰੇ ਸੁਜਾਤੀ ਸ਼ਬਦ ਮਿਲਦੇ ਹਨ। ਅਸੀਂ ਵਧੇਰੇ ਅੰਗਰੇਜ਼ੀ ਸ਼ਬਦਾਂ ਦੀ ਹੀ ਚਰਚਾ ਕਰਦੇ ਹਾਂ ਕਿਉਂਕਿ ਪਾਠਕਾਂ ਨੂੰ ਇਸ ਭਾਸ਼ਾ ਦਾ ਗਿਆਨ ਹੈ। ਇਕ ਭਾਰੋਪੀ ਮੂਲ (ਸ) ਮੇਈ (ਸ) mei ਦੀ ਸ਼ਨਾਖਤ ਕੀਤੀ ਗਈ ਹੈ ਜਿਸ ਤੋਂ ਇਹ ਸਾਰੇ ਸ਼ਬਦ ਬਣੇ ਹਨ। ਖਿਆਲ ਹੈ ਕਿ ਇਸ ਵਿਚ 'ਸ' ਜਿਥੇ ਵੀ ਲਗਦਾ ਹੈ, ਇਕ ਅਗੇਤਰ ਦਾ ਹੀ ਕੰਮ ਦਿੰਦਾ ਹੀ ਹੈ। ਇਸ ਮੂਲ ਦਾ ਸਾਂਝਾ ਅਰਥ ਹੈ, ਕਿਸੇ 'ਤੇ ਹੱਸਣਾ। ਅੰਗਰੇਜ਼ੀ ਵਿਚ ਇਸ ਮੂਲ ਨਾਲ ਸਬੰਧਤ ਸ਼ਬਦ ਲਾਤੀਨੀ ਦੇ mirus (ਅਸਚਰਜਮਈ) ਸ਼ਬਦ ਤੋਂ ਵਿਕਸਿਤ ਹੋਏ ਹਨ। ਇਹ mirus ਇਸੇ ਭਾਰੋਪੀ ਮੂਲ ਤੋਂ ਉਤਪੰਨ ਹੋਇਆ ਹੈ। ਅੰਗਰੇਜ਼ੀ ਸ਼ਬਦ ਸਮਾਇਲ (smile = ਮੁਸਕਰਾਉਣਾ) ਇਸ mirus ਤੋਂ ਵਿਉਤਪਤ ਹੋਇਆ ਹੈ। 14ਵੀਂ ਸਦੀ ਤੱਕ ਅੰਗਰੇਜ਼ੀ ਵਿਚ ਮੁਸਕਰਾਉਣ ਲਈ ਜਰਮਨ ਅਸਲੇ ਦਾ ਇਕ ਹੋਰ ਸ਼ਬਦ 'ਸਮੇਰੀਸ਼ਿਅਨ' ਹੁੰਦਾ ਸੀ ਪਰ ਸਮਾਇਲ ਨੇ ਆ ਕੇ ਇਸ ਨੂੰ ਖੂੰਜੇ ਲਾ ਦਿੱਤਾ। ਫਿਰ ਵੀ 'ਸਮੇਰੀਸ਼ਿਅਨ' ਨੇ smirk (ਉਪਹਾਸ) ਦੇ ਰੂਪ ਵਿਚ ਆਪਣਾ ਬੱਚਾ ਦੇ ਦਿੱਤਾ ਜੋ ਅੱਜ ਤੱਕ ਚਲਦਾ ਹੈ!

ਅੰਗਰੇਜ਼ੀ ਸ਼ਬਦ admiration (ਸ਼ਲਾਘਾ) ਕਰਨਾ ਵੀ ਇਸੇ ਦਾ ਭਾਈਬੰਦ ਹੈ। ਇਸ ਸ਼ਬਦ ਵਿਚੋਂ ਜੇ ad ਅਗੇਤਰ ਵੱਖ ਕਰ ਦੇਈਏ ਤਾਂ miration ਸਪਸ਼ਟ ਤੌਰ 'ਤੇ ਉਪਰੋਕਤ ਲਾਤੀਨੀ ਸ਼ਬਦ mirus ਨਾਲ ਜੁੜਦਾ ਦਿਖਾਈ ਦੇਂਦਾ ਹੈ। ਲਾਤੀਨੀ ਵਿਚ ਇਸ ਦਾ ਅਰਥ ਹੁੰਦਾ ਸੀ ਵਿਸਮਣਾ, ਹੈਰਾਨ ਹੋਣਾ, ਸਿਫਤ ਕਰਨਾ! ਨਾਲ ਲਗਦੀ ਗੱਲ ਇਸ ਦੇ ਇਕ ਹੋਰ ਸਕੇ ਸੋਹਦਰੇ ਸ਼ਬਦ ਮਿਰਰ (mirror = ਸ਼ੀਸ਼ਾ) ਦੀ ਵੀ ਕਰ ਲਈਏ। ਅਸਲ ਵਿਚ ਮਧ ਲਾਤੀਨੀ ਵਿਚ mirari ਸ਼ਬਦ ਦੇ ਅਰਥ ਵਿਸਮਣਾ ਤੋਂ ਬਦਲ ਕੇ ਕੇਵਲ ਤੱਕਣਾ ਰਹਿ ਗਏ। ਫਰਾਂਸੀਸੀ ਵਿਚ ਇਸ ਤੋਂ ਇਕ ਸ਼ਬਦ ਬਣਿਆ ਜਿਸ ਦਾ ਅਰਥ ਹੈ ਪ੍ਰਤਿਬਿੰਬ ਕਰਨ ਵਾਲਾ ਸ਼ੀਸ਼ਾ ਅਰਥਾਤ ਦਰਪਣ। ਇਸੇ ਤੋਂ ਅੰਗਰੇਜ਼ੀ mirror ਨੇ ਜਨਮ ਲਿਆ। mirage (ਮ੍ਰਿਗ-ਤ੍ਰਿਸ਼ਨਾ) ਸ਼ਬਦ ਵੀ ਇਸੇ ਭਾਵ ਤੋਂ ਵਿਕਸਿਤ ਹੋਇਆ। ਅੰਗਰੇਜ਼ੀ ਸ਼ਬਦ ਮਾਰਵਲ (marvel = ਅਚੰਭਾ, ਕੌਤਕ) ਵੀ ਇਸੇ ਮੂਲ ਨਾਲ ਜਾ ਜੁੜਦਾ ਹੈ।

ਗੁਰਬਾਣੀ ਵਿਚੋਂ ਉਭਰਦੇ ਇਕ ਸਰਬ-ਗ੍ਰਾਹੀ ਸੰਕਲਪ 'ਵਿਸਮਾਦ' ਦੇ ਟਾਕਰੇ ਤੇ ਸੈਮਿਟਿਕ ਧਰਮਾਂ ਵਿਚ ਰਸੂਲ, ਨਬੀ ਜਾਂ ਪੈਗੰਬਰ ਦੇ ਅਲੌਕਿਕ ਕਰਮਾਂ ਦਾ ਅਰਥਾਵਾਂ ਸੰਕਲਪ ਉਭਰਦਾ ਹੈ ਮਿਰੇਕਲ (miracle). ਰੱਬ ਕੁਦਰਤ ਦੇ ਨਿਯਮ ਭੰਗ ਕਰਕੇ ਪੈਗੰਬਰ ਆਦਿ ਦੇ ਮਾਧਿਅਮ ਰਾਹੀਂ ਮਿਰੇਕਲ ਅਰਥਾਤ ਮੋਜਿਜ਼ੇ ਇਸ ਲਈ ਕਰਵਾਉਂਦਾ ਹੈ ਤਾਂ ਕਿ ਲੋਕਾਈ ਵਿਚ ਪੈਗੰਬਰ ਦੀ ਪਰਮਾਣੀਕਤਾ ਅਤੇ ਆਪਣੇ ਸੰਦੇਸ਼ ਦੀ ਸੱਚਾਈ ਦ੍ਰਿੜ ਕਰਾਈ ਜਾ ਸਕੇ। ਈਸਾ ਦਾ ਪਾਣੀ ਉਪਰ ਤੁਰਨਾ ਜਾਂ ਪੈਗੰਬਰ ਦੇ ਕਹਿਣੇ 'ਤੇ ਲੋਹੇ ਦਾ ਪਾਣੀ ਵਿਚ ਤੈਰਨਾ ਆਦਿ ਮਿਰੇਕਲ ਦੀਆਂ ਉਦਾਹਰਣਾਂ ਹਨ। ਸਿੱਖ ਦਰਸ਼ਨ ਵਿਚ ਕਰਾਮਾਤਾਂ ਜਾਂ ਮੋਜਿਜ਼ੇ ਨੂੰ ਸਵੀਕਾਰ ਨਹੀਂ ਕੀਤਾ ਗਿਆ ਫਿਰ ਵੀ ਹੋਰ ਧਰਮਾਂ ਦੀ ਰੀਸੇ ਆਪਣੇ ਗੁਰੂਆਂ ਨੂੰ ਮੁਕਾਬਲੇ ਦਾ ਸਿੱਧ ਕਰਨ ਲਈ ਸਿੱਖ ਗੁਰੂਆਂ ਨਾਲ ਅਜਿਹੀਆਂ ਕਰਾਮਾਤਾਂ ਜੋੜ ਦਿੱਤੀਆਂ ਜਾਂਦੀਆਂ ਹਨ। ਦੇਖਣ ਵਾਲੀ ਗੱਲ ਹੈ ਕਿ ਸੈਮਿਟਿਕ ਧਰਮਾਂ ਵਿਚ ਰੱਬ ਆਪਣੀ ਸਰਬਸ਼ਕਤੀਮਾਨਤਾ ਦਿਖਾਉਣ ਲਈ ਮੋਜਿਜ਼ੇ ਕਰਵਾਉਂਦਾ ਹੈ ਜਦ ਕਿ ਸਿੱਖ ਧਰਮ ਦੇ ਅੰਤਰਗਤ ਕੁਦਰਤੀ ਪਰਪੰਚ ਰਾਹੀਂ ਆਪਣੀ ਵਿਸ਼ਾਲਤਾ ਤੇ ਬਹੁਰੰਗਤਾ ਦਿਖਾ ਕੇ ਵਿਸਮਾਦ ਉਤਪੰਨ ਕਰਦਾ ਹੈ।

ਖੈਰ, ਗੱਲ ਤਾਂ ਇਹ ਕਰਨੀ ਸੀ ਕਿ ਮਿਰੇਕਲ (miracle) ਵੀ ਸਾਡੇ ਵਿਸਮਾਦ ਦਾ ਸੁਜਾਤੀ ਹੈ। ਇਹ ਸ਼ਬਦ ਤੇਰ੍ਹਵੀਂ ਸਦੀ ਦੇ ਸ਼ੁਰੂ ਵਿਚ ਪੁਰਾਣੀ ਫਰਾਂਸੀਸੀ ਤੇ ਅੱਗੋਂ ਲਾਤੀਨੀ ਦੇ ਸ਼ਬਦ miraculum ਤੋਂ ਰੂਪ ਵਟਾ ਕੇ ਅੰਗਰੇਜ਼ੀ ਵਿਚ ਆਇਆ। ਚਰਚ ਦੀ ਲਾਤੀਨੀ ਵਿਚ ਇਸ ਦੇ ਅਰਥ ਸਨ, "ਰੱਬ ਦੀ ਕਰਵਾਈ ਕਰਾਮਾਤੀ ਘਟਨਾ।"

## ਸੰਪਾਦਕ ਦੀ ਡਾਕ

### 'ਰਣਜੀਤ ਭਾਬੀ ਨੂੰ ਯਾਦ ਕਰਦਿਆਂ'

21 ਮਈ ਦੇ ਪੰਜਾਬ ਟਾਈਮਜ਼ ਵਿਚ ਗੁਰਦਿਆਲ ਬੱਲ ਦਾ 'ਰਣਜੀਤ ਭਾਬੀ ਨੂੰ ਯਾਦ ਕਰਦਿਆਂ' ਸ਼ਰਧਾਂਜਲੀ ਲੇਖ ਪੜ੍ਹਿਆ। ਬੱਲ ਨੇ ਬਹੁਤ ਸ਼੍ਰੀ ਭਾਵਪੂਰਕ ਅੰਦਾਜ਼ ਵਿਚ ਰਣਜੀਤ ਭਾਬੀ ਦੀਆਂ ਅਜ਼ਲੀ ਮਨੁੱਖ ਵਜੋਂ ਸਲਾਹੁਤਾਂ ਬਿਆਨ ਕੀਤੀਆਂ ਹਨ। ਹਰ ਸਤਰ ਵਿਚ ਰਣਜੀਤ ਭਾਬੀ ਪ੍ਰਤੀ ਲੇਖਕ ਦਾ ਪਿਆਰ, ਪ੍ਰਸ਼ੰਸਾ ਅਤੇ ਸਤਿਕਾਰ ਝਲਕਦਾ ਹੈ। ਬਹੁਤ ਖੂਬਸੂਰਤ ਗੱਲ ਇਹ ਹੈ ਕਿ ਬੱਲ ਦੀ ਸ਼ਰਧਾਂਜਲੀ ਦੇ ਹਰਫ ਅੱਥਰੂਆਂ ਦੀ ਅਦ੍ਰਿਸ਼ ਸਿਆਹੀ ਨਾਲ ਲਿਖੇ ਹੋਣ ਦੇ ਬਾਵਜੂਦ ਉਨ੍ਹਾਂ ਵਿਚ ਨੀਰਸ ਅਤੇ ਸਤਹਿਗੀ ਭਾਵੁਕਤਾ ਨਹੀਂ ਹੈ ਜਿਹੜੀ ਕਿ ਆਮ ਤੌਰ 'ਤੇ ਸ਼ਰਧਾਂਜਲੀਆਂ ਦੇ ਮੌਕੇ ਦੇਖਣ ਨੂੰ ਮਿਲਦੀ ਹੈ ਸਗੋਂ ਬੱਲ ਦੀ ਸ਼ਰਧਾਂਜਲੀ ਵਿਚ ਠਹਿਰਾਓ ਅਤੇ ਦਾਰਸ਼ਨਿਕ ਗਹਿਰਾਈ ਹੈ। ਉਸ ਦੀ ਕਲਮ ਵਿਚ ਉਹ ਰਵਾਨੀ ਹੈ ਜੋ ਪੜ੍ਹਨ ਵਾਲੇ ਨੂੰ ਕੀਲ ਕੇ ਰੱਖ ਦਿੰਦੀ ਹੈ।

ਮਸ਼ਹੂਰ ਜਰਮਨ ਚਿੰਤਕ ਵਾਲਟਰ ਬੈਂਜਾਮਿਨ ਨੇ ਆਪਣੇ ਲੇਖ 'ਦ ਸਟੋਰੀ ਟੈਲਰ' ਵਿਚ ਰੂਸੀ ਅਫਸਾਨਾਨਿਗਾਰ ਲੈਸਕੋਵ ਨੂੰ ਆਦਰਸ਼ ਮੰਨਦਿਆਂ ਚੰਗੇ ਕਹਾਣੀਕਾਰ ਦੇ ਗੁਣ ਤਾਂ ਬਿਆਨ ਕੀਤੇ ਹੀ ਹਨ ਪਰ ਬੈਂਜਾਮਿਨ ਨੇ ਇਸ ਗੱਲ 'ਤੇ ਬਹੁਤ ਅਫਸੋਸ ਜ਼ਾਹਿਰ ਕੀਤਾ ਹੈ ਕਿ ਆਧੁਨਿਕ ਯੁੱਗ ਵਿਚ ਕਹਾਣੀਆਂ ਸੁਣਾਉਣ ਅਤੇ ਸੁਣਨ ਦੀ ਕਲਾ ਦੋਵੇਂ ਹੀ ਅਲੋਪ ਹੋ ਰਹੇ ਹਨ। ਬੱਲ ਦੇ ਲੇਖ ਨੂੰ ਪੜ੍ਹ ਕੇ ਲਗਦਾ ਹੈ ਕਿ ਬੈਂਜਾਮਿਨ ਦੀ ਮਾਯੂਸੀ ਦੀਆਂ ਵਜੂਹਾਤ ਸ਼ਾਇਦ ਪੱਛਮੀ ਜਗਤ ਦੇ ਅਫਸਾਨਾਨਿਗਾਰਾ ਦੀ ਅਫਸਲਤਾ ਤੋਂ ਪ੍ਰੇਰਿਤ ਹੋਣ। ਸਾਡੇ ਦੇਸ਼ ਵਿਚ ਜਿੱਥੇ ਮੌਖਿਕ ਸਾਹਿਤ ਦੀ ਲੰਮੀ ਰਵਾਇਤ ਰਹੀ ਹੈ, ਬੈਂਜਾਮਿਨ ਦੀ ਮਾਯੂਸੀ ਲਈ ਸਾਲਾਂ ਤਕ ਤਾਂ ਕੋਈ ਸਥਾਨ ਨਹੀਂ ਹੈ। ਬੱਲ ਦੀ ਰਣਜੀਤ ਭਾਬੀ ਨੂੰ ਸ਼ਰਧਾਂਜਲੀ ਇਸ ਗੱਲ ਦਾ ਪ੍ਰਮਾਣ ਹੈ।

ਪੰਜਾਬ ਟਾਈਮਜ਼ ਅਤੇ ਗੁਰਦਿਆਲ ਬੱਲ ਦੋਵੇਂ ਹੀ ਵਧਾਈ ਦੇ ਪਾਤਰ ਹਨ, ਬੱਲ ਇਸ ਸ਼ਰਧਾਂਜਲੀ ਦਾ ਲੇਖਕ ਹੋਣ ਨਾਤੇ ਅਤੇ ਪੰਜਾਬ ਟਾਈਮਜ਼ ਇਸ ਨੂੰ ਛਾਪਣ ਨਾਤੇ।

*-ਡਾ. ਸਵਰਾਜ ਰਾਜ*
*ਅੰਗਰੇਜ਼ੀ ਵਿਭਾਗ,*
*ਸਰਕਾਰੀ ਮਹਿੰਦਰਾ ਕਾਲਜ,*
*ਪਟਿਆਲਾ।*

## ਨੈਣ-ਨਕਸ਼

*(ਸਫਾ 33 ਦੀ ਬਾਕੀ)*

ਢੇਰ ਦੇਖ ਕੇ, "ਕਿੱਥੇ ਐਂ ਓਏ ਮੀਲਿਆ, ਸ਼ੀਲਿਆ, ਤੇਲੂ। ਲੈ ਲਓ ਪਿਓ ਦਾ ਅਸ਼ੀਰਵਾਦ। ਤੁਸੀਂ ਤਾਂ ਕਮਾਲ ਈ ਕਰ'ਤੀ। ਸੱਚੀਂ, ਤੁਸੀਂ ਬੰਨ੍ਹੇ ਆਂ ਦਾਤੀਆਂ ਨੂੰ ਘੁੰਗਰੂ।"

ਤੇ ਕਲਾਵੇ 'ਚ ਲੈ ਕੇ ਤਿੰਨਾਂ ਦਾ ਮੱਥਾ ਚੁੰਮ ਲਿਆ, "ਪੁੱਤਰੋ ਕਣਕ ਦੋ ਸੌ ਨੂੰ ਕੁਇੰਟਲ ਲੈ, ਪੰਜ ਸੌ ਦੀ ਕਮਾਈ ਕਿਤੇ ਥੋੜ੍ਹੀ ਐ।"

ਤੀਜੇ ਦਿਨ ਫਜ਼ਲਦੀਨ ਘਰੋਂ ਨਿਕਲਣ ਲੱਗਾ ਤਾਂ ਸ਼ਹਿਰੋਂ ਇਕ ਲਾਲਾ ਜਿਹਾ ਸਾਈਕਲ 'ਤੇ ਤੁਰਿਆ ਆਵੇ।

"ਤੁਹਾਡਾ ਨਾਂ ਫਜ਼ਲਦੀਨ ਏ?"

"ਆਹੋ, ਦੱਸੋ ਜੀ?"

"ਮੀਲਾ ਤੁਹਾਡਾ ਮੁੰਡਾ ਐ?"

"ਮੀਲਾ ਵੀ ਮੇਰਾ, ਸ਼ੀਲਾ ਵੀ ਤੇ ਤੇਲੂ ਵੀ, ਗੱਲ ਕੀ ਐ?"

"ਵੀਹ ਕੁ ਦਿਨ ਪਹਿਲਾਂ ਚਾਨਣੀ ਲਿਆਏ ਸੀ ਸਾਡੇ ਟੈਂਟ ਤੋਂ, ਨਾਂ ਮੀਲਾ ਦੱਸਦਾ ਸੀ।"

"ਗੱਲ ਸੁਣ ਲਾਲਾ, ਨਾ ਸਾਡੇ ਕੋਈ ਮਰਗ ਹੋਇਆ, ਨਾ ਵਿਆਹ ਨਾ ਮੰਗਣੀ। ਅਸੀਂ ਚਾਨਣੀ ਸਿਰ 'ਚ ਮਾਰਨੀ ਐ। ਤੈਨੂੰ ਭੁਲੇਖਾ ਲੱਗਦੈ।"

ਤੇ ਜਦ ਨੂੰ ਮੀਲਾ ਵੀ ਅੰਦਰੋਂ ਨਿਕਲ ਆਇਆ।

"ਆਹ ਲਿਆਇਆ ਸੀ।" ਲਾਲੇ ਨੇ ਸਿਆਣ ਲਿਆ।

"ਫਜ਼ਲਦੀਨ ਹੋ ਗਿਆ ਔਖਾ, ਓਏ ਚਾਨਣੀ ਤੁਸੀਂ ਕੀ ਸਿਰ 'ਚ ਮਾਰਨੀ ਸੀ?"

"ਬਾਪੂ ਕਣਕ ਵੱਢਣ ਨੂੰ ਲਿਆਏ ਸੀ। ਤੇਲੂ ਨੇ ਸਕੀਮ ਦੱਸੀ ਸੀ।"

ਤੇ ਵਿਚਲਾ ਭੇਤ ਖੁੱਲ੍ਹ ਗਿਆ ਸਾਰਾ, ਪਈ ਦੋ ਕਿਲੇ ਸਿਰੇ ਕਿਵੇਂ ਲੱਗੇ।

"ਲਿਆ ਕੇ ਦੇਹ ਲਾਲੇ ਨੂੰ ਚਾਨਣੀ। ਲਾਲਾ ਕਿਰਾਇਆ ਕਿੰਨਾ ਕੁ ਐ?"

"ਬਣਦਾ ਤਾਂ ਸੌ ਐ, ਚਲੋ ਸੱਠ ਕੁ ਦੇ ਦਿਓ।"

ਤੇ ਮੀਲੇ ਨੇ ਜਦੋਂ ਚਾਨਣੀ ਪੜਛੱਤੀ ਤੋਂ ਲਾਹ ਕੇ ਲਾਲੇ ਮੂਹਰੇ ਕੀਤੀ ਤਾਂ ਲੀਰਾਂ-ਲੀਰਾਂ ਹੋਈ ਦੇਖ ਕੇ ਲਾਲਾ ਵੀ ਉਬਲ ਗਿਆ, "ਮੈਂ ਇਹਨੂੰ ਕੀ ਕਰਾਂਗਾ, ਨਵੀਂ ਲਿਆ ਦਿਓ ਜਾਂ ਗਿਆਰਾਂ ਸੌ ਦੇ ਦਿਓ।"

ਫਜ਼ਲਦੀਨ ਆਪੇ ਤੋਂ ਬਾਹਰ ਹੋ ਗਿਆ। ਅੰਦਰੋਂ ਤਬਲਾ ਸੁਰ ਕਰਨ ਵਾਲਾ ਲਿਆਂਦਾ ਵੱਟਾ, ਕੱਢ ਕੇ ਕਰਤਾ ਮੀਲਾ ਵੀ ਸੁਰ 'ਚ। ਮਾਰਿਆ ਸਿਰ 'ਚ ਕੱਢ'ਤੀ ਬਿੱਲੀ ਦੀ ਪੂਛ ਵਰਗੀ ਧਾਰ। "ਹੈ ਥੋੜਾ ਬਹਿ ਜੇ ਬੇੜਾ, ਪੰਜ ਸੌ ਦੀ ਕਣਕ, ਤੇ ਗਿਆਰਾਂ ਸੌ ਦੀ ਚਾਨਣੀ?"

ਤੇ ਮੀਲੇ ਦੇ ਲੱਗੇ ਸਿਰ 'ਚ ਨੌਂ ਟਾਂਕੇ। ਡਾਕਟਰ ਦਾ ਬਿੱਲ ਆ ਗਿਆ ਸਾਢੇ ਚਾਰ ਸੌ। ਤੇ ਉਨ੍ਹਾਂ ਦਿਨਾਂ 'ਚ ਸਵਾ ਸੌ ਨੂੰ ਵਿਕਣ ਵਾਲੀ ਕੁਇੰਟਲ ਕਣਕ ਫਜ਼ਲਦੀਨ ਨੂੰ ਕਰੀਬ ਛੇ ਸੌ ਰੁਪਏ ਕੁਇੰਟਲ ਮਿਲੀ ਸੀ। ਅਸਲ ਵਿਚ ਲੁਹਾਰ ਨੂੰ ਸੁਨਿਆਰ ਦਾ ਕੰਮ ਸਸਤਾ ਪੈਣ ਦੇ ਆਸਾਰ ਨਹੀਂ ਹੁੰਦੇ।

ਅੰਤਿਕਾ:
ਠੱਗੀ ਠੋਰੀ ਚਲਦੀ
ਟੋਲੇ ਫਿਰਦੇ ਠੱਗਾਂ ਦੇ।
ਜਦ ਸਰਕਾਰ ਬਦਲਦੀ
ਰੰਗ ਵੀ ਬਦਲਣ ਪੱਗਾਂ ਦੇ।
ਨੋਟਾਂ ਦੇ ਨਾਲ ਵੋਟਾਂ,
ਕੁਰਸੀ ਨਾਲ ਹੈ ਵੋਟਾਂ ਦੇ।
ਝੰਡੀ ਵਾਲੀ ਕਾਰ ਬਣਾਉਂਦੀ
ਢੇਰ ਹੈ ਨੋਟਾਂ ਦੇ।
ਲੁੱਟ-ਕੁੱਟ ਦਾ ਦੌਰ ਹੈ
ਅੰਨ੍ਹੀ ਪਾਈ ਚੱਲੋ ਜੀ।
ਉਡਦੀ ਧੂੜ ਚੁਫੇਰੇ
ਘੋੜਾ ਭਜਾਈ ਚੱਲੋ ਜੀ।
ਟੈਲੀਵਿਜ਼ਨ ਵਾਲਿਆਂ
ਨਵਾਂ ਹੀ ਚੰਦ ਚੜ੍ਹਾ ਦਿੱਤਾ।
ਸਭਿਆਚਾਰ ਪੰਜਾਬ ਦਾ
ਵਾਘਿਓਂ ਪਾਰ ਲੰਘਾ ਦਿੱਤਾ।

*('ਚਾਨਣ ਦੀ ਫੁਲਕਾਰੀ' ਵਿਚੋਂ, ਦੇਵ ਥਰੀਕੇ ਵਾਲਾ)*

# 'ਰੈਪ' ਦਾ ਤੁੜਕਾ ਗਾਇਕੀ ਦਾ ਹੁਲੀਆ ਵਿਗਾੜਨ ਲੱਗਾ



ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਗੀਤਾਂ ਜ਼ਰੀਏ ਜਦੋਂ ਪ੍ਰੇਮੀਆਂ ਨੂੰ 'ਐਂਪਲੀਫਾਇਰ' ਤੇ ਪ੍ਰੇਮਿਕਾਵਾਂ ਨੂੰ 'ਬੂਫ਼ਰ' ਆਖਿਆ ਜਾਣ ਲੱਗੇ ਤਾਂ ਸਮਝ ਪੈ ਜਾਂਦੀ ਹੈ ਕਿ ਗਾਇਕੀ ਕਿਹੜੇ ਹਾਲ ਨੂੰ ਪੁੱਜ ਚੁੱਕੀ ਏ। ਇਮਰਾਨ ਖ਼ਾਨ ਨਾਂ ਦੇ ਭੱਦਰ ਪੁਰਸ਼ ਨੇ ਗੀਤ ਗਾਇਐ, 'ਨੀਂ ਤੂੰ ਮੇਰੀ ਬੂਫ਼ਰ...ਮੈਂ ਤੇਰਾ ਐਂਪਲੀਫਾਇਰ', ਤੇ ਬਿਨਾਂ ਸ਼ੱਕ ਇਸ ਗੀਤ ਦਾ ਸੰਗੀਤ ਏਨਾ ਪਸੰਦ ਕੀਤਾ ਗਿਆ ਕਿ ਅਕਸ਼ੈ ਕੁਮਾਰ ਨੇ ਉਸ ਨੂੰ ਕਿਹਾ, 'ਜਿੰਨੀ ਮਰਜ਼ੀ ਰਕਮ ਲੈ ਲੈ, ਅਗਲੀ ਫ਼ਿਲਮ ਲਈ ਇਹ ਗੀਤ ਦੇ ਦੇ।' ਪਰ ਇਮਰਾਨ ਨਾ ਮੰਨਿਆ, ਸ਼ਾਇਦ ਉਸ ਨੂੰ ਕਿਸੇ ਹੋਰ ਚਮਤਕਾਰ ਦੀ ਉਡੀਕ ਸੀ। ਫਿਰ ਵੀ ਸਵਾਲ ਹੈ ਕਿ ਹੁਣ ਤੱਕ ਗੀਤਾਂ, ਕਹਾਣੀਆਂ, ਕਿੱਸਿਆਂ ਵਿਚ ਕੁੜੀਆਂ ਦੀਆਂ ਤਸ਼ਬੀਹਾਂ ਹੀਰਾਂ, ਸਾਹਿਬਾਂ, ਸੱਸੀ, ਜ਼ੁਲੈਖਾਂ ਨਾਲ ਦਿੱਤੀਆਂ ਜਾਂਦੀਆਂ ਸਨ ਤੇ ਮੁੰਡਿਆਂ ਨੂੰ ਮਿਰਜ਼ੇ, ਰਾਂਝੇ, ਪੁੰਨੂ ਤੇ ਯੂਸਫ਼ ਆਖਿਆ ਜਾਂਦਾ ਸੀ, ਹੁਣ ਨਵੇਂ ਦੌਰ ਵਿਚ ਉਨ੍ਹਾਂ ਨੂੰ 'ਸਪੀਕਰਾਂ' ਨਾਲ ਜੋੜ ਕੇ ਕਿਹੜੀ ਮੱਲ ਮਾਰਨ ਦੀ ਕੋਸ਼ਿਸ਼ ਕੀਤੀ ਜਾਣ ਲੱਗੀ ਏ?

ਅਜਿਹੇ ਗੀਤਾਂ ਦੀ ਵਕਾਲਤ ਕਰਨ ਵਾਲੇ ਗਾਇਕਾਂ ਦਾ ਕਹਿਣੈ, 'ਊਟ-ਪਟਾਂਗ ਜ਼ਿਆਦਾ ਵਿਕਦੈ...ਦੁਨੀਆਂ ਟੈਨਸ਼ਨਾਂ ਨਾਲ ਭਰੀ ਪਈ ਏ...ਹੁਣ ਕੀਰਨੇ ਪਾਉਣ ਵਾਲੇ ਗੀਤਾਂ ਦਾ ਦੌਰ ਨਹੀਂ...ਲੋਕ ਬਸ ਝੂਮਣਾ ਚਾਹੁੰਦੇ ਨੇ...ਗਾਣੇ 'ਚ ਜੋ ਮਰਜ਼ੀ ਖੇਹ-ਸਵਾਹ ਹੋਵੇ।' ਇੱਕ ਭੱਦਰ ਪੁਰਸ਼ ਦਾ ਤਾਂ ਇੱਥੋਂ ਤੱਕ ਕਹਿਣੈ ਕਿ ਬਾਲੀਵੁੱਡ ਵਿਚ 'ਢਿੱਲੇ ਕਰੈਕਟਰ' ਵਾਲੇ ਗੀਤ ਹਿੱਟ ਹੋ ਰਹੇ ਨੇ, ਬਦਨਾਮ ਹੋਈ ਮੁੰਨੀ ਦੇ ਗੀਤ ਖ਼ੂਬ ਵੱਜਦੇ ਨੇ ਤੇ ਸ਼ੀਲਾ ਦੀ ਜਵਾਨੀ ਤੋਂ ਬਜ਼ੁਰਗ ਵੀ ਨੋਟ ਵਾਰਨ ਲੱਗਦੇ ਨੇ।

ਇਹ ਸੱਚ ਹੈ ਕਿ ਪਿਛਲੇ ਕੁੱਝ ਸਮੇਂ ਤੋਂ ਪੰਜਾਬੀ ਗਾਇਕੀ ਵਿਚ ਹਿੰਦੀ ਫ਼ਿਲਮੀ ਗਾਣਿਆਂ ਦੀ ਤਰਜ਼ 'ਤੇ ਬੇਹੂਦਾਪਣ ਜ਼ਿਆਦਾ ਭਾਰੂ ਹੋਣ ਲੱਗੈ। ਜਦੋਂ ਤੋਂ ਪੰਜਾਬੀ ਗਾਣਿਆਂ ਵਿਚ 'ਰੈਪ' ਪੈਣ ਲੱਗੈ, ਉਦੋਂ ਤੋਂ ਗਾਇਕੀ ਰੂਹਦਾਰੀ ਦੀ ਥਾਂ ਹੱਸਣ ਵਾਲੀ ਚੀਜ਼ ਬਣ ਕੇ ਰਹਿ ਗਈ ਹੈ। ਗਾਣਾ ਕੁੱਝ ਹੋਰ ਆਖਦਾ ਹੁੰਦੈ ਤੇ ਰੈਪ ਕਰਨ ਵਾਲੇ ਦੀਆਂ ਯਭਲੀਆਂ ਹੋਰ ਹੁੰਦੀਆਂ ਨੇ। ਪਿੱਛੇ ਜਿਹੇ ਇੱਕ ਗਾਇਕ ਦਾ ਗੀਤ ਆਇਆ ਸੀ, ਜੀਹਦੇ ਬੋਲ ਸਨ, 'ਦਿਲ ਮੇਰੇ 'ਤੇ ਚੱਲੀਆਂ ਛੁਰੀਆਂ ਤੇਰੇ ਕਰਕੇ ਨੀਂ ਪਰ ਤੂੰ ਪਾਸਾ ਵੱਟ ਲਿਆ ਤਕੜੇ ਜੇਰੇ ਕਰਕੇ ਨੇ...।'

ਤੇ ਇਸ ਗੀਤ ਦੇ ਰੈਪ ਵਿਚ ਜਟਾਧਾਰੀ ਰੈਪਰ ਨੇ ਜੋ-ਜੋ ਕਿਹਾ, ਉਹ ਹੱਸਣ ਲਈ ਬਹੁਤ ਵਧੀਆ ਸੀ। ਗੱਡੀ 'ਤੇ ਸਵਾਰ ਹੋ ਉਸ ਨੇ ਆਖਿਆ:

ਪਿਆਰ ਤੇਰੇ ਦੇ ਵਿਚ ਮਰ ਚੱਲੇ ਅਸੀਂ,  
ਬਾਪੂ ਤੇਰੇ ਕੋਲੋਂ ਕੱਲ੍ਹ ਡਰ ਚੱਲੇ ਅਸੀਂ।  
ਜਦੋਂ ਦਿਲ ਕਰੇ ਬੁਲਾ ਲਵੀਂ ਅੜੀਏ,  
ਆਪਣਾ ਤਾਂ ਕੰਮ ਹੁਣ ਕਰ ਚੱਲੇ ਅਸੀਂ।

ਇਹ ਗੀਤ ਏਨਾ ਕੁ ਮਸ਼ਹੂਰ ਹੋਇਆ ਕਿ ਗਾਉਣ ਵਾਲੇ ਦੇ ਟੱਬਰ ਤੋਂ ਬਿਨਾਂ ਕਿਸੇ ਨੇ ਨਹੀਂ ਸੁਣਿਆ। ਪਰ ਕਈ ਗੀਤ ਅਜਿਹੇ ਵੀ ਆਏ ਜਿਨ੍ਹਾਂ ਵਿਚਲਾ ਰੈਪ ਮੁੰਡਿਆਂ-ਖੁੰਡਿਆਂ ਨੂੰ ਪਸੰਦ ਆ ਗਿਆ ਪਰ ਗਾਉਣ ਵਾਲੇ ਦੇ ਨਾਂ ਦਾ ਪਤਾ ਵੀ ਨਹੀਂ ਲੱਗਾ। ਜਿਹੜੇ ਕਲਾਕਾਰਾਂ ਦੇ ਰੈਪ ਵਾਲੇ ਗਾਣੇ ਹਿੱਟ ਹੋਏ, ਉਨ੍ਹਾਂ ਲਈ ਉਹੀ ਚੁਣੌਤੀਆਂ ਖੜੀਆਂ ਹੋਈਆਂ, ਜਿਹੜੀਆਂ ਮਿਸ ਪੂਜਾ ਨਾਲ ਗਾਉਣ ਵਾਲਿਆਂ ਲਈ ਹੁੰਦੀਆਂ ਰਹੀਆਂ ਨੇ। ਟੀ.ਵੀ. 'ਤੇ ਰੈਪ ਮਸ਼ਹੂਰ ਹੋ ਜਾਂਦੈ ਪਰ ਜਦੋਂ ਗਾਇਕ ਇਕੱਲਾ ਸਟੇਜ 'ਤੇ ਜਾਂਦੈ ਤਾਂ ਹਾਜ਼ਰੀਨ ਟੀ.ਵੀ. 'ਤੇ 'ਘਾਚਾ-ਮਾਚਾ' ਕਰਨ ਵਾਲਾ 'ਰੈਪਰ' ਭਾਲਦੇ ਨੇ ਪਰ ਉਹ ਇੰਗਲੈਂਡ ਬੈਠਾ ਹੁੰਦੈ, ਸਿੱਟੇ ਵਜੋਂ ਗਾਇਕ ਅਗਾਂਹ ਵੱਲ ਨੂੰ ਵਧਦਾ-ਵਧਦਾ ਪਿੱਛੇ ਮੁੜਨ ਲੱਗਦੈ।



ਹਨੀ ਸਿੰਘ

ਪੰਜਾਬੀ ਗਾਇਕੀ ਨੂੰ ਬੇਸ਼ੱਕ ਹੋਰ ਵੀ ਸੈਂਕੜੇ ਚੁਣੌਤੀਆਂ ਹਨ ਪਰ ਹਨੀ ਸਿੰਘ ਤੇ ਬਿਹੂਮੀਆ ਦੀਆਂ ਚੁਣੌਤੀਆਂ ਦੀ ਗੱਲ ਵੱਖਰੀ ਹੈ। ਇਹ ਉਨ੍ਹਾਂ ਗਾਣਿਆਂ ਵਿਚ ਹੀ ਰੈਪ ਕਰਦੇ ਨੇ, ਜਿਨ੍ਹਾਂ ਦਾ ਸੰਗੀਤ ਇਨ੍ਹਾਂ ਕੋਲੋਂ ਤਿਆਰ ਕਰਾਇਆ ਜਾਂਦੈ। ਕਹਿਣ ਦਾ ਭਾਵ ਪਹਿਲਾਂ ਲੱਖਾਂ ਰੁਪਿਆ ਇਨ੍ਹਾਂ ਨੂੰ ਸੰਗੀਤ ਦਾ ਦਿਓ, ਫੇਰ ਗਾਣੇ ਦਾ ਬੇੜਾ ਗਰਕ ਕਰਾਓ, ਫੇਰ ਵੀਡੀਓ ਵਿਚ ਇਨ੍ਹਾਂ ਨੂੰ ਲਿਆਓ ਤੇ ਬਾਅਦ 'ਚ ਪੱਲਿਓਂ ਐਡ ਕਰਕੇ ਖ਼ੁਦ ਨੰਗ ਹੋ ਜਾਓ।

ਤੁਹਾਨੂੰ ਯਾਦ ਹੀ ਹੋਵੇਗਾ, ਪਿਛੇ ਜਿਹੇ ਕਰਨ ਜਸਵੀਰ ਦਾ ਇੱਕ ਗੀਤ ਬੜਾ ਮਕਬੂਲ ਹੋਇਆ ਸੀ, 'ਨੀਂ ਹੀਰੀਏ ਜੱਟ ਮੱਝੀਆਂ ਚਰਾਉਂਦਾ ਰਹਿ ਗਿਆ' ਤੇ ਇਸ ਗੀਤ ਵਿਚ ਹਨੀ ਸਿੰਘ ਨੇ ਸ਼ਰਟ ਉਤਾਰ ਕੇ ਜਿਹੜਾ ਰੈਪ ਬੋਲਿਆ ਸੀ, ਉਹ ਪੰਜਾਬੀ ਗਾਇਕੀ ਲਈ ਨਵੀਂਆਂ ਚੁਣੌਤੀਆਂ ਪੇਸ਼ ਕਰਨ ਵਾਲਾ ਸੀ :

ਮੇਰੇ ਹੱਕ ਦੀ ਕਮਾਈ,  
ਤੈਨੂੰ ਰਾਸ ਨਹੀਂ ਆਈ,  
ਤੇਰੀ ਬਦਲੀ ਜੋ ਅੱਖ,  
ਮੇਰੀ ਅੱਖ ਭਰ ਆਈ।  
ਹੁਣ ਭੁੱਲ ਗਈ ਹੀਰੋ ਹਾਂਡਿਆਂ ਦੀ ਸੈਰ,  
ਹੁਣ ਭੁੱਲ ਗਈ, ਕੌਣ ਚੁੰਮਦਾ ਸੀ ਪੈਰ,  
ਬਸ ਬਸ ਹੁਣ ਹੋ ਜਾ ਤੂੰ ਦਫ਼ਾ,  
ਮੈਨੂੰ ਲੱਗਦਾ ਨ੍ਹੀਂ ਸੀਗਾ  
ਤੇਰੀ ਬਦਲੂ ਹਵਾ...।

ਗੁੱਸੇ ਵਿਚ ਹਨੀ ਸਿੰਘ ਇੰਜ ਸੰਗਲ ਤੁੜਾ ਰਿਹਾ ਸੀ, ਜਿਵੇਂ ਮਾਰ ਖੁੰਢੀ ਮੱਝ ਓਪਰੇ ਕੀਲੇ 'ਤੇ ਬੱਝਣ ਮੌਕੇ ਤੜਾਉਂਦੀ ਹੈ। ਇਸ ਸਭ ਨਾਲ ਹਨੀ ਸਿੰਘ ਦਾ ਮਸਲਾ ਭਾਵੇਂ ਹੱਲ ਹੋ ਗਿਆ ਹੋਵੇ ਪਰ ਅਸਲ ਗਾਇਕ ਨੂੰ ਕਿੰਨਾ ਕੁ ਲਾਭ ਹੋਇਆ?

ਪੰਜਾਬੀ ਗਾਇਕੀ ਵਿਚ ਰੈਪ ਭਾਵੇਂ ਨਵੀਂ ਗੱਲ ਨਹੀਂ ਪਰ ਪਹਿਲਾਂ 'ਰੈਪ' ਗਾਣੇ ਦੀ ਸ਼ੋਭਾ ਵਧਾਉਣ ਲਈ ਬੋਲਿਆ ਜਾਂਦਾ ਸੀ, ਉਦੋਂ ਤਰਕ ਦਿੱਤਾ ਜਾਂਦਾ ਸੀ ਕਿ ਪੰਜਾਬੀ ਗਾਣੇ ਵਿਚ ਅੰਗਰੇਜ਼ੀ ਰੈਪ ਇਸ ਕਰਕੇ ਪਾਇਆ ਜਾਂਦੈ ਤਾਂ ਜੁ ਹੋਰਨਾਂ ਮੁਲਕਾਂ ਵਿਚ ਵਸਣ ਵਾਲੇ ਪੰਜਾਬੀਆਂ, ਜਿਹੜੇ ਪੰਜਾਬੀ ਭੁੱਲਦੇ ਜਾ ਰਹੇ ਨੇ, ਨੂੰ ਗੀਤ ਦੀ ਸਮਝ ਲੱਗ ਜਾਵੇ। ਉਦੋਂ ਗੀਤਾਂ ਵਿਚ ਅਵੱਲੇ-ਅਵੱਲੇ ਚਿਹਰਿਆਂ ਵਾਲੇ 'ਰੈਪਰ' ਦਿਖਾਈ ਦਿੰਦੇ ਸਨ। ਅਪਾਚੀ ਇੰਡੀਅਨ ਇਨ੍ਹਾਂ ਵਿਚੋਂ ਇੱਕ ਸੀ, ਜਿਹੜਾ ਜੈਜ਼ੀ ਬੀ ਅਤੇ ਸੁਖਸ਼ਿੰਦਰ ਸ਼ਿੰਦਾ ਦੇ ਗੀਤਾਂ ਵਿਚ ਅਕਸਰ ਦਿਸਦਾ ਸੀ। ਉਨ੍ਹਾਂ ਦੀ ਰੀਸ ਕਰਕੇ ਇੱਕ ਵਾਰ ਦਿੱਲੀ ਵੱਲ ਦੇ ਇੱਕ ਕਲਾਕਾਰ ਨੇ ਅਪਾਚੀ ਤੋਂ ਰੈਪ ਕਰਾ ਲਿਆ ਤੇ ਜਲੰਧਰ ਦੇ ਪ੍ਰੈਸ ਕਲੱਬ ਵਿਚ ਉਸ ਕੈਸਿਟ ਦੀ ਪ੍ਰੈਸ ਕਾਨਫਰੰਸ ਰੱਖ ਲਈ। ਉਹਨੇ ਬਿਨਾਂ ਪੁੱਛੇ ਕਹਿਣਾ ਸ਼ੁਰੂ ਕਰ ਦਿੱਤਾ, 'ਮੇਰੀ ਗਾਇਕੀ ਦਾ ਮਕਸਦ ਮਾਂ ਬੋਲੀ ਦੀ ਸੇਵਾ ਕਰਨਾ ਹੈ?' ਜਦੋਂ ਸਵਾਲ ਕੀਤਾ ਕਿ ਅਪਾਚੀ ਨੂੰ ਲੈ ਕੇ ਕਿਹੜੀ ਸੇਵਾ ਕਰ ਰਹੇ ਹੋ, ਉਹਨੂੰ ਤਾਂ ਖ਼ੁਦ ਨੂੰ ਪੰਜਾਬੀ ਨ੍ਹੀਂ ਆਉਂਦੀ ਤਾਂ ਉਹ ਛਿੱਥਾ ਪੈ ਗਿਆ।

ਕਈ ਸਿਆਣੇ ਕਲਾਕਾਰਾਂ ਦਾ ਕਹਿਣਾ ਹੈ ਕਿ ਗੀਤਾਂ ਵਿਚ ਡਰਾਉਣੀਆਂ ਸ਼ਕਲਾਂ ਵਾਲੇ ਜਟਾਧਾਰੀ ਰੈਪਰ ਇਸ ਕਰਕੇ ਦਿਖਾਏ ਜਾਂਦੇ ਨੇ ਤਾਂ ਜੁ ਗੀਤਾਂ ਨੂੰ ਨਜ਼ਰ ਨਾ ਲੱਗੇ, ਐਨ ਉਸੇ ਤਰ੍ਹਾਂ ਜਿਵੇਂ ਸੋਹਣੇ ਮਕਾਨ 'ਤੇ ਨਜ਼ਰ ਬੱਟੂ ਟੰਗ ਦਿੱਤਾ ਜਾਂਦੈ।

ਗਿੱਪੀ ਗਰੇਵਾਲ ਦਾ ਗੀਤ ਪਿੱਛੇ ਜਿਹੇ ਬੜਾ ਮਕਬੂਲ ਹੋਇਆ, 'ਫੜੋ ਨੀਂ ਫੜੋ ਨੀਂ ਮੁੰਡਾ ਹੋ ਗਿਆ ਸ਼ਰਾਬੀ' ਤੇ ਇਸ ਗੀਤ ਵਿਚ ਬਿਹੂਮੀਆ ਨੇ ਜਿਹੜਾ ਰੈਪ ਪੇਸ਼ ਕੀਤਾ, ਉਸ ਨੂੰ ਸੁਣ ਕੇ ਕਦੇ ਇੰਜ ਨਹੀਂ ਜਾਪਿਆ ਕਿ ਇਹ ਸਭ ਲਿਖਣ ਲਈ ਦਿਮਾਗ਼ 'ਤੇ ਬਹੁਤਾ ਜ਼ੋਰ ਪਾਉਣ ਦੀ ਲੋੜ ਹੈ। ਤੇ ਜੇ ਨਹੀਂ ਯਕੀਨ ਤਾਂ ਸੁਣ ਲਵੋ:

ਫੜੋ ਨੀਂ ਫੜੋ ਨੀਂ ਮੁੰਡਾ,  
ਫਿਰੇ ਜਿਵੇਂ ਹੁੰਦਾ ਗੁੰਡਾ।  
ਪੁਲਿਸ ਵਾਲੇ ਕਹਿੰਦੇ ਇਹਨੂੰ,  
ਜੇਲ੍ਹ ਪਾ ਕੇ ਲਾਦੋ ਕੁੰਡਾ।  
ਵੈਰੀ ਇਹਦੇ ਕਹਿੰਦੇ ਇਹਨੂੰ,  
ਛੱਡਣਾ ਨ੍ਹੀਂ ਅੱਜ ਜਿਊਂਦਾ।  
ਫੜੋ ਨੀਂ ਫੜੋ ਨੀਂ ਮੁੰਡਾ...  
ਫਿਰਦਾ ਸ਼ਰਾਬੀ ਮੁੰਡਾ।

ਫਗਵਾੜੇ ਵੱਲ ਦੇ ਇੱਕ ਕਲਾਕਾਰ ਨੇ ਇੰਗਲੈਂਡ ਵਿਚ ਆਪਣੀ ਕੈਸਿਟ ਦਾ ਸੰਗੀਤ ਤਿਆਰ ਕਰਨਾ ਦੇ ਛੱਡਿਆ। ਦੋ ਗੀਤਾਂ ਵਿਚ ਰੈਪ ਵੀ ਪੈ ਗਿਆ। ਕੈਸਿਟ ਰਿਲੀਜ਼ ਹੋ ਗਈ ਤਾਂ ਗਾਉਣ ਵਾਲੇ ਨੂੰ ਕਿਸੇ ਨੇ ਉਹਦੇ ਰੈਪ ਦੀ ਪੰਜਾਬੀ ਕਰਕੇ ਦੱਸੀ। ਫੇਰ ਉਹਨੂੰ ਮੂੰਹ ਲੁਕੋਣ ਨੂੰ ਥਾਂ ਨਾ ਲੱਭੇ ਕਿਉਂਕਿ ਰੈਪ ਦੀ ਪੰਜਾਬੀ ਸੀ, 'ਵੱਡੀ ਸਾਰੀ ਪਿੱਠ ਵਾਲੀ ਮੁਟਿਆਰ ਨਾਲ ਕਲੱਬ ਵਿਚ ਜਾਣ ਨੂੰ ਮੇਰਾ ਮਨ ਕਰਦੈ...ਮੈਂ ਤੇ ਗਾਇਕ...ਦੋਹੇਂ ਇਹੋ ਜਿਹੀਆਂ ਮੁਟਿਆਰਾਂ ਦੇ ਸ਼ਿਕਾਰੀ ਹਾਂ ਤੇ ਜਦੋਂ ਮੌਕਾ ਮਿਲਦੈ, ਵਰ੍ਹ ਜਾਂਦੇ ਹਾਂ।'

ਉਸ ਤੋਂ ਬਾਅਦ ਉਸ ਗਾਇਕ ਨੇ ਕਦੇ ਵੀ ਗੀਤਾਂ ਵਿਚ ਰੈਪ ਨਾ ਪਵਾਉਣ ਦਾ ਫ਼ੈਸਲਾ ਕਰ ਲਿਆ ਸੀ। ਅਰਥਾਂ ਤੋਂ ਜਾਣੂ ਨਾ ਹੋਣ ਕਰਕੇ ਸੰਗੀਤ ਮੰਡੀ 'ਚ ਅਜਿਹੀਆਂ ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਨੇ ਤੇ ਬਿਲਕੁਲ ਇਹੋ ਜਿਹਾ ਭਾਣਾ ਇੱਕ ਵਾਰ ਇੱਕ ਮਸ਼ਹੂਰ ਸੰਗੀਤਕਾਰ ਨਾਲ ਵਾਪਰ ਗਿਆ ਸੀ। ਉਹਨੇ ਕਿਸੇ ਗਾਇਕ ਦੀ ਕੈਸਿਟ ਦਾ ਸੰਗੀਤ ਤਿਆਰ ਕੀਤਾ ਤੇ ਮਿਕਸਿੰਗ ਲਈ ਸੀ.ਡੀ. ਇੰਗਲੈਂਡ ਭੇਜ ਦਿੱਤੀ। ਸੀ.ਡੀ. 'ਤੇ ਮੋਟੇ ਅੱਖਰਾਂ 'ਚ ਲਿਖ ਦਿੱਤਾ ਕਿ 'ਜੱਟਾਂ ਦੇ ਪੁੱਤ' ਵਾਲੇ ਗੀਤ ਵਿਚ ਕਿਤੇ-ਕਿਤੇ ਬੱਕਰੇ ਜ਼ਰੂਰ ਬੁਲਾ ਦੇਣਾ।

ਮਿਕਸਿੰਗ ਤੋਂ ਬਾਅਦ ਸੀ.ਡੀ. ਵਾਪਸ ਸੰਗੀਤਕਾਰ ਕੋਲ ਆਈ ਤਾਂ ਸੁਣ ਕੇ ਹੈਰਾਨ ਰਹਿ ਗਿਆ। ਗੀਤ ਚੱਲ ਰਿਹਾ ਸੀ, 'ਪੁੱਤ ਜੱਟਾਂ ਦੇ ਵੱਖਰੀ ਟੌਹਰ ਬਣਾ ਹੀ ਲੈਂਦੇ ਆ' ਤੇ ਨਾਲ-ਨਾਲ ਬੱਕਰੇ ਦੀ ਅਵਾਜ਼ ਆ ਜਾਇਆ ਕਰੇ, ਮਿਆਂ...ਮਿਆਂ...ਮਿਆਂ...।'

ਸੰਗੀਤਕਾਰ ਨੇ ਮਿਕਸਿੰਗ ਵਾਲੇ ਨੂੰ ਇਸ ਕਰਤੂਤ ਦਾ ਕਾਰਨ ਪੁੱਛਿਆ ਤਾਂ ਉਹਨੇ ਕਿਹਾ, 'ਤੁਸੀਂ ਖ਼ੁਦ ਹੀ ਲਿਖ ਕੇ ਭੇਜਿਆ ਸੀ ਕਿ ਇਹਦੇ ਵਿਚ ਬੱਕਰੇ ਬੁਲਾਉਣੇ ਨੇ...ਅਸੀਂ ਤਾਂ ਬੜੀ ਮੁਸ਼ਕਲ ਨਾਲ ਇੱਕ ਬੱਕਰਾ ਲੱਭ ਕੇ ਲਿਆਂਦਾ ਤੇ ਏਦਾਂ ਬੁਲਵਾਇਆ...।' ਜਦੋਂ ਸੰਗੀਤਕਾਰ ਨੇ ਦੱਸਿਆ ਕਿ ਮੈਂ ਏਸ ਬੱਕਰੇ ਬਾਰੇ ਨਹੀਂ, ਸਗੋਂ ਬੁਰਰ...ਆ...ਬੁਰਰ...ਆ...ਕਹਿਣ ਬਾਰੇ ਲਿਖਿਆ ਸੀ ਤਾਂ ਉਹਨੂੰ ਵਿਚਲੀ ਗੱਲ ਦੀ ਸਮਝ ਪਈ।

ਪੰਜਾਬੀ ਗੀਤ-ਸੰਗੀਤ ਦੇ ਅਜੋਕੇ ਮੰਦੀ ਦੇ ਦੌਰ ਵਿਚ ਵੀ ਸਮਝਦਾਰੀ ਨਾ ਵਰਤੀ ਗਈ ਤਾਂ ਗਾਉਣ ਵਾਲਿਆਂ ਦੇ ਪੈਸੇ 'ਤੇ ਹੋਰ ਲੋਕ ਏਦਾਂ ਹੀ ਰਾਜ ਕਰਦੇ ਰਹਿਣਗੇ, ਜਿਵੇਂ ਸਾਢੇ ਚਾਰ ਸਾਲ ਮਿਸ ਪੂਜਾ ਕਰਦੀ ਰਹੀ ਹੈ।

## ਚੱਲਦੇ ਚੱਲਦੇ

ਪਿਛਲੇ ਦਿਨੀਂ ਇੱਕ ਗਾਇਕ ਨੇ ਸੱਭਿਆਚਾਰਕ ਮੇਲੇ ਮੌਕੇ ਸਾਡੇ 'ਤੇ ਵਾਹਵਾ ਨਜ਼ਲਾ ਝਾੜਿਆ। ਉਸ ਦਾ ਕਹਿਣਾ ਸੀ ਕਿ ਚੰਗਾ ਗਾਉਣ ਵਾਲਿਆਂ ਦਾ ਕਾਲ ਨਹੀਂ ਪਿਆ ਤੇ ਮਾੜਿਆਂ ਖਿਲਾਫ਼ ਲਿਖਣ ਨਾਲ ਕੁੱਝ ਨਹੀਂ ਵੱਟਿਆ ਜਾਣਾ। ਉਹਦਾ ਗਿ਼ਲਾ ਇਹ ਵੀ ਸੀ ਕਿ ਮੈਂ ਦੋ-ਤਿੰਨ ਗਾਣੇ ਧੀਆਂ-ਭੈਣਾਂ ਵਾਲੇ ਗਾਏ ਪਰ ਮੈਨੂੰ 'ਚੰਗਾ' ਕਿਉਂ ਨਹੀਂ ਕਿਹਾ ਜਾਂਦਾ।

ਨਾਲ ਦੀ ਨਾਲ ਉਹਨੇ ਕਹਿ ਮਾਰਿਆ, 'ਜਦੋਂ ਅਸੀਂ ਚੰਗਾ ਗਾਉਂਦੇ ਹਾਂ ਤਾਂ ਲੋਕ ਉਠ ਕੇ ਤੁਰ ਪੈਂਦੇ ਨੇ ਤੇ ਜਦੋਂ ਮਾੜਾ ਗਾਉਂਦੇ ਹਾਂ, ਉਦੋਂ ਭੰਗੜਾ ਪਾਉਣ ਲੱਗਦੇ ਨੇ...ਫੇਰ ਅਸੀਂ ਚੰਗਾ ਕਿਉਂ ਗਾਈਏ...।'

ਗੱਲ ਉਸ ਦੀ ਵਿਚ ਵੀ ਦਮ ਹੈ ਪਰ ਇਸ ਗੱਲ ਦੀ ਸਮਝ ਨਹੀਂ ਪਈ ਕਿ ਕੀ ਚੰਗਾ ਕੰਮ 'ਬੱਲੇ ਬੱਲੇ' ਲਈ ਹੀ ਕਰਨਾ ਚਾਹੀਦੈ? ਜੇ ਕੋਈ 'ਚੰਗੇ' ਨੂੰ ਦਾਦ ਨਾ ਦੇਵੇ ਤਾਂ ਕੀ 'ਮਾੜੇ' ਦੇ ਰਾਹ ਪੈ ਜਾਣਾ ਚਾਹੀਦੈ? ਜਿਨ੍ਹਾਂ ਅੱਜ ਤੱਕ ਚੰਗਾ ਗਾਇਐ, ਕੀ ਉਨ੍ਹਾਂ ਨੂੰ ਸਿਰਫ਼ 'ਸ਼ਾਬਾਸ਼' ਦੀ ਲੋੜ ਸੀ ਜਾਂ ਇਹ ਉਨ੍ਹਾਂ ਦਾ ਫ਼ਰਜ਼ ਸੀ?

ਇਹ ਗੱਲਾਂ ਉਸ ਦੀ ਸਮਝ ਤੋਂ ਬਾਹਰ ਹੀ ਰਹਿਣਗੀਆਂ ਕਿਉਂਕਿ ਉਹ 'ਕਲਾਕਾਰ' ਏ ਤੇ ਕਲਾਕਾਰ ਦਾ 'ਸਿਰ' ਨਾਲ ਬਹੁਤਾ ਵਾਸਤਾ ਨਹੀਂ ਹੁੰਦਾ। ਜੇ ਦੋ-ਚਾਰ 'ਚੰਗਿਆਂ' ਦੀ ਸ਼ੋਭਾ ਨਾ ਹੋਣ 'ਤੇ ਗੁੱਸੇ 'ਚ ਆ ਕੇ ਮਾੜੇ ਰਾਹ ਤੁਰਨਾ ਪਵੇ ਤਾਂ ਗੁਨਾਹ ਨਹੀਂ ਘਟਦਾ, ਕਿ ਸਾਡਾ ਮੁੱਲ ਨਹੀਂ ਪਿਆ, ਏਸ ਲਈ ਇਹ ਰਾਹ ਚੁਣਿਆ।

ਮਾੜਿਆਂ ਖਿਲਾਫ਼ ਲਿਖਦਿਆਂ ਦਸ ਸਾਲ ਤੋਂ ਵੱਧ ਹੋ ਚੱਲੇ ਨੇ, ਤੇ ਇਨ੍ਹਾਂ ਖਿਲਾਫ਼ ਲਿਖਣ ਦਾ ਮਨੋਰਥ ਨਾ ਕਲਾਕਾਰਾਂ ਵਾਂਗ ਕੋਠੀਆਂ ਵਾਲੇ ਬਣਨਾ ਹੈ, ਨਾ ਕਾਰਾਂ ਵਾਲੇ। ਹਰ ਕੰਮ ਨਾਲ ਕੁੱਝ ਜ਼ਿੰਮੇਵਾਰੀਆਂ ਜੁੜੀਆਂ ਹੁੰਦੀਆਂ ਨੇ ਤੇ ਜੇ ਉਨ੍ਹਾਂ ਜ਼ਿੰਮੇਵਾਰੀਆਂ ਤੋਂ ਭੱਜਾਂਗੇ ਤਾਂ ਮੂਰਖਾਂ ਦੇ ਟੋਲੇ ਵਿਚ ਸ਼ਾਮਲ ਹੋਣੋਂ ਕੋਈ ਨਹੀਂ ਰੋਕ ਸਕੇਗਾ।

ਕਈ ਕਲਾਕਾਰ ਚੰਗਾ ਗਾਉਂਦਿਆਂ-ਗਾਉਂਦਿਆਂ ਮੁੱਕ ਚੱਲੇ ਨੇ, ਕਈਆਂ ਦੀ ਕਲਮ ਚੰਗਾ ਲਿਖਦੀ-ਲਿਖਦੀ ਰੁਕ ਚੱਲੀ ਏ। ਉਹ ਚਾਹੁੰਦੇ ਤਾਂ ਭਟਕ ਵੀ ਸਕਦੇ ਸਨ ਪਰ ਅੰਦਰੋਂ ਖੋਖਲੇ ਨਾ ਹੋਣ ਕਰਕੇ ਉਹ ਅਕੀਦੇ 'ਤੇ ਪੱਕੇ ਰਹਿ। ਉਨ੍ਹਾਂ ਨੂੰ ਅੰਦਰੋਂ ਭਾਵੇਂ ਮਲਾਲ ਹੋਵੇ ਕਿ ਸਾਡੀ ਕਲਾ ਦਾ ਮੁੱਲ ਨਹੀਂ ਪਿਆ ਪਰ ਸਟੇਜਾਂ 'ਤੇ ਚੜ੍ਹ ਡੌਂਡੀ ਨਹੀਂ ਪਿੱਟਦੇ।

# ਪੰਜਾਬੀ ਵਿਰਸੇ ਦੀ ਸੰਭਾਲ ਨੂੰ ਸਮਰਪਿਤ ਪੰਜਾਬੀ ਸੱਥ

ਰਾਜਬੀਰ ਕੌਰ ਸੇਖੋਂ*

'ਪੰਜਾਬੀ ਸੱਥ' ਅੱਜ ਕਿਸੇ ਵੀ ਪਰਿਭਾਸ਼ਾ ਜਾਂ ਜਾਣ-ਪਛਾਣ ਦੀ ਮੁਥਾਜ ਨਹੀਂ। 'ਪੰਜਾਬੀ ਸੱਥ' ਸੱਥਾਂ ਦੀ ਰੀਤ ਨੂੰ ਮੁੜ ਜੀਵਤ ਕਰਨ ਅਤੇ ਪੰਜਾਬੀ ਬੋਲੀ ਨੂੰ ਬਣਦਾ ਮਾਣ ਦਿਵਾਉਣ ਲਈ ਯਤਨਸ਼ੀਲ ਅਜਿਹੀ ਸੰਸਥਾ ਹੈ ਜਿਸ ਨੇ ਕੇਵਲ ਤੇ ਕੇਵਲ ਆਪਣੀ ਕਾਰਗੁਜ਼ਾਰੀ ਦੇ ਬਲ 'ਤੇ ਅੱਜ ਕਾਮਯਾਬੀ ਦੀਆਂ ਸਿਖ਼ਰਾਂ ਛੂਹੀਆਂ ਹਨ। ਇਹ ਸੱਥ 1991 ਵਿਚ ਡਾ. ਨਿਰਮਲ ਸਿੰਘ ਦੀ ਨਿਗਰਾਨੀ ਹੇਠ ਲਾਂਬੜਾ (ਜ਼ਿਲ੍ਹਾ ਜਲੰਧਰ) ਵਿਖੇ ਸ਼ੁਰੂ ਹੋਈ ਅਤੇ ਅੱਜ ਦੁਨੀਆਂ ਭਰ ਦੇ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰ ਰਹੀ ਹੈ। ਬਿਨਾ ਕਿਸੇ ਮੀਡੀਏ ਜਾਂ ਕਿਸੇ ਰਾਜਨੀਤਕ ਆਗੂ ਦੀ ਦਰਿਆਦਿਲੀ ਤੋਂ, ਇਸ ਨੂੰ ਲੋਕਾਂ ਦੇ ਪਿਆਰ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਪਿਛਲੇ ਵੀਹ ਸਾਲਾਂ ਤੋਂ ਹੁਣ ਤੱਕ ਇਸ ਸੱਥ ਵਿਚ ਬਹੁਤ ਸਾਰੇ ਪੰਜਾਬੀਆਂ ਨੇ ਹਿੱਸਾ ਵੀ ਲਿਆ, ਸਨਮਾਨ ਵੀ ਲਿਆ ਤੇ ਆਪੋ-ਆਪਣੇ ਗੁਣਾਂ ਤੇ ਹੁਨਰਾਂ ਦਾ ਖੁੱਲ੍ਹਾ ਪ੍ਰਦਰਸ਼ਨ ਵੀ ਕੀਤਾ।

ਸੱਥ ਵੱਲੋਂ ਹੁਣ ਤੱਕ 'ਪੰਜ ਨਦ' ਪ੍ਰਕਾਸ਼ਨ ਹੇਠ 93 ਕਿਤਾਬਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚ ਲੇਖ, ਨਾਵਲ, ਕਵਿਤਾ ਤੇ ਕਹਾਣੀਆਂ ਦੇ ਸੰਗ੍ਰਹਿ ਸ਼ਾਮਲ ਹਨ ਜਿਨ੍ਹਾਂ ਵਿਚ ਪ੍ਰਦੂਸ਼ਣ, ਮਾਨਵੀ ਰਿਸ਼ਤੇ, ਪੰਜਾਬ ਦੀ ਮੌਜੂਦਾ ਹਾਲਤ, ਨਸ਼ੇ, ਵਿਗਿਆਨ ਆਦਿ ਵਿਸ਼ੇ ਮੁੱਖ ਰਹੇ ਹਨ। ਇਹੀ ਨਹੀਂ, ਸੱਥ ਇਤਿਹਾਸ ਦੀ ਮਹੱਤਤਾ ਤੇ ਮਹਾਨਤਾ ਨੂੰ ਵੀ ਬਾਖ਼ੂਬੀ ਪਛਾਣਦੀ ਹੋਈ 1947 ਦੇ ਦੁਖਾਂਤ, ਸ਼ਹੀਦੇ ਆਜ਼ਮ ਭਗਤ ਸਿੰਘ, ਸੀਤਾ ਸੁਅੰਬਰ, ਕਿੱਸਾ ਹੀਰ, ਕਿੱਸਾ ਕੂਕਾ ਲਹਿਰ, ਕਿੱਸਾ ਹੀਰ ਹਜ਼ੂਰਾ ਸਿੰਘ, ਕਿੱਸਾ ਸ਼ਾਹ ਮੁਹੰਮਦ ਆਦਿ ਵਿਸ਼ਿਆਂ 'ਤੇ ਵੀ ਕੰਮ ਕਰ ਚੁੱਕੀ ਹੈ। ਸੱਥ ਦੇ ਮੰਚ ਤੋਂ ਹੁਣ ਤੱਕ ਪੰਜਾਬੀ ਦੇ ਖੇਤਰ ਵਿਚ ਮੱਲਾਂ ਮਾਰ ਚੁੱਕੀਆਂ ਤਿੰਨ ਸੌ ਤੋਂ ਵੱਧ ਹਸਤੀਆਂ ਸਨਮਾਨ ਹਾਸਲ ਕਰ ਚੁੱਕੀਆਂ ਹਨ ਜੋ ਬਿਨਾ ਕਿਸੇ ਸਿਫ਼ਾਰਸ਼ ਜਾਂ ਨਗਦੀ ਪੌੜੀ ਲਾਇਆਂ ਕਾਬਲੀਅਤ ਦੇ ਬਲ 'ਤੇ ਕਾਮਯਾਬ ਹੀ ਨਹੀਂ ਹੋਏ, ਸਗੋਂ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਅਗਾਂਹ ਵਧੂ ਰਾਹਾਂ 'ਤੇ ਤੋਰਨ ਵਿਚ ਸਹਾਇਕ ਵੀ ਰਹੇ ਹਨ।

ਡਾ. ਨਿਰਮਲ ਸਿੰਘ ਦੀ ਮੁਸਲਸਲ ਮਿਹਨਤ ਅਤੇ ਲਗਨ ਸਦਕਾ ਬਹੁਤ ਸਾਰੇ ਪੰਜਾਬੀ ਭਰਾ ਇਸ ਸੱਥ ਵਿਚ ਆ ਇਕੱਠੇ ਹੋਏ ਜਿਨ੍ਹਾਂ ਸੱਥ ਦੇ ਉਚੇ ਤੇ ਪਾਕ ਮਨੋਰਥ ਨੂੰ ਸਿਰੇ ਚਾੜ੍ਹਨ ਲਈ ਮੋਢੇ ਨਾਲ ਮੋਢਾ ਜੋੜ ਕੇ ਤਨ, ਮਨ ਤੇ ਧਨ ਨਾਲ ਭਰਪੂਰ ਸੇਵਾ ਕੀਤੀ। ਇਨ੍ਹਾਂ ਵਿਚੋਂ ਵਿਸ਼ੇਸ਼ ਵਰਣਨਯੋਗ ਨਾਮ ਸ. ਮੋਤਾ ਸਿੰਘ ਸਰਾਏ ਦਾ ਹੈ। ਸ. ਮੋਤਾ ਸਿੰਘ ਨੇ ਸੱਥ ਨੂੰ ਆਪਣੀ ਮਿਹਨਤ ਹੀ ਨਹੀਂ ਦਿੱਤੀ, ਸਗੋਂ ਆਪਣੀ ਦਸਾਂ ਨਹੁੰਆਂ ਦੀ ਕਮਾਈ ਦਾ ਵੱਡਾ ਹਿੱਸਾ ਸੱਥ ਦੀ ਭੇਟ ਕੀਤਾ ਹੈ ਜਿਸ ਸਦਕਾ ਅੱਜ ਇਹ ਸੱਥ ਦੇਸ਼-ਵਿਦੇਸ਼ ਵਿਚ ਪਹੁੰਚ ਕਰਦੀ ਹੋਈ ਆਪਣੀਆਂ 23 ਇਕਾਈਆਂ ਉਸਾਰ ਚੁੱਕੀ ਹੈ। ਪੰਜਾਬੀ ਸੱਥ, ਪੰਜਾਬ ਵਿਚ ਮਾਝਾ, ਮਾਲਵਾ, ਢਾਹਾ, ਪੁਆਧ, ਰਿਆੜਕੀ, ਮੰਝਕੀ, ਦੋਨਾ, ਹੁਸੈਨੀਵਾਲਾ, ਲੱਖੀ ਜੰਗਲ, ਸਰਹਿੰਦ, ਜਰਗ ਅਤੇ ਪੰਜਾਬ ਤੋਂ ਬਾਹਰ ਯੂ.ਕੇ., ਕੈਨੇਡਾ, ਅਮਰੀਕਾ, ਜਰਮਨੀ, ਆਸਟਰੇਲੀਆ ਅਤੇ ਲਹਿੰਦੇ ਯਾਨਿ ਪਾਕਿਸਤਾਨੀ ਪੰਜਾਬ ਤੱਕ ਆਪਣਾ ਪਸਾਰਾ ਕਰ ਚੁੱਕੀ ਹੈ। ਇਸ ਦੀ ਕਾਰਗੁਜ਼ਾਰੀ ਦੇ ਪ੍ਰਭਾਵ ਸਦਕਾ ਕਈ ਭਰਾਤਰੀ ਜਥੇਬੰਦੀਆਂ ਵੀ ਇਸ ਨਾਲ ਆ ਰਲੀਆਂ ਜਿਨ੍ਹਾਂ ਵਿਚ 'ਧਰਤਿ ਸੁਹਾਵੀ', 'ਸਾਵੀ ਧਰਤੀ', 'ਚੌਗਿਰਦਾ' ਆਦਿ ਸ਼ਾਮਲ ਹਨ। ਬਾਬਾ ਬਲਬੀਰ ਸਿੰਘ ਸੀਚੇਵਾਲ ਸੱਥ ਦੇ ਵਿਸ਼ੇਸ਼ ਹਮਾਇਤੀ ਅਤੇ ਸਨਮਾਨਤ ਇਕਾਈ ਰਹੇ ਹਨ ਜਿਨ੍ਹਾਂ ਸੱਥ ਨਾਲ ਰਲ ਕੇ ਕਈ ਮਾਣਯੋਗ ਕਾਰਜ ਸਿਰੇ ਚਾੜ੍ਹੇ ਹਨ। ਇਹ ਕਾਰਜ ਅੱਜ ਦੁਨੀਆਂ ਭਰ ਵਿਚ ਮਿਸਾਲ ਬਣ ਚੁੱਕੇ ਹਨ।

ਸੱਥ ਦੀ ਖਾਸ ਸਿਫ਼ਤ ਹੈ, ਸਿਆਸਤ ਅਤੇ ਸਰਮਾਏਦਾਰਾਂ ਤੋਂ ਪਰੇ ਰਹਿਣ ਦੀ। ਇਹ ਕੋਈ ਸਾਧਾਰਨ ਗੱਲ ਨਹੀਂ। 1991 ਤੋਂ ਲੈ ਕੇ ਇਸ ਸੱਥ ਦਾ ਮੁਖੀ ਕੋਈ ਸਿਆਸੀ ਸ਼ਖ਼ਸੀਅਤ ਜਾਂ ਧਨਾਢ ਨਹੀਂ, ਸਗੋਂ ਸਭਿਆਚਾਰ ਦੇ ਪ੍ਰੇਮੀ ਰਹੇ ਹਨ। ਧਨ ਕਿਸੇ ਅਫ਼ਸਰ ਜਾਂ ਨੇਤਾ ਦੇ ਬੋਝੇ ਵਿਚੋਂ ਨਹੀਂ, ਸਗੋਂ ਸੰਚਾਲਕਾਂ ਦੀ ਕਮਾਈ 'ਚੋਂ ਦਸਵੰਧ ਦੇ ਰੂਪ ਵਿਚ ਆਉਂਦਾ ਹੈ। ਸਮੇਂ-ਸਮੇਂ 'ਤੇ ਸਭਿਆਚਾਰ ਦੇ ਪ੍ਰੇਮੀਆਂ ਵੱਲੋਂ ਵੀ ਕੀਤੀ ਮਾਲੀ ਮਦਦ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ।

ਸੱਥ ਸਬੰਧੀ ਭਾਵੇਂ ਕਈ ਸ਼ੰਕੇ ਵੀ ਪਾਏ ਜਾਂਦੇ ਹਨ ਜਿਨ੍ਹਾਂ ਨੂੰ ਦੂਰ ਕਰਨ ਲਈ ਸਮੇਂ-ਸਮੇਂ ਸੱਥ ਵੱਲੋਂ 'ਕੀ ਜਾਣਾਂ ਮੈਂ ਕੌਣ', 'ਮਾਝਾ ਦਰਸ਼ਨ', 'ਮੰਜਕੀ ਭੂਮਿ ਰੰਗਾਵਲੀ' ਵਰਗੀਆਂ ਲਿਖਤਾਂ ਪੰਜਾਬੀਆਂ ਨੂੰ ਭੇਟ ਕੀਤੀਆਂ ਗਈਆਂ ਹਨ। ਸਭ ਤਰ੍ਹਾਂ ਦੀ ਆਲੋਚਨਾ ਅਤੇ ਸ਼ੰਕਿਆਂ ਤੋਂ ਪਰੇ ਬਿਨਾਂ ਕੋਈ ਵੀ ਰੋਕ ਸਹੇ, ਆਪਣੀ ਹੀ ਕਿਸਮ ਦੀ ਰਵਾਇਤ ਅਧੀਨ ਇਹ ਸੱਥ ਪੰਜਾਬੀ ਬੋਲੀ, ਪਹਿਰਾਵੇ ਅਤੇ ਪੰਜਾਬ ਦੇ ਵਿਰਸੇ ਅਤੇ ਇਤਿਹਾਸ ਦੀ ਪਹਿਰੇਦਾਰ ਬਣ ਆਪਣੇ ਫਰਜ਼ ਅਦਾ ਕਰਦੀ ਪੰਜਾਬੀ ਸਾਹਿਤ ਦੇ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰ ਰਹੀ ਹੈ। ਇਹ ਆਉਂਦੇ ਸਮੇਂ ਵਿਚ ਵੀ ਇਹ ਸੇਵਾ ਕਰਦੀ ਰਹੇਗੀ।

***ਸੰਚਾਲਕ,**  
**ਵੁੱਡਲੈਂਡ ਪੰਜਾਬੀ ਸੱਥ, ਯੂ.ਐਸ.ਏ.**

## ਫਤਿਹ

ਪੰਜਾਬ ਤੇ ਪੰਜਾਬੀ ਨੂੰ ਨੇ,  
ਕਰਦੇ ਪਿਆਰ ਜਿਹੜੇ,  
ਮੇਰੇ ਵੱਲੋਂ ਹੱਥ ਜੋੜ ਫਤਿਹ ਪ੍ਰਵਾਨ ਹੋਵੇ।  
ਊਚ-ਨੀਚ, ਜਾਤ-ਪਾਤ ਵਾਲਾ  
ਮਿਟ ਜਾਵੇ ਭੇਦ ਮੈਂ, ਮੇਰੀ ਜੋ ਮਿਟਾਵੇ,  
ਐਸਾ ਅੰਦਰ ਗਿਆਨ ਹੋਵੇ।  
ਸਚੁ ਪੜ੍ਹਾਂ, ਸਚੁ ਸੁਣਾਂ, ਸੱਚਿਆਂ ਦੇ ਸੰਗ,  
ਕਰੀਂ ਮਿਹਰ, ਲਿਖਾਂ ਸਚੁ,  
ਦਾਤਾ ਸਚੁ ਵਖਿਆਨ ਹੋਵੇ।  
ਹੱਕ ਦੀ ਕਮਾਵਾਂ, ਖਾਵਾਂ,  
ਹੱਥਾਂ-ਹੱਡਾਂ ਨੂੰ ਨਰੋਏ ਰੱਖੀਂ,  
ਐਸੀ ਦਈਂ ਜੀ ਸੁਮੱਤ,  
ਤੇਰੇ ਚਰਨੀਂ ਧਿਆਨ ਹੋਵੇ।  
ਹੋਣ ਸਾਰੇ ਸੇਵਾਦਾਰ,  
ਆਉਣ ਦਰ 'ਤੇ ਜੋ ਤੇਰੇ,  
ਜਥੇਦਾਰ ਨਾ ਜੀ ਕੋਈ,  
ਇੱਥੇ ਨਾ ਕੋਈ ਪ੍ਰਧਾਨ ਹੋਵੇ।  
ਸਾਰੇ ਹੋਣ ਸੁੱਖਾਂ ਖੇੜੇ,  
ਘੁੱਗ ਵਸੇ ਜੀ ਲੋਕਾਈ,  
ਥਰੀਕੇ ਚੀਨ, ਅਮਰੀਕਾ,  
ਭਾਵੇਂ ਭਾਰਤ, ਜਪਾਨ ਹੋਵੇ।

*-ਇੰਦਰਜੀਤ ਸਿੰਘ ਗਰੇਵਾਲ*  
*ਥਰੀਕਿਆਂ ਵਾਲਾ*  
*ਫੋਨ: 916-276-8231*

# ਪੰਜਾਬੀ ਸਿਨੇਮਾ: ਪੌਣੀ ਸਦੀ ਦਾ ਸਫ਼ਰ

***ਪੰਜਾਬੀ ਸਿਨੇਮਾ ਦੇ ਪਿਤਾਮਾ ਕੇਸ਼ਵ ਦੇਵ ਮਿਹਰਾ ਨੇ ਕੋਲਕਾਤਾ ਦੇ ਸੇਠ ਸੁਖਲਾਲ ਕਿਰਨਾਨੀ ਦੀ ਮਦਦ ਨਾਲ ਪੰਜਾਬੀ ਫਿਲਮ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਬਣਾਈ ਜਿਸ ਵਿਚ ਸੁਰਾਂ ਦੀ ਮਲਿਕਾ ਨੂਰਜਹਾਂ ਪਹਿਲੀ ਵਾਰੀ ਵੱਡੇ ਪਰਦੇ 'ਤੇ ਨਜ਼ਰ ਆਈ ਸੀ। ਇਨ੍ਹਾਂ ਦੋਵਾਂ ਫਿਲਮਾਂ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਨਤੀਜਨ ਪੰਜਾਬੀ ਫਿਲਮਾਂ ਬਣਾਉਣ ਵਾਲਿਆਂ ਦੀ ਦੌੜ ਲੱਗ ਗਈ। ਕਈ ਨਵੇਂ ਸਟੂਡੀਓ ਖੁੱਲ੍ਹ ਗਏ ਅਤੇ ਮੁੰਬਈ/ਕੋਲਕਾਤਾ ਦੇ ਕਈ ਨਾਮੀ ਕਲਾਕਾਰ, ਫਿਲਮਸਾਜ਼, ਨਿਰਦੇਸ਼ਕ ਤੇ ਟੈਕਨੀਸ਼ਨ ਲਾਹੌਰ ਆਣ ਪਹੁੰਚੇ।***



ਪੰਜਾਬੀ ਸਿਨੇਮਾ ਦਾ ਦੁਖਾਂਤ ਰਿਹਾ ਹੈ ਕਿ ਕਾਬਲ ਨਿਰਮਾਤਾ/ ਨਿਰਦੇਸ਼ਕਾਂ, ਚੰਗੇ ਤੇ ਵਧੀਆ ਪਟਕਥਾ/ਸੰਵਾਦ ਲੇਖਕਾਂ ਦੀ ਬੇਹੱਦ ਘਾਟ ਰਹੀ ਹੈ। ਫ਼ਿਲਮਾਂ ਵਿਚਲਾ ਦੁਹਰਾਅ, ਵਿਸ਼ੇ ਮੁਤਾਬਕ ਕਹਾਣੀ ਦਾ ਫ਼ਿਲਮਾਂਕਣ ਨਾ ਹੋਣਾ, ਕਿਰਦਾਰਾਂ ਦੀ ਚੋਣ, ਤਕਨੀਕੀ ਪੱਖ ਅਤੇ ਹੋਰ ਕਈ ਅਜਿਹੇ ਕਾਰਨ ਪੰਜਾਬੀ ਸਿਨੇਮਾ ਦੇ ਅੱਗੇ ਵਧਣ ਵਿਚ ਰੋੜਾ ਬਣ ਰਹੇ ਹਨ। ਹਰ ਦੌਰ ਦੇ ਸਿਨੇਮਾ ਦਾ ਵੱਖਰਾ ਮੁਹਾਂਦਰਾ ਹੁੰਦਾ ਹੈ ਅਤੇ ਵੱਖਰੀ ਹੀ ਪਛਾਣ ਹੁੰਦੀ ਹੈ। ਹੁਣ ਵਿਸ਼ਵੀਕਰਨ ਦਾ ਯੁੱਗ ਹੈ ਤੇ ਪੰਜਾਬੀ ਸਿਨੇਮਾ ਵੀ ਇਸ ਦੌਰ ਵਿਚ ਆਪਣਾ ਸਰੂਪ ਬਦਲ ਰਿਹਾ ਹੈ। ਪਿੰਡਾਂ ਵਿਚ ਰਹਿ ਰਹੇ ਕਿਸਾਨ ਪਾਤਰ ਹੁਣ ਕਿਤੇ ਨਹੀਂ ਦਿਸਦੇ ਅਤੇ ਵਿਦੇਸ਼ਾਂ ਵਿਚ ਰਹਿ ਰਹੇ ਪਰਵਾਸੀਆਂ ਨੂੰ ਮੁੱਖ ਥਾਂ ਦਿੱਤੀ ਜਾ ਰਹੀ ਹੈ। ਤਕਨੀਕ ਅਤੇ ਗਲੈਮਰ ਹਾਵੀ ਹੋ ਰਹੇ ਹਨ ਅਤੇ ਸਾਦਗੀ ਤੇ ਸਦੀਵੀਪਣ ਬਹੁਤ ਪਿੱਛੇ ਰਹਿ ਗਏ ਹਨ। ਕਦੇ ਕਸ਼ਮੀਰ ਅਤੇ ਕੁੱਲੂ ਸ਼ੂਟਿੰਗ ਵਾਸਤੇ ਪਸੰਦੀਦਾ ਸਥਾਨ ਸਨ ਪਰ ਹੁਣ ਇੰਗਲੈਂਡ, ਯੂਰਪ, ਸਵਿਟਜ਼ਰਲੈਂਡ ਅਤੇ ਅਮਰੀਕਾ ਵਿਦੇਸ਼ੀ ਸਥਾਨ ਲੋਕੇਸ਼ਨ ਲਈ ਪਸੰਦ ਕੀਤੇ ਜਾਂਦੇ ਹਨ। ਹੁਣ ਪੰਜਾਬੀ ਫ਼ਿਲਮਾਂ ਦਾ ਬਜਟ ਵੀ ਕਾਫ਼ੀ ਵਧ ਗਿਆ ਹੈ। 'ਜੀ ਆਇਆਂ ਨੂੰ', 'ਮੇਰਾ ਪਿੰਡ-ਮਾਈ ਹੋਮ', 'ਦੇਸ ਹੋਇਆ ਪਰਦੇਸ', 'ਮਜਾਜਣ', 'ਵਿਰਸਾ', 'ਵਾਰਿਸ ਸ਼ਾਹ' 'ਮਿੱਟੀ' ਤੇ 'ਹੀਰ ਰਾਂਝਾ' ਫ਼ਿਲਮਾਂ ਨੇ ਦਰਸ਼ਕਾਂ ਦਾ ਪੰਜਾਬੀ ਸਿਨੇਮਾ ਵੱਲ ਰੁਝਾਨ ਵਧਾਇਆ ਹੈ। ਇਹ ਫ਼ਿਲਮਾਂ ਮਿਆਰੀ ਸਨ। ਪੰਜਾਬੀ ਫ਼ਿਲਮਾਂ ਨੂੰ ਵੀ ਹਿੰਦੀ ਫ਼ਿਲਮਾਂ ਵਾਂਗ ਚੰਗਾ ਹੁੰਗਾਰਾ ਮਿਲਣ ਲੱਗ ਪਿਆ ਹੈ ਅਤੇ ਪੰਜਾਬੀ ਫ਼ਿਲਮਾਂ ਹੁਣ ਸਿਰਫ਼ ਪੰਜਾਬ ਵਿਚ ਹੀ ਨਹੀਂ, ਬਲਕਿ ਦੇਸ਼ਾਂ-ਵਿਦੇਸ਼ਾਂ ਵਿਚ ਵੀ ਪਸੰਦ ਕੀਤੀਆਂ ਜਾ ਰਹੀਆਂ ਹਨ।




***ਪੁਰਸਕਾਰ ਜਿੱਤਣ ਵਾਲੀਆਂ ਪੰਜਾਬੀ ਫ਼ਿਲਮਾਂ ਦੀ ਗੱਲ ਕਰੀਏ ਤਾਂ 'ਸਤਲੁਜ ਦੇ ਕੰਢੇ' ਪਹਿਲੀ ਫ਼ਿਲਮ ਸੀ ਜਿਸ ਨੂੰ ਸਰਵੋਤਮ ਪੰਜਾਬੀ ਫ਼ਿਲਮ ਹੋਣ ਦਾ ਪੁਰਸਕਾਰ ਮਿਲਿਆ, ਤੇ ਫਿਰ ਮੋਹਿੰਦਰ ਨੂੰ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਤੇ ਸੰਗੀਤ ਵਾਸਤੇ ਪੁਰਸਕਾਰ ਨਾਲ ਨਵਾਜਿਆ ਗਿਆ ਸੀ। 1969 ਵਿਚ ਫ਼ਿਲਮ 'ਤਿਲ ਤਿਲ ਦਾ ਲੇਖਾ' ਨੂੰ ਪੰਜਾਬ ਸਰਕਾਰ ਨੇ ਬਿਹਤਰੀਨ ਫ਼ਿਲਮ ਤੇ ਕਹਾਣੀ ਲਈ ਸੂਬਾ ਪੱਧਰੀ ਪੁਰਸਕਾਰ ਦਿੱਤਾ ਸੀ। ਦਸ ਕੁ ਸਾਲਾਂ ਬਾਅਦ 'ਚੰਨ ਪਰਦੇਸੀ' ਨੂੰ ਕੌਮੀ ਪੁਰਸਕਾਰ ਮਿਲਿਆ ਪਰ ਹੁਣ ਪਿਛਲੇ ਕੁਝ ਸਾਲਾਂ ਤੋਂ ਨਵੇਂ ਫ਼ਿਲਮਕਾਰਾਂ ਵਿਸ਼ੇਸ਼ਕਰ ਮਨਮੋਹਨ ਸਿੰਘ, ਗੁਰਦਾਸ ਮਾਨ, ਵਿਜੈ ਟੰਡਨ, ਇੰਦਰਜੀਤ ਵਾਲੀਆ ਨੇ ਇਹ ਘਾਟ ਦੀ ਪੂਰਤੀ ਕਰ ਦਿੱਤੀ ਹੈ। ਕੌਮੀ ਫ਼ਿਲਮ ਪੁਰਸਕਾਰ ਜੇਤੂ ਪੰਜਾਬੀ ਫ਼ਿਲਮਾਂ ਵਿਚ 'ਮੜ੍ਹੀ ਦਾ ਦੀਵਾ', 'ਕਚਹਿਰੀ', 'ਦੇਸ ਹੋਇਆ ਪਰਦੇਸ, 'ਮੈਂ ਮਾਂ ਪੰਜਾਬ ਦੀ', 'ਸ਼ਹੀਦ ਊਧਮ ਸਿੰਘ' ਤੇ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਦੇ ਨਾਂ ਸ਼ਾਮਲ ਹਨ। ਗੁਰਦਾਸ ਮਾਨ ਦੀ ਫ਼ਿਲਮ 'ਵਾਰਿਸ ਸ਼ਾਹ' ਚਾਰ ਕੌਮੀ ਫ਼ਿਲਮ ਪੁਰਸਕਾਰ ਜਿੱਤਣ ਵਾਲੀ ਅਜਿਹੀ ਇਕੋ ਫ਼ਿਲਮ ਹੈ।***

ਫ਼ਿਲਮ 'ਮੇਲ ਕਰਾਦੇ ਰੱਬਾ' ਸਫ਼ਲਤਾ ਦੇ ਝੰਡੇ ਗੱਡਦਿਆਂ ਪੰਜਾਬੀ ਸਿਨੇਮਾ ਲਈ ਨਵੇਂ ਰਾਹ ਖੋਲ੍ਹਣ ਵਿਚ ਕਾਮਯਾਬ ਰਹੀ। 2010 ਵਿਚ ਇਕੋ ਦਿਨ ਦੋ-ਦੋ ਪੰਜਾਬੀ ਫ਼ਿਲਮਾਂ ਵੀ ਰਿਲੀਜ਼ ਹੋਈਆਂ ਜੋ ਸ਼ੁੱਭ ਸ਼ਗਨ ਹੈ।

ਸ਼ੁਰੂ ਵਿਚ ਪੰਜਾਬੀ ਫ਼ਿਲਮਾਂ ਨੂੰ ਟਾਂਵੇਂ-ਟਾਂਵੇਂ ਕੌਮੀ ਫਿਲਮ ਇਨਾਮ ਹੀ ਮਿਲੇ ਹਨ। ਇਹ ਪੁਰਸਕਾਰ ਜਿੱਤਣ ਵਾਲੀਆਂ ਪੰਜਾਬੀ ਫ਼ਿਲਮਾਂ ਦੀ ਗੱਲ ਕਰੀਏ ਤਾਂ 'ਸਤਲੁਜ ਦੇ ਕੰਢੇ' ਪਹਿਲੀ ਫ਼ਿਲਮ ਸੀ ਜਿਸ ਨੂੰ ਸਰਵੋਤਮ ਪੰਜਾਬੀ ਫ਼ਿਲਮ ਹੋਣ ਦਾ ਪੁਰਸਕਾਰ ਮਿਲਿਆ, ਤੇ ਫਿਰ ਮੋਹਿੰਦਰ ਨੂੰ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਅਤੇ ਸੰਗੀਤ ਵਾਸਤੇ ਇਸ ਪੁਰਸਕਾਰ ਨਾਲ ਨਵਾਜਿਆ ਗਿਆ ਸੀ। 1969 ਵਿਚ ਫ਼ਿਲਮ 'ਤਿਲ ਤਿਲ ਦਾ ਲੇਖਾ' ਨੂੰ ਪੰਜਾਬ ਸਰਕਾਰ ਨੇ ਬਿਹਤਰੀਨ ਫ਼ਿਲਮ ਤੇ ਕਹਾਣੀ ਲਈ ਸੂਬਾ ਪੱਧਰੀ ਪੁਰਸਕਾਰ ਦਿੱਤਾ ਸੀ। ਦਸ ਕੁ ਸਾਲਾਂ ਬਾਅਦ 'ਚੰਨ ਪਰਦੇਸੀ' ਨੂੰ ਕੌਮੀ ਪੁਰਸਕਾਰ ਮਿਲਿਆ ਪਰ ਹੁਣ ਪਿਛਲੇ ਕੁਝ ਸਾਲਾਂ ਤੋਂ ਨਵੇਂ ਫ਼ਿਲਮਕਾਰਾਂ ਵਿਸ਼ੇਸ਼ਕਰ ਮਨਮੋਹਨ ਸਿੰਘ, ਗੁਰਦਾਸ ਮਾਨ, ਵਿਜੈ ਟੰਡਨ, ਇੰਦਰਜੀਤ ਵਾਲੀਆ ਨੇ ਇਹ ਘਾਟ ਦੀ ਪੂਰਤੀ ਕਰ ਦਿੱਤੀ ਹੈ। ਕੌਮੀ ਫ਼ਿਲਮ ਪੁਰਸਕਾਰ ਜੇਤੂ ਪੰਜਾਬੀ ਫ਼ਿਲਮਾਂ ਵਿਚ 'ਮੜ੍ਹੀ ਦਾ ਦੀਵਾ', 'ਕਚਹਿਰੀ', 'ਦੇਸ ਹੋਇਆ ਪਰਦੇਸ, 'ਮੈਂ ਮਾਂ ਪੰਜਾਬ ਦੀ', 'ਸ਼ਹੀਦ ਊਧਮ ਸਿੰਘ' ਤੇ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਦੇ ਨਾਂ ਸ਼ਾਮਲ ਹਨ। ਗੁਰਦਾਸ ਮਾਨ ਦੀ ਫ਼ਿਲਮ 'ਵਾਰਿਸ ਸ਼ਾਹ' ਚਾਰ ਕੌਮੀ ਫ਼ਿਲਮ ਪੁਰਸਕਾਰ ਜਿੱਤਣ ਵਾਲੀ ਅਜਿਹੀ ਇਕੋ ਫ਼ਿਲਮ ਹੈ ਜਿਸ ਨੂੰ ਸਭ ਤੋਂ ਵਧੀਆ ਪੰਜਾਬੀ ਫਿਲਮ, ਸਰਵੋਤਮ ਪਿੱਠਵਰਤੀ ਗਾਇਕ, ਬਿਹਤਰੀਨ ਆਰਟ ਨਿਰਦੇਸ਼ਨ ਅਤੇ ਕਾਸਟਿਊਮ ਡਿਜ਼ਾਈਨ ਲਈ ਇਹ ਪੁਰਸਕਾਰ ਮਿਲੇ।

ਪੰਜਾਬੀ ਸਿਨੇਮਾ ਦੇ ਪਿਤਾਮਾ ਕੇਸ਼ਵ ਦੇਵ ਮਿਹਰਾ ਨੇ ਕੋਲਕਾਤਾ ਦੇ ਸੇਠ ਸੁਖਲਾਲ ਕਿਰਨਾਨੀ ਦੀ ਮਦਦ ਨਾਲ ਪੰਜਾਬੀ ਫਿਲਮ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਬਣਾਈ ਜਿਸ ਵਿਚ ਸੁਰਾਂ ਦੀ ਮਲਿਕਾ ਨੂਰਜਹਾਂ ਪਹਿਲੀ ਵਾਰੀ ਵੱਡੇ ਪਰਦੇ 'ਤੇ ਨਜ਼ਰ ਆਈ ਸੀ। ਇਨ੍ਹਾਂ ਦੋਵਾਂ ਫਿਲਮਾਂ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਨਤੀਜਨ ਪੰਜਾਬੀ ਫਿਲਮਾਂ ਬਣਾਉਣ ਵਾਲਿਆਂ ਦੀ ਦੌੜ ਲੱਗ ਗਈ। ਕਈ ਨਵੇਂ ਸਟੂਡੀਓ ਖੁੱਲ੍ਹ ਗਏ ਅਤੇ ਮੁੰਬਈ/ ਕੋਲਕਾਤਾ ਦੇ ਕਈ ਨਾਮੀ ਕਲਾਕਾਰ, ਫਿਲਮਸਾਜ਼, ਨਿਰਦੇਸ਼ਕ ਤੇ ਟੈਕਨੀਸ਼ਨ ਲਾਹੌਰ ਆਣ ਪਹੁੰਚੇ। ਇਨ੍ਹਾਂ ਵਿਚ ਸ਼ਾਂਤਾ ਆਪਟੇ, ਮੋਤੀਲਾਲ, ਚੰਦਰ ਮੋਹਨ, ਹੀਰਾਲਾਲ, ਮੁਮਤਾਜ਼, ਸ਼ਾਂਤੀ ਤੇ ਵਲੀ ਸਾਹਿਬ ਸ਼ਾਮਲ ਸਨ। ਉਸ ਵੇਲੇ ਲਾਹੌਰ ਉੱਤਰ ਭਾਰਤ ਵਿਚ ਫਿਲਮਾਂ ਬਣਾਉਣ ਦਾ ਇਕੋ-ਇਕ ਕੇਂਦਰ ਸੀ, ਤੇ ਪੰਜਾਬੀ ਫਿਲਮਾਂ ਵਿਚ ਤਾਂ ਇਸ ਦਾ ਕੋਈ ਸਾਨੀ ਨਹੀਂ ਸੀ। ਪੁਰਾਣੀਆਂ ਪੰਜਾਬੀ ਫਿਲਮਾਂ ਸਾਫ਼-ਸੁਥਰੀਆਂ, ਪਰਿਵਾਰਕ ਤੇ ਸੰਗੀਤਮਈ ਹੁੰਦੀਆਂ ਸਨ ਅਤੇ ਪੰਜਾਬੀ ਸਭਿਆਚਾਰ, ਰੀਤੀ-ਰਿਵਾਜ ਤੇ ਬੋਲਚਾਲ-ਪਹਿਰਾਵੇ ਨੂੰ ਪੇਸ਼ ਕਰਦੀਆਂ ਸਨ। ਉਸ ਜ਼ਮਾਨੇ ਦੀਆਂ ਕੁਝ ਮਸ਼ਹੂਰ ਫਿਲਮਾਂ 'ਹੀਰ ਸਿਆਲ', ਸੋਹਣੀ ਮਹੀਵਾਲ', 'ਸੋਹਣੀ ਕੁਮਹਾਰਨ', 'ਗੁਲ-ਬਕਾਵਾਲੀ', 'ਮਿਰਜ਼ਾ ਸਾਹਿਬਾ', 'ਸੱਸੀ ਪੁੰਨੂੰ' ਅਤੇ 'ਦੁੱਲਾ ਭੱਟੀ' ਪ੍ਰੇਮ ਕਥਾਵਾਂ 'ਤੇ ਆਧਾਰਿਤ ਸਨ। ਪੰਜਾਬੀ ਫਿਲਮ 'ਯਮਲਾ ਜੱਟ' ਵਿਚ ਪ੍ਰਾਣ ਨੇ ਪਹਿਲੀ ਵਾਰੀ ਫਿਲਮਾਂ ਵਿਚ ਕੰਮ ਕੀਤਾ ਸੀ ਅਤੇ ਕਾਮੇਡੀ/ ਗੀਤ ਸੰਗੀਤ ਦੀਆਂ ਰੌਣਕਾਂ ਕਾਰਨ ਦਰਸ਼ਕਾਂ ਨੂੰ ਬਹੁਤ ਪਸੰਦ ਆਈ ਸੀ। ਇਸ ਫਿਲਮ ਨੇ ਲਗਾਤਾਰ ਤਿੰਨ ਮਹੀਨੇ ਇਕੋ ਸਿਨੇਮਾਘਰ ਵਿਚ ਚੱਲਣ ਦਾ ਰਿਕਾਰਡ ਵੀ ਕਾਇਮ ਕੀਤਾ।

ਕਮਲਾ ਮੂਵੀਟੋਨ ਦੀ ਫਿਲਮ 'ਮੰਗਤੀ', ਪਲੈਟੀਨਮ ਜੁਬਲੀ ਮਨਾਉਣ ਵਾਲੀ ਪਹਿਲੀ ਪੰਜਾਬੀ ਫਿਲਮ ਵਜੋਂ ਜਾਣੀ ਜਾਂਦੀ ਹੈ। ਲਾਹੌਰ ਵੱਡੀ ਫਿਲਮ ਸਨਅਤ ਵਜੋਂ ਉਭਰ ਕੇ ਸਾਹਮਣੇ ਆ ਗਿਆ ਸੀ। 1941 ਦੇ ਸ਼ੁਰੂ ਵਿਚ ਪੰਜਾਬੀ ਸਿਨੇਮੇ ਨੇ ਲੰਮੀ ਛਾਲ ਮਾਰੀ, ਤੇ ਇਸ ਦਾ ਜ਼ਿਕਰ ਭਾਰਤੀ ਫਿਲਮ ਉਦਯੋਗ ਦੇ ਸਿਖਰ 'ਤੇ ਕੀਤਾ ਜਾਣ ਲੱਗਾ। ਉਸ ਦੌਰ ਦੀਆਂ ਕੁਝ ਚਰਚਿਤ ਫਿਲਮਾਂ ਜਿਵੇਂ 'ਰਾਵੀ ਪਾਰ', 'ਪਟਵਾਰੀ', 'ਇਕ ਮੁਸਾਫ਼ਿਰ', 'ਕਮਲੀ', 'ਗੁਆਂਢੀ', 'ਕੋਇਲ', 'ਅਲੀ ਬਾਬਾ', 'ਮੇਰਾ ਪੰਜਾਬ', 'ਪੂਰਨ ਭਗਤ', 'ਜੱਗਾ ਡਾਕੂ', 'ਲੈਲਾ ਮਜਨੂੰ', 'ਚੌਧਰੀ', 'ਚੰਬੇ ਦੀ ਕਲੀ', 'ਮੇਰਾ ਮਾਹੀ', 'ਸਹਿਤੀ ਮੁਰਾਦ', 'ਮੁਬਾਰਕ' ਤੇ 'ਪਰਦੇਸੀ ਢੋਲਾ' ਨੇ ਦਰਸ਼ਕਾਂ ਦੇ ਦਿਲਾਂ ਉੱਤੇ ਡੂੰਘੀ ਛਾਪ ਛੱਡੀ।

ਇਸ ਮਗਰੋਂ ਤਾਂ ਲਗਦਾ ਸੀ ਕਿ ਜਿਵੇਂ ਪੰਜਾਬੀ ਫਿਲਮਾਂ ਨੂੰ ਕਿਸੇ ਦੀ ਨਜ਼ਰ ਲੱਗ ਗਈ। 1945 ਤੋਂ 1948 ਦੌਰਾਨ ਇਕੋ ਪੰਜਾਬੀ ਫਿਲਮ 'ਕਮਲੀ' ਬਣੀ। 1947 ਵਿਚ ਦੇਸ਼ ਦੀ ਵੰਡ ਵੇਲੇ ਪੰਜਾਬ ਸਮੇਤ ਭਾਰਤ ਦੇ ਹੋਰ ਕਈ ਸੂਬਿਆਂ ਵਿਚ ਫਿਰਕੂ ਫਸਾਦ ਹੋਣ ਕਾਰਨ, ਲਾਹੌਰ ਫਿਲਮ ਸਨਅਤ ਨੂੰ ਜ਼ਬਰਦਸਤ ਧੱਕਾ ਪਹੁੰਚਿਆ।

ਵੰਡ ਤੋਂ ਬਾਅਦ ਪੰਜਾਬੀ ਸਿਨੇਮੇ ਵਿਚ ਵੱਡਾ ਬਦਲਾਅ ਆਇਆ। ਹਿੰਦੁਸਤਾਨ ਦੇ ਫਿਲਮਕਾਰਾਂ ਨੇ ਨਵੇਂ ਭਾਰਤ ਦੀ ਮੁੜ ਉਸਾਰੀ, ਪੇਂਡੂ ਵਿਕਾਸ ਅਤੇ ਸਮਾਜਕ ਸਮੱਸਿਆਵਾਂ ਦੇ ਮੁੱਦਿਆਂ 'ਤੇ ਆਧਾਰਿਤ ਪੰਜਾਬੀ ਫਿਲਮਾਂ ਬਣਾਉਣੀਆਂ ਸ਼ੁਰੂ ਕੀਤੀਆਂ। ਉਸ ਦੌਰ ਦੀਆਂ ਚਰਚਿਤ ਫਿਲਮਾਂ ਵਿਚ 'ਚਮਨ', 'ਭਾਈਆ ਜੀ', 'ਜੁਗਨੀ', 'ਲੱਛੀ', 'ਮਦਾਰੀ', 'ਪੋਸਤੀ', 'ਪਗੜੀ ਸੰਭਾਲ ਜੱਟਾ', 'ਚੌਧਰੀ ਕਰਨੈਲ ਸਿੰਘ', 'ਵੰਜਾਰਾ', 'ਖੇਡਣ ਦੇ ਦਿਨ ਚਾਰ', 'ਪਿੰਡ ਦੀ ਕੁੜੀ', 'ਜੱਗਾ', 'ਵਿਸਾਖੀ', 'ਮੁਟਿਆਰ', 'ਮੁਕਲਾਵਾ', 'ਗੁੱਡੀ', 'ਗੀਤ ਬਹਾਰਾਂ ਦੇ', 'ਦੁੱਲਾ-ਭੱਟੀ' ਤੇ 'ਹੀਰ ਸਿਆਲ' ਦੇ ਨਾਮ ਸ਼ਾਮਲ ਹਨ। ਪੰਜਾਬੀ ਫਿਲਮਾਂ ਨੂੰ ਭਾਖੜੀ ਖਾਨਦਾਨ ਦੀ ਉਹੀ ਦੇਣ ਹੈ ਜਿਹੜੀ ਹਿੰਦੀ ਫਿਲਮਾਂ ਲਈ ਕਪੂਰ ਖਾਨਦਾਨ ਦੀ ਹੈ।

ਫਿਲਮਾਂ ਨੂੰ ਬਾਕਸ ਆਫਿਸ 'ਤੇ ਹਿੱਟ ਕਰਨ ਵਾਸਤੇ ਮਸਾਲੇਦਾਰ ਕਹਾਣੀ ਅਤੇ ਰਸੀਲੇ ਗੀਤ-ਸੰਗੀਤ ਤੋਂ ਇਲਾਵਾ ਕਾਮੇਡੀ ਦੀ ਵੀ ਜ਼ਰੂਰਤ ਹੁੰਦੀ ਹੈ। ਇਸ ਲਈ ਮੁੱਢ ਕਦੀਮੋਂ ਹੀ ਕਾਮੇਡੀ, ਪੰਜਾਬੀ ਫਿਲਮਾਂ ਦਾ ਅਹਿਮ ਹਿੱਸਾ ਰਹੀ ਹੈ। ਸ਼ੁਰੂਆਤੀ ਦੌਰ ਦੀਆਂ ਪੰਜਾਬੀ ਫਿਲਮਾਂ 'ਭੰਗੜਾ', 'ਕੌਡੇ ਸ਼ਾਹ', 'ਨਿੱਕੀ', 'ਮਾਮਾ ਜੀ', 'ਦੋ ਲੱਛੀਆਂ', 'ਚੰਬੇ ਦੀ ਕਲੀ', 'ਸੱਤ ਸਾਲੀਆਂ', 'ਕਿੱਕਲੀ' ਤੇ 'ਬੰਤੋ' ਨੇ ਦਰਸ਼ਕਾਂ ਦੇ ਦਿਲ ਜਿੱਤ ਲਏ ਸੀ। ਇਨ੍ਹਾਂ ਫਿਲਮਾਂ ਵਿਚ ਸਾਧਾਰਨ ਪੇਂਡੂ ਮਾਹੌਲ ਦੀ ਹਲਕੀ-ਫੁਲਕੀ ਕਾਮੇਡੀ ਹੁੰਦੀ ਸੀ ਜਿਹੜੀ ਫਿਲਮ ਦੀ ਕਹਾਣੀ ਦੇ ਨਾਲ-ਨਾਲ ਚਲਦੀ ਸੀ। ਮਜਨੂੰ, ਸੁੰਦਰ, ਖਰੈਤੀ ਭੈਂਗਾ, ਗੋਪਾਲ ਸਹਿਗਲ ਉਸ ਸਮੇਂ ਦੀਆਂ ਫਿਲਮਾਂ ਦੇ ਮਸ਼ਹੂਰ ਕਾਮੇਡੀ ਕਲਾਕਾਰ ਸਨ। ਆਈ.ਐਸ. ਜੌਹਰ ਦੀ ਪਛਾਣ ਫਿਲਮ 'ਨਾਨਕ ਨਾਮ ਜਹਾਜ਼ ਹੈ' ਦੇ 'ਸੂਕੇ' ਵਜੋਂ ਬਣੀ। ਇਸ ਤੋਂ ਅਗਲੇ ਦੌਰ ਵਿਚ ਪੰਜਾਬੀ ਫਿਲਮਾਂ ਵਿਚਲੀ ਕਾਮੇਡੀ ਦੀ ਝੰਡੀ ਮੁੱਖ ਰੂਪ ਵਿਚ ਮਿਹਰ ਮਿੱਤਲ ਦੇ ਹੱਥ ਆ ਗਈ। ਜਸਪਾਲ ਭੱਟੀ, ਸੁਰਿੰਦਰ ਸ਼ਰਮਾ, ਭਗਵੰਤ ਮਾਨ, ਗੁਰਪ੍ਰੀਤ ਘੁੱਗੀ, ਗੋਪੀ ਭੱਲਾ, ਸੁਦੇਸ਼ ਲਹਿਰੀ, ਵਿਵੇਕ ਸ਼ੌਕ, ਨਾਜ਼ਰ ਜਰਗੀਆਂ ਤੇ ਭੋਟੂ ਸ਼ਾਹ ਮੌਜੂਦਾ ਦੌਰ ਦੀਆਂ ਫਿਲਮਾਂ ਵਿਚ ਹਲਕੀ-ਫੁਲਕੀ ਕਾਮੇਡੀ ਕਰਦੇ। 'ਮਰ ਜਾਵਾਂ ਗੁੜ ਖਾ ਕੇ' ਅਜਿਹੀ ਪੰਜਾਬੀ ਫਿਲਮ ਹੈ ਜਿਸ ਵਿਚ ਬਾਲੀਵੁੱਡ ਦੇ ਨਾਮਵਰ ਅਦਾਕਾਰਾਂ ਤੋਂ ਇਲਾਵਾ ਹਿੰਦੀ ਤੇ ਪੰਜਾਬੀ ਕਾਮੇਡੀਅਨਾਂ ਦੀ ਵੱਡੀ ਫੌਜ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਂਦੀ ਨਜ਼ਰ ਆ ਰਹੀ ਹੈ।

1964 ਵਿਚ ਬਲਰਾਜ ਸਾਹਨੀ, ਨਿਸ਼ੀ, ਵਾਸਤੀ ਤੇ ਮਿਰਜ਼ਾ ਮੁਸ਼ੱਰਫ਼ ਵਰਗੇ ਕਲਾਕਾਰਾਂ ਨੂੰ ਲੈ ਕੇ ਵੱਡੇ ਬਜਟ ਦੀ ਪੰਜਾਬੀ ਫਿਲਮ 'ਸਤਲੁਜ ਦੇ ਕੰਢੇ' ਬਣਾਈ ਗਈ ਸੀ ਅਤੇ ਇਸ ਨੂੰ ਕੌਮੀ ਫਿਲਮ ਪੁਰਸਕਾਰ ਨਾਲ ਸਨਮਾਨਿਆ ਗਿਆ। 1960 ਦੇ ਦਹਾਕੇ ਦੇ ਆਖੀਰ ਵਿਚ ਕਈ ਪੰਜਾਬੀ ਫਿਲਮ ਨਿਰਮਾਤਾਵਾਂ ਦਾ ਝੁਕਾਅ ਧਾਰਮਿਕ ਭਾਵਨਾਵਾਂ ਨਾਲ ਭਰਪੂਰ ਸਮਾਜਿਕ ਫਿਲਮਾਂ ਬਣਾਉਣ ਵੱਲ ਹੋ ਗਿਆ ਸੀ ਕਿਉਂਕਿ ਪੰਨਾ ਲਾਲ ਮਹੇਸ਼ਵਰੀ ਦੀ ਫਿਲਮ 'ਨਾਨਕ ਨਾਮ ਜਹਾਜ਼ ਹੈ' ਨੂੰ ਸਿਲਵਰ ਸਕਰੀਨ 'ਤੇ ਬੇਪਨਾਹ ਸਫਲਤਾ ਹਾਸਿਲ ਹੋਈ ਸੀ। ਦੇਸ਼ ਦੀ ਵੰਡ ਤੋਂ ਬਾਅਦ ਇਹ ਪਹਿਲੀ ਪੰਜਾਬੀ ਫਿਲਮ ਸੀ ਜਿਸ ਨੇ ਪੰਜਾਬ ਤੋਂ ਬਾਹਰ ਦਿੱਲੀ ਤੇ ਹੋਰ ਸੂਬਿਆਂ ਵਿਚ ਵਾਹਵਾ ਧਮਾਲਾਂ ਪਾਈਆਂ ਅਤੇ ਇਹਦੇ ਨਾਲ ਹੀ ਪੰਜਾਬੀ ਧਾਰਮਿਕ ਫਿਲਮਾਂ ਬਣਾਉਣ ਦਾ ਨਵਾਂ ਯੁੱਗ ਸ਼ੁਰੂ ਹੋਇਆ। ਇਸ ਕੜੀ ਵਿਚ ਹੋਰ ਬਣਨ ਵਾਲੀਆਂ ਫਿਲਮਾਂ ਵਿਚ 'ਨਾਨਕ ਦੁਖੀਆ ਸਭ ਸੰਸਾਰ', 'ਮਿੱਤਰ ਪਿਆਰੇ ਨੂੰ', 'ਮਨ ਜੀਤੇ ਜੱਗ ਜੀਤ', 'ਗੁਰੂ ਮਾਨਿਯੋ ਗ੍ਰੰਥ', 'ਦੁੱਖ ਭੰਜਨ ਤੇਰਾ ਨਾਮ', 'ਪਾਪੀ ਤਾਰੇ ਅਨੇਕ', 'ਸਵਾ ਲਾਖ ਸੇ ਏਕ ਲੜਾਊਂ', 'ਸਤ ਸ੍ਰੀ ਅਕਾਲ' ਅਤੇ 'ਉੱਚਾ ਦਰ ਬਾਬੇ ਨਾਨਕ ਦਾ' ਵਰਨਣਯੋਗ ਹਨ। ਇਸ ਤੋਂ ਮਗਰੋਂ ਹਿੰਦੀ ਫਿਲਮਾਂ ਵਾਂਗ ਮਲਟੀ ਸਟਾਰ-ਕਾਸਟ ਵਾਲੀਆਂ ਪੰਜਾਬੀ ਫਿਲਮਾਂ ਦਾ ਦੌਰ ਆਇਆ ਜਦ 'ਕਣਕਾਂ ਦੇ ਓਹਲੇ', 'ਦੋ ਸ਼ੇਰ', 'ਦਾਜ', 'ਗਿੱਧਾ', 'ਸੰਤੋ ਬੰਤੋ', 'ਟਾਕਰਾ', 'ਯਮਲਾ ਜੱਟ', 'ਸਾਲ ਸੋਲ੍ਹਵਾਂ ਚੜ੍ਹਿਆ', 'ਉਡੀਕਾਂ', 'ਫੌਜੀ ਚਾਚਾ', 'ਬਲਬੀਰੋ ਭਾਬੀ', 'ਸਰਪੰਚ', 'ਪੁੱਤ ਜੱਟਾਂ ਦੇ' ਅਤੇ 'ਤਿਲ ਤਿਲ ਦਾ ਲੇਖਾ' ਵਰਗੀਆਂ ਫਿਲਮਾਂ ਆਈਆਂ।

ਉਸ ਤੋਂ ਬਾਅਦ 'ਧਰਮਜੀਤ', 'ਸੰਤੋ ਬੰਤੋ', 'ਟਾਕਰਾ', 'ਸੈਦਾ ਜੋਗਣ', 'ਲੰਬੜਦਾਰਨੀ', 'ਸਰਪੰਚ', 'ਬਟਵਾਰਾ' ਤੇ 'ਯਾਰੀ ਜੱਟ ਦੀ' ਫ਼ਿਲਮਾਂ ਵਿਚ ਰੋਲ ਅਦਾ ਕੀਤਾ। 1988 ਵਿਚ ਲੁਧਿਆਣਾ ਦੇ ਨੇੜੇ ਇਕ ਪਿੰਡ ਵਿਚ ਫ਼ਿਲਮ 'ਜੱਟ ਦੀ ਜ਼ਮੀਨ' ਦੀ ਸ਼ੂਟਿੰਗ ਦੌਰਾਨ ਅਤਿਵਾਦੀਆਂ ਵੱਲੋਂ ਸੈੱਟ 'ਤੇ ਅਚਾਨਕ ਹਮਲਾ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ। ਵਰਿੰਦਰ ਦੀ ਮੌਤ ਤੋਂ ਬਾਅਦ ਕਈ ਨਵੇਂ ਹੀਰੋ ਪੰਜਾਬੀ ਫ਼ਿਲਮਾਂ ਵਿਚ ਆਪਣੀ ਕਿਸਮਤ ਅਜ਼ਮਾਉਣ ਆਏ ਜਿਵੇਂ ਸਤੀਸ਼ ਕੌਲ, ਯੋਗਰਾਜ ਸਿੰਘ, ਗੁੱਗੂ ਗਿੱਲ ਤੇ ਸ਼ਵਿੰਦਰ ਮਾਹਲ।

ਕਦੇ ਪੰਜਾਬੀ ਸਿਨੇਮਾ ਨੂੰ ਇਸ ਦੀ ਮਿੱਟੀ ਨਾਲ ਜੋੜਿਆ ਗਿਆ ਸੀ, ਲਿਹਾਜ਼ਾ ਉਸ ਯੁੱਗ ਦੀਆਂ ਫ਼ਿਲਮਾਂ ਦੇ ਗੀਤਾਂ ਅਤੇ ਸੰਵਾਦਾਂ ਵਿਚੋਂ ਪੰਜਾਬੀ ਸਭਿਆਚਾਰ ਦੀ ਮਹਿਕ ਆਉਂਦੀ ਸੀ।

ਪੰਜਾਬੀ ਫ਼ਿਲਮਾਂ ਦੇ ਪੁਰਾਣੇ ਗਾਇਕਾਂ ਦਾ ਜ਼ਿਕਰ ਕਰੀਏ ਤਾਂ ਮੁਹੰਮਦ ਰਫ਼ੀ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਸੰਗੀਤਕਾਰ ਸ਼ਾਮ ਸੁੰਦਰ ਨੇ ਫ਼ਿਲਮ 'ਗੁਲ ਬਲੋਚ' ਰਾਹੀਂ ਮੁਹੰਮਦ ਰਫ਼ੀ ਨੂੰ ਬਤੌਰ ਪਿੱਠਵਰਤੀ ਗਾਇਕ ਪਹਿਲੀ ਵਾਰ 1944 ਵਿਚ ਮੌਕਾ ਦਿੱਤਾ ਸੀ ਤੇ ਉਹ ਅੱਗੇ ਚੱਲ ਕੇ ਹਿੰਦੁਸਤਾਨੀ ਫ਼ਿਲਮਾਂ ਦਾ ਬੇਤਾਜ ਬਾਤਸ਼ਾਹ ਬਣਿਆ। ਮੁਹੰਮਦ ਰਫ਼ੀ ਦੇ ਨਾਲ-ਨਾਲ ਮਹਿੰਦਰ ਕਪੂਰ, ਜਸਪਾਲ ਸਿੰਘ ਤੇ ਸੁਰਿੰਦਰ ਕੋਹਲੀ ਵੀ ਬਤੌਰ ਪਿੱਠਵਰਤੀ ਗਾਇਕ ਪੰਜਾਬੀ ਫ਼ਿਲਮਾਂ ਨਾਲ ਜੁੜੇ ਹੋਏ ਸਨ। ਪੁਰਾਣੀਆਂ ਪਿੱਠਵਰਤੀ ਗਾਇਕਾਵਾਂ ਵਿਚੋਂ ਸ਼ਮਸ਼ਾਦ ਬੇਗਮ ਜ਼ਿਆਦਾ ਚਰਚਿਤ ਰਹੀ, ਭਾਵੇਂ ਲਤਾ ਮੰਗੇਸ਼ਕਰ ਅਤੇ ਆਸ਼ਾ ਭੋਸਲੇ ਨੇ ਵੀ ਕਾਫੀ ਪੰਜਾਬੀ ਗਾਣੇ ਗਾਏ ਹਨ। ਇਸ ਤੋਂ ਇਲਾਵਾ ਸੁਮਨ ਕਲਿਆਣਪੁਰ, ਕ੍ਰਿਸ਼ਨਾ ਕੱਲੇ, ਦਿਲਰਾਜ ਕੌਰ, ਮੀਨੂ ਪਰਸ਼ੋਤਮ ਤੇ ਸਵਿਤਾ ਸਾਥੀ ਦੇ ਨਾਂ ਵੀ ਜ਼ਿਕਰਯੋਗ ਹਨ। 'ਸੈਦਾ ਜੋਗਣ' ਫ਼ਿਲਮ ਵਿਚ ਪਹਿਲੀ ਵਾਰ ਪੰਜਾਬ ਦੇ ਗਾਇਕ ਮੁਹੰਮਦ ਸਦੀਕ ਤੇ ਰਣਜੀਤ ਕੌਰ ਨੇ ਗਾਣੇ ਗਾਏ। ਇਸੇ ਤਰ੍ਹਾਂ ਕੁਲਦੀਪ ਮਾਣਕ ਦੇ 'ਬਲਬੀਰੋ ਭਾਬੀ' ਫ਼ਿਲਮ ਵਿਚ ਗਾਏ ਗਾਣੇ। ਅੱਜ ਵੀ ਫ਼ਿਲਮ ਵੇਖਣ ਵਾਲਿਆਂ ਦੀ ਜ਼ੁਬਾਨ 'ਤੇ ਹਨ। ਗੁਰਦਾਸ ਮਾਨ ਗਾਇਕ ਤੇ ਨਾਇਕ ਵਜੋਂ ਸਫਲਤਾ ਹਾਸਲ ਕਰਨ ਵਾਲਾ ਪਹਿਲਾ ਕਲਾਕਾਰ ਹੈ। ਸੁਰਜੀਤ ਬਿੰਦਰਖੀਆ ਨੇ 'ਬਦਲਾ ਜੱਟੀ ਦਾ', 'ਲਲਕਾਰਾ ਜੱਟੀ ਦਾ' ਤੇ 'ਜੱਟ ਜਿਉਣਾ ਮੌੜ' ਫ਼ਿਲਮਾਂ ਵਿਚ ਬਤੌਰ ਗਾਇਕ ਪਰਦੇ 'ਤੇ ਕੰਮ ਕੀਤਾ। ਇਸ ਤੋਂ ਬਾਅਦ ਮਨਮੋਹਨ ਸਿੰਘ ਜਿਹੇ ਪਾਰਖੂ ਨਿਰਦੇਸ਼ਕ ਨੇ ਹਰਭਜਨ ਮਾਨ ਨੂੰ ਨਾਇਕ ਬਣਾ ਕੇ ਪੇਸ਼ ਕੀਤਾ ਅਤੇ ਵੱਖਰੀ ਪਛਾਣ ਬਣਾਈ। ਬੱਬੂ ਮਾਨ ਬਤੌਰ ਗਾਇਕ ਦਰਸ਼ਕਾਂ ਤੇ ਸਰੋਤਿਆਂ ਦੀ ਪਸੰਦ 'ਤੇ ਖਰਾ ਉੱਤਰਿਆ ਹੈ।

ਨੌਜਵਾਨ ਨਿਰਦੇਸ਼ਕ ਜਤਿੰਦਰ ਮੌਹਰ ਨੇ 'ਮਿੱਟੀ' ਰਾਹੀਂ ਐਨ ਵੱਖਰੀ ਤਰ੍ਹਾਂ ਦਾ ਸਿਨੇਮਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਅੱਜਕੱਲ੍ਹ ਦੇ ਪੰਜਾਬ ਦੇ ਹਾਲਾਤ ਨਾਲ ਸੰਵਾਦ ਰਚਾਉਂਦੀ ਫਿਲਮ ਹੈ। ਹੁਣ ਪੰਜਾਬੀ ਸਿਨੇਮਾ ਦਾ ਭਵਿੱਖ ਸੁਨਹਿਰਾ ਜਾਪਦਾ ਹੈ। ਹੁਣ ਪੰਜਾਬੀ ਫ਼ਿਲਮਾਂ ਦਾ ਕੈਨਵਸ ਬਹੁਤ ਵੱਡਾ ਹੋ ਗਿਆ ਹੈ; ਕਈ ਵੱਡੇ ਕਾਰੋਬਾਰੀ ਘਰਾਣਿਆਂ ਨੇ ਵੀ ਇਸ ਵੱਲ ਆਪਣੀ ਦਿਲਚਸਪੀ ਵਿਖਾਈ ਹੈ ਅਤੇ ਨਵੀਆਂ ਤਕਨੀਕਾਂ ਦੇ ਨਾਲ ਨਾਲ ਪਰਵਾਸੀ ਭਾਰਤੀ ਦਰਸ਼ਕਾਂ ਦਾ ਚੰਗਾ ਹੁੰਗਾਰਾ ਵੀ ਮਿਲ ਰਿਹਾ ਹੈ।

***-ਬੀ ਆਰ ਗਰਗ***


Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
READY TO INSTALL
ADVANCE PACKAGE
$1199
READY TO INSTALL
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV on your iPhone!
3G Mobile Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

**15 & 30 Yr Fixed Rates Are Still Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### Hot Listing



34782 Klondike Court
Union City, CA 94587
4 Bedrooms, 3 Baths,
2 Car Garage
Area 1320 Sq. Ft.
Lot 3526 Sq. Ft.
Offered at $499,000




2465 Becket Dr.
Union City, CA 94587
3 Bedrooms, 2 Baths,
2 Car Garage
Area 1320 Sq. Ft.
Lot 6000 Sq. Ft.
Offered at $339,000




3832 Springfield Comm
Fremont, CA 94555
5 Bedrooms, 3 Baths,
2 Car Garage
Area 2003 Sq. Ft.
Lot 3780 Sq. Ft.
Offered at $649,000



1437 Blush Street
Manteca, CA 95336
5 Bedrooms, 4 Baths,
2 Car Garage
Area 2649 Sq. Ft
Lot 5663 Sq Ft
Offered at $199,000



1307 Scossa Ave. #4,
San Jose, CA 95118
2 Bedrooms, 1 Baths,
1 Car Garage
Area 798 Sq. Ft
Lot 6969 Sq Ft
Offered at $139,000

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area



**Jaswinder Gill** M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings